**Listing and Selling Homes From San Jose to Sacramento**



**JASSI GILL** *Broker/Owner*
**Ph:510-304-9292**
**Refinance Now**
**@ZERO COST**
Call Sukhi Gill:510-207-9067
CA DRE Lic.#01180969 CA DRE# 00966763



**New Image Photography**
**Photo & Video For All Occasions**



ਵਿਆਹ ਸ਼ਾਦੀ ਤੇ ਹੋਰ ਖ਼ੁਸ਼ੀ ਦੇ ਮੌਕੇ 'ਤੇ ਵਧੀਆ ਫੋਟੋਗ੍ਰਾਫੀ ਲਈ ਸਾਨੂੰ ਯਾਦ ਰੱਖੋ
Bobby, Ph: 209-404-2512
JT, Ph: 209-380-4412
www.newimagepics.com



**Global Green** INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
**Mann Insurance Brokers Inc.**
4123 Dyer St., #230, Union City, CA 94587
**Ph: 510-487-1000**
Lic.# 0F34231 MANN@GGIAUSA.COM



Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 32, August 12, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਅਮਿਤ ਸ਼ਾਹ ਦਾ ਗੁਜਰਾਤ ਮਿਸ਼ਨ ਹੋਇਆ ਫੇਲ੍ਹ

**ਗਾਂਧੀਨਗਰ:** ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਰਾਜ ਸਭਾ ਲਈ ਗੁਜਰਾਤ ਮਿਸ਼ਨ ਫੇਲ੍ਹ ਹੋ ਗਿਆ ਹੈ ਅਤੇ ਉਹ ਸੀਨੀਅਰ ਕਾਂਗਰਸ ਆਗੂ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਿਆਸੀ ਸਕੱਤਰ ਅਹਿਮਦ ਪਟੇਲ ਨੂੰ ਰਾਜ ਸਭਾ ਦਾ ਮੈਂਬਰ ਬਣਨ ਤੋਂ ਰੋਕਣ ਵਿਚ ਨਾਕਾਮ ਰਹੇ ਹਨ। ਸ੍ਰੀ ਪਟੇਲ ਨੇ ਜਿੱਤ ਲਈ ਲੋੜੀਂਦੀਆਂ 44 ਵੋਟਾਂ ਹਾਸਲ ਕਰ ਲਈਆਂ। ਇਸ ਚੋਣ ਵਿਚ ਸ੍ਰੀ ਅਮਿਤ ਸ਼ਾਹ ਅਤੇ ਕੇਂਦਰੀ ਕੱਪੜਾ ਆਗੂ ਸਮ੍ਰਿਤੀ ਇਰਾਨੀ ਵੀ ਇਹ ਚੋਣ ਜਿੱਤ ਗਏ ਹਨ।

ਅਹਿਮਦ ਪਟੇਲ ਨੂੰ ਜਿੱਤ ਲਈ 45 ਵੋਟਾਂ ਦੀ ਲੋੜ ਸੀ, ਪਰ ਕਾਂਗਰਸ ਦੇ ਦੋ ਬਾਗੀ ਵਿਧਾਇਕਾਂ- ਭੋਲਾਭਾਈ ਗਾਹਿਲ ਅਤੇ ਰਾਘਵਭਾਈ ਪਟੇਲ, ਦੀਆਂ ਵੋਟਾਂ ਰੱਦ ਹੋਣ ਕਾਰਨ ਜਿੱਤ ਦਾ ਟੀਚਾ 44 ਵੋਟਾਂ ਰਹਿ ਗਿਆ। ਇਨ੍ਹਾਂ ਵਿਧਾਇਕਾਂ ਨੇ ਸ੍ਰੀ ਅਮਿਤ ਸ਼ਾਹ ਨੂੰ ਦਿਖਾ ਕੇ ਵੋਟਾਂ ਪਾਈਆਂ, ਸਿੱਟੇ ਵਜੋਂ ਚੋਣ ਕਮਿਸ਼ਨ ਨੇ ਇਨ੍ਹਾਂ ਦੀਆਂ ਵੋਟਾਂ ਅਯੋਗ ਕਰਾਰ ਦੇ ਦਿੱਤੀਆਂ।

ਯਾਦ ਰਹੇ ਕਿ ਗੁਜਰਾਤ ਤੋਂ ਰਾਜ ਸਭਾ ਲਈ ਤਿੰਨ ਮੈਂਬਰ ਚੁਣੇ ਜਾਣੇ ਸਨ। ਇਨ੍ਹਾਂ ਵਿਚੋਂ ਭਾਜਪਾ ਦੇ ਦੋ ਆਗੂਆਂ- ਖੁਦ ਪਾਰਟੀ ਪ੍ਰਧਾਨ ਅਮਿਤ ਸ਼ਾਹ ਤੇ ਕੇਂਦਰੀ ਕੱਪੜਾ ਮੰਤਰੀ ਸਮ੍ਰਿਤੀ ਇਰਾਨੀ ਦੀ ਚੋਣ ਤਾਂ ਪੱਕੀ ਹੀ ਸੀ, ਪਰ ਸ੍ਰੀ ਅਮਿਤ ਸ਼ਾਹ ਨੇ ਅਹਿਮਦ ਪਟੇਲ ਦਾ ਰਾਹ ਡੱਕਣ ਲਈ ਪੂਰਾ ਟਿੱਲ ਲਾ ਦਿੱਤਾ ਸੀ।



ਉਨ੍ਹਾਂ ਕਾਂਗਰਸ ਦੇ ਬਾਗੀ ਵਿਧਾਇਕ ਬਲਵੰਤ ਸਿਹੁੰ ਰਾਜਪੂਤ ਨੂੰ ਹੀ ਅਹਿਮਦ ਪਟੇਲ ਖਿਲਾਫ ਮੈਦਾਨ ਵਿਚ ਉਤਾਰ ਦਿੱਤਾ ਸੀ। ਵਿਧਾਨ ਸਭਾ ਵਿਚ ਭਾਰਤੀ ਜਨਤਾ ਪਾਰਟੀ ਦੇ 122 ਅਤੇ ਕਾਂਗਰਸ ਦੇ 56 ਮੈਂਬਰ ਸਨ। ਇਸ ਗਿਣਤੀ ਦੇ ਮੱਦੇਨਜ਼ਰ ਭਾਜਪਾ ਦੇ ਦੋ ਤੇ ਕਾਂਗਰਸ ਦਾ ਇਕ ਉਮੀਦਵਾਰ ਜਿੱਤਣਾ ਤੈਅ ਸੀ। ਦੋ ਹਫਤੇ ਪਹਿਲਾਂ ਤੱਕ ਇਸ ਸਮੀਕਰਨ ਵਿਚ ਕੋਈ ਤਬਦੀਲੀ ਵੀ ਨਜ਼ਰ ਨਹੀਂ ਸੀ ਆ ਰਹੀ, ਪਰ ਚੋਣ ਤਰੀਕ ਦੇ ਐਲਾਨ ਮਗਰੋਂ ਸਥਿਤੀ ਨੇ ਨਵਾਂ ਮੋੜ ਲਿਆ ਅਤੇ ਕਾਂਗਰਸ ਵਿਚ ਬਗਾਵਤ ਸ਼ੁਰੂ ਹੋ ਗਈ। ਸੀਨੀਅਰ ਨੇਤਾ ਸ਼ੰਕਰ ਸਿੰਹੁ ਵਾਘੇਲਾ ਪਹਿਲਾਂ ਹੀ


*(ਬਾਕੀ ਸਫਾ 6 'ਤੇ)*


## ਭਾਜਪਾ ਦੇ ਰੱਥ ਨੂੰ ਲੱਗੀਆਂ ਬ੍ਰੇਕਾਂ

### ਹਰਿਆਣਾ ਦੀ ਇਕਾਈ ਵਿਵਾਦਾਂ ਵਿਚ ਘਿਰੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਰੱਥ ਨੂੰ ਕਿਤੇ ਕਿਤੇ ਬ੍ਰੇਕਾਂ ਲੱਗਣੀਆਂ ਸ਼ੁਰੂ ਹੋ ਗਈਆਂ ਹਨ। 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਨੂੰ ਬੁਲੰਦ ਕਰਨ ਵਾਲੀ ਹਰਿਆਣਾ ਦੀ ਮਨੋਹਰ ਲਾਲ ਖੱਟੜ ਸਰਕਾਰ ਹੁਣ ਸਵਾਲਾਂ ਦੇ ਘੇਰੇ ਵਿਚ ਹੈ। ਹਰਿਆਣਾ ਕੇਡਰ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਦੀ ਧੀ ਦਾ ਪਿੱਛਾ ਕਰਨ ਅਤੇ ਛੇੜਛਾੜ ਦੇ ਮਾਮਲੇ ਵਿਚ ਹਰਿਆਣਾ ਭਾਜਪਾ ਦੇ ਪ੍ਰਧਾਨ ਸੁਭਾਸ਼ ਬਰਾਲਾ ਦੇ ਪੁੱਤਰ ਵਿਕਾਸ ਬਰਾਲਾ ਤੇ ਉਸ ਦੇ ਦੋਸਤ ਆਸ਼ੀਸ਼ ਕੁਮਾਰ ਖਿਲਾਫ਼ ਕਾਰਵਾਈ ਵਿਚ ਅੜਿੱਕਾ ਪਾਉਣ ਕਾਰਨ ਭਾਜਪਾ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਿਸ ਵੱਲੋਂ ਦਰਜ ਕੀਤੀ ਐਫ.ਆਈ.ਆਰ. ਵਿਚ ਕੁੜੀ ਨੇ ਸਪਸ਼ਟ ਤੌਰ 'ਤੇ ਅਗਵਾ ਦੀ ਕੋਸ਼ਿਸ਼ ਅਤੇ ਇੱਜ਼ਤ ਨੂੰ ਖਤਰੇ ਦਾ ਖਦਸ਼ਾ ਦੱਸਦਿਆਂ ਵਿਕਾਸ ਬਰਾਲਾ ਤੇ ਉਸ ਦੇ ਦੋਸਤ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ ਜਿਸ ਪਿੱਛੋਂ ਪੁਲਿਸ ਨੇ ਕੇਸ ਵਿਚ ਤਿੰਨ ਹੋਰ ਧਾਰਾਵਾਂ ਜੋੜੀਆਂ, ਪਰ 15 ਮਿੰਟਾਂ ਬਾਅਦ ਹੀ ਦੋਵੇਂ ਧਾਰਾਵਾਂ ਨੂੰ ਰੱਦ ਕਰ ਕੇ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ। ਇਨ੍ਹਾਂ ਵਿਚੋਂ ਇਕ ਧਾਰਾ ਲੜਕੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਨਾਲ ਜੁੜੀ ਸੀ। ਸਿਆਸੀ ਦਬਾਅ ਅੱਗੇ ਬੇਵੱਸ ਪੁਲਿਸ ਨੇ ਮੁਲਜ਼ਮਾਂ ਨੂੰ ਡਾਕਟਰੀ ਜਾਂਚ ਤੋਂ ਬਿਨਾਂ ਹੀ ਘਰ ਤੋਰ ਦਿੱਤਾ। ਦੇਸ਼ ਭਰ ਵਿਚ ਉਠੇ ਰੋਹ ਪਿੱਛੋਂ ਭਾਵੇਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਘਟਨਾ ਦੇ ਤੀਜੇ ਦਿਨ ਚੰਡੀਗੜ੍ਹ ਪੁਲਿਸ ਤੋਂ ਰਿਪੋਰਟ ਮੰਗ ਲਈ ਹੈ, ਪਰ ਪੁਲਿਸ ਇਹ ਤਰਕ ਦੇ ਰਹੀ ਹੈ ਕਿ ਇਹ ਮਾਮਲਾ ਅਗਵਾ ਦਾ ਨਹੀਂ ਬਣਦਾ। ਚੰਡੀਗੜ੍ਹ ਦੀ ਜਿਸ ਸੜਕ 'ਤੇ ਇਹ ਘਟਨਾ


*(ਬਾਕੀ ਸਫਾ 6 'ਤੇ)*


# ਕਰਜ਼ਾ ਮੁਆਫੀ ਬਾਰੇ ਕੈਪਟਨ ਨੂੰ ਨਹੀਂ ਲੱਭ ਰਿਹਾ ਕੋਈ ਰਾਹ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਮੁੜ ਵਿੱਤੀ ਸੰਕਟਾਂ ਨਾਲ ਜੂਝ ਰਹੇ ਸੂਬੇ ਦੀਆਂ ਦਿੱਕਤਾਂ ਦੇ ਹੱਲ ਲਈ ਕੇਂਦਰ ਤੋਂ ਮਦਦ ਮੰਗੀ ਹੈ। ਕੈਪਟਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਕਰ ਕੇ ਰਾਹਤ ਦੇਣ ਦੀ ਬੇਨਤੀ ਕੀਤੀ ਹੈ। ਮੁੱਖ ਮੰਤਰੀ ਬਣਨ ਤੋਂ ਬਾਅਦ ਕੈਪਟਨ ਨੇ ਇਹ ਚੌਥੀ ਵਾਰ ਕੇਂਦਰ ਕੋਲ ਸਿੱਧੀ ਪਹੁੰਚ ਕੀਤੀ ਹੈ। ਕੈਪਟਨ ਨੇ ਕੇਂਦਰ ਸਰਕਾਰ ਨੂੰ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ 2003 'ਚ ਢਿੱਲ ਦੇਣ ਅਤੇ ਕਰਜ਼ਾ ਹੱਦ ਵਧਾਉਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਇਸ ਸਬੰਧੀ 10,000 ਕਰੋੜ ਰੁਪਏ ਤੱਕ ਕਰਜ਼ਾ ਹੱਦ ਵਧਾਉਣ ਦੀ ਮੰਗ ਕੀਤੀ। ਦੱਸਣਯੋਗ ਹੈ ਕਿ ਕਿਸਾਨਾਂ ਦੇ ਕਰਜ਼ੇ ਮੁਆਫੀ ਦੇ ਵਾਅਦੇ 'ਤੇ ਸੱਤਾ ਵਿਚ ਆਈ ਕਾਂਗਰਸ ਨੂੰ ਇਸ ਚੁਣਾਵੀ ਵਾਅਦੇ ਨੂੰ ਪੂਰਾ ਕਰਨ 'ਚ



ਖਾਸੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਵੱਲੋਂ ਚੋਣਾਂ ਤੋਂ ਬਾਅਦ ਕਰਜ਼ਾ ਮੁਆਫੀ ਦਾ ਐਲਾਨ ਕਰਨ ਦੇ ਦਬਾਅ ਕਾਰਨ ਕੈਪਟਨ ਨੇ ਛੋਟੇ ਤੇ ਦਰਮਿਆਨੇ ਕਿਸਾਨਾਂ ਲਈ ਦੋ ਲੱਖ ਰੁਪਏ ਤੱਕ ਦਾ ਫਸਲੀ ਕਰਜ਼ਾ ਮੁਆਫ ਕੀਤਾ, ਜਿਸ ਤੋਂ ਸਵਾ ਦਸ ਲੱਖ ਕਿਸਾਨ ਪਰਿਵਾਰਾਂ ਨੂੰ ਫਾਇਦਾ ਹੋਵੇਗਾ। ਐਲਾਨ ਨੂੰ ਹਕੀਕੀ ਰੂਪ 'ਚ ਲਾਗੂ ਕਰਨ ਲਈ ਸੂਬਾ ਸਰਕਾਰ ਨੂੰ 9500 ਕਰੋੜ ਰੁਪਏ ਦੀ ਲੋੜ ਹੈ, ਜਦਕਿ ਮੌਜੂਦਾ ਸਾਲਾਨਾ ਕਰਜ਼ੇ ਦੀ ਹੱਦ ਕੁੱਲ ਸੂਬਾਈ ਘਰੇਲੂ ਉਤਪਾਦ ਦੀ 3 ਫੀਸਦੀ ਹੈ, ਜੋ 12,819 ਕਰੋੜ ਬਣਦਾ ਹੈ। ਸੂਬੇ ਦੇ ਮਾਲੀਏ ਅਤੇ ਖਰਚੇ 'ਚ ਤਕਰੀਬਨ 10,273 ਕਰੋੜ ਦਾ ਪਾੜਾ ਰਹਿ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ ਇਹ ਵਾਰ-ਵਾਰ ਦੁਹਰਾਇਆ ਗਿਆ ਹੈ ਕਿ ਸੂਬਿਆਂ ਨੂੰ ਕਰਜ਼ਾ ਮੁਆਫੀ ਦਾ ਐਲਾਨ ਆਪਣੇ ਵਸੀਲਿਆਂ ਤੋਂ ਹੀ ਪੂਰਾ ਕਰਨਾ ਹੋਵੇਗਾ।



**We Do Real Estate in Bay Area & Central Valley**
**We do loans anywhere in California**



Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
**Raja™ SWEETS & CATERING®**
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com



**Law Office of Manpreet S. Gahra**
>ਇਮੀਗ੍ਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਮੌਕੇ ਅਜੋਕੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ ਮਹਾਨਤਾ ਬਾਰੇ ਕਾਨਫਰੰਸ


ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ

## 19 ਅਗਸਤ 2017 (ਸਨਿਚਰਵਾਰ)

**ਸਵੇਰੇ 8:30 ਤੋਂ ਸ਼ਾਮ 5:00 ਵਜੇ ਤੱਕ**

**ਸਥਾਨ: ਲਾਇਬਰੇਰੀ, ਸਿੱਖ ਗੁਰਦੁਆਰਾ ਸੈਨ ਹੋਜ਼ੇ**

3636 ਗੁਰਦੁਆਰਾ ਐਵੇਨਿਊ, ਸੈਨ ਹੋਜ਼ੇ, ਕੈਲੀਫੋਰਨੀਆ 95148

(ਫੋਨ: 408-274-9373)

**ਕਾਨਫਰੰਸ 'ਚ ਵਿਚਾਰ-ਚਰਚਾ ਵਿਚ ਹਿੱਸਾ ਲੈਣ ਲਈ ਦੇਸ਼-ਵਿਦੇਸ਼ ਤੋਂ ਪੰਥ ਦੇ ਹੇਠ ਲਿਖੇ ਵਿਦਵਾਨ ਪਹੁੰਚਣਗੇ:**



**ਡਾ. ਜਸਪਾਲ ਸਿੰਘ**
*(ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ)*
ਵਿਸ਼ਾ: ਗਲੋਬਲ ਸਰੋਕਾਰਾਂ ਵਾਲਾ ਧਰਮ ਗ੍ਰੰਥ-ਸ੍ਰੀ ਗੁਰੂ ਗ੍ਰੰਥ ਸਾਹਿਬ



**ਪ੍ਰੋ. ਜਸਪਾਲ ਕੌਰ ਕਾਂਗ**
*(ਅਕਾਦਮਿਕ ਇੰਚਾਰਜ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)*
ਵਿਸ਼ਾ: ਸ੍ਰੀ ਗੁਰੂ ਗ੍ਰੰਥ ਸਾਹਿਬ-ਮਾਨਵ ਭਾਈਚਾਰੇ ਅਤੇ ਵਿਸ਼ਵ ਸ਼ਾਂਤੀ ਲਈ ਇਕ ਮਾਡਲ



**ਡਾ. ਇੰਦਰਜੀਤ ਸਿੰਘ**
*(ਪ੍ਰੋਫੈਸਰ ਐਮੀਰੇਟਸ, ਅਨਾਟੋਮਿਕਲ ਸਾਇੰਸਿਜ਼, ਨਿਊ ਯਾਰਕ ਯੂਨੀਵਰਸਿਟੀ)*
ਵਿਸ਼ਾ: ਹੁਕਮ



**ਸੰਦੀਪ ਸਿੰਘ ਬੇਦੀ**
*ਕੰਟੈਨਟ ਡਿਜ਼ਾਈਨਰ, ਵਿਰਾਸਤ-ਏ-ਖਾਲਸਾ*
ਵਿਸ਼ਾ: ਅਜੋਕੇ ਸੰਸਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਦਰਸਾਉਣ ਲਈ ਏ ਵੀ ਤਕਨਾਲੋਜੀ ਦੀ ਵਰਤੋਂ



**ਪ੍ਰੋ. ਨਿਰਿੰਜਨ ਕੌਰ ਖਾਲਸਾ**
*(ਪ੍ਰੋਫੈਸਰ, ਸਿੱਖ ਅਤੇ ਜੈਨ ਅਧਿਐਨ ਲੌਇਓਲਾ ਮੈਰੀਮਾਊਂਟ ਯੂਨੀਵਰਸਿਟੀ, ਲਾਸ ਏਂਜਲਸ)*
ਵਿਸ਼ਾ: ਸਭਨਾਂ ਲਈ ਆਜ਼ਾਦੀ ਅਤੇ ਬਰਾਬਰੀ ਲਈ ਸੰਤ ਸਿਪਾਹੀ ਵਜੋਂ ਜਿਉਣਾ



**ਡਾ. ਇੰਦਰਮੋਹਨ ਸਿੰਘ**
*(ਚੇਅਰਮੈਨ ਚੜ੍ਹਦੀ ਕਲਾ ਫਾਊਂਡੇਸ਼ਨ ਤੇ ਲਿੰਕਸ ਸਾਫਟਵੇਅਰ ਟੈਕਨਾਲੋਜੀਜ਼)*
ਵਿਸ਼ਾ: ਹੁਕਮ ਰਜਾਈ ਚਲਣਾ



**ਹਰਬੀਰ ਕੌਰ ਭਾਟੀਆ**
*(ਬਾਨੀ 'ਜੁਆਏ ਆਫ ਸੇਵਾ', ਕਮਿਸ਼ਨਰ ਸਿਟੀ ਆਫ ਸੈਂਟਾ ਕਲਾਰਾ ਕਮਿਸ਼ਨ)*
ਵਿਸ਼ਾ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ 'ਤੇ ਚੱਲ ਕੇ ਲੋਕ ਸੇਵਾ ਦਾ ਰਾਹ



**ਡਾ. ਕਵਲਜੀਤ ਸਿੰਘ ਅਨੰਦ**
*(ਪ੍ਰੋਫੈਸਰ ਪੀਡੀਐਟ੍ਰਿਕਸ ਅਤੇ ਅਨੈਸਥਿਆਲੋਜੀ, ਸਟੈਨਫੋਰਡ ਯੂਨੀਵਰਸਿਟੀ ਮੈਡੀਕਲ ਸੈਂਟਰ)*
ਵਿਸ਼ਾ: ਮਾਨਵੀ ਤੋਂ ਦੈਵੀ ਪ੍ਰੇਮ ਵੱਲ ਵਿਕਾਸ ਦੇ ਰਾਹ ਵੱਲ ਗੁਰੂ ਸਾਹਿਬਾਨ ਦੀ ਸਿੱਖਿਆ

ਨੋਟ: ਡਾ. ਜਸਪਾਲ ਸਿੰਘ ਤੋਂ ਇਲਾਵਾ ਸਭ ਵਾਰਤਾ ਅੰਗਰੇਜ਼ੀ 'ਚ ਹੋਵੇਗੀ। ਸਵਾਲ ਅੰਗਰੇਜ਼ੀ ਜਾਂ ਪੰਜਾਬੀ-ਦੋਹਾਂ ਜ਼ਬਾਨਾਂ ਵਿਚ ਪੁੱਛੇ ਜਾ ਸਕਦੇ ਹਨ।

**ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਕਾਨਫਰੰਸ ਵਿਚ ਹਿੱਸਾ ਲੈ ਕੇ ਇਸ ਵਿਚਾਰ-ਚਰਚਾ ਦਾ ਲਾਭ ਉਠਾਓ ਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

**ਬੇਨਤੀ ਕਰਤਾ**

**ਪ੍ਰਬੰਧਕ ਕਮੇਟੀ ਸਿੱਖ ਗੁਰਦੁਆਰਾ ਸੈਨ ਹੋਜ਼ੇ, ਚੜ੍ਹਦੀ ਕਲਾ ਫਾਊਂਡੇਸ਼ਨ ਅਤੇ ਸਿੱਖ ਨੈਟ**

**More Information: www.chardikalaa.com or Dr. Gurinder Pal Singh, Ph: 408-679-9302**

# ਰਾਇਲ ਪੈਲੇਸ ਵਿਚ ਹੋਏ ਝਗੜੇ ਵਿਚ ਪ੍ਰਬੰਧਕਾਂ ਉਤੇ ਲਾਪ੍ਰਵਾਹੀ ਦੇ ਦੋਸ਼

**ਫਰੀਮਾਂਟ (ਬਿਊਰੋ):** ਇਥੋਂ ਦੇ ਇਕ ਬੈਂਕੁਇਟ ਹਾਲ 'ਰਾਇਲ ਪੈਲੇਸ' ਵਿਚ ਲੰਘੀ 6 ਮਈ ਨੂੰ ਇਕ ਵਿਆਹ ਸਮਾਗਮ ਵਿਚ ਹੋਏ ਲੜਾਈ ਝਗੜੇ ਦੇ ਮਾਮਲੇ ਵਿਚ ਪੈਲੇਸ ਦੇ ਪ੍ਰਬੰਧਕਾਂ ਉਪਰ ਲਾਪ੍ਰਵਾਹੀ ਦਾ ਦੋਸ਼ ਲਾਇਆ ਗਿਆ ਹੈ।

ਐਲਾਮੀਡਾ ਕਾਊਂਟੀ ਕੋਰਟ ਵਿਚ ਦਾਇਰ ਕੀਤੇ ਗਏ ਕੇਸ ਵਿਚ ਮੁੱਦਈ ਦਲਜੀਤ ਗਿੱਲ ਦੇ ਵਕੀਲਾਂ-ਮਨਪ੍ਰੀਤ ਸਿੰਘ ਬੈਂਸ ਤੇ ਵਿਲੀਅਮ ਈ. ਵਾਇਸ ਨੇ ਦੋਸ਼ ਲਾਇਆ ਹੈ ਕਿ ਰਾਇਲ ਪੈਲੇਸ ਦੇ ਪ੍ਰਬੰਧਕਾਂ ਨੇ ਖੁਦ ਮੰਨਿਆ ਹੈ ਕਿ ਉਨ੍ਹਾਂ ਨੂੰ




ਛੇ ਮਹੀਨੇ ਪਹਿਲਾਂ ਹੀ ਪਤਾ ਸੀ ਕਿ ਇਸ ਵੱਡੀ ਰਿਸੈਪਸ਼ਨ ਮੌਕੇ ਸ਼ਰਾਬ ਵਰਤਾਈ ਜਾਵੇਗੀ ਅਤੇ ਝਗੜਾ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਰਾਇਲ ਪੈਲੇਸ ਵਾਲਿਆਂ ਨੇ ਰਿਸੈਪਸ਼ਨ ਦੇ ਮੇਜ਼ਬਾਨਾਂ ਤੋਂ 7 ਸਿਕਿਉਰਿਟੀ ਗਾਰਡਾਂ ਦਾ ਖਰਚਾ ਵੀ ਲੈ ਲਿਆ ਸੀ, ਹਾਲਾਂਕਿ ਸਿਟੀ ਆਫ ਫਰੀਮਾਂਟ ਵਲੋਂ ਜਾਰੀ ਪਰਮਿਟ ਵਿਚ 14 ਸਿਕਿਉਰਿਟੀ ਗਾਰਡਾਂ (ਕਿਉਂਕਿ ਮਹਿਮਾਨਾਂ ਦੀ ਗਿਣਤੀ 700 ਹੋਣੀ ਸੀ) ਦੀ ਸ਼ਰਤ ਸੀ।

ਲਾਏ ਗਏ ਦੋਸ਼ਾਂ ਅਨੁਸਾਰ ਛੇ ਮਈ ਨੂੰ ਰਿਸੈਪਸ਼ਨ ਮੌਕੇ ਰਾਇਲ ਪੈਲੇਸ ਨੇ ਸਿਰਫ ਦੋ ਸਿਕਿਉਰਿਟੀ ਗਾਰਡ ਹੀ ਮੁਹੱਈਆ ਕੀਤੇ। ਮੁੱਦਈ ਧਿਰ ਦਾ ਦੋਸ਼ ਹੈ ਕਿ ਉਨ੍ਹਾਂ (ਰਾਇਲ ਪੈਲੇਸ) ਅਜਿਹਾ ਸਿਰਫ ਪੈਸਾ ਬਚਾਉਣ ਲਈ ਕੀਤਾ ਅਤੇ ਮਹਿਮਾਨਾਂ ਨੂੰ ਕਿਸੇ ਜਿਸਮਾਨੀ ਖਤਰੇ ਦੀ ਪ੍ਰਵਾਹ ਨਹੀਂ ਕੀਤੀ।

ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਨਾ ਰਾਇਲ ਪੈਲੇਸ ਦੀ ਮੈਨੇਜਮੈਂਟ ਅਤੇ ਨਾ ਹੀ ਸਿਕਿਉਰਿਟੀ ਨੇ ਰਿਸੈਪਸ਼ਨ ਪਾਰਟੀ ਦੌਰਾਨ ਕੁਝ ਮਹਿਮਾਨਾਂ ਦੇ ਝਗੜਾਲੂ ਅਤੇ ਧਮਕਾਊ ਵਤੀਰੇ ਨੂੰ ਰੋਕਣ ਲਈ ਕੋਈ ਕਾਰਵਾਈ ਕੀਤੀ। ਨਾ ਹੀ ਉਨ੍ਹਾਂ ਪਾਰਕਿੰਗ ਲਾਟ ਵਿਚ ਲੜਾਈ ਝਗੜਾ ਸ਼ੁਰੂ ਹੋਣ ਪਿਛੋਂ ਕੋਈ ਕਾਰਵਾਈ ਕੀਤੀ। 911 ਕਾਲ ਵੀ ਹੋਰ ਮਹਿਮਾਨਾਂ ਨੇ ਕੀਤੀ, ਨਾ ਕਿ ਰਾਇਲ ਪੈਲੇਸ ਸਿਕਿਉਰਿਟੀ ਜਾਂ ਮੈਨੇਜਮੈਂਟ ਨੇ। ਇਸੇ ਕਾਰਨ ਲੜਾਈ ਵਧਦੀ ਗਈ ਅਤੇ ਮੁੱਦਈ ਦਲਜੀਤ ਗਿੱਲ ਦੇ ਸਿਰ 'ਤੇ ਗੰਭੀਰ ਚੋਟਾਂ ਲੱਗੀਆਂ। ਲਾਏ ਗਏ ਦੋਸ਼ਾਂ ਅਨੁਸਾਰ ਉਸ ਨੂੰ ਕਥਿਤ ਹਮਲਾਵਰ ਅੰਮ੍ਰਿਤਪਾਲ ਸਿੰਘ ਨੇ ਪਿਛੋਂ ਜੱਫਾ ਮਾਰ ਕੇ ਉਸ ਉਪਰ ਕੜੇ ਨਾਲ ਵਾਰ ਕੀਤਾ।

ਅਦਾਲਤ ਵਿਚ ਦਾਇਰ ਸ਼ਿਕਾਇਤ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਰਾਇਲ ਪੈਲੇਸ ਨੇ ਸਿਟੀ ਆਫ ਫਰੀਮਾਂਟ ਵਲੋਂ ਦਿੱਤੇ ਗਏ ਬਾਸ਼ਰਤ ਪਰਮਿਟ ਦੀ ਹਰ ਸ਼ਰਤ ਦੀ ਉਲੰਘਣਾ ਕੀਤੀ, ਜਿਵੇਂ ਰਾਇਲ ਪੈਲੇਸ ਨੂੰ ਸਾਰੇ 14 ਸਿਕਿਉਰਿਟੀ ਗਾਰਡ ਪੈਲੇਸ ਦੇ ਆਹਾਤੇ ਵਿਚ ਪਹੁੰਚਣ ਤੋਂ ਪਹਿਲਾਂ ਮਹਿਮਾਨਾਂ ਲਈ ਬੈਂਕੁਇਟ ਹਾਲ ਖੋਲ੍ਹਣਾ ਨਹੀਂ ਸੀ ਚਾਹੀਦਾ। ਸਾਰੇ ਸਿਕਿਉਰਿਟੀ ਗਾਰਡਾਂ ਦਾ ਉਦੋਂ ਤੱਕ ਉਥੇ ਰਹਿਣਾ ਲਾਜ਼ਮੀ ਸੀ ਜਦੋਂ ਤੱਕ ਸਾਰੇ ਮਹਿਮਾਨ ਪਾਰਕਿੰਗ ਲਾਟ ਵਿਚੋਂ ਚਲੇ ਨਹੀਂ ਜਾਂਦੇ।

ਇਹ ਵੀ ਕਿਹਾ ਗਿਆ ਹੈ ਕਿ ਰਾਇਲ ਪੈਲੇਸ ਨੇ ਬਾਸ਼ਰਤ ਪਰਮਿਟ ਦੀਆਂ ਇਹ ਸ਼ਰਤਾਂ ਵੀ ਪੂਰੀਆਂ ਨਹੀਂ ਕੀਤੀਆਂ ਕਿ ਪਾਰਕਿੰਗ ਲਾਟ ਵਿਚ ਸ਼ਰਾਬ ਦੀ ਵਰਤੋਂ ਨਾ ਹੋਣ ਦਿੱਤੀ ਜਾਵੇ, ਪਾਰਕਿੰਗ ਲਾਟ ਵਿਚ ਪੂਰੀ ਰੋਸ਼ਨੀ ਹੋਵੇ ਅਤੇ ਪਾਰਕਿੰਗ ਲਾਟ 'ਤੇ ਨਿਗ੍ਹਾ ਰੱਖਣ ਲਈ ਸਿਕਿਉਰਿਟੀ ਕੈਮਰੇ ਲੱਗੇ ਹੋਣ।

42 ਸਾਲਾ ਦਲਜੀਤ ਗਿੱਲ ਦੇ ਦੋ ਬੱਚੇ ਹਨ ਅਤੇ ਡਾਕਟਰੀ ਰਿਪੋਰਟਾਂ ਅਨੁਸਾਰ ਉਹ ਸ਼ਾਇਦ ਕਦੇ ਵੀ ਪਹਿਲਾਂ ਵਾਂਗ ਤੰਦਰੁਸਤ ਨਾ ਹੋ ਸਕੇ। ਵਕੀਲਾਂ ਨੇ ਦਾਇਰ ਸ਼ਿਕਾਇਤ ਵਿਚ ਕਿਹਾ ਹੈ ਕਿ ਇਹ ਸਭ ਬਚਾਓ ਪੱਖ ਦੀ ਗੈਰ ਜ਼ਿੰਮੇਵਾਰੀ ਕਾਰਨ ਵਾਪਰਿਆ ਹੈ।

ਬਚਾਓ ਪੱਖ ਦੇ ਅੰਮ੍ਰਿਤਪਾਲ ਸਿੰਘ 'ਤੇ ਫੌਜਦਾਰੀ ਕੇਸ ਅਜੇ ਵਿਚਾਰ ਅਧੀਨ ਹੈ। ਫਰੀਮਾਂਟ ਪੁਲਿਸ ਵਿਭਾਗ ਵਲੋਂ ਕੋਈ ਹੋਰ ਗ੍ਰਿਫਤਾਰੀਆਂ ਕੀਤੀਆਂ ਜਾਣੀਆਂ ਬਾਕੀ ਹਨ ਪਰ ਇਹ ਵਿਸ਼ਵਾਸ ਕੀਤਾ ਜਾ ਰਿਹਾ ਹੈ ਕਿ ਲੰਘੀ 6 ਮਈ ਦੀ ਰਿਸੈਪਸ਼ਨ ਵੇਲੇ ਹੋਈ ਲੜਾਈ ਦੇ ਹੋਰ ਹਮਲਾਵਰਾਂ ਵਿਰੁਧ ਪੁਲਿਸ ਵਲੋਂ ਕਾਰਵਾਈ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City



# ਨਵੇਂ ਜਰਨੈਲਾਂ ਦੀ ਚੜ੍ਹਤ ਤੋਂ ਕਾਂਗਰਸ ਵਿਚ ਬਾਗੀ ਸੁਰਾਂ ਤਿਖੀਆਂ

**ਚੰਡੀਗੜ੍ਹ:** ਕੁਝ ਮਹੀਨਿਆਂ ਵਿਚ ਹੀ ਕੈਪਟਨ ਸਰਕਾਰ ਵਿਚ ਵੱਡਾ ਕੱਦ ਬਣਾਉਣ ਕਾਰਨ ਨਵਜੋਤ ਸਿੰਘ ਸਿੱਧੂ ਤੇ ਮਨਪ੍ਰੀਤ ਸਿੰਘ ਬਾਦਲ, ਕਾਂਗਰਸੀਆਂ ਨੂੰ ਰੜਕਣ ਲੱਗੇ ਹਨ। ਕੈਪਟਨ ਸਰਕਾਰ ਦੇ ਇਹ ਦੋਵੇਂ ਮੰਤਰੀ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੀ ਕਾਂਗਰਸ ਵਿਚ ਸ਼ਾਮਲ ਹੋਏ ਸਨ। ਦੋਵਾਂ ਮੰਤਰੀਆਂ ਦੀਆਂ ਸਰਗਰਮੀਆਂ ਕਈ ਕਾਂਗਰਸੀ ਲੀਡਰਾਂ ਨੂੰ ਹਜ਼ਮ ਨਹੀਂ ਹੋ ਰਹੀਆਂ। ਇਸ ਕਰ ਕੇ ਨਵਜੋਤ ਸਿੱਧੂ ਦਾ ਤਾਂ ਸ਼ਰੇਆਮ ਵਿਰੋਧ ਸ਼ੁਰੂ ਹੋ ਗਿਆ ਹੈ। ਇਸ ਦੀ ਮਿਸਾਲ ਉਸ ਵੇਲੇ ਮਿਲੀ ਜਦੋਂ ਦੋਆਬੇ ਵਿਚ ਕੈਪਟਨ ਅਮਰਿੰਦਰ ਦੇ ਦੋ ਖਾਸ ਲੀਡਰਾਂ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਆਪਣੇ ਹਲਕਿਆਂ ਵਿਚ ਫੇਰੀਆਂ ਦਾ ਬਾਈਕਾਟ ਕਰ ਦਿੱਤਾ ਗਿਆ।

ਦਰਅਸਲ, ਸਿੱਧੂ ਸ਼ਾਹਕੋਟ ਹਲਕੇ ਦੇ ਪਿੰਡ ਸੀਚੇਵਾਲ 'ਚ ਵਾਤਾਵਰਨ ਪ੍ਰੇਮੀ ਬਲਬੀਰ ਸਿੰਘ ਸੀਚੇਵਾਲ ਵੱਲੋਂ ਲਾਏ ਸੀਵਰੇਜ ਟਰੀਟਮੈਂਟ ਪਲਾਂਟ ਦੇਖਣ ਗਏ ਸਨ। ਇਸ ਮੌਕੇ ਕਾਂਗਰਸੀ ਆਗੂ ਹਰਦੇਵ ਲਾਡੀ, ਜੋ ਸ਼ਾਹਕੋਟ ਹਲਕੇ ਤੋਂ ਵਿਧਾਨ



ਸਭਾ ਚੋਣ ਹਾਰ ਗਏ ਸਨ, ਮੰਤਰੀ ਨੂੰ ਨਹੀਂ ਮਿਲੇ। ਲਾਡੀ ਨੇ ਕਿਹਾ ਕਿ ਉਨ੍ਹਾਂ ਨੂੰ ਮੰਤਰੀ ਵੱਲੋਂ ਫੇਰੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਐਸ.ਡੀ.ਐਮ. ਵੱਲੋਂ ਉਨ੍ਹਾਂ ਨੂੰ ਐਨ ਮੌਕੇ 'ਤੇ ਇਸ ਬਾਰੇ ਦੱਸਿਆ ਗਿਆ। ਸਿੱਧੂ ਨੇ ਸੁਲਤਾਨਪੁਰ ਲੋਧੀ ਵੀ ਜਾਣਾ ਸੀ ਪਰ ਵਿਧਾਇਕ ਨਵਤੇਜ ਚੀਮਾ ਵੱਲੋਂ ਉਨ੍ਹਾਂ ਖਿਲਾਫ਼ ਸਟੈਂਡ ਲੈਣ ਕਾਰਨ ਇਹ ਫੇਰੀ ਖੜ੍ਹੇ ਪੈਰ ਰੱਦ ਕਰਨੀ ਪਈ। ਵਿਧਾਇਕ ਚੀਮਾ ਨੇ ਕਿਹਾ ਕਿ ਮੰਤਰੀ ਨੇ ਫੇਰੀ ਬਾਰੇ ਉਸ ਨੂੰ ਵੇਲੇ ਸਿਰ ਨਹੀਂ ਦੱਸਿਆ। ਦੋਵੇਂ ਆਗੂਆਂ ਨੇ ਕਿਹਾ ਕਿ ਇਸ ਮੰਤਰੀ ਨੇ ਉਨ੍ਹਾਂ ਦੇ ਹਲਕਿਆਂ ਵਿਚ ਪਹਿਲੀ ਵਾਰ ਆਉਣਾ ਸੀ। ਸਿੱਧੂ ਨੂੰ ਘੱਟੋ-ਘੱਟ ਇਕ ਦਿਨ ਸਾਨੂੰ ਇਸ ਬਾਰੇ ਦੱਸਣਾ ਚਾਹੀਦਾ ਸੀ। ਇਸ ਬਾਰੇ ਉਹ ਮੁੱਖ ਮੰਤਰੀ ਨੂੰ ਦੱਸਣਗੇ।

## ਪੁਲਿਸ 'ਤੇ ਸਿਰਫ ਅਕਾਲੀਆਂ ਦੀ ਗੱਲ ਸੁਣਨ ਦਾ ਦੋਸ਼

**ਚੰਡੀਗੜ੍ਹ**: ਮੰਤਰੀਆਂ ਤੇ ਕਾਂਗਰਸੀ ਨੇਤਾਵਾਂ ਦੀਆਂ ਪੁਲਿਸ ਅਧਿਕਾਰੀਆਂ ਦੇ ਤੌਰ ਤਰੀਕਿਆਂ ਬਾਰੇ ਸ਼ਿਕਾਇਤਾਂ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਇਕ ਵਾਰ ਫਿਰ ਸਥਿਤੀ ਕਸੂਤੀ ਬਣੀ ਹੋਈ ਹੈ। ਕਾਂਗਰਸ ਦੀਆਂ ਮੀਟਿੰਗਾਂ ਵਿਚ ਪੁਲਿਸ ਦੇ ਰਵੱਈਏ ਦੀ ਆਲੋਚਨਾ ਬਾਅਦ ਮੰਤਰੀਆਂ ਨੇ ਵੀ ਪੁਲਿਸ ਖਿਲਾਫ਼ ਖੁੱਲ੍ਹ ਕੇ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ ਹੈ। ਪੁਲਿਸ ਖਿਲਾਫ਼ ਬੋਲਣ ਵਾਲੇ ਮੰਤਰੀਆਂ ਦੀ ਸੂਚੀ ਲੰਮੀ ਹੁੰਦੀ ਜਾ ਰਹੀ ਹੈ।

ਵਜ਼ਾਰਤੀ ਮੀਟਿੰਗ ਦੌਰਾਨ ਬ੍ਰਹਮ ਮਹਿੰਦਰਾ, ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਾਧੂ ਸਿੰਘ ਧਰਮਸੋਤ ਅਤੇ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਨੂੰ ਮੁਖਾਤਿਬ ਹੁੰਦਿਆਂ ਡੀ.ਜੀ.ਪੀ. ਸੁਰੇਸ਼ ਅਰੋੜਾ ਸਮੇਤ ਕਈ ਜ਼ਿਲ੍ਹਾ ਪੁਲਿਸ ਮੁਖੀਆਂ ਦੇ ਕੰਮ ਕਰਨ ਦੇ ਢੰਗ ਦੀ ਨਿੰਦਾ ਕਰਦਿਆਂ ਅਕਾਲੀਆਂ ਦੇ ਇਸ਼ਾਰੇ 'ਤੇ ਕੰਮ ਕਰਨ ਦੇ ਦੋਸ਼ ਲਾਏ। ਕੈਪਟਨ ਵਜ਼ਾਰਤ ਵਿਚ ਸੀਨੀਅਰ ਮੰਤਰੀ ਬ੍ਰਹਮ ਮਹਿੰਦਰਾ ਨੇ ਪੁਲਿਸ ਤੇ ਸਿਵਲ ਪ੍ਰਸ਼ਾਸਨ ਖਿਲਾਫ਼ ਪਹਿਲੀ ਵਾਰੀ ਆਵਾਜ਼ ਉਠਾਈ ਹੈ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਇਸ ਸੀਨੀਅਰ ਮੰਤਰੀ ਨੇ ਕਿਹਾ ਕਿ ਚਿੰਤਾਜਨਕ ਗੱਲ ਇਹ ਹੈ ਕਿ ਜ਼ਿਲ੍ਹਾ ਪੱਧਰੀ ਸਮਾਗਮਾਂ ਦੌਰਾਨ ਐਸ.ਐਸ.ਪੀ. ਤੇ ਡਿਪਟੀ ਕਮਿਸ਼ਨਰਾਂ ਵੱਲੋਂ ਮੰਤਰੀਆਂ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਜਾਂਦਾ। ਉਨ੍ਹਾਂ ਮੁੱਖ ਮੰਤਰੀ ਨੂੰ ਇਸ ਗੰਭੀਰ ਮਾਮਲੇ ਉਤੇ ਤੁਰਤ ਧਿਆਨ ਦੇਣ ਲਈ ਕਿਹਾ। ਸੂਤਰਾਂ ਮੁਤਾਬਕ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਬਠਿੰਡਾ ਦਾ ਐਸ.ਐਸ.ਪੀ. ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੀਆਂ ਧਮਕੀਆਂ ਕਾਰਨ ਇੰਨਾ ਡਰ ਗਿਆ ਹੈ ਕਿ ਕਾਂਗਰਸੀਆਂ ਦੀਆਂ ਸ਼ਿਕਾਇਤਾਂ ਸੁਣਨ ਨੂੰ ਵੀ ਤਿਆਰ ਨਹੀਂ।

# ਕੈਪਟਨ ਸਰਕਾਰ ਨੇ ਲਾਈ ਸ਼ਹਿਰੀਆਂ ਲਈ ਸਹੂਲਤਾਂ ਦੀ ਝੜੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਥਾਨਕ ਸਰਕਾਰਾਂ ਵਿਭਾਗ ਦੀਆਂ ਚੋਣਾਂ ਦੇ ਮੱਦੇਨਜ਼ਰ ਸ਼ਹਿਰੀ ਲੋਕਾਂ ਨੂੰ ਸਹੂਲਤਾਂ ਦੇ ਖੁੱਲ੍ਹੇ ਗੱਫੇ ਦੇਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਮੰਤਰੀ ਮੰਡਲ ਨੇ ਅਹਿਮ ਫੈਸਲੇ ਕਰਦਿਆਂ ਸੂਬੇ ਵਿਚ ਰੀਅਲ ਅਸਟੇਟ ਸੈਕਟਰ ਨੂੰ ਹੁਲਾਰਾ ਦੇਣ ਦੇ ਲਈ ਸ਼ਹਿਰੀ ਇਲਾਕਿਆਂ ਵਿਚ ਜਾਇਦਾਦ ਦੀ ਖਰੀਦ-ਵੇਚ ਉਤੇ ਅਸ਼ਟਾਮ ਫੀਸ ਨੌਂ ਤੋਂ ਘਟਾ ਕੇ ਛੇ ਫੀਸਦੀ ਕਰਨ ਨੂੰ 31 ਮਾਰਚ 2018 ਤੱਕ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਦੇ ਵਿਭਾਗ ਦੀਆਂ ਲਗਭਗ ਸਾਰੀਆਂ ਤਜਵੀਜ਼ਾਂ ਪ੍ਰਵਾਨ ਕਰ ਲਈਆਂ ਹਨ। ਕਿਸਾਨ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਦੇਣ ਲਈ ਪ੍ਰਵਾਨਗੀ ਦੇ ਦਿੱਤੀ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਵਜ਼ਾਰਤ ਨੇ ਰੀਅਲ ਅਸਟੇਟ ਪ੍ਰੋਜੈਕਟਾਂ ਲਈ ਪਹਿਲੀ ਅਪਰੈਲ 2017 ਤੋਂ 31 ਮਾਰਚ 2020 ਤੱਕ ਭੌਂ ਵਰਤੋਂ ਤਬਦੀਲੀ (ਸੀ.ਐਲ.ਯੂ.), ਬਾਹਰੀ ਵਿਕਾਸ ਚਾਰਜਾਂ (ਈ.ਡੀ.ਸੀ.) ਅਤੇ ਲਾਇਸੈਂਸ ਫੀਸ (ਐਲ.ਈ.) ਪਰਮਿਸ਼ਨ ਫੀਸ ਵਿਚ 10 ਫੀਸਦੀ ਦੇ ਵਾਧੇ ਤੋਂ ਛੋਟ ਦੇਣ ਦਾ ਵੀ ਫੈਸਲਾ ਕੀਤਾ ਹੈ। ਵਜ਼ਾਰਤ ਨੇ ਨਵੇਂ ਮੈਰਿਜ ਪੈਲੇਸਾਂ ਦੇ ਨਿਰਮਾਣ ਲਈ ਪ੍ਰਵਾਨਗੀ ਦੇਣ ਤੋਂ ਇਲਾਵਾ ਅਣਅਧਿਕਾਰਤ ਮੈਰਿਜ ਪੈਲੇਸਾਂ ਨੂੰ ਨਿਯਮਤ ਕਰਨ ਲਈ ਨਵੀਂ ਮੈਰਿਜ ਪੈਲੇਸ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਨਵੀਂ ਨੀਤੀ ਪਿਛਲੀ ਸਰਕਾਰ ਵੱਲੋਂ ਸਮੇਂ-ਸਮੇਂ ਤਿਆਰ ਕੀਤੀਆਂ ਸਾਰੀਆਂ ਮੈਰਿਜ ਪੈਲੇਸ ਨੀਤੀਆਂ ਨੂੰ ਖਤਮ ਕਰ ਕੇ ਉਨ੍ਹਾਂ ਦੀ ਥਾਂ ਲਵੇਗੀ। ਵਜ਼ਾਰਤ ਨੇ 'ਪੰਜਾਬ ਸ਼ਹਿਰੀ ਅਵਾਸ ਯੋਜਨਾ 2017' ਨੂੰ ਸ਼ੁਰੂ ਕਰਨ ਲਈ ਸਹਿਮਤੀ ਦੇ ਦਿੱਤੀ ਹੈ ਜਿਸ ਦੇ ਹੇਠ ਸ਼ਹਿਰੀ ਇਲਾਕਿਆਂ ਦੇ ਅਨੁਸੂਚਿਤ ਜਾਤਾਂ/ਪਛੜੀਆਂ ਸ਼੍ਰੇਣੀਆਂ ਦੇ ਬੇਘਰੇ ਯੋਗ ਲਾਭਪਾਤਰੀਆਂ ਨੂੰ ਮਕਾਨ ਮੁਹੱਈਆ ਕਰਵਾਏ ਜਾਣਗੇ। ਵਜ਼ਾਰਤ ਨੇ ਅੱਗ ਬੁਝਾਊ ਸੇਵਾਵਾਂ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਡਾਇਰੈਕਟੋਰੇਟ ਆਫ ਫਾਇਰ ਸਰਵਿਸਜ਼



ਬਣਾਉਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਤੋਂ ਖੇਤੀਬਾੜੀ ਸਿੱਖਿਆ ਨੂੰ ਹੁਲਾਰਾ ਦੇਣ ਲਈ 'ਪੰਜਾਬ ਰਾਜ ਖੇਤੀਬਾੜੀ ਸਿੱਖਿਆ ਕੌਂਸਲ' ਦੀ ਸਥਾਪਨਾ ਅਤੇ ਕਿਸਾਨੀ ਭਾਈਚਾਰੇ ਦੇ ਹਿੱਤਾਂ ਦੀ ਰੱਖਿਆ ਕਰਨ ਵਾਸਤੇ 'ਪੰਜਾਬ ਰਾਜ ਕਿਸਾਨ ਕਮਿਸ਼ਨ ਐਕਟ 2017' ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਨਾਲ ਕਿਸਾਨ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਮਿਲ ਜਾਵੇਗਾ ਤੇ ਕਮਿਸ਼ਨ ਸਰਕਾਰ ਤੇ ਕਿਸਾਨਾਂ ਵਿਚਾਲੇ ਪੁਲ ਦਾ ਕੰਮ ਕਰੇਗਾ। ਪ੍ਰਸਤਾਵਿਤ ਕੌਂਸਲ ਦੀ ਸਥਾਪਨਾ ਲਈ ਇਕ ਆਰਡੀਨੈਂਸ ਲਿਆਂਦਾ ਜਾਵੇਗਾ ਜਿਸ ਦਾ ਨਾਂ 'ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰਲ ਐਜੂਕੇਸ਼ਨ ਆਰਡੀਨੈਂਸ 2017' ਹੋਵੇਗਾ। ਕਿਸਾਨ ਕਮਿਸ਼ਨ ਦਾ ਸ਼ੁਰੂ ਵਿਚ 25 ਕਰੋੜ ਰੁਪਏ ਦਾ ਫੰਡ ਹੋਵੇਗਾ ਅਤੇ ਸੂਬਾ ਸਰਕਾਰ ਵੱਲੋਂ ਅਗਲੇ ਪੰਜ ਸਾਲਾਂ ਲਈ ਪੰਜ ਕਰੋੜ ਰੁਪਏ ਦੀ ਗਰਾਂਟ ਦਿੱਤੀ ਜਾਵੇਗੀ।

ਕੇਂਦਰੀ ਸ਼ਹਿਰੀ ਹਵਾਬਾਜ਼ੀ ਦੀ ਖੇਤਰੀ ਸੰਪਰਕ ਸਕੀਮ 'ਉਡਾਨ' ਤਹਿਤ ਲੁਧਿਆਣਾ, ਪਠਾਨਕੋਟ, ਬਠਿੰਡਾ ਅਤੇ ਆਦਮਪੁਰ ਤੋਂ ਹਵਾਈ ਸੰਪਰਕ ਨੂੰ ਹੁਲਾਰਾ ਦੇਣ ਲਈ ਮੰਤਰੀ ਮੰਡਲ ਨੇ ਪੰਜਾਬ ਸਰਕਾਰ, ਭਾਰਤ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦਰਮਿਆਨ ਹੋਏ ਸਮਝੌਤੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

## ਸਿੱਧੂ ਨੇ ਫਾਸਟਵੇਅ ਖਿਲਾਫ ਤਿਖੀ ਕੀਤੀ ਮੁਹਿੰਮ

**ਚੰਡੀਗੜ੍ਹ:** ਮੰਤਰੀ ਮੰਡਲ ਦੀ ਬੈਠਕ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਮਗਰਲੇ 10 ਸਾਲਾਂ ਦੌਰਾਨ ਰਾਜ 'ਚ ਕੇਬਲ ਮਾਫੀਏ ਵੱਲੋਂ ਕੀਤੀ ਗਈ ਲੁੱਟ ਦਾ ਮਾਮਲਾ ਬੜੇ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਉਨ੍ਹਾਂ ਨੇ ਅੰਕੜਿਆਂ ਤੇ ਦਲੀਲਾਂ ਨਾਲ ਮੰਤਰੀ ਮੰਡਲ ਦੇ ਮੈਂਬਰਾਂ ਨੂੰ ਦੱਸਿਆ ਕਿ ਮਗਰਲੇ ਸਮੇਂ ਦੌਰਾਨ ਕਿਵੇਂ ਰਾਜ ਵਿਚਲਾ ਕੇਬਲ ਮਾਫੀਆ ਹਰ ਸਾਲ ਕੋਈ 2000 ਕਰੋੜ ਦੇ ਟੈਕਸ ਆਪਣੀ ਜੇਬ 'ਚ ਪਾਉਂਦੇ ਰਹੇ ਅਤੇ ਪੁਲਿਸ, ਪ੍ਰਸ਼ਾਸਨ ਤੇ ਸਰਕਾਰ ਦੀ ਮਦਦ ਨਾਲ ਉਨ੍ਹਾਂ ਹਰ ਕਿਸੇ ਨੂੰ ਆਪਣੀ ਧਾਸ ਅਤੇ ਧੱਕੇ ਨਾਲ ਡਰਾ ਕੇ ਰਾਜ ਵਿਚ ਆਪਣੀ ਇਜਾਰੇਦਾਰੀ ਕਾਇਮ ਕੀਤੀ। ਉਨ੍ਹਾਂ ਕਿਹਾ ਕਿ ਅੱਜ 90 ਫੀਸਦੀ ਰਾਜ ਵਿਚਲਾ ਕੇਬਲ ਟੀ.ਵੀ. ਦਾ ਢਾਂਚਾ ਫਾਸਟਵੇ ਦੇ ਕਬਜ਼ੇ 'ਚ ਹੈ ਅਤੇ ਉਹ ਆਪਣੀ ਮਨਮਰਜ਼ੀ ਨਾਲ ਲੋਕਾਂ ਨੂੰ ਪ੍ਰੋਗਰਾਮ ਦਿਖਾ ਰਹੇ ਹਨ ਅਤੇ ਮਨਮਰਜ਼ੀ ਨਾਲ ਹੀ ਉਨ੍ਹਾਂ ਤੋਂ ਭਾੜੇ ਵਸੂਲ ਰਹੇ ਹਨ। ਆਪਣੀਆਂ ਦਲੀਲਾਂ ਨੂੰ ਸਾਬਤ ਕਰਨ ਲਈ ਸ. ਨਵਜੋਤ ਸਿੰਘ ਦਸਤਾਵੇਜ਼ੀ ਸਬੂਤ ਰੱਖਣ ਲਈ ਫਾਈਲਾਂ ਦਾ ਵੱਡਾ ਪੁਲੰਦਾ ਵੀ ਨਾਲ ਲੈ ਕੇ ਗਏ ਸਨ। ਸੂਚਨਾ ਅਨੁਸਾਰ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਕਿ ਸ. ਸਿੱਧੂ ਵੱਲੋਂ ਪੇਸ਼ ਕੀਤੀਆਂ ਗਈਆਂ ਤਜਵੀਜ਼ਾਂ ਨੂੰ ਪਹਿਲਾਂ ਐਲ.ਆਰ. ਅਤੇ ਐਡਵੋਕੇਟ ਜਨਰਲ ਤੋਂ ਪ੍ਰਵਾਨ ਕਰਵਾ ਲਿਆ ਜਾਵੇ ਅਤੇ ਅਗਲੀ ਮੰਤਰੀ ਮੰਡਲ ਦੀ ਬੈਠਕ 'ਚ ਇਨ੍ਹਾਂ ਨੂੰ ਬਕਾਇਦਾ ਏਜੰਡੇ ਵਜੋਂ ਪੇਸ਼ ਕੀਤਾ ਜਾਵੇ।

## ਗੈਰ-ਹਿੰਦੀ ਭਾਸ਼ਾਵਾਂ ਨੂੰ ਖੇਤਰੀ ਭਾਸ਼ਾ ਦੱਸਣਾ ਗਲਤ: ਗੁਲਜ਼ਾਰ

**ਚੰਡੀਗੜ੍ਹ:** ਉਘੇ ਕਵੀ ਅਤੇ ਗੀਤਕਾਰ ਗੁਲਜ਼ਾਰ ਨੇ ਕਿਹਾ ਹੈ ਕਿ ਗੈਰ ਹਿੰਦੀ ਭਾਸ਼ਾਵਾਂ ਨੂੰ ਖੇਤਰੀ ਭਾਸ਼ਾ ਦੱਸਣਾ ਗਲਤ ਹੈ ਅਤੇ ਤਾਮਿਲ, ਗੁਜਰਾਤੀ, ਮਰਾਠੀ, ਬੰਗਾਲੀ ਤੇ ਹੋਰ ਭਾਸ਼ਾਵਾਂ ਵੀ ਕੌਮੀ ਭਾਸ਼ਾਵਾਂ ਹਨ। ਉਨ੍ਹਾਂ ਕਿਹਾ ਕਿ ਗੈਰ ਹਿੰਦੀ ਭਾਸ਼ਾਵਾਂ ਮੁਲਕ ਦੀਆਂ ਪ੍ਰਮੁੱਖ ਭਾਸ਼ਾਵਾਂ ਹਨ। ਤਾਮਿਲ ਉਤਮ ਅਤੇ ਅਹਿਮ ਭਾਸ਼ਾ ਹੈ। ਇਸੇ ਤਰ੍ਹਾਂ ਗੁਜਰਾਤੀ, ਮਰਾਠੀ, ਬੰਗਾਲੀ ਅਤੇ ਹੋਰ ਭਾਸ਼ਾਵਾਂ ਵੀ ਮਹੱਤਵਪੂਰਨ ਹਨ।



ਪਦਮ ਭੂਸ਼ਣ ਗੁਲਜ਼ਾਰ ਨੇ ਕਾਲੀਦਾਸ ਸਮੇਤ ਹੋਰ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਅੰਗਰੇਜ਼ੀ ਦੇ ਨਾਲ-ਨਾਲ ਭਾਰਤੀ ਕਾਲਜਾਂ ਦੇ ਪਾਠਕ੍ਰਮ 'ਚ ਸ਼ਾਮਲ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕਾਲਜਾਂ ਵਿਚ 'ਪੈਰਾਡਾਈਜ਼ ਲੌਸਟ' ਵਰਗੀਆਂ ਲਿਖਤਾਂ ਪੜ੍ਹਾਈਆਂ ਜਾ ਸਕਦੀਆਂ ਹਨ ਤਾਂ ਕਾਲੀਦਾਸ, ਯੁਧਿਸ਼ਟਰ ਅਤੇ ਦਰੋਪਦੀ ਨੂੰ ਕਿਉਂ ਨਹੀਂ ਪੜ੍ਹਾਇਆ ਜਾ ਸਕਦਾ। ਇਹ ਲਿਖਤਾਂ ਸਾਡੇ ਸੱਭਿਆਚਾਰ ਦੇ ਨੇੜੇ ਹਨ ਜਿਨ੍ਹਾਂ ਨੂੰ ਭਾਰਤ 'ਚ ਹਰ ਕੋਈ ਸਮਝ ਸਕਦਾ ਹੈ। ਉਂਜ ਗੁਲਜ਼ਾਰ ਨੇ ਕਿਹਾ ਕਿ ਉਹ ਸ਼ੇਕਸਪੀਅਰ ਨੂੰ ਕਾਲਜਾਂ 'ਚ ਪੜ੍ਹਾਉਣ ਦੇ ਖਿਲਾਫ਼ ਨਹੀਂ ਹਨ।

ਉਨ੍ਹਾਂ ਕਿਹਾ ਕਿ ਸਾਅਦਤ ਹਸਨ ਮੰਟੋ ਵਰਗੇ ਆਧੁਨਿਕ ਲੇਖਕਾਂ ਨੂੰ ਵੀ ਕਾਲਜਾਂ 'ਚ ਪੜ੍ਹਾਇਆ ਜਾਣਾ ਚਾਹੀਦਾ ਹੈ। ਗੁਲਜ਼ਾਰ ਨੇ ਕਿਹਾ ਕਿ ਭਾਰਤ ਨੇ ਸਿਆਸੀ ਪੱਧਰ ਉਤੇ ਆਜ਼ਾਦੀ ਹਾਸਲ ਕਰ ਲਈ ਹੈ ਪਰ ਸੱਭਿਆਚਾਰਕ ਪੱਧਰ 'ਤੇ ਉਹ ਅਜੇ ਵੀ ਆਜ਼ਾਦ ਨਹੀਂ ਹੋਇਆ ਹੈ ਅਤੇ ਸਾਨੂੰ ਬਸਤੀਵਾਦੀ ਰਵੱਈਏ ਤੋਂ ਛੁਟਕਾਰਾ ਨਹੀਂ ਮਿਲਿਆ ਹੈ। ਉਨ੍ਹਾਂ ਕਵੀਆਂ ਵੱਲੋਂ ਕੁਝ ਘਟਨਾਵਾਂ ਨੂੰ ਅਣਗੌਲਿਆ ਕਰਨ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ। ਗੁਲਜ਼ਾਰ ਨੇ ਕਿਹਾ ਕਿ ਵੱਖ-ਵੱਖ ਇਲਾਕਿਆਂ ਅਤੇ ਵੱਖ-ਵੱਖ ਭਾਸ਼ਾਵਾਂ ਵਿਚ ਲਿਖਣ ਦੇ ਬਾਵਜੂਦ ਉਨ੍ਹਾਂ ਡਾਕਟਰ ਕਲਬੁਰਗੀ, ਜਿਨ੍ਹਾਂ ਦਾ ਧਾਰਵਾੜ 'ਚ ਗੋਲੀ ਮਾਰ ਕੇ ਕਤਲ ਕੀਤਾ ਗਿਆ ਸੀ, ਬਾਰੇ ਵੀ ਲਿਖਿਆ। ਉਨ੍ਹਾਂ ਕਿਹਾ ਕਿ ਘਟਨਾ ਪ੍ਰਤੀ ਤੁਰਤ ਉਨ੍ਹਾਂ ਪ੍ਰਤੀਕਰਮ ਦਿੰਦਿਆਂ ਕਵਿਤਾ ਰਾਹੀਂ ਆਪਣਾ ਬਿਆਨ ਦਿੱਤਾ। ਗੁਲਜ਼ਾਰ ਮੁਤਾਬਕ ਅਸਲ 'ਚ ਕਵਿਤਾ ਕਵੀ ਦਾ ਬਿਆਨ ਹੀ ਹੁੰਦਾ ਹੈ।

## *ਵਿਦੇਸ਼ੀ ਨਿਵੇਸ਼ਕਾਂ ਨੇ ਘੱਤੀਆਂ ਪੰਜਾਬ ਵੱਲ ਵਹੀਰਾਂ*

**ਨਵੀਂ ਦਿੱਲੀ:** ਰੂਸ, ਚੀਨ ਅਤੇ ਯੂ.ਏ.ਈ. ਸਣੇ ਵੱਖ-ਵੱਖ ਕੰਪਨੀਆਂ ਨੇ ਪੰਜਾਬ ਵਿਚ ਰੱਖਿਆ ਅਤੇ ਮੈਟਰੋ ਰੇਲ ਪ੍ਰੋਜੈਕਟਾਂ ਸਮੇਤ ਵੱਖ-ਵੱਖ ਖੇਤਰਾਂ ਵਿਚ ਵਪਾਰਕ ਇਕਾਈਆਂ ਸਥਾਪਤ ਕਰਨ ਵਿਚ ਦਿਲਚਸਪੀ ਵਿਖਾਈ ਹੈ। ਇਨ੍ਹਾਂ ਮੁਲਕਾਂ ਨਾਲ ਸਬੰਧਤ ਕੰਪਨੀਆਂ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ।

ਐਨਰਗੋ ਗਰੁੱਪ ਕੰਪਨੀ ਐਲ.ਐਲ.ਸੀ. ਦੀ ਤਰਫੋਂ ਸਬੇਰਬੈਂਕ ਦੇ ਨੁਮਾਇੰਦੇ ਕੈਪਟਨ ਨੂੰ ਮਿਲੇ ਅਤੇ ਸੂਬੇ ਵਿਚ ਰਹਿੰਦ-ਖੂੰਹਦ ਤੋਂ ਬਿਜਲੀ ਬਣਾਉਣ ਸਬੰਧੀ ਪ੍ਰੋਜੈਕਟ ਪੇਸ਼ ਕੀਤਾ। ਕੰਪਨੀ ਨੇ ਮੁਕੰਮਲ ਤੌਰ 'ਤੇ ਤਿਆਰ ਨਵਿਆਉਣਯੋਗ ਊਰਜਾ ਪ੍ਰੋਜੈਕਟਾਂ ਦੀ ਪੇਸ਼ਕਸ਼ ਵੀ ਕੀਤੀ।

ਕਾਰਪੋਰੇਟ ਬੈਂਕਿੰਗ ਦੇ ਮੁਖੀ ਵਿਜੈਨ ਸੋਗੋਮੋਨੀਯਨ ਨੇ ਕਿਹਾ ਕਿ ਰੂਸ ਦੀ ਕੰਪਨੀ ਐਨਰਗੋ ਨੇ ਪੰਜਾਬ ਵਿਚ ਵੱਡੀ ਪੱਧਰ 'ਤੇ ਘੋਖ ਕਰ ਕੇ ਸੂਬੇ ਦੀ ਖੇਤੀਬਾੜੀ ਸਮਰੱਥਾ ਨੂੰ ਦੇਖਿਆ ਹੈ। ਗਰੇਟ ਈਗਲ ਗਰੁੱਪ ਦੇ ਪ੍ਰਬੰਧਕੀ ਡਾਇਰੈਕਟਰ ਕਾਰਤਿਕ ਚੋਪੜਾ ਨੇ ਮੀਟਿੰਗ ਦੌਰਾਨ ਲੁਧਿਆਣਾ 'ਚ ਮੈਟਰੋ ਪ੍ਰੋਜੈਕਟ ਸ਼ੁਰੂ ਕਰਨ ਵਾਸਤੇ ਚੀਨ ਦੀ ਦਿਲਚਸਪੀ ਬਾਰੇ ਦੱਸਿਆ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪ੍ਰਾਜੈਕਟ ਬਾਰੇ ਵਿਸਥਾਰਤ ਜਾਣਕਾਰੀ ਪ੍ਰਾਪਤ ਕਰਨ ਮਗਰੋਂ ਇਸ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਉਤਸੁਕ ਹਨ।

## ਜਮੀਨ ਘੁਟਾਲੇ 'ਚ ਸ਼੍ਰੋਮਣੀ ਕਮੇਟੀ ਦੇ 5 ਮੈਂਬਰਾਂ ਨੂੰ ਸੰਮਨ

**ਅੰਮ੍ਰਿਤਸਰ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਦੁਆਰੇ ਲਈ ਖਰੀਦੀ ਜ਼ਮੀਨ ਦੇ ਮਾਮਲੇ ਵਿਚ ਘਪਲੇ ਦੇ ਦੋਸ਼ ਹੇਠ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿਚ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਹਦਾਇਤ ਕੀਤੀ ਹੈ ਕਿ ਉਹ ਜਾਂਚ ਲਈ ਇਕ ਕਮੇਟੀ ਬਣਾਉਣ ਅਤੇ ਦੋ ਮਹੀਨਿਆਂ ਵਿੱਚ ਰਿਪੋਰਟ ਕਮਿਸ਼ਨ ਨੂੰ ਸੌਂਪਣ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਨੂੰ ਅਗਲੀ ਕਾਰਵਾਈ ਲਈ ਸੰਮਨ ਕੀਤਾ ਗਿਆ ਹੈ ਅਤੇ ਗੁਰਦੁਆਰੇ ਦੇ ਕੁਝ ਅਧਿਕਾਰੀਆਂ ਦੇ ਕੰਮਕਾਜ 'ਤੇ ਅਗਲੇ ਫੈਸਲੇ ਤੱਕ ਰੋਕ ਲਾਈ ਗਈ ਹੈ।

ਇਹ ਪਟੀਸ਼ਨ ਸਿੱਖ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਜੁਡੀਸ਼ੀਅਲ ਕਮਿਸ਼ਨ ਵਿਚ ਦਾਇਰ ਕੀਤੀ ਗਈ ਸੀ। ਸੁਣਵਾਈ ਮਗਰੋਂ ਕਮਿਸ਼ਨ ਨੇ ਇਸ ਪਟੀਸ਼ਨ ਵਿਚ ਧਿਰ ਬਣਾਏ ਗਏ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਭੌਰ, ਰਘੁਜੀਤ ਸਿੰਘ ਵਿਰਕ, ਕੇਵਲ ਸਿੰਘ ਬਾਦਲ, ਰਜਿੰਦਰ ਸਿੰਘ ਮਹਿਤਾ ਤੇ ਨਿਰਮਲ ਸਿੰਘ ਨੂੰ 19 ਅਗਸਤ ਨੂੰ ਅਗਲੀ ਸੁਣਵਾਈ ਲਈ ਸੰਮਨ ਕੀਤਾ ਹੈ ਜਦਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਸਮੇਤ ਹਰਜਿੰਦਰ ਸਿੰਘ ਭੱਟੀ, ਰਾਮ ਸਿੰਘ ਅਤੇ ਮੇਜਰ ਸਿੰਘ ਪਟਵਾਰੀ ਨੂੰ ਸੰਮਨ ਤੋਂ ਬਿਨਾ ਉਨ੍ਹਾਂ ਦੇ ਕੰਮਕਾਜ 'ਤੇ ਰੋਕ ਲਾਈ ਹੈ।

ਪਟੀਸ਼ਨਕਰਤਾ ਨੇ ਦੋਸ਼ ਲਾਇਆ ਹੈ ਕਿ ਅਨੰਦਪੁਰ ਸਾਹਿਬ ਵਿਖੇ ਗੁਰਦੁਆਰੇ ਵਾਸਤੇ 13 ਮਰਲੇ ਜ਼ਮੀਨ ਦੋ ਕਰੋੜ 70 ਲੱਖ ਰੁਪਏ ਵਿਚ ਖਰੀਦੀ ਗਈ ਹੈ ਜਦਕਿ ਇਹ ਜ਼ਮੀਨ ਗੁਰਦੁਆਰੇ ਦੇ ਅਹੁਦੇਦਾਰਾਂ ਤੇ ਮੁਲਾਜ਼ਮਾਂ ਦੇ ਰਿਸ਼ਤੇਦਾਰਾਂ ਨੇ ਮਿਲ ਕੇ ਕੁਝ ਸਮਾਂ ਪਹਿਲਾਂ ਸਿਰਫ 70 ਲੱਖ ਰੁਪਏ ਵਿਚ ਖਰੀਦੀ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਇਕ ਸਾਲ ਵਿਚ ਹੀ ਇਸ ਜ਼ਮੀਨ ਦਾ ਮੁੱਲ ਦੋ ਕਰੋੜ ਰੁਪਏ ਤੋਂ ਵੱਧ ਵਧਾ ਦਿੱਤਾ ਗਿਆ ਹੈ।

## ਜਸਟਿਸ ਦੀਪਕ ਮਿਸ਼ਰਾ ਹੋਣਗੇ ਅਗਲੇ ਚੀਫ ਜਸਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ, ਜਸਟਿਸ ਦੀਪਕ ਮਿਸ਼ਰਾ (63) ਮੁਲਕ ਦੀ ਸਰਵ-ਉਚ ਅਦਾਲਤ ਦੇ 45ਵੇਂ ਚੀਫ ਜਸਟਿਸ ਹੋਣਗੇ। ਉਹ 28 ਅਗਸਤ ਨੂੰ ਜਸਟਿਸ ਜੇ.ਐਸ. ਖੇਹਰ ਦੀ ਥਾਂ ਲੈਣਗੇ। ਜਸਟਿਸ ਮਿਸ਼ਰਾ 10 ਅਕਤੂਬਰ 2011 ਨੂੰ ਸੁਪਰੀਮ ਕੋਰਟ ਦੇ ਜੱਜ ਬਣੇ ਸਨ।



# ਗੁਰਦੁਆਰਾ ਸੈਨ ਹੋਜ਼ੇ ਵਿਚ ਗੁਰਮਤਿ ਕੈਂਪ ਲਗਾਇਆ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਖੇ ਲੱਗੇ ਗੁਰਮਤਿ ਕੈਂਪ ਵਿਚ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਵਿਰਾਸਤ ਤੋਂ ਵੀ ਜਾਣੂ ਕਰਵਾਇਆ ਗਿਆ। ਸਹੀ ਤਰੀਕੇ ਨਾਲ ਗੁਰਬਾਣੀ ਪੜ੍ਹਨ, ਸੱਚੀ ਸੇਵਾ ਤੇ ਸਿਮਰਨ ਕਰਨ, ਸੰਗਤ ਦੀ ਮਹੱਤਤਾ ਅਤੇ ਸਿੱਖ ਹੋਣ ਦੀ ਮਹਾਨਤਾ ਬਾਰੇ ਵੀ ਚਾਨਣਾ ਪਾਇਆ ਗਿਆ। ਕੈਂਪ ਵਿਚ 350 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਨਿੱਤ ਦਿਨ ਨਵੀਂ ਸਿੱਖਿਆ ਹਾਸਲ ਕੀਤੀ ਅਤੇ ਕੈਂਪ ਦਾ ਅਨੰਦ ਮਾਣਿਆ। ਬੱਚਿਆਂ ਨੂੰ ਦਸਤਾਰਾਂ ਸਜਾਉਣ ਬਾਰੇ ਵੀ ਦੱਸਿਆ ਗਿਆ।

ਸਮਾਗਮ ਦੇ ਵਿਸ਼ੇਸ਼ ਮਹਿਮਾਨ ਭਾਈ ਸੁਖਵਿੰਦਰ ਸਿੰਘ ਅਤੇ ਬੀਬੀ ਜਸਨਾਮ ਕੌਰ ਸਨ। ਉਨ੍ਹਾਂ ਕੈਂਪ ਵਿਚ ਪੁੱਜੇ ਵਿਦਿਆਰਥੀਆਂ ਨਾਲ ਪ੍ਰੇਰਨਾਦਾਇਕ ਯਾਦਾਂ ਸਾਂਝੀਆਂ ਕੀਤੀਆਂ। ਕੈਂਪ ਵਿਚ ਸੈਕਰਾਮੈਂਟੋ, ਮਾਡੈਸਟੋ, ਟਰਲਕ, ਮਨਟਿੱਕਾ ਅਤੇ ਪਲੇਸਰਵਿਲ ਤੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਸ਼ਿਰਕਤ ਕੀਤੀ। ਪ੍ਰਬੰਧਕਾਂ ਅਨੁਸਾਰ ਉਨ੍ਹਾਂ ਅਗਲੇ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਵੀ ਅਰੰਭ ਦਿੱਤੀਆਂ ਹਨ।

## ਡਾ. ਰਾਜੀਵ ਕੁਮਾਰ ਨੀਤੀ ਆਯੋਗ ਦੇ ਨਵੇਂ ਉਪ ਚੇਅਰਮੈਨ

**ਨਵੀਂ ਦਿੱਲੀ:** ਅਰਥ ਸ਼ਾਸਤਰੀ ਡਾ. ਰਾਜੀਵ ਕੁਮਾਰ ਨੂੰ ਨੀਤੀ ਆਯੋਗ ਦਾ ਨਵਾਂ ਉਪ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਅਰਵਿੰਦ ਪਾਨਾਗੜ੍ਹੀਆ ਨੇ ਅਕਾਦਮਿਕ ਖੇਤਰ ਵਿਚ ਜਾਣ ਲਈ ਕੁਝ ਦਿਨ ਪਹਿਲਾਂ ਇਹ ਅਹੁਦਾ ਛੱਡਣ ਦਾ ਐਲਾਨ ਕੀਤਾ ਸੀ।

# ਗੁਰਦੁਆਰਾ ਐਵੇਨਿਊ ਦਾ ਰੀਬਨ ਕੱਟਣ ਸਬੰਧੀ ਸਮਾਗਮ 13 ਨੂੰ

**ਸੈਨ ਹੋਜ਼ੇ (ਬਿਊਰੋ):** ਕੁਇੰਬੀ ਰੋਡ ਦਾ ਨਾਮ ਗੁਰਦੁਆਰਾ ਐਵੇਨਿਊ ਰੱਖੇ ਜਾਣ ਸਬੰਧੀ ਰੀਬਨ ਕੱਟਣ ਦਾ ਵਿਸ਼ੇਸ਼ ਸਮਾਗਮ ਆਉਂਦੀ 13 ਅਗਸਤ ਨੂੰ ਸਵੇਰੇ 11 ਤੋਂ 11:30 ਵਜੇ ਤੱਕ ਹੋਵੇਗਾ।

ਇਸ ਸਬੰਧੀ ਪ੍ਰਾਜੈਕਟ ਕੋਆਰਡੀਨੇਟਰ ਸ. ਸੁਰਜੀਤ ਸਿੰਘ ਬੈਂਸ ਅਤੇ ਸ. ਸੁਖਦੇਵ ਸਿੰਘ ਬੈਣੀਵਾਲ ਨੇ ਦੱਸਿਆ ਕਿ ਸਮਾਗਮ ਵਿਚ ਮੇਅਰ/ਉਪ ਮੇਅਰ ਅਤੇ ਕੌਂਸਲ ਦੇ ਮੈਂਬਰ ਸ਼ਾਮਲ ਹੋਣਗੇ। ਉਨ੍ਹਾਂ ਸੰਗਤ ਨੂੰ ਇਸ ਕਾਰਜ ਮੌਕੇ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਸ. ਬੈਂਸ ਨਾਲ ਫੋਨ: 408-394-3595 ਜਾਂ ਸ. ਬੈਣੀਵਾਲ ਫੋਨ: 408-421-9463 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗੜਾ ਦੀ ਯਾਦ 'ਚ ਸਮਾਗਮ ਹੁਣ 13 ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਤੇ ਸ਼ਹੀਦ ਮਦਨ ਲਾਲ ਢੀਂਗੜਾ ਦਾ ਸ਼ਹੀਦੀ ਸਮਾਗਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਹੁਣ 13 ਅਗਸਤ, ਐਤਵਾਰ ਨੂੰ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਕਰਵਾਏ ਜਾਣਗੇ। ਪ੍ਰਬੰਧਕਾਂ ਵਲੋਂ ਜਾਰੀ ਬਿਆਨ ਅਨੁਸਾਰ ਪਹਿਲਾਂ ਇਹ ਸਮਾਗਮ 6 ਅਗਸਤ ਨੂੰ ਰੱਖਿਆ ਗਿਆ ਸੀ ਪਰ ਇਸ ਦਿਨ ਹੀ ਇਕ ਹੋਰ ਸਮਾਗਮ ਹੋਣ ਕਾਰਨ ਇਸ ਸਮਾਗਮ ਦੀ ਮਿਤੀ ਬਦਲੀ ਗਈ ਹੈ।

ਪ੍ਰਬੰਧਕਾਂ ਅਨੁਸਾਰ ਸਮਾਗਮ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਸਮਾਗਮ ਵਿਚ ਉਚ ਕੋਟੀ ਦੇ ਬੁਲਾਰੇ ਆਪਣੇ ਵਿਚਾਰ ਰੱਖਣਗੇ ਅਤੇ ਗੀਤ-ਸੰਗੀਤ ਵੀ ਹੋਵੇਗਾ। ਚਾਹ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ।

# ਪੀ ਸੀ ਏ ਦਾ ਪੰਜਾਬੀ ਮੇਲਾ 13 ਅਗਸਤ ਨੂੰ

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ (ਪੀ ਸੀ ਏ ਬੇ-ਏਰੀਆ) ਵਲੋਂ ਇਕ ਪੰਜਾਬੀ ਮੇਲਾ ਆਉਂਦੀ 13 ਅਗਸਤ, ਐਤਵਾਰ ਨੂੰ ਇਥੇ ਸੀਜ਼ਰ ਚਾਵੇਜ਼ ਮਿਡਲ ਸਕੂਲ (2801 ਹੌਪ ਰੈਂਚ ਰੋਡ) ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਲੋਕ ਗਾਇਕ ਸ਼ੈਰੀ ਮਾਨ, ਰੁਪਿੰਦਰ ਹਾਂਡਾ, ਜੈਸਮੀਨ ਸੈਂਡਲਜ਼, ਹਰਪ੍ਰੀਤ ਧਾਮੀ ਅਤੇ ਜਿਮੀ ਹੇਅਰ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ।

ਪੀ ਸੀ ਏ ਦੇ ਪ੍ਰਬੰਧਕਾਂ-ਮਿੱਕੀ ਸਰਾਂ, ਜਗਮੀਤ ਜੋਸਨ ਤੇ ਜਸ ਔਲਖ ਨੇ ਦੱਸਿਆ ਕਿ ਮੇਲੇ ਦੌਰਾਨ ਬੱਚਿਆਂ ਲਈ ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਅਤੇ ਸੁਆਣੀਆਂ ਲਈ ਖਰੀਦੋ-ਫਰੋਖਤ ਦੇ ਸਟਾਲ ਲੱਗਣਗੇ। ਪੰਜਾਬੀ ਪਕਵਾਨਾਂ ਦਾ ਵੀ ਖੁੱਲ੍ਹਾ ਡੁੱਲ੍ਹਾ ਮਾਹੌਲ ਹੋਵੇਗਾ। ਅਜੇ ਭੰਗੜਾ ਅਕੈਡਮੀ ਸੈਨ ਹੋਜ਼ੇ ਦੇ ਗੱਭਰੂ ਤੇ ਮੁਟਿਆਰਾਂ ਭੰਗੜੇ ਤੇ ਗਿੱਧੇ ਦੇ ਜੌਹਰ ਦਿਖਾਉਣਗੇ।

## ਲੜਕੀ ਵੱਲੋਂ ਥਾਣੇ 'ਚ ਖੁਦਕੁਸ਼ੀ

**ਲੁਧਿਆਣਾ:** ਏ.ਟੀ.ਐਮ. ਧੋਖਾਧੜੀ ਦੇ ਮਾਮਲੇ 'ਚ ਹਿਰਾਸਤ ਵਿਚ ਲਈ ਲੜਕੀ ਵੱਲੋਂ ਥਾਣਾ ਦੁੱਗਰੀ 'ਚ ਫਾਹਾ ਲੈ ਲਿਆ। ਪੁਲਿਸ ਅਨੁਸਾਰ ਲੜਕੀ ਰਮਨਦੀਪ ਕੌਰ ਨੇ ਖਿੜਕੀ ਨਾਲ ਚੁੰਨੀ ਬੰਨ੍ਹ ਕੇ ਫਾਹਾ ਲੈ ਲਿਆ।

ਵੇਟਰ ਅਤੇ ਤੰਦੂਰੀਏ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
28-35

Satwant Singh Insurance Services
We serve all over California
Auto, Home, Life, Business, Workers Comp.
See how much you can save. Get free quote for Auto, Home, Life and Business.
Compare Auto, Home quotes online at our website: www.satwantins.com
Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
(CA Lic # 0H11256)

Now we have 3 locations:
San Jose: 2774 Aborn Road
San Jose, CA 95121
Sunnyvale: 830 Stewart Dr Ste #126
Sunnyvale, CA 94085
Fremont: 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ
Call today for your FREE, no-obligation quote:
1-408-771-2438
satwant@satwantins.com

Allied Insurance
a Nationwide Insurance® company

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਬਰੀ ਵਿਵਾਦ ‘ਚ ਆਇਆ ਨਵਾਂ ਮੋੜ

**ਨਵੀਂ ਦਿੱਲੀ:** ਰਾਮ ਜਨਮ-ਭੂਮੀ ਮਾਮਲੇ ਵਿਚ ਸ਼ੀਆ ਵਕਫ ਬੋਰਡ ਨੇ ਸੁਪਰੀਮ ਕੋਰਟ ‘ਚ ਹਲਫਨਾਮਾ ਦਾਇਰ ਕਰ ਦਿੱਤਾ ਹੈ। ਹਲਫਨਾਮੇ ‘ਚ ਸ਼ੀਆ ਵਕਫ ਨੇ ਕਿਹਾ ਕਿ ਅਯੁਧਿਆ ਵਿਚ ਝਗੜੇ ਵਾਲੀ ਜਗ੍ਹਾ ‘ਤੇ ਰਾਮ ਮੰਦਿਰ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮਸਜਿਦ ਦਾ ਨਿਰਮਾਣ ਨੇੜੇ ਹੀ ਸਥਿਤ ਮੁਸਲਿਮ ਬਹੁ-ਗਿਣਤੀ ਇਲਾਕੇ ਵਿਚ ਹੋਵੇ, ਜਦੋਂ ਕਿ ਸ਼ੀਆ ਵਕਫ ਬੋਰਡ ਦੇ ਮਸ਼ਵਰੇ ਨਾਲ ਸੁੰਨੀ ਵਕਫ ਬੋਰਡ ਸਹਿਮਤ ਨਹੀਂ ਹੈ।

ਅਸਲ ਵਿਚ ਸ਼ੀਆ ਵਕਫ ਬੋਰਡ ਝਗੜੇ ਵਾਲੀ ਜਗ੍ਹਾ ‘ਤੇ ਮੰਦਿਰ ਬਣਾਏ ਜਾਣ ਦੀ ਗੱਲ ਖੁੱਲ੍ਹੇ ਤੌਰ ‘ਤੇ ਕਹਿੰਦਾ ਰਿਹਾ ਹੈ। ਸ਼ੀਆ ਵਕਫ ਬੋਰਡ ਵੱਲੋਂ ਸੁਪਰੀਮ ਕੋਰਟ ਵਿਚ ਦਾਇਰ ਕੀਤੇ ਹਲਫਨਾਮੇ ਵਿਚ ਬੋਰਡ ਦੇ ਮੁਖੀ ਵਸੀਮ ਰਿਜਵੀ ਨੇ ਕਿਹਾ ਕਿ ਜੇਕਰ ਝਗੜੇ ਵਾਲੀ ਜਗ੍ਹਾ ‘ਤੇ ਮੰਦਿਰ ਅਤੇ ਮਸਜਿਦ ਦੋਵਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਤਾਂ ਇਸ ਨਾਲ ਦੋਵੇਂ ਭਾਈਚਾਰਿਆਂ ਵਿਚ ਸੰਘਰਸ਼ ਦੀ ਸੰਭਾਵਨਾ ਬਣੀ ਰਹੇਗੀ ਅਤੇ ਇਸ ਤੋਂ ਬਚਿਆ ਜਾਣਾ ਚਾਹੀਦਾ ਹੈ। ਇਸ ਲਈ ਝਗੜੇ ਵਾਲੀ ਜਗ੍ਹਾ ‘ਤੇ ਰਾਮ ਮੰਦਿਰ ਦਾ ਨਿਰਮਾਣ ਕੀਤਾ ਜਾਵੇ ਅਤੇ ਝਗੜੇ ਵਾਲੀ ਜਗ੍ਹਾ ਤੋਂ ਥੋੜ੍ਹੀ ਦੂਰ ਮੁਸਲਿਮ ਬਹੁ-ਗਿਣਤੀ ਇਲਾਕੇ ‘ਚ ਮਸਜਿਦ ਦਾ ਨਿਰਮਾਣ ਕੀਤਾ ਜਾਵੇ।



ਰਿਜਵੀ ਨੇ ਕਿਹਾ ਕਿ ਉਨ੍ਹਾਂ ਕੋਲ 1946 ਤੱਕ ਝਗੜੇ ਵਾਲੀ ਜਗ੍ਹਾ ਦਾ ਕਬਜ਼ਾ ਸੀ ਅਤੇ ਸ਼ੀਆ ਦੇ ਮਾਲਕ ਹੁੰਦੇ ਸਨ ਪਰ ਬਰਤਾਨੀਆ ਸਰਕਾਰ ਨੇ ਇਸ ਜ਼ਮੀਨ ਨੂੰ ਸੁੰਨੀ ਵਕਫ ਬੋਰਡ ਨੂੰ ਦੇ ਦਿੱਤਾ ਸੀ। ਬੋਰਡ ਨੇ ਕਿਹਾ ਕਿ ਬਾਬਰੀ ਮਸਜਿਦ ਬਣਾਉਣ ਵਾਲੇ ਮੀਰ ਬਕੀ ਵੀ ਸ਼ੀਆ ਸਨ ਅਤੇ ਇਸ ਲਈ ਇਸ ‘ਤੇ ਸਾਡਾ ਪਹਿਲਾਂ ਹੱਕ ਬਣਦਾ ਹੈ।

## ਯੋਗ ਨੂੰ ਸਕੂਲਾਂ ‘ਚ ਲਾਜ਼ਮੀ ਕਰਨ ਵਾਲੀ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਯੋਗ ਮਾਮਲੇ ਨਾਲ ਸਬੰਧਤ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ ਜਿਸ ਵਿਚ ਰਾਸ਼ਟਰੀ ਯੋਗ ਨੀਤੀ ਬਣਾਉਣ ਅਤੇ ਦੇਸ਼ ਭਰ ‘ਚ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਯੋਗ ਲਾਜ਼ਮੀ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ। ਬੈਂਚ ਨੇ ਪਟੀਸ਼ਨ ਰੱਦ ਕਰਦੇ ਹੋਏ ਆਖਿਆ ਕਿ ਉਹ ਇਹ ਤੈਅ ਨਹੀਂ ਕਰ ਸਕਦੇ ਕਿ ਸਕੂਲਾਂ ‘ਚ ਕੀ ਪੜ੍ਹਾਇਆ ਜਾਵੇ।

## ਅਮਿਤ ਸ਼ਾਹ ਦਾ ਗੁਜਰਾਤ ਮਿਸ਼ਨ ਹੋਇਆ ਫੇਲ੍ਹ

(ਸਫਾ ਇਕ ਦੀ ਬਾਕੀ)

ਬਾਗੀਆਨਾ ਰੌਅ ਵਿਚ ਸਨ। ਉਨ੍ਹਾਂ ਨੇ ਪਾਰਟੀ ਨਾਲੋਂ ਨਾਤਾ ਤੋੜ ਕੇ ‘ਆਜ਼ਾਦ’ ਹੋਣ ਦਾ ਐਲਾਨ ਕਰ ਦਿੱਤਾ। ਇਸੇ ਦੌਰਾਨ ਭਾਜਪਾ ਨੇ ਕਾਂਗਰਸ ਦੇ ਚਾਰ ਵਿਧਾਇਕਾਂ ਤੋਂ ਅਸਤੀਫੇ ਦਿਵਾ ਕੇ ਉਨ੍ਹਾਂ ਵਿਚੋਂ ਇਕ- ਬਲਵੰਤ ਸਿੰਘ ਰਾਜਪੂਤ, ਨੂੰ ਪਾਰਟੀ ਦੀ ਤੀਜੀ ਟਿਕਟ ਦੇ ਦਿੱਤੀ। ਰਣਨੀਤੀ ਇਹ ਰਹੀ ਕਿ ਭਾਜਪਾ ਆਪਣੇ ਦੋ ਮੁੱਖ ਉਮੀਦਵਾਰਾਂ ਲਈ ਲੋੜੀਂਦੀਆਂ ਵੋਟਾਂ ਤੋਂ ਬਾਅਦ ਬਾਕੀ ਬਚਦੀਆਂ ਵੋਟਾਂ ਰਾਜਪੂਤ ਨੂੰ ਪਵਾਏਗੀ ਅਤੇ ਨਾਲ ਹੀ ਕਾਂਗਰਸ ਦੀਆਂ ਹੋਰ ਵੋਟਾਂ ਤੋੜਨੀਆਂ ਸੰਭਵ ਬਣਾਏਗੀ ਤਾਂ ਜੋ ਅਹਿਮਦ ਪਟੇਲ ਲਗਾਤਾਰ ਪੰਜਵੀਂ ਵਾਰ ਰਾਜ ਸਭਾ ਚੋਣ ਨਾ ਜਿੱਤ ਸਕਣ ਅਤੇ ਕਾਂਗਰਸ ਦੀਆਂ ਸਫਾਂ ਵਿਚ ਹੋਰ ਖਲਬਲੀ ਮੱਚ ਜਾਵੇ। ਉਸ ਨੇ ਕਾਂਗਰਸ ਦੇ ਦੋ, ਐਨ.ਸੀ.ਪੀ. ਦੇ ਇਕ ਤੇ ਜੇ.ਡੀ. (ਯੂ) ਦੇ ਇਕ ਵਿਧਾਇਕ ਨੂੰ ਤੋੜ ਲਿਆ। ਇਨ੍ਹਾਂ ਚਾਲਾਂ ਦੇ ਬਾਵਜੂਦ ਭਾਜਪਾ ਆਪਣਾ ਅਸਲ ਮਕਸਦ ਪੂਰਾ ਕਰਨ ਵਿਚ ਨਾਕਾਮ ਰਹੀ।

## ਪੰਜਾਬੀ ਭਾਸ਼ਾ ਦੀ ਅਣਦੇਖੀ ਕੇਸ ‘ਚ ਹਾਈ ਕੋਰਟ ਦਾ ਰੁਖ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਪੰਜਾਬੀ ਭਾਸ਼ਾ ਦੀ ਬਦਹਾਲੀ ਖਿਲਾਫ ਦਿੱਲੀ ਹਾਈ ਕੋਰਟ ‘ਚ ਦਾਇਰ ਕੀਤੀ ਗਈ ਲੋਕਹਿੱਤ ਪਟੀਸ਼ਨ ‘ਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਦਿੱਲੀ ਸਰਕਾਰ, ਪੰਜਾਬੀ ਅਕਾਦਮੀ, ਉਰਦੂ ਅਕਾਦਮੀ, ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਤੇ ਸੀ.ਬੀ.ਐਸ.ਈ. ਨੂੰ ਨੋਟਿਸ ਜਾਰੀ ਕੀਤਾ ਹੈ। ਜੀ.ਕੇ. ਨੇ ਦੋਸ਼ ਲਾਇਆ ਕਿ ਦਿੱਲੀ ਸਰਕਾਰ ਲਗਾਤਾਰ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਖੱਜਲ-ਖੁਆਰ ਕਰਨ ‘ਤੇ ਲੱਗੀ ਹੋਈ ਹੈ।

ਦਿੱਲੀ ਵਿਚ ਪੰਜਾਬੀ ਭਾਸ਼ਾ ਪੜ੍ਹਾਉਣਾ ਲਾਜ਼ਮੀ ਹੋਣ ਦੇ ਬਾਵਜੂਦ ਸਕੂਲਾਂ ‘ਚੋਂ ਪੰਜਾਬੀ ਨੂੰ ਬਾਹਰ ਕੱਢਣ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਦਿੱਲੀ ‘ਚ ਪੰਜਾਬੀ ਭਾਸ਼ਾ ਨੂੰ ਦੂਜੀ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੈ, ਜਿਸ ਕਰ ਕੇ ਦਿੱਲੀ ਸਕੂਲ ਸਿੱਖਿਆ ਨਿਯਮ 1973 ਦੀ ਧਾਰਾ-9 ਮੁਤਾਬਕ ਤਿੰਨ ਭਾਸ਼ਾ ਫਾਰਮੂਲੇ ਤਹਿਤ ਸਰਕਾਰੀ ਸਕੂਲਾਂ ‘ਚ ਪੰਜਾਬੀ ਭਾਸ਼ਾ ਨੂੰ ਪੜ੍ਹਾਉਣਾ ਲਾਜ਼ਮੀ ਹੈ। ਸੁਣਵਾਈ ਦੌਰਾਨ ਹਾਈ ਕੋਰਟ ਨੇ ਇਸ ਤੋਂ ਪਹਿਲਾਂ ਅਦਾਲਤ ‘ਚ ਚੱਲ ਰਹੇ ਸੰਸਕ੍ਰਿਤ ਅਧਿਆਪਕਾਂ ਦੇ ਕੇਸ ਨਾਲ ਇਸ ਕੇਸ ਨੂੰ ਨੱਥੀ ਕਰਦੇ ਹੋਏ ਅਗਲੀ ਸੁਣਵਾਈ 14 ਸਤੰਬਰ 2017 ਨੂੰ ਕਰਨ ਦੇ ਆਦੇਸ਼ ਦਿੱਤੇ ਹਨ।

# ਭਾਜਪਾ ਦੇ ਰੱਥ ਨੂੰ ਲੱਗੀਆਂ ਬ੍ਰੇਕਾਂ

(ਸਫਾ ਇਕ ਦੀ ਬਾਕੀ)

ਵਾਪਰੀ ਉਸ ‘ਤੇ ਥਾਂ-ਥਾਂ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਏ ਹਨ। ਪੁਲਿਸ ਨੇ ਕੇਸ ਰਫਾ-ਦਫਾ ਕਰਨ ਲਈ ਪਹਿਲਾਂ ਇਹ ਦਾਅਵਾ ਕੀਤਾ ਕਿ ਉਸ ਰਾਤ ਸਾਰੇ ਕੈਮਰੇ ਬੰਦ ਸਨ, ਪਰ ਬਾਅਦ ਵਿਚ ਲੋਕ ਰੋਹ ਉਠਣ ਪਿਛੋਂ ਸਵੀਕਾਰ ਕਰ ਲਿਆ ਕਿ ਪੰਜ ਕੈਮਰਿਆਂ ਦੀ ਫੁਟੇਜ ਮਿਲ ਗਈ ਹੈ। ਉਧਰ, ਹਰਿਆਣਾ ਸਰਕਾਰ ਭਾਵੇਂ ਦਾਅਵਾ ਕਰ ਰਹੀ ਹੈ ਕਿ ਪੁਲਿਸ ‘ਤੇ ਕਿਸੇ ਤਰ੍ਹਾਂ ਦਾ ਦਬਾਅ ਨਹੀਂ ਬਣਾਇਆ ਜਾ ਰਿਹਾ, ਪਰ ਭਾਜਪਾ ਆਗੂ ਤਰਕ ਦੇ ਰਹੇ ਹਨ ਕਿ ਦੇਰ ਰਾਤ ਇਹ ਲੜਕੀ ਘਰੋਂ ਬਾਹਰ ਨਿਕਲੀ ਹੀ ਕਿਉਂ? ਇਹ ਵੀ ਪਤਾ ਲੱਗਾ ਹੈ ਕਿ ਦੋਵਾਂ ਮੁਲਜ਼ਮਾਂ ਦੀ ਜ਼ਮਾਨਤ ਭਾਜਪਾ ਆਗੂਆਂ ਨੇ ਹੀ ਦਿੱਤੀ ਹੈ। ਭਾਜਪਾ ਦੀ ਤਰਜਮਾਨ ਸ਼ਾਇਨਾ ਨੇ ਤਾਂ ਸੋਸ਼ਲ ਮੀਡੀਆ ‘ਤੇ ਇਕ ਫੋਟੋ ਪਾ ਕੇ ਪੀੜਤ ਲੜਕੀ ਦੇ ਚਰਿੱਤਰ ਬਾਰੇ ਹੀ ਸਵਾਲ ਚੁੱਕ ਦਿੱਤੇ।

ਸੱਤਾ ਦੇ ਨਸ਼ੇ ਵਿਚ ਭਾਜਪਾ ਆਗੂਆਂ ਲਈ ਇਹ ਕੋਈ ਨਵੀਂ ਗੱਲ ਨਹੀਂ ਹੈ। ਲੜਕੀ ਨਾਲ ਛੇੜਛਾੜ ਦੇ ਅਗਲੇ ਹੀ ਦਿਨ ਫਤਿਆਬਾਦ ਨਗਰ ਕੌਂਸਲ ਦੇ ਪ੍ਰਧਾਨ ਦਰਸ਼ਨ ਨਾਗਪਾਲ ਨੇ ਮਰੀਜ਼ ਨੂੰ ਹਸਪਤਾਲ ਲਿਜਾ ਰਹੀ ਇਕ ਐਂਬੂਲੈਂਸ ਨੂੰ ਘੇਰ ਲਿਆ। ਭਾਜਪਾ ਆਗੂ ਦਾ ਦਾਅਵਾ ਸੀ ਕਿ ਐਂਬੂਲੈਂਸ ਨੇ ਉਸ ਦੀ ਗੱਡੀ ਨੂੰ ਫੇਟ ਮਾਰੀ ਹੈ। ਇਸ ਝਗੜੇ ਕਾਰਨ ਹੋਈ ਦੇਰੀ ਦੇ ਸਿੱਟੇ ਵਜੋਂ, ਐਂਬੂਲੈਂਸ ਵਿਚ ਹਸਪਤਾਲ ਲਿਜਾਏ ਜਾ ਰਹੇ ਮਰੀਜ਼ ਦੀ ਮੌਤ ਹੋ ਗਈ। ਦੂਜੇ ਪਾਸੇ ਇਨ੍ਹਾਂ ਵਧੀਕੀਆਂ ਕਾਰਨ ਹਰਿਆਣਾ ਤੋਂ ਲੈ ਕੇ ਦਿੱਲੀ ਤੱਕ ਦੀ ਰਾਜਨੀਤੀ ‘ਚ ਭੂਚਾਲ ਆ ਗਿਆ ਹੈ। ਭਾਜਪਾ ਨਾਲ ਸਬੰਧਤ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਬਰਾਲਾ ਦੇ ਪੁੱਤਰ ਖਿਲਾਫ ਅਦਾਲਤ ‘ਚ ਜਾਣ ਦੀ ਗੱਲ ਕਹੀ ਹੈ। ਸਵਾਮੀ ਅਨੁਸਾਰ ਪੁਲਿਸ ਨੇ ਇਸ ਮਾਮਲੇ ‘ਚ ਉਲਟਾ ਹੀ ਕੰਮ ਕੀਤਾ ਹੈ। ਸਿਆਸੀ ਆਗੂਆਂ ਦੀ ਪੁਲਿਸ ਪ੍ਰਸ਼ਾਸਨ ‘ਤੇ ਪਕੜ ਖਿਲਾਫ ਆਮ ਲੋਕਾਂ ਵਿਚ ਵੀ ਰੋਹ ਹੈ।

### ਪਿਉ-ਧੀ ਦਾ ਅਹਿਦ

**ਚੰਡੀਗੜ੍ਹ:** ਛੇੜਖਾਨੀ ਦੀ ਸ਼ਿਕਾਰ ਵਰਨਿਕਾ ਕੁੰਡੂ ਅਤੇ ਉਸ ਦੇ ਪਿਤਾ ਵੀਰੇਂਦਰ ਕੁੰਡੂ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੀ ਲੰਮੀ ਪਹੁੰਚ ਦੇ ਬਾਵਜੂਦ ਉਹ ਇਨਸਾਫ ਲਈ ਡਟੇ ਰਹਿਣਗੇ। ਦੋਵਾਂ ਨੇ ਕਿਹਾ ਕਿ ਦੋਸ਼ੀਆਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਤੇ ਕੇਸ ਨਰਮ ਕੀਤੇ ਜਾਣ ‘ਤੇ ਉਹ ਅਦਾਲਤ ਦਾ ਬੂਹਾ ਖੜਕਾਉਣਗੇ। ਪੀੜਤ ਲੜਕੀ ਨੇ ਆਪਣੇ ਫੇਸਬੁਕ ਪੇਜ ਉਪਰ ਆਖਿਆ ਹੈ ਕਿ ਉਹ ਖੁਸ਼ਕਿਸਮਤ ਹੈ ਕਿ ਹਮਲਾਵਰ ਉਸ ਨੂੰ ਅਗਵਾ ਨਹੀਂ ਕਰ ਸਕੇ। ਜੇ ਉਹ ਕਾਮਯਾਬ ਹੋ ਜਾਂਦੇ ਤਾਂ ਹੋ ਸਕਦਾ ਸੀ ਕਿ ਉਸ ਦੀ ਸੜੀ-ਕੁਚਲੀ ਲਾਸ਼ ਕਿਸੇ ਖਤਾਨ ਵਿਚੋਂ ਹੀ ਮਿਲਦੀ।




## ਕਾਂਗਰਸ ਦੀ ਹੋਂਦ ਖਤਰੇ ‘ਚ: ਰਮੇਸ਼

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਪਾਰਟੀ ਹੋਂਦ ਦੇ ਗੰਭੀਰ ਸੰਕਟ ਤੋਂ ਗੁਜ਼ਰ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਮੁਖੀ ਅਮਿਤ ਸ਼ਾਹ ਵੱਲੋਂ ਦਿੱਤੀ ਗਈ ਚੁਣੌਤੀ ਦਾ ਉਨ੍ਹਾਂ ਪਾਰਟੀ ਆਗੂਆਂ ਨੂੰ ਇਕਜੁਟ ਹੋ ਕੇ ਸਾਹਮਣਾ ਕਰਨ ਦਾ ਸੱਦਾ ਦਿੱਤਾ ਹੈ। ਮੋਦੀ ਅਤੇ ਸ਼ਾਹ ਦਾ ਟਾਕਰਾ ਕਰਨ ਲਈ ਪੁਰਾਣੀ ਰਣਨੀਤੀ ਕੰਮ ਨਹੀਂ ਆਏਗੀ ਅਤੇ ਕਾਂਗਰਸ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਲਚੀਲੀ ਪਹੁੰਚ ਅਪਨਾਉਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਐਮਰਜੈਂਸੀ ਤੋਂ ਬਾਅਦ 1977 ਅਤੇ 1996 ਤੋਂ 2004 ਤੱਕ ਜਦੋਂ ਸੱਤਾ ਤੋਂ ਬਾਹਰ ਸੀ ਤਾਂ ਚੁਣਾਵੀ ਹਾਰ ਦਾ ਸੰਕਟ ਸੀ, ਪਰ ਅੱਜ ਤਾਂ ਪਾਰਟੀ ਨੂੰ ਹੋਂਦ ਦਾ ਸੰਕਟ ਹੀ ਖੜ੍ਹਾ ਹੋ ਗਿਆ ਹੈ।

## ਚੋਅ ਵਿਚ ਨਹਾਉਣ ਗਏ 3 ਬੱਚੇ ਡੁੱਬੇ

**ਹੁਸ਼ਿਆਰਪੁਰ:** ਭੰਗੀ ਚੋਅ ਵਿਚ ਨਹਾਉਣ ਗਏ ਦੋ ਸਕੇ ਭਰਾਵਾਂ ਸਮੇਤ 3 ਬੱਚਿਆਂ ਦੀ ਡੁੱਬਣ ਕਾਰਨ ਮੌਤ ਹੋ ਗਈ। ਮੁਹੱਲਾ ਸੁਖੀਆਬਾਦ ‘ਚ ਵੱਸੇ ਪਰਵਾਸੀ ਮਜ਼ਦੂਰਾਂ ਦੇ ਛੇ ਬੱਚੇ ਚੋਅ ‘ਚ ਨਹਾਉਣ ਗਏ।

ਪਹਿਲਾਂ ਚਾਰ ਬੱਚਿਆਂ ਨੇ ਨਹਾਉਣ ਲਈ ਪਾਣੀ ‘ਚ ਛਾਲਾਂ ਮਾਰ ਦਿੱਤੀਆਂ। ਪਾਣੀ ਡੂੰਘਾ ਹੋਣ ਕਾਰਨ ਤਿੰਨ ਬੱਚੇ ਡੁੱਬ ਗਏ, ਜਦਕਿ ਚੌਥੇ ਬੱਚੇ ਨੂੰ ਬਾਹਰ ਖੜ੍ਹੇ ਬੱਚਿਆਂ ਨੇ ਕਿਸੇ ਤਰ੍ਹਾਂ ਖਿੱਚ ਕੇ ਬਾਹਰ ਕੱਢ ਲਿਆ। ਮਰਨ ਵਾਲੇ ਬੱਚਿਆਂ ਦੀ ਪਛਾਣ ਵਿਕਾਸ (10), ਦਿਲਖੁਸ਼ (9) ਤੇ ਬੱਬੀ (6) ਵਜੋਂ ਹੋਈ।

# ਰੱਖੜ ਪੁੰਨਿਆ ‘ਤੇ ਖੁੱਲ੍ਹ ਕੇ ਚੱਲੇ ਸਿਆਸੀ ਤੀਰ

**ਅੰਮ੍ਰਿਤਸਰ:** ਬਾਬਾ ਬਕਾਲਾ ਵਿਚ ਰੱਖੜ ਪੁੰਨਿਆ ਮੌਕੇ ਸਿਆਸੀ ਕਾਨਫਰੰਸਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਰੈਲੀ ਵਿਚ ਸ਼ਾਮਲ ਨਾ ਹੋਣ ਦੀਆਂ ਚਰਚਾਵਾਂ ਹੀ ਮੁੱਖ ਰਹੀਆਂ। ਜਿਥੇ ਕਾਂਗਰਸ ਦੀ ਸਿਆਸੀ ਕਾਨਫਰੰਸ ਵਿਚ ਮੁੱਖ ਮੰਤਰੀ ਗੈਰ ਹਾਜ਼ਰ ਰਹੇ, ਉਥੇ ਹੀ ਰੈਲੀ ਵਿਚ ਪੁੱਜੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਬਿਕਰਮ ਮਜੀਠੀਆ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ। ਸਿਆਸੀ ਪਾਰਾ ਇੰਨਾ ਜ਼ਿਆਦਾ ਚੜ੍ਹਿਆ ਹੋਇਆ ਸੀ ਕਿ ਸੁਖਬੀਰ ਸਿੰਘ ਬਾਦਲ ਨੇ ਤਾਂ ਸਿੱਧੂ ਨੂੰ ‘ਮੈਂਟਲ’ ਤੱਕ ਕਹਿ ਦਿੱਤਾ।

ਬਾਬਾ ਬਕਾਲਾ ਵਿਖੇ ਸਿਆਸੀ ਕਾਨਫਰੰਸਾਂ ਭਾਵੇਂ ਹਰ ਸਾਲ ਹੁੰਦੀਆਂ ਹਨ ਪਰ ਸੂਬੇ ਵਿਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਇਹ ਪਹਿਲੀ ਕਾਨਫਰੰਸ ਸੀ ਪਰ ਕੈਪਟਨ ਲਈ ਰੱਖੀ ਗਈ ਕੁਰਸੀ ਖਾਲੀ ਹੀ ਨਜ਼ਰ ਆਈ।

ਇਸ ਮੌਕੇ ਪੁੱਜੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬਾਦਲ ਪਰਿਵਾਰ ਤੇ ਖਾਸ ਕਰ ਕੇ ਬਿਕਰਮ ਮਜੀਠੀਆ ‘ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਦੋ ਦਿਨ ਲਈ ਪੁਲਿਸ ਮਹਿਕਮਾ ਦੇ ਦਿੱਤਾ ਜਾਵੇ ਤਾਂ ਉਹ ਮਜੀਠੀਆ ਨੂੰ ਸਬਕ ਸਿਖਾ ਦੇਣਗੇ। ਸਿੱਧੂ ਨੇ ਸੁਖਬੀਰ ਬਾਦਲ ਵੱਲੋਂ ਸ਼ੁਰੂ ਕੀਤੀ ਗਈ ਜਬਰ ਵਿਰੋਧੀ ਲਹਿਰ ਬਾਰੇ ਕਿਹਾ ਕਿ ਸੁਖਬੀਰ ਪਹਿਲਾਂ ਆਪਣੇ ਰਾਜ ਦੌਰਾਨ ਲੋਕਾਂ ਨਾਲ ਹੋਏ ਜਬਰ ਬਾਰੇ ਜਵਾਬ ਦੇਣ। ਸਿੱਧੂ ਵੱਲੋਂ ਮਜੀਠੀਆ ਤੇ ਬਾਦਲ ਪਰਿਵਾਰ ‘ਤੇ ਲਾਏ ਇਲਜ਼ਾਮਾਂ ਬਾਰੇ ਸੁਖਬੀਰ ਬਾਦਲ ਨੇ ਕਿਹਾ ਕਿ ਸਿੱਧੂ ਸਾਹਬ ਮੈਂਟਲ ਹੋ ਗਏ ਹਨ। ਮਜੀਠੀਆ ਨੇ ਮਨਪ੍ਰੀਤ ਬਾਦਲ ਤੇ ਨਵਜੋਤ ਸਿੱਧੂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਹ ਦੋਵੇਂ ਬੰਟੀ ਤੇ ਬਬਲੀ ਹਨ।

ਆਮ ਆਦਮੀ ਪਾਰਟੀ ਵੱਲੋਂ ਹਾਜ਼ਰੀ ਲਵਾਉਂਦਿਆਂ ਭਗਵੰਤ ਮਾਨ ਨੇ ਕਿਹਾ ਕਿ ਕੈਪਟਨ ਚਾਰ ਮਹੀਨਿਆਂ ਵਿਚ ਸਿਰਫ ਇਕ ਵਾਰ ਹੀ ਨਜ਼ਰ ਆਏ ਹਨ। ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਮੁੱਖ ਮੰਤਰੀ ਬਣਾਇਆ ਪਰ ਉਹ ਦਿੱਲੀ ਜਾਂ ਫਿਰ ਹਿਮਾਚਲ ਦੀਆਂ ਪਹਾੜੀਆਂ ਵਿਚ ਹੀ ਜ਼ਿਆਦਾ ਰਹਿਣਾ ਪਸੰਦ ਕਰਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## 'ਪਰਵਾਸ ਵਿਚ ਪੰਜਾਬੀ-ਸੰਭਾਵਨਾ ਤੇ ਦਿੱਕਤਾਂ' ਬਾਰੇ ਗੋਸ਼ਟੀ 20 ਅਗਸਤ ਨੂੰ

**ਫਰਿਜ਼ਨੋ (ਬਿਊਰੋ):** ਇੰਡੋ. ਯੂ. ਐਸ. ਹੈਰੀਟੇਜ ਐਸੋਸੀਏਸ਼ਨ ਵੱਲੋਂ ਨਾਵਲਕਾਰ ਗੁਰਦਿਆਲ ਸਿੰਘ ਅਤੇ ਨਾਟਕਕਾਰ ਅਜਮੇਰ ਸਿੰਘ ਔਲਖ ਨੂੰ ਸਮਰਪਿਤ ਇਥੇ ਇਕ ਗੋਸ਼ਟੀ ਕਰਵਾਈ ਜਾ ਰਹੀ ਹੈ, ਜਿਸ ਵਿਚ ਪਰਵਾਸ ਵਿਚ ਪੰਜਾਬੀ ਬੋਲੀ ਨੂੰ ਦਰਪੇਸ਼ ਮਸਲਿਆਂ ਬਾਰੇ ਗੰਭੀਰ ਵਿਚਾਰ-ਚਰਚਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਵੀ ਦਰਬਾਰ ਵੀ ਹੋਵੇਗਾ।

ਸਭਾ ਦੇ ਸਕੱਤਰ ਨਿੰਦੀ ਸੰਧੂ ਨੇ ਦੱਸਿਆ ਕਿ 20 ਅਗਸਤ, ਐਤਵਾਰ ਸ਼ਾਮ 6 ਵਜੇ ਅਸ਼ੋਕਾ ਹੋਟਲ ਸੈਲਮਾ 'ਚ ਹੋ ਰਹੇ ਇਸ ਸਮਾਗਮ ਵਿਚ 'ਪਰਵਾਸ ਵਿਚ ਪੰਜਾਬੀ-ਸੰਭਾਵਨਾ ਤੇ ਦਿੱਕਤਾਂ' ਵਿਸ਼ੇ ਤੇ ਗੰਭੀਰ ਵਿਚਾਰ-ਚਰਚਾ ਹੋਵੇਗੀ ਜਿਸ ਵਿਚ ਮੀਡੀਆ ਸ਼ਖਸੀਅਤ ਸਿੱਧੂ ਦਮਦਮੀ, ਖੋਜੀ ਤੇ ਕਵੀ ਡਾ. ਗੁਰੂਮੇਲ ਸਿੱਧੂ ਅਤੇ ਵਿਸ਼ਵ ਪੰਜਾਬੀ ਅਕਾਦਮੀ ਦੇ ਸਕੱਤਰ ਤੇ ਕਵੀ ਹਰਜਿੰਦਰ ਕੰਗ ਪੇਪਰ ਪੜ੍ਹਨਗੇ। ਸੈਂਟਰਲ ਵੈਲੀ ਵਿਚ ਕੰਮ ਕਰਦੀਆਂ ਸਮਾਜਿਕ ਅਤੇ ਸਭਿਆਚਾਰਕ ਜਥੇਬੰਦੀਆਂ ਨੂੰ ਖੁਲ੍ਹਾ ਸੱਦਾ ਦਿੰਦਿਆ ਐਸੋਸੀਏਸ਼ਨ ਦੇ ਪ੍ਰਧਾਨ ਸਾਧੂ ਸਿੰਘ ਸੰਘਾ ਨੇ ਕਿਹਾ ਕਿ ਇਸ ਚਰਚਾ ਵਿਚ ਵਿਭਿੰਨ ਅਨੁਭਵਾਂ ਦੇ ਆਦਾਨ-ਪ੍ਰਦਾਨ ਨਾਲ ਨਵੀਆਂ ਸੰਭਾਵਨਾਵਾਂ ਉਜਾਗਰ ਹੋਣਗੀਆਂ। ਗੋਸ਼ਟੀ ਵਿਚ ਪੁਸਤਕ ਪ੍ਰਦਰਸ਼ਨੀ ਵੀ ਲਾਈ ਜਾਵੇਗੀ। ਸਮਾਗਮ ਦੇ ਅੰਤ ਤੇ ਪ੍ਰੀਤੀ ਭੋਜ ਹੋਵੇਗਾ।

ਰੇਡੀਓ ਹੋਸਟ ਅਤੇ ਸਭਾ ਦੇ ਸਰਗਰਮ ਮੈਂਬਰ ਸੰਤੋਖ ਮਿਨਹਾਸ ਨੇ ਕਿਹਾ ਕਿ ਪਿਛਲੇ ਸਮੇਂ ਵਿਚ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਸਾਹਿਤ ਤੇ ਬੋਲੀ ਦੀ ਸੇਵਾ ਕਰਨ ਵਾਲੀਆਂ ਦੋ ਮਹਾਨ ਸ਼ਖਸੀਅਤਾਂ-ਨਾਵਲਕਾਰ ਗੁਰਦਿਆਲ ਸਿੰਘ ਅਤੇ ਨਾਟਕਕਾਰ ਅਜਮੇਰ ਸਿੰਘ ਔਲਖ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਸ ਲਈ ਪਰਵਾਸੀ ਪੰਜਾਬੀਆਂ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਯਾਦ ਕਰਦਿਆਂ ਆਪਣੀ ਮਾਂ ਬੋਲੀ ਬਾਰੇ ਜੋ ਕੁਝ ਵੀ ਕੀਤਾ ਜਾ ਸਕਦਾ ਹੈ, ਉਹ ਕੀਤਾ ਜਾਵੇ ਅਤੇ ਆਪਣੇ ਮਹਾਨ ਵਿਰਸੇ ਨਾਲ ਆਪਣੀ ਸਾਂਝ ਨੂੰ ਫਿੱਕਾ ਨਾ ਪੈਣ ਦਿੱਤਾ ਜਾਵੇ।

ਜ਼ਿਕਰਯੋਗ ਹੈ ਕਿ ਸਭਾ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਸਭਿਆਚਾਰ, ਬੋਲੀ ਅਤੇ ਵਿਰਸੇ ਨਾਲੇ ਜੁੜੇ ਸਰੋਕਾਰਾਂ ਦੇ ਨਾਲ ਨਾਲ ਗਦਰੀਆਂ ਅਤੇ ਇਨਕਲਾਬੀਆਂ ਨੂੰ ਸਮਰਪਿਤ ਸਮਾਗਮ ਕਰਦੀ ਆ ਰਹੀ ਹੈ ਅਤੇ ਇਸ ਵੱਲੋਂ ਹਾਲ ਹੀ ਵਿਚ ਸ਼ਹੀਦ ਭਗਤ ਸਿੰਘ ਦੇ ਚਾਚੇ ਸਰਦਾਰ ਅਜੀਤ ਸਿੰਘ ਬਾਰੇ ਪਹਿਲੀ ਵਾਰ ਕਰਵਾਇਆ ਗਿਆ ਸਮਾਗਮ ਕਾਫੀ ਚਰਚਾ ਦਾ ਵਿਸ਼ਾ ਬਣਿਆ ਰਿਹਾ, ਜਿਸ ਵਿਚ ਉਨ੍ਹਾਂ ਦੀ ਅਣਗੌਲੀ ਦੇਣ ਨੂੰ ਲੋਕਾਂ ਨਾਲ ਸਾਂਝਾ ਕੀਤਾ ਗਿਆ ਸੀ।

ਗੁਰਦੁਆਰਾ ਸੈਲਮਾ ਵਿਚ ਇਸ ਸਮਾਗਮ ਸਬੰਧੀ ਸਾਧੂ ਸਿੰਘ ਸੰਘਾ ਦੀ ਪ੍ਰਧਾਨਗੀ ਵਿਚ ਕੋਰ ਕਮੇਟੀ ਦੀ ਹੋਈ ਮੀਟਿੰਗ ਵਿਚ ਪੈਟਰਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਤੋਂ ਇਲਾਵਾ ਨਿੰਦੀ ਸੰਧੂ, ਸੰਤੋਖ ਮਿਨਹਾਸ, ਗੁਰਦੀਪ ਨਿੱਜਰ, ਗੁਰਨੇਕ ਰਾਏ, ਚਰਨਜੀਤ ਸਿੰਘ ਭੰਗੂ ਅਤੇ ਸੁਖਜੀਤ ਸਿੰਘ ਭੁੱਲਰ ਸ਼ਾਮਲ ਸਨ।

## ਫਿਲਮ 'ਬਲੈਕ ਪ੍ਰਿੰਸ' ਵਿਰੁਧ ਪਟੀਸ਼ਨ

**ਅੰਮ੍ਰਿਤਸਰ:** ਮਹਾਰਾਜਾ ਦਲੀਪ ਸਿੰਘ ਦੇ ਜੀਵਨ ਉਤੇ ਬਣਾਈ ਗਈ ਫਿਲਮ 'ਬਲੈਕ ਪ੍ਰਿੰਸ' ਉਸ ਵੇਲੇ ਵਿਵਾਦਾਂ ਵਿਚ ਘਿਰ ਗਈ ਜਦੋਂ ਇਸ ਖਿਲਾਫ ਦਿੱਲੀ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਸ਼ਿਕਾਇਤਕਰਤਾ ਧਿਰ ਨੇ ਦੋਸ਼ ਲਾਇਆ ਕਿ ਫਿਲਮ ਵਿਚ ਤੱਥਾਂ ਤੇ ਇਤਿਹਾਸ ਨੂੰ ਤੋੜ-ਮਰੋੜ ਕੇ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਕਮਜ਼ੋਰ ਕਿਰਦਾਰ ਵਜੋਂ ਪੇਸ਼ ਕੀਤਾ ਗਿਆ ਹੈ।




ਇਹ ਫਿਲਮ ਹਾਲ ਹੀ ਵਿਚ ਰਿਲੀਜ਼ ਹੋਈ ਹੈ। ਇਹ ਪਟੀਸ਼ਨ ਦਮਨਜੀਤ ਸਿੰਘ ਸੰਧਾਵਾਲੀਆ ਵੱਲੋਂ ਦਾਇਰ ਕੀਤੀ ਗਈ ਹੈ। ਦਮਨਜੀਤ ਸਿੰਘ, ਮਹਾਰਾਜਾ ਰਣਜੀਤ ਸਿੰਘ ਦੀ ਵੰਸ਼ ਨਾਲ ਸਬੰਧਤ ਹੋਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਆਖਿਆ ਕਿ ਹਾਈ ਕੋਰਟ ਨੇ ਇਸ ਪਟੀਸ਼ਨ ਨੂੰ ਮਨਜ਼ੂਰ ਕਰਦਿਆਂ ਫਿਲਮ ਦੇ ਨਿਰਮਾਤਾ ਬ੍ਰਿਲਸਟਿਨ ਐਂਟਰਟੇਨਮੈਂਟ ਪਾਰਟਨਰ ਤੇ ਹੋਰਨਾਂ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਰਾਹੀਂ ਇਨ੍ਹਾਂ ਨੂੰ ਚਾਰ ਹਫਤਿਆਂ ਵਿਚ ਇਨ੍ਹਾਂ ਦੋਸ਼ਾਂ ਸਬੰਧੀ ਆਪਣਾ ਪੱਖ ਰੱਖਣ ਲਈ ਆਖਿਆ ਗਿਆ ਹੈ। ਪਟੀਸ਼ਨ ਵਿਚ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਫਿਲਮ ਨਿਰਮਾਤਾ ਟੀਮ ਵੱਲੋਂ ਵਿਸ਼ਵਾਸਘਾਤ ਕੀਤਾ ਗਿਆ ਹੈ, ਫਿਲਮ ਵਿਚ ਇਤਿਹਾਸਕ ਤੱਥ ਤੋੜ-ਮਰੋੜ ਕੇ ਪੇਸ਼ ਕੀਤੇ ਗਏ ਹਨ ਤੇ ਮਹਾਰਾਜਾ ਦਲੀਪ ਸਿੰਘ ਨੂੰ ਕਮਜ਼ੋਰ ਇਨਸਾਨ ਦਿਖਾਇਆ ਗਿਆ ਹੈ।

ਇਸ ਸਬੰਧੀ ਦਮਨਦੀਪ ਸਿੰਘ ਨੇ ਆਖਿਆ ਕਿ ਫਿਲਮ ਦੀ ਟੀਮ ਉਨ੍ਹਾਂ ਨਾਲ ਦਸੰਬਰ 2014 ਤੋਂ ਜੁੜੀ ਹੋਈ ਹੈ। ਇਸ ਦੌਰਾਨ ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਅਤੇ ਜੀਵਨ ਸਬੰਧੀ ਕਈ ਵਿਸ਼ੇਸ਼ ਜਾਣਕਾਰੀਆਂ ਟੀਮ ਨੂੰ ਮੁਹੱਈਆ ਕੀਤੀਆਂ ਹਨ ਪਰ ਫਿਲਮ ਵਿਚ ਇਨ੍ਹਾਂ ਤੱਥਾਂ ਨੂੰ ਇਤਿਹਾਸਕ ਪੱਖ ਤੋਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।


### Matrimonial

**ਲੜਕੇ ਦੀ ਲੋੜ ਹੈ**

Wanted well educated, settled, US citizen/Green card holder match for Sikh/Arora girl 35 yrs, 5'-2" (divorcee, issueless) beautiful, family oriented, educated visiting USA. Boy can be Sikh/Hindu Punjabi (clean shaven). Please send photograph and bio data at juneja0414@gmail.com or contact at 630-917-6299 28-31

**ਲੜਕੀ ਦੀ ਲੋੜ ਹੈ**

Ramgariah family looking for a suitable Ramgariah match for their U. S. born son, Sr. Financial Analyst 33 years of age. Please contact: jsnov1973@aol.com 28/4

Wanted beautiful girl for US Citizen Jatt Sikh handsome boy 32, 5'-6", B.Sc. electrical, software engineer. Family settled in the USA. Girl should be not more 30 and should be employed. Contact, Ph: 313-327-4107 or 586-435-6228 29-32

*punjabtimesusa.com*


## ਸਰਹੱਦ 'ਤੇ ਭਾਰਤ ਨਾਲੋਂ ਉਚਾ ਝੰਡਾ ਲਹਿਰਾਏਗਾ ਪਾਕਿਸਤਾਨ

**ਅੰਮ੍ਰਿਤਸਰ:** ਭਾਰਤ ਵੱਲੋਂ ਸਰਹੱਦ 'ਤੇ 360 ਫੁੱਟ ਉਚਾ ਝੰਡਾ ਲਹਿਰਾਉਣ ਤੋਂ ਬਾਅਦ ਪਾਕਿਸਤਾਨ ਨੇ ਵੀ ਆਪਣੇ ਵਾਲੇ ਪਾਸੇ 400 ਫੁੱਟ ਉਚਾ ਕੌਮੀ ਝੰਡਾ ਲਹਿਰਾਉਣ ਦੀ ਤਿਆਰੀ ਕਰ ਲਈ ਹੈ। ਪਾਕਿਸਤਾਨ 14 ਅਗਸਤ ਨੂੰ




ਆਪਣੇ ਆਜ਼ਾਦੀ ਦਿਹਾੜੇ ਮੌਕੇ 400 ਫੁੱਟ ਉਚੇ ਝੰਡੇ ਨੂੰ ਲਹਿਰਾਏਗਾ। ਕਾਬਲੇਗੌਰ ਹੈ ਕਿ ਪੰਜਾਬ ਸਰਕਾਰ ਵੱਲੋਂ ਅਟਾਰੀ ਸਰਹੱਦ 'ਤੇ ਲਹਿਰਾਏ ਗਏ ਦੇਸ਼ ਦੇ ਸਭ ਤੋਂ ਉਚੇ ਝੰਡੇ ਨੂੰ ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਇਸ ਲਈ ਉਤਾਰ ਦਿੱਤਾ ਗਿਆ ਸੀ।

ਝੰਡੇ ਦੀ ਉਚਾਈ ਜ਼ਿਆਦਾ ਹੋਣ ਤੇ ਹਵਾ ਦਾ ਦਬਾਅ ਬਹੁਤ ਤੇਜ਼ ਹੋਣ ਕਰ ਕੇ ਇਹ ਝੰਡਾ ਕਈ ਵਾਰ ਫਟ ਚੁੱਕਾ ਸੀ। ਇਸ ਕਰ ਕੇ ਇਹ ਝੰਡਾ ਪਾਕਿਸਤਾਨੀ ਮੀਡੀਆ ਵਿਚ ਸੁਰਖੀਆਂ ਬਣਦਾ ਰਿਹਾ ਸੀ। ਭਾਰਤ ਦੇ ਕੌਮੀ ਝੰਡੇ ਵੱਲ ਪਾਕਿਸਤਾਨ ਇਸ ਲਈ ਵੀ ਤਵੱਜੋ ਦੇ ਰਿਹਾ ਸੀ ਕਿਉਂਕਿ ਚਰਚਾ ਸੀ ਕਿ ਭਾਰਤ ਵੱਲੋਂ ਝੰਡੇ ਲਈ ਲਾਏ ਉਚੇ ਪੋਲ 'ਤੇ ਕੈਮਰੇ ਵੀ ਲਾਏ ਗਏ ਹਨ ਪਰ ਭਾਰਤੀ ਅਧਿਕਾਰੀਆਂ ਨੇ ਪਹਿਲਾਂ ਹੀ ਸਾਫ ਕਰ ਦਿੱਤਾ ਸੀ ਕਿ ਅਜਿਹਾ ਕੁਝ ਵੀ ਨਹੀਂ ਹੈ।

## ਸੋਸ਼ਲ ਮੀਡੀਆ ਉਤੇ ਬਚਿਤਰ ਨਾਟਕ ਬਾਰੇ ਟਿੱਪਣੀ ਕਰਨ ਵਾਲੇ ਨੂੰ ਤਨਖਾਹ

**ਅੰਮ੍ਰਿਤਸਰ:** ਸੋਸ਼ਲ ਮੀਡੀਆ 'ਤੇ ਬਚਿੱਤਰ ਨਾਟਕ ਬਾਰੇ ਟਿੱਪਣੀਆਂ ਕਰਨ ਵਾਲੇ ਪਿੰਡ ਫਰੋਹ (ਖਮਾਣੋਂ) ਵਾਸੀ ਮਨਵੀਰ ਸਿੰਘ ਨੇ ਆਪਣੀ ਗਲਤੀ ਲਈ ਅਕਾਲ ਤਖਤ ਦੇ ਜਥੇਦਾਰ ਕੋਲੋਂ ਮੁਆਫੀ ਮੰਗੀ ਹੈ। ਅਕਾਲ ਤਖਤ ਦੇ ਪੰਜ ਪਿਆਰਿਆਂ ਨੇ ਇਸ ਨੌਜਵਾਨ ਨੂੰ ਸਹਿਜ ਪਾਠ ਕਰਨ ਅਤੇ ਪੰਜ ਸਿੱਖਾਂ ਨੂੰ ਪ੍ਰਸ਼ਾਦਾ ਛਕਾਉਣ ਦੀ ਤਨਖਾਹ ਲਾਈ ਹੈ।




ਕਾਬਲੇਗੌਰ ਹੈ ਕਿ ਪਿਛਲੇ ਦਿਨੀਂ ਇਸ ਨੌਜਵਾਨ ਨੇ ਬਚਿੱਤਰ ਨਾਟਕ ਬਾਰੇ ਫੇਸਬੁੱਕ 'ਤੇ ਕੁਝ ਟਿੱਪਣੀਆਂ ਕੀਤੀਆਂ ਸਨ। ਇਸ ਖਿਲਾਫ਼ ਕੁਝ ਸਿੱਖ ਜਥੇਬੰਦੀਆਂ ਦੀ ਸ਼ਿਕਾਇਤ 'ਤੇ ਪੁਲਿਸ ਨੇ ਕੇਸ ਵੀ ਦਰਜ ਕੀਤਾ ਸੀ। ਇਸ ਨੌਜਵਾਨ ਨੇ ਆਪਣੇ ਮਾਪਿਆਂ ਤੇ ਹੋਰ ਸਮਰਥਕਾਂ ਸਮੇਤ ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਕੋਲ ਪੇਸ਼ ਹੋ ਕੇ ਮੁਆਫੀ ਮੰਗੀ ਹੈ। ਜਥੇਦਾਰ ਨੇ ਦੱਸਿਆ ਕਿ ਇਸ ਨੌਜਵਾਨ ਨੇ ਮੁਆਫੀ ਸਬੰਧੀ ਚਿੱਠੀ ਵੀ ਦਿੱਤੀ ਹੈ ਤੇ ਭਵਿੱਖ ਵਿਚ ਅਜਿਹੀ ਗਲਤੀ ਨਾ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਨੇ ਇਹ ਮਾਮਲਾ ਅਕਾਲ ਤਖਤ ਦੇ ਪੰਜ ਪਿਆਰਿਆਂ ਕੋਲ ਅਗਲੀ ਕਾਰਵਾਈ ਲਈ ਭੇਜ ਦਿੱਤਾ ਸੀ ਤੇ ਪੰਜ ਪਿਆਰਿਆਂ ਨੇ ਇਸ ਨੌਜਵਾਨ ਨੂੰ 'ਪਸ਼ਚਾਤਾਪ' ਵਜੋਂ ਇਕ ਸਹਿਜ ਪਾਠ ਕਰਨ ਅਤੇ ਪੰਜ ਸਿੱਖਾਂ ਨੂੰ ਪ੍ਰਸ਼ਾਦਾ ਛਕਾਉਣ ਦੀ ਤਨਖਾਹ ਲਾਈ ਹੈ। ਜ਼ਿਕਰਯੋਗ ਹੈ ਕਿ ਬਚਿੱਤਰ ਨਾਟਕ ਦਸਮ ਗ੍ਰੰਥ ਦਾ ਹਿੱਸਾ ਹੈ ਤੇ ਸਮੁੱਚਾ ਦਸਮ ਗ੍ਰੰਥ, ਦਸਮ ਪਾਤਸ਼ਾਹ ਵੱਲੋਂ ਲਿਖੇ ਹੋਣ ਬਾਰੇ ਸਿੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ।


# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

- *Threading
- *Men's Facials
- *Custom Designing
- *Line-ups
- *Custom Text
- *Hair Coler
- *Shave &
- *Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

**Business hours:**
**Mon thru Thursday 9am to 6pm (Appointment only)**
**Friday, Sat- Sunday- 9am to 6pm (Walk in only)**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*





## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email:
Homeomedicine@yahoo.com

**7021 Village Park Way, Dublin, CA 94568**



# ਰੈਸਟੋਰੈਂਟ ਲਈ ਲੋੜ ਹੈ

**ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਢਾਬਾ' ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ**



**ਸੰਪਰਕ ਕਰੋ: ਸੀਤਲ ਸਿੰਘ**

**ਫੋਨ: 262-391-7666**

31-32

# ਬਿਹਾਰ: ਨਵੀਂ ਕੈਬਨਿਟ 'ਚ ਦਾਗੀ ਵੱਧ

**ਨਵੀਂ ਦਿੱਲੀ:** ਬਿਹਾਰ ਦੇ ਆਰ.ਜੇ.ਡੀ. ਨੇਤਾ ਤੇਜਸਵੀ ਯਾਦਵ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸੂਬੇ ਵਿਚ ਮਹਾਗਠਜੋੜ ਨਾਲੋਂ ਸਬੰਧ ਤੋੜਨ ਵਾਲੇ ਨਿਤੀਸ਼ ਕੁਮਾਰ ਦੇ ਨਵੇਂ ਮੰਤਰੀਆਂ ਬਾਰੇ ਅਹਿਮ ਖੁਲਾਸਾ ਹੋਇਆ ਹੈ।

ਨਿਤੀਸ਼ ਕੁਮਾਰ ਦੀ ਨਵੀਂ ਕੈਬਨਿਟ ਦਾ ਅਕਸ ਵੀ ਸਾਫ-ਸੁਥਰਾ ਨਹੀਂ ਹੈ। ਜੇ.ਡੀ.ਯੂ.-ਬੀ.ਜੇ.ਪੀ. ਗੱਠਜੋੜ ਦੀ ਨਵੀਂ ਸਰਕਾਰ 'ਚ ਦਾਗੀ ਮੰਤਰੀਆਂ ਦੀ ਗਿਣਤੀ ਪਿਛਲੇ ਮਹਾਗਠਜੋੜ ਤੋਂ ਕਿਤੇ ਜ਼ਿਆਦਾ ਹੈ। ਇਨ੍ਹਾਂ ਮੰਤਰੀਆਂ/ਵਿਧਾਇਕਾਂ ਨੇ ਆਪਣੇ ਚੋਣ ਹਲਫਨਾਮਿਆਂ ਵਿਚ ਖੁਦ 'ਤੇ ਦਰਜ ਅਪਰਾਧਕ ਮਾਮਲਿਆਂ ਦਾ ਵੇਰਵਾ ਦਿੱਤਾ ਹੈ। ਇਨ੍ਹਾਂ ਉਤੇ ਹੱਤਿਆ ਦੀ ਕੋਸ਼ਿਸ਼ ਤੋਂ ਲੈ ਕੇ ਚੋਰੀ, ਲੁੱਟ-ਖੋਹ, ਧੋਖਾਧੜੀ ਅਤੇ ਔਰਤਾਂ ਖਿਲਾਫ਼ ਹਿੰਸਾ ਵਰਗੇ ਗੰਭੀਰ ਮਾਮਲੇ ਵੀ ਦਰਜ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਸ (ਏ.ਡੀ.ਆਰ) ਵੱਲੋਂ ਜਾਰੀ ਅੰਕੜਿਆਂ ਮੁਤਾਬਕ ਨਿਤੀਸ਼ ਕੁਮਾਰ ਦੀ ਕੈਬਨਿਟ ਵਿਚ 76 ਫੀਸਦੀ ਮੰਤਰੀਆਂ ਖਿਲਾਫ ਅਪਰਾਧਕ ਮਾਮਲੇ ਦਰਜ ਹਨ। ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਨਿਤੀਸ਼ ਦੀ ਨਵੀਂ ਕੈਬਨਿਟ ਦੇ 29 ਵਿਚੋਂ 22 ਮੰਤਰੀ (76 ਫੀਸਦੀ) ਅਪਰਾਧਕ ਮਾਮਲਿਆਂ 'ਚ ਨਾਮਜ਼ਦ ਹਨ।



## ਬਿਹਾਰ 'ਚ ਸੱਤਾ ਹੱਥ ਆਉਂਦਿਆਂ ਹੀ ਚਾਂਭਲੇ ਗਊ ਰਾਖੇ

**ਭੋਜਪੁਰ:** ਨਿਤੀਸ਼ ਕੁਮਾਰ ਨਾਲ ਮਿਲ ਕੇ ਭਾਜਪਾ ਦੇ ਸੱਤਾ ਵਿਚ ਆਉਂਦਿਆਂ ਹੀ ਗਊ ਰਾਖਿਆਂ ਦੀ ਗੁੰਡਾਗਰਦੀ ਸ਼ੁਰੂ ਹੋ ਗਈ ਹੈ। ਸੂਬੇ ਦੇ ਭੋਜਪੁਰ ਜ਼ਿਲ੍ਹੇ ਵਿਚ ਗਾਂ ਦਾ ਮਾਸ ਲਿਜਾ ਰਹੇ ਤਿੰਨ ਲੋਕਾਂ ਦੀ ਗਊ ਰਾਖਿਆਂ ਨੇ ਮਾਰ-ਕੁਟਾਈ ਕੀਤੀ। ਦਰਅਸਲ, ਪਿਛਲੇ ਕਈ ਮਹੀਨਿਆਂ ਤੋਂ ਭੋਜਪੁਰ ਜ਼ਿਲ੍ਹੇ ਦੇ ਸ਼ਾਹਪੁਰ ਥਾਣੇ ਅਧੀਨ ਰਾਣੀ ਸਾਗਰ ਵਿਚ ਚੱਲ ਰਹੇ ਗੈਰ ਕਾਨੂੰਨੀ ਬੁੱਚੜਖਾਨੇ ਵਿਚ ਬੀਫ ਦੀ ਸਪਲਾਈ ਹੋ ਰਹੀ ਸੀ। ਕੁਝ ਗਊ ਰਾਖਿਆਂ ਨੇ ਇਕ ਟਰੱਕ ਮਾਸ ਦਾ ਫੜ ਲਿਆ। ਉਨ੍ਹਾਂ ਨੇ ਤਿੰਨ ਨੌਜਵਾਨਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਗਊ ਰਾਖਿਆਂ ਨੇ ਪੂਰੀ ਤਸੱਲੀ ਕਰਨ ਤੋਂ ਬਾਅਦ ਪੁਲਿਸ ਨੂੰ ਜਾਣਕਾਰੀ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਪੱਛਮੀ ਬੰਗਾਲ ਦੇ ਨੰਬਰ ਵਾਲੇ ਟਰੱਕ ਵਿਚ ਪਾਬੰਦੀਸ਼ੁਦਾ ਮਾਸ ਲੱਦਿਆ ਹੋਇਆ ਸੀ।

# ਵੈਂਕਈਆ ਨਾਇਡੂ ਬਣੇ ਭਾਰਤ ਦੇ 13ਵੇਂ ਉਪ ਰਾਸ਼ਟਰਪਤੀ

**ਨਵੀਂ ਦਿੱਲੀ:** ਐਨ.ਡੀ.ਏ. ਉਮੀਦਵਾਰ ਵੈਂਕਈਆ ਨਾਇਡੂ ਨੂੰ ਭਾਰਤ ਦਾ ਅਗਲਾ ਉਪ ਰਾਸ਼ਟਰਪਤੀ ਚੁਣ ਲਿਆ ਗਿਆ। ਉਨ੍ਹਾਂ ਨੂੰ ਵਿਰੋਧੀ ਉਮੀਦਵਾਰ ਗੋਪਾਲਕ੍ਰਿਸ਼ਨ ਗਾਂਧੀ ਦੇ ਮੁਕਾਬਲੇ ਦੋ ਤਿਹਾਈ ਤੋਂ ਵੱਧ ਵੋਟਾਂ ਮਿਲੀਆਂ।

ਆਂਧਰਾ ਪ੍ਰਦੇਸ਼ ਤੋਂ 68 ਸਾਲਾ ਭਾਜਪਾ ਆਗੂ ਹੋਣਗੇ, ਜੋ ਦੇਸ਼ ਦੇ ਇਸ ਦੂਜੇ ਉਚ ਸੰਵਿਧਾਨਕ ਅਹੁਦੇ ਉਤੇ ਬੈਠਣਗੇ। ਉਪ ਰਾਸ਼ਟਰਪਤੀ ਹੋਣ ਦੇ ਨਾਤੇ ਉਹ ਚੇਅਰਮੈਨ ਵਜੋਂ ਰਾਜ ਸਭਾ ਦੀ ਵੀ ਅਗਵਾਈ ਕਰਨਗੇ। 2007 ਵਿਚ ਉਪ ਰਾਸ਼ਟਰਪਤੀ ਦੀ ਚੋਣ ਵਿਚ ਹਾਮਿਦ ਅਨਸਾਰੀ ਨੂੰ 456 ਵੋਟਾਂ ਪਈਆਂ, ਜਦੋਂ ਕਿ ਨਜਮਾ



ਹੈਪਤੁੱਲਾ ਨੂੰ 222 ਅਤੇ ਰਾਸ਼ਿਦ ਮਸੂਦ ਨੂੰ 75 ਵੋਟਾਂ ਮਿਲੀਆਂ ਸਨ। 2012 ਦੀਆਂ ਚੋਣਾਂ ਵਿਚ ਅਨਸਾਰੀ ਨੂੰ 490 ਅਤੇ ਐਨ.ਡੀ.ਏ. ਦੇ ਉਮੀਦਵਾਰ ਜਸਵੰਤ ਸਿੰਘ ਨੂੰ 238 ਵੋਟਾਂ ਮਿਲੀਆਂ। ਪਿਛਲੇ ਮਹੀਨੇ ਰਾਮਨਾਥ ਕੋਵਿੰਦ ਰਾਸ਼ਟਰਪਤੀ ਦੀ ਚੋਣ ਜਿੱਤਣ ਵਾਲੇ ਪਹਿਲੇ ਭਾਜਪਾ ਆਗੂ ਬਣੇ। ਉਨ੍ਹਾਂ ਵਿਰੋਧੀ ਧਿਰ ਦੀ ਮੀਰਾ ਕੁਮਾਰ ਨੂੰ ਹਰਾਇਆ। ਨਾਇਡੂ ਭਾਜਪਾ ਦੇ ਦੂਜੇ ਅਜਿਹੇ ਆਗੂ ਹਨ, ਜਿਹੜੇ ਉਪ ਰਾਸ਼ਟਰਪਤੀ ਬਣੇ। ਇਸ ਤੋਂ ਪਹਿਲਾਂ ਭਾਜਪਾ ਦੇ ਪਿਛੋਕੜ ਵਾਲੇ ਭੈਰੋਂ ਸਿੰਘ ਸ਼ੇਖਾਵਤ (2002-2007) ਇਹ ਅਹੁਦਾ ਸੰਭਾਲ ਚੁੱਕੇ ਹਨ।

ਨੂੰ ਕੁੱਲ ਭੁਗਤੀਆਂ 771 ਵਿਚੋਂ 516 ਵੋਟਾਂ ਮਿਲੀਆਂ, ਜਦੋਂ ਕਿ ਗਾਂਧੀ ਨੂੰ ਸਿਰਫ 244 ਵੋਟਾਂ ਮਿਲੀਆਂ। ਕੁੱਲ 11 ਵੋਟਾਂ ਰੱਦ ਹੋ ਗਈਆਂ। ਹਾਲਾਂਕਿ ਚੋਣ ਵਿਚ 785 ਸੰਸਦ ਮੈਂਬਰ ਵੋਟ ਪਾਉਣ ਦੇ ਯੋਗ ਸਨ ਪਰ 14 ਵੋਟ ਪਾਉਣ ਨਹੀਂ ਪੁੱਜੇ। ਇਸ ਚੋਣ ਮੰਡਲ ਵਿਚ ਲੋਕ ਸਭਾ ਤੇ ਰਾਜ ਸਭਾ ਦੇ ਚੁਣੇ ਹੋਏ ਤੇ ਨਾਮਜ਼ਦ ਸਾਰੇ 790 ਮੈਂਬਰ ਸ਼ਾਮਲ ਹੁੰਦੇ ਹਨ। ਰਾਜ ਸਭਾ ਤੇ ਲੋਕ ਸਭਾ ਦੀਆਂ ਦੋ-ਦੋ ਸੀਟਾਂ ਖਾਲੀ ਹਨ, ਜਦੋਂ ਕਿ ਭਾਜਪਾ ਦੇ ਇਕ ਲੋਕ ਸਭਾ ਮੈਂਬਰ ਨੂੰ ਨਿਆਇਕ ਫੈਸਲੇ ਕਾਰਨ ਵੋਟ ਪਾਉਣ ਤੋਂ ਰੋਕਿਆ ਗਿਆ ਹੈ।

ਵੈਂਕਈਆ ਨਾਇਡੂ 13ਵੇਂ ਅਜਿਹੇ ਸ਼ਖਸ

# ਜਦੋਂ ਸ਼ਬੀਰ ਨੂੰ 'ਭਾਰਤ ਮਾਤਾ ਦੀ ਜੈ' ਕਹਿਣ ਲਈ ਕਿਹਾ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਵਿਚ ਦੇਸ਼ ਭਗਤੀ ਸਾਬਤ ਕਰਨ ਲਈ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਵਕੀਲ ਨੇ ਕਸ਼ਮੀਰੀ ਵੱਖਵਾਦੀ ਲੀਡਰ ਸ਼ਬੀਰ ਸ਼ਾਹ ਨੂੰ 'ਭਾਰਤ ਮਾਤਾ ਦੀ ਜੈ' ਬੋਲਣ ਲਈ ਕਹਿ ਦਿੱਤਾ। ਇਹ ਸੁਣਦਿਆਂ ਹੀ ਜੱਜ ਨੇ ਵਕੀਲ ਨੂੰ ਫਟਕਾਰ ਲਾਈ। ਉਨ੍ਹਾਂ ਨੇ ਵਕੀਲ ਨੂੰ ਕਿਹਾ ਕਿ ਇਹ ਅਦਾਲਤ ਹੈ ਕੋਈ ਟੈਲੀਵਿਜ਼ਨ ਦਾ ਸਟੂਡਿਊ ਨਹੀਂ। ਜਸਟਿਸ ਸਿਧਾਰਥ ਸ਼ਰਮਾ ਨੇ ਵਕੀਲ ਦੀ ਟਿੱਪਣੀ ਉਤੇ ਇਤਰਾਜ਼ ਜਤਾਇਆ।

ਅਦਾਲਤ ਨੇ ਬਾਅਦ ਵਿਚ ਅਤਿਵਾਦੀਆਂ ਨੂੰ ਵਿੱਤੀ ਮਦਦ ਦੇ ਇਕ ਦਹਾਕੇ ਪੁਰਾਣੇ ਮਾਮਲੇ ਵਿਚ ਸ਼ਾਹ ਦੀ ਹਿਰਾਸਤ ਵਿਚ ਵਾਧਾ ਕਰਦਿਆਂ ਈ.ਡੀ. ਨੂੰ ਪੁੱਛਗਿੱਛ ਦੀ ਇਜਾਜ਼ਤ ਦਿੱਤੀ ਹੈ। ਈ.ਡੀ. ਦੇ ਵਕੀਲ ਰਾਜੀਵ ਅਵਸਥੀ ਨੇ ਇਲਜ਼ਾਮ ਲਾਇਆ ਕਿ ਸ਼ਾਹ ਅਤਿਵਾਦੀਆਂ ਨੂੰ ਵਿੱਤੀ ਮਦਦ ਕੇ ਦੇਸ਼ ਨੂੰ ਬਰਬਾਦ ਕਰ ਰਹੇ ਹਨ। ਇਸ ਦੌਰਾਨ ਹੀ ਵਕੀਲ ਨੇ ਉਨ੍ਹਾਂ ਨੂੰ ਆਪਣੀ ਦੇਸ਼ ਭਗਤੀ ਸਾਬਤ ਕਰਨ ਲਈ 'ਭਾਰਤ ਮਾਤਾ ਦੀ ਜੈ' ਬੋਲਣ ਲਈ ਕਹਿ ਦਿੱਤਾ। ਇਹ ਸੁਣ ਕੇ ਜੱਜ ਨੂੰ ਗੁੱਸਾ ਆ ਗਿਆ।

## ਘੱਟ ਗਿਣਤੀਆਂ ਨੂੰ ਦੱਬਣ ਦੀ ਕੋਸ਼ਿਸ਼: ਮਾਨ



**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਸ਼ਮੀਰੀ ਆਗੂ ਸ਼ਬੀਰ ਸ਼ਾਹ ਨੂੰ ਅਦਾਲਤ ਵਿਚ ਪੇਸ਼ੀ ਮੌਕੇ ਈ.ਡੀ. ਦੇ ਵਕੀਲਾਂ ਤੇ ਅਧਿਕਾਰੀਆਂ ਵੱਲੋਂ ਆਪਣੀ ਦੇਸ਼ ਭਗਤੀ ਸਾਬਤ ਕਰਨ ਲਈ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਵਾਉਣ ਲਈ ਦਬਾਅ ਪਾਉਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਇਥੇ ਵੱਸਣ ਵਾਲੀਆਂ ਘੱਟ ਗਿਣਤੀ ਕੌਮਾਂ ਨੂੰ ਜ਼ਲੀਲ ਕਰਨ ਅਤੇ ਕੱਟੜਪੰਥੀ ਸੋਚ ਵਾਲੇ ਫਿਰਕੂ ਵਰਤਾਰੇ ਹਨ।

# ਜਦੋਂ ਪਾਕਿ ਦੀ ਸਰਕਾਰੀ ਵੈਬਸਾਈਟ ਉਤੇ ਵੱਜਿਆ 'ਜਨ ਗਣ ਮਨ'

**ਇਸਲਾਮਾਬਾਦ:** ਕੁਝ ਹੈਕਰਾਂ ਨੇ ਪਾਕਿਸਤਾਨ ਸਰਕਾਰ ਦੀ ਵੈਬਸਾਈਟ ਨੂੰ ਹੈਕ ਕਰ ਲਿਆ। ਹੈਕਰਾਂ ਨੇ ਵੈਬਸਾਈਟ ਹੈਕ ਕਰਨ ਪਿੱਛੋਂ ਇਸ 'ਤੇ ਭਾਰਤ ਦਾ ਰਾਸ਼ਟਰੀਗਾਨ ਪਾ ਦਿੱਤਾ ਅਤੇ ਨਾਲ ਹੀ ਸੁਤੰਤਰਤਾ ਦਿਵਸ ਦੀ ਵਧਾਈ ਵੀ ਦਿੱਤੀ। ਇਹ ਘਟਨਾ ਚਾਰ ਮਹੀਨਿਆਂ ਬਾਅਦ ਠੀਕ ਉਸ ਸਮੇਂ ਹੋਈ ਹੈ ਜਦ ਪਾਕਿਸਤਾਨ ਦੇ ਕੁਝ ਸਮਰਥਕਾਂ ਨੇ ਚਾਰ ਮਹੱਤਵਪੂਰਨ ਸੰਸਥਾਵਾਂ ਆਈ.ਆਈ.ਟੀ. ਦਿੱਲੀ, ਆਈ.ਆਈ.ਟੀ. ਵਾਰਾਨਸੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਦੀ ਵੈੱਬਸਾਈਟ ਨੂੰ ਹੈਕ ਕਰ ਲਿਆ ਸੀ। ਟਵਿਟਰ ਦੀ ਵਰਤੋਂ ਕਰਨ ਵਾਲਿਆਂ ਅਨੁਸਾਰ ਇਹ ਵੈਬਸਾਈਟ ਇਕ ਹੈਕਰ ਸੰਦੇਸ਼ ਦੇ ਨਾਲ ਖੁੱਲ੍ਹੀ ਜਿਸ ਵਿਚ ਭਾਰਤ ਦੇ ਸੁਤੰਤਰਤਾ ਦਿਵਸ ਦਾ ਜਸ਼ਨ ਮਨਾਇਆ ਗਿਆ ਅਤੇ ਪਿੱਛੇ ਭਾਰਤ ਦਾ ਰਾਸ਼ਟਰਗਾਨ ਵੱਜ ਰਿਹਾ ਸੀ।

# ਅਮਰੀਕਾ ਨਾਲ ਫੌਜੀ ਸਬੰਧ ਵਧਾਉਣ ਦੇ ਇੱਛੁਕ ਸਨ ਰਾਜੀਵ ਗਾਂਧੀ

**ਵਾਸ਼ਿੰਗਟਨ:** ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਮਰੀਕਾ ਨਾਲ ਫੌਜੀ ਸਬੰਧ ਵਧਾਉਣ ਵਿਚ ਦਿਲਚਸਪੀ ਰੱਖਦੇ ਸਨ ਤੇ ਮਰਹੂਮ ਪ੍ਰਧਾਨ ਮੰਤਰੀ ਨੇ ਦਰਸਾਇਆ ਸੀ ਕਿ ਉਹ ਇਸ ਲਈ ਭਾਰਤ ਦੀ ਵਿਦੇਸ਼ ਨੀਤੀ ਨੂੰ ਨਵੀਂ ਦਿਸ਼ਾ ਵਿਚ ਤੋਰ ਸਕਦੇ ਹਨ।

ਇਹ ਖੁਲਾਸਾ ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਵੱਲੋਂ ਜਨਤਕ ਕੀਤੇ ਦਸਤਾਵੇਜ਼ਾਂ ਤੋਂ ਹੋਇਆ ਹੈ। 11 ਸਫਿਆਂ ਦੀ ਰਿਪੋਰਟ ਦਸੰਬਰ 2016 ਵਿਚ ਕਾਫੀ ਕੱਟ ਵੱਢ ਮਗਰੋਂ ਜਨਤਕ ਕੀਤੀ ਸੀ ਤੇ ਇਸ ਨਾਲ ਭਾਰਤ ਨਾਲ ਸਬੰਧਤ ਹੋਰ ਕਈ ਦਸਤਾਵੇਜ਼ ਵੀ ਮੌਜੂਦ ਸਨ। ਇੰਟੈਲੀਜੈਂਸ ਬਾਰੇ ਦਸਤਾਵੇਜ਼ਾਂ 'ਚ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਨੇ ਅਹੁਦੇ ਦੀ ਸਹੁੰ ਚੁੱਕਣ ਤੋਂ ਲਗਭਗ ਸੱਤ ਮਹੀਨਿਆਂ ਬਾਅਦ ਮਈ 1985 ਮਗਰੋਂ ਸੋਵੀਅਤ ਯੂਨੀਅਨ, ਮੱਧ ਪੂਰਬ, ਫਰਾਂਸ ਅਤੇ ਅਮਰੀਕਾ ਦੀਆਂ ਪਾਈਆਂ ਫੇਰੀਆਂ ਮੌਕੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਸੀ ਕਿ ਉਹ ਭਾਰਤ ਦੀ ਵਿਦੇਸ਼ ਨੀਤੀ ਨੂੰ ਪਹਿਲੇ ਪ੍ਰਧਾਨ ਮੰਤਰੀਆਂ ਦੇ ਮੁਕਾਬਲੇ ਆਪਣੇ ਜਜ਼ਬਿਆਂ ਨੂੰ ਪਿੱਛੇ ਰੱਖ ਕੇ ਵਧੇਰੇ ਵਿਹਾਰਕ ਤਰੀਕੇ ਨਾਲ ਨਵੀਂ ਦਿਸ਼ਾ 'ਚ ਲਿਜਾਣ ਦੇ ਸਮਰੱਥ ਹੈ।

## ਭਟਕਲ ਖਿਲਾਫ ਦੋਸ਼ ਆਇਦ ਹੋਣਗੇ

**ਨਵੀਂ ਦਿੱਲੀ:** ਅਦਾਲਤ ਨੇ 2010 ਜਾਮਾ ਮਸਜਿਦ ਬੰਬ ਧਮਾਕਾ ਕੇਸ ਵਿਚ ਇੰਡੀਅਨ ਮੁਜਾਹਿਦੀਨ ਦੇ ਸਹਿ-ਬਾਨੀ ਯਾਸੀਨ ਭਟਕਲ ਅਤੇ 10 ਹੋਰਾਂ ਖਿਲਾਫ਼ ਦੋਸ਼ ਆਇਦ ਕਰਨ ਦਾ ਹੁਕਮ ਦਿੱਤਾ ਹੈ।

ਇਸ ਜਥੇਬੰਦੀ ਦੇ ਤਿੰਨ ਮੈਂਬਰਾਂ ਨੂੰ ਬਰੀ ਕਰਦਿਆਂ ਵਧੀਕ ਸੈਸ਼ਨ ਜੱਜ ਸਿਧਾਰਥ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਖਿਲਾਫ ਪੁਖਤਾ ਸਬੂਤ ਨਹੀਂ ਹਨ। ਅਦਾਲਤ ਨੇ ਸੱਯਦ ਇਸਮਾਈਲ ਅੱਫਾਕ, ਅਬਦੁਸ ਸਬੂਰ ਅਤੇ ਰਿਆਜ਼ ਅਹਿਮਦ ਸਈਦੀ ਨੂੰ ਬਰੀ ਕੀਤਾ ਹੈ। ਇਨ੍ਹਾਂ ਤਿੰਨਾਂ ਦੇ ਪੁਲਿਸ ਵੱਲੋਂ ਦਾਖਲ ਕੀਤੀ ਚਾਰਜਸ਼ੀਟ ਵਿਚ ਨਾਂ ਸਨ।

# ਦਹਿਸ਼ਤੀਆਂ ਨੂੰ ਹਥਿਆਰਾਂ ਬਾਰੇ ਮਤਾ ਪਾਸ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਨੇ ਹਥਿਆਰ ਅਤਿਵਾਦੀਆਂ ਦੇ ਹੱਥਾਂ ਵਿਚ ਜਾਣ ਤੋਂ ਰੋਕਣ ਲਈ ਸਰਬਸੰਮਤੀ ਨਾਲ ਇਕ ਮਤਾ ਪਾਸ ਕਰਦਿਆਂ ਮੈਂਬਰ ਮੁਲਕਾਂ ਨੂੰ ਕਿਹਾ ਹੈ ਕਿ ਉਹ ਅਜਿਹੇ ਲੋਕਾਂ ਖਿਲਾਫ਼ ਢੁਕਵੀਂ ਕਾਨੂੰਨੀ ਕਾਰਵਾਈ ਕਰੇ ਜੋ ਅਤਿਵਾਦੀਆਂ ਨੂੰ ਹਥਿਆਰ ਮੁਹੱਈਆ ਕਰਾਉਂਦੇ ਹਨ। ਕੌਂਸਲ ਨੇ ਇਸਲਾਮਿਕ ਸਟੇਟ, ਅਲਕਾਇਦਾ ਅਤੇ ਇਸ ਨਾਲ ਜੁੜੀਆਂ ਹੋਰਨਾਂ ਅਤਿਵਾਦੀ ਜਥੇਬੰਦੀਆਂ ਤੇ ਗੈਰਕਾਨੂੰਨੀ ਹਥਿਆਰਬੰਦ ਸਮੂਹਾਂ ਤੇ ਅਪਰਾਧੀਆਂ ਨੂੰ ਲਗਾਤਾਰ ਬਿਨਾਂ ਕਿਸੇ ਰੋਕ ਟੋਕ ਦੇ ਮਿਲ ਰਹੇ ਹਥਿਆਰਾਂ, ਫੌਜੀ ਸਾਜ਼ੋ ਸਾਮਾਨ, ਮਾਨਵਰਹਿਤ ਏਅਰਕਰਾਫਟ ਸਿਸਟਮ ਤੇ ਧਮਾਕਾਖੇਜ਼ ਸਮੱਗਰੀ (ਆਈ.ਈ.ਡੀ.) ਦੀ ਸਖਤੀ ਨਾਲ ਨਿਖੇਧੀ ਕੀਤੀ ਹੈ।


# ਮਰਨ ਤੋਂ ਪਹਿਲਾਂ ਅਬੂ ਦੁਜਾਨਾ ਨੇ ਫੌਜ ਨੂੰ ਦਿੱਤੀ ਸੀ ਮੁਬਾਰਕਬਾਦ

**ਕਿਹਾ- ਤੁਸੀਂ ਆਪਣੀ ਡਿਊਟੀ ਪੂਰੀ ਕਰੋ, ਜੋ ਮੇਰੀ ਕਿਸਮਤ ਵਿਚ ਲਿਖਿਆ ਹੋਵੇਗਾ, ਅੱਲ੍ਹਾ ਕਰ ਦੇਵੇਗਾ...**

**ਸ੍ਰੀਨਗਰ:** ਲਸ਼ਕਰ-ਏ-ਤੋਇਬਾ ਦੇ ਦਹਿਸ਼ਤਗਰਦ ਅਬੂ ਦੁਜਾਨਾ ਨੇ ਮਰਨ ਤੋਂ ਐਨ ਪਹਿਲਾਂ ਸਲਾਮਤੀ ਦਸਤਿਆਂ ਅੱਗੇ ਆਤਮ-ਸਮਰਪਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਦੁਜਾਨਾ ਤੇ ਇਕ ਬੇਨਾਮ ਸੁਰੱਖਿਆ ਅਫਸਰ ਦਰਮਿਆਨ ਹੋਈ ਟੈਲੀਫੋਨ ਵਾਰਤਾ ਮੁਤਾਬਕ ਸਮਰਪਣ ਲਈ ਆਖੇ ਜਾਣ ਉਤੇ ਉਸ ਨੇ ਕਿਹਾ, ''ਮੈਂ ਸਮਰਪਣ ਕਿਉਂ ਕਰਾਂ? ਮੈਂ ਸ਼ਹਾਦਤ ਲਈ ਘਰ ਛੱਡਿਆ ਹੈ। ਮੈਂ ਅੱਜ ਜਾਂ ਭਲਕ ਮਰਨਾ ਹੀ ਹੈ।''

ਦੁਜਾਨਾ, ਆਪਣੇ ਇਕ ਸਾਥੀ ਸਣੇ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਮੁਕਾਬਲੇ ਦੌਰਾਨ ਮਾਰਿਆ ਗਿਆ। ਉਸ ਦੀ ਸੁਰੱਖਿਆ ਅਧਿਕਾਰੀ ਨਾਲ ਟੈਲੀਫੋਨ ਵਾਰਤਾ ਦੀ ਸਾਹਮਣੇ ਆਈ ਆਡੀਓ ਰਿਕਾਰਡਿੰਗ ਮੁਤਾਬਕ ਅਧਿਕਾਰੀ ਨੇ ਕਾਫੀ ਕੋਸ਼ਿਸ਼ ਕੀਤੀ ਕਿ ਉਹ ਸਮਰਪਣ ਕਰ ਦੇਵੇ। ਉਸ ਨੂੰ ਉਸ ਦੇ ਮਾਪਿਆਂ ਤੇ ਪਤਨੀ ਦੀ ਯਾਦ ਦਿਵਾਈ ਗਈ। ਇਸ ਉਤੇ ਉਸ ਨੇ ਕਿਹਾ, ''ਮੇਰਾ ਕੋਈ ਨਿਕਾਹ ਨਹੀਂ ਹੋਇਆ। ਇਹ ਝੂਠਾ ਪ੍ਰਚਾਰ ਹੈ। ਮਾਪੇ ਮੇਰੇ ਲਈ ਉਦੋਂ ਹੀ ਮਰ ਗਏ ਸਨ, ਜਦੋਂ ਮੈਂ ਉਨ੍ਹਾਂ ਨੂੰ ਛੱਡਿਆ।''

ਅਧਿਕਾਰੀ ਨੇ ਕਿਹਾ ਕਿ ਉਸ ਨੂੰ ਇਲਮ ਹੋਣਾ ਚਾਹੀਦਾ ਹੈ ਕਿ ਕਸ਼ਮੀਰ ਵਿਚ ਟਕਰਾਅ ਅਸਲ ਵਿਚ ਇਕ 'ਖੇਡ' ਹੈ ਤਾਂ ਉਸ ਨੇ ਕਿਹਾ, ''ਮੈਂ ਸਿਸਟਮ ਤੋਂ ਵਾਕਫ ਹਾਂ।''ਅਫਸਰ ਨੇ ਕਿਹਾ ਕਿ ਉਸ ਨੂੰ ਉਸ (ਦੁਜਾਨਾ) ਤੱਕ ਪੁੱਜਣ ਲਈ ਕਿੰਨਾ ਸਫਰ ਤੈਅ ਕਰਨਾ ਪਿਆ ਹੈ ਤਾਂ ਅਤਿਵਾਦੀ ਹੱਸ ਪਿਆ। ਉਸ ਨੇ ਅਫਸਰ ਦਾ ਹਾਲ-ਚਾਲ ਪੁੱਛਦਿਆਂ ਕਿਹਾ ਕਿ ਬੜੇ ਸਾਲਾਂ ਬਾਅਦ ਤੁਹਾਡੀ ਖਬਰ-ਸਾਰ ਮਿਲੀ ਹੈ। ਉਸ ਨੇ ਕਿਹਾ, ''ਜਦੋਂ ਅਸੀਂ 'ਚੋਰ-ਸਿਪਾਹੀ' ਖੇਡਦੇ ਹਾਂ ਤਾਂ ਕਦੇ ਅਸੀਂ ਅੱਗੇ ਹੁੰਦੇ ਹਾਂ ਕਦੇ ਤੁਸੀਂ। ਅੱਜ ਤੁਸੀਂ ਮੈਨੂੰ ਫੜ ਲਿਆ, ਮੁਬਾਰਕਬਾਦ।'' ਅਫਸਰ ਨੇ ਕਿਹਾ ਕਿ ਉਹ ਸਿਰਫ ਆਪਣੀ ਡਿਊਟੀ ਕਰ ਰਿਹਾ ਹੈ ਤਾਂ ਅਤਿਵਾਦੀ ਨੇ ਵੀ ਕਿਹਾ, ''ਮੈਂ ਵੀ ਆਪਣੀ ਡਿਊਟੀ ਪੂਰੀ ਕਰਾਂਗਾ।'' ਉਸ ਨੇ ਗੱਲ ਨਿਬੇੜਦਿਆਂ ਕਿਹਾ, ''ਮੈਂ ਸਮਰਪਣ ਨਹੀਂ ਕਰ ਸਕਦਾ। ਮੈਨੂੰ ਪਤਾ ਹੈ ਕਿ ਤੁਹਾਡੀ ਮੇਰੇ ਨਾਲ ਕੋਈ ਦੁਸ਼ਮਣੀ ਨਹੀਂ, ਤੁਸੀਂ ਆਪਣਾ ਫਰਜ਼ ਨਿਭਾ ਰਹੇ ਹੋ ਤੇ ਮੈਂ ਮੇਰਾ। ਤੁਸੀਂ ਆਪਣੀ ਡਿਊਟੀ ਪੂਰੀ ਕਰੋ ਅਤੇ ਜੋ ਮੇਰੀ ਕਿਸਮਤ ਵਿਚ ਲਿਖਿਆ ਹੋਵੇਗਾ, ਅੱਲ੍ਹਾ ਕਰ ਦੇਵੇਗਾ।''



## ਵੱਖਵਾਦੀਆਂ ਖਿਲਾਫ ਸ਼ਿਕੰਜਾ ਕੱਸਣ ਦੀ ਤਿਆਰੀ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਜੰਮੂ-ਕਸ਼ਮੀਰ ਦੇ ਵੱਖਵਾਦੀ ਆਗੂਆਂ ਉਤੇ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਰਹੀ ਹੈ। ਐਨ.ਆਈ.ਏ. ਦੀ ਨਜ਼ਰ ਹੁਣ ਵੱਖਵਾਦੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਦੀ ਜਾਇਦਾਦ ਨੂੰ ਆਪਣੇ ਕਬਜ਼ੇ 'ਚ ਲੈਣ ਉਤੇ ਹੈ। ਐਨ.ਆਈ.ਏ. ਨੇ ਗਿਲਾਨੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੀਆਂ ਕਈ ਜਾਇਦਾਦਾਂ ਬਾਰੇ ਪਤਾ ਲਗਾਇਆ ਹੈ। ਕਿਹਾ ਜਾ ਰਿਹਾ ਹੈ ਕਿ ਇਸ 'ਚ ਗਿਲਾਨੀ ਦੀ 100 ਤੋਂ ਕਰੀਬ 150 ਕਰੋੜ ਰੁਪਏ ਤੱਕ ਦੀ ਜਾਇਦਾਦ ਜ਼ਬਤ ਹੋ ਸਕਦੀ ਹੈ।

# ਸਿਹਤ ਸਹੂਲਤਾਂ 'ਚ ਹਰਿਆਣਾ ਤੇ ਹਿਮਾਚਲ ਨੇ ਪੰਜਾਬ ਨੂੰ ਪਾਈ ਮਾਤ

**ਚੰਡੀਗੜ੍ਹ:** ਪੰਜਾਬ ਨਾਲੋਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਾ ਰਹੇ ਹਨ। ਕੇਂਦਰੀ ਸਿਹਤ ਮੰਤਰਾਲੇ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਵਿਚ ਡਾਕਟਰਾਂ ਦੀ ਗਿਣਤੀ ਲੋੜ ਨਾਲੋਂ ਨੌਂ ਗੁਣਾ ਘੱਟ ਹੈ। ਸੂਬੇ ਵਿਚ 8910 ਮਰੀਜ਼ਾਂ ਪਿੱਛੇ ਇਕ ਡਾਕਟਰ ਹੈ, ਜਦੋਂਕਿ ਵਿਸ਼ਵ ਸਿਹਤ ਸੰਸਥਾ ਵੱਲੋਂ ਹਜ਼ਾਰ ਮਰੀਜ਼ਾਂ ਪਿੱਛੇ ਇਕ ਡਾਕਟਰ ਦਾ ਅਨੁਪਾਤ ਮਿਥਿਆ ਗਿਆ ਹੈ।

ਕੇਂਦਰੀ ਸਿਹਤ ਮੰਤਰਾਲੇ ਦੇ ਸੈਂਟਰਲ ਬਿਊਰੋ ਆਫ ਹੈਲਥ ਇੰਟੈਲੀਜੈਂਸ ਵੱਲੋਂ ਇਹ ਸਰਵੇਖਣ ਜਨਵਰੀ ਵਿਚ ਕੀਤਾ ਗਿਆ ਸੀ। ਰਿਪੋਰਟ ਮੁਤਾਬਕ ਪੰਜਾਬ ਸਰਕਾਰ ਪ੍ਰਤੀ ਮਰੀਜ਼ 1001 ਰੁਪਏ ਸਾਲਾਨਾ ਖਰਚ ਕਰ ਰਹੀ ਹੈ, ਜਦੋਂਕਿ ਹਰਿਆਣਾ 1055 ਰੁਪਏ ਅਤੇ ਹਿਮਾਚਲ ਪ੍ਰਦੇਸ਼ 2228 ਰੁਪਏ ਪ੍ਰਤੀ ਮਰੀਜ਼ ਸਾਲਾਨਾ ਖਰਚ ਕਰ ਰਹੇ ਹਨ। ਸੂਬੇ ਵਿਚ ਡੈਂਟਲ ਸਰਜਨਾਂ ਦੀ ਗਿਣਤੀ 300 ਦੱਸੀ ਗਈ ਹੈ ਅਤੇ ਇਕ ਡੈਂਟਲ ਸਰਜਨ ਹਿੱਸੇ 97079 ਮਰੀਜ਼ ਆ ਰਹੇ ਹਨ।

ਨੈਸ਼ਨਲ ਕਮਿਸ਼ਨ ਆਫ ਪਾਪੂਲੇਸ਼ਨ ਦੇ ਅੰਕੜਿਆਂ ਵਿਚ ਪਹਿਲੀ ਜਨਵਰੀ ਨੂੰ ਪੰਜਾਬ ਦੀ ਆਬਾਦੀ 2.91 ਕਰੋੜ ਸੀ। ਰਿਪੋਰਟ ਮੁਤਾਬਕ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ 1.21 ਲੱਖ ਮਰੀਜ਼ ਇਲਾਜ ਕਰਾ ਰਹੇ ਹਨ। ਪੰਜਾਬ ਵਿਚ 3286 ਸਰਕਾਰੀ ਡਾਕਟਰ ਹਨ। ਚੰਡੀਗੜ੍ਹ ਦੇ



ਸਰਕਾਰੀ ਹਸਪਤਾਲਾਂ ਵਿਚ ਕੰਮ ਕਰ ਰਹੇ ਡਾਕਟਰਾਂ ਦੀ ਗਿਣਤੀ 141 ਹੈ ਅਤੇ 17 ਡੈਂਟਲ ਸਰਜਨ ਇਸ ਤੋਂ ਵੱਖਰੇ ਹਨ। ਪੀ.ਜੀ.ਆਈ. ਨੂੰ ਇਸ ਗਿਣਤੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ। ਹਰਿਆਣਾ ਵਿਚ 506 ਸਰਕਾਰੀ ਹਸਪਤਾਲ ਹਨ ਅਤੇ ਡਾਕਟਰਾਂ ਦੀ ਗਿਣਤੀ 2618 ਹੈ। ਹਿਮਾਚਲ ਪ੍ਰਦੇਸ਼ ਵਿਚ 4639 ਮਰੀਜ਼ਾਂ ਪਿੱਛੇ ਇਕ ਡਾਕਟਰ ਹੈ। ਸਰਕਾਰੀ ਹਸਪਤਾਲਾਂ ਵਿਚ ਸਿਰਫ 4300 ਮਰੀਜ਼ ਇਲਾਜ ਲਈ ਦਾਖਲ ਹੋ ਰਹੇ ਹਨ। ਇਥੇ ਸਰਕਾਰੀ ਡਾਕਟਰਾਂ ਦੀ ਗਿਣਤੀ 1517 ਹੈ ਅਤੇ 276 ਡੈਂਟਲ ਸਰਜਨ ਹਨ। ਸਰਕਾਰੀ ਹਸਪਤਾਲਾਂ ਵਿਚ 746 ਮਰੀਜ਼ਾਂ ਪਿੱਛੇ ਇਕ ਡਾਕਟਰ ਹੈ।

ਉਧਰ, ਪੰਜਾਬ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ 30 ਜੁਲਾਈ ਨੂੰ ਇਕ ਸਮਾਗਮ ਦੌਰਾਨ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਪੂਰੇ ਭਾਰਤ ਨਾਲੋਂ ਦੰਦਾਂ ਦੀਆਂ ਬਿਮਾਰੀਆਂ ਦਾ ਬਿਹਤਰ ਇਲਾਜ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਨੇ ਸਰਕਾਰੀ ਹਸਪਤਾਲਾਂ ਵਿਚ ਚੱਲਦੇ ਦੰਦਾਂ ਦੀਆਂ ਬਿਮਾਰੀਆਂ ਦੇ ਵਿਭਾਗਾਂ 'ਚ ਮੁੱਢਲਾ ਆਧਾਰੀ ਢਾਂਚਾ ਮਜ਼ਬੂਤ ਕਰਨ ਲਈ ਤਿੰਨ ਕਰੋੜ ਰੁਪਏ ਦਾ ਸਾਜ਼ੋ ਸਾਮਾਨ ਦੇਣ ਦਾ ਵੀ ਐਲਾਨ ਕੀਤਾ ਹੈ, ਜਦੋਂਕਿ ਕੇਂਦਰੀ ਸਿਹਤ ਮੰਤਰਾਲੇ ਦੀ ਤਾਜ਼ਾ ਰਿਪੋਰਟ ਇਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹ ਰਹੀ ਹੈ।

## ਐਨ.ਆਰ.ਆਈ. ਪਾੜ੍ਹਿਆਂ ਦੀ ਡਾਕਟਰੀ ਪੜ੍ਹਨ ਤੋਂ ਤੌਬਾ

**ਫਰੀਦਕੋਟ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਡਾਕਟਰੀ ਦੀ ਪੜ੍ਹਾਈ ਕਰਨ ਵਿਚ ਐਨ.ਆਰ.ਆਈ. ਵਿਦਿਆਰਥੀਆਂ ਨੂੰ ਭੋਰਾ ਵੀ ਦਿਲਚਸਪੀ ਨਹੀਂ ਹੈ। ਜਿਸ ਕਾਰਨ ਸੱਤ ਮੈਡੀਕਲ ਅਤੇ 15 ਡੈਂਟਲ ਕਾਲਜਾਂ ਵਿਚ ਐਨ.ਆਰ.ਆਈ. ਕੋਟੇ ਦੀਆਂ 104 ਐਮ.ਬੀ.ਬੀ.ਐਸ. ਅਤੇ 161 ਬੀ.ਡੀ.ਐਸ. ਸੀਟਾਂ ਜਨਰਲ ਸ਼੍ਰੇਣੀ ਵਿਚ ਤਬਦੀਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸੂਬੇ ਵਿਚ ਐਨ.ਆਰ.ਆਈ. ਕੋਟੇ ਦੀਆਂ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਦੀਆਂ 300 ਸੀਟਾਂ ਹਨ। ਇਨ੍ਹਾਂ ਸੀਟਾਂ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਵੱਲੋਂ ਕੀਤੀ ਕਾਊਂਸਲਿੰਗ 'ਚ ਮਹਿਜ਼ 35 ਵਿਦਿਆਰਥੀ ਹੀ ਪਹੁੰਚੇ। ਐਨ.ਆਰ.ਆਈ. ਕੋਟੇ ਦੀਆਂ 136 ਐਮ.ਬੀ.ਬੀ.ਐਸ. ਸੀਟਾਂ ਲਈ 32 ਵਿਦਿਆਰਥੀ ਹੀ ਮੌਜੂਦ ਸਨ, ਜਿਨ੍ਹਾਂ 'ਚੋਂ ਜ਼ਿਆਦਾਤਰ ਨੇ ਡੀ.ਐਮ.ਸੀ. ਲੁਧਿਆਣਾ (11 ਉਮੀਦਵਾਰ) ਦੀ ਚੋਣ ਕੀਤੀ।

ਇਸ ਬਾਅਦ ਸੀ.ਐਮ.ਸੀ. ਲੁਧਿਆਣਾ (9), ਸਰਕਾਰੀ ਮੈਡੀਕਲ ਕਾਲਜ ਪਟਿਆਲਾ (4), ਅੰਮ੍ਰਿਤਸਰ (4), ਫਰੀਦਕੋਟ (2) ਅਤੇ ਸ੍ਰੀ ਗੁਰੂ ਰਾਮ ਦਾਸ ਮੈਡੀਕਲ ਕਾਲਜ ਅੰਮ੍ਰਿਤਸਰ (2) ਦੀ ਚੋਣ ਕੀਤੀ ਗਈ। ਆਦੇਸ਼ ਮੈਡੀਕਲ ਕਾਲਜ ਲੁਧਿਆਣਾ ਤੇ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਜਲੰਧਰ ਨੂੰ ਕੋਈ ਐਨ.ਆਰ.ਆਈ. ਵਿਦਿਆਰਥੀ ਹੀ ਨਹੀਂ ਮਿਲਿਆ। ਭਾਵੇਂ ਸ੍ਰੀ ਗੁਰੂ ਰਾਮ ਦਾਸ ਮੈਡੀਕਲ ਕਾਲਜ ਨੇ ਐਨ.ਆਰ.ਆਈ. ਵਿਦਿਆਰਥੀਆਂ ਨੂੰ ਲੁਭਾਉਣ ਲਈ ਦੋ ਦਿਨ ਪਹਿਲਾਂ ਐਮ.ਬੀ.ਬੀ.ਐਸ. ਕੋਰਸ ਲਈ ਟਿਊਸ਼ਨ ਫੀਸ 70 ਲੱਖ ਤੋਂ ਘਟਾ ਕੇ 60.47 ਲੱਖ ਕਰ ਦਿੱਤੀ ਸੀ ਅਤੇ 10.5 ਲੱਖ ਰੁਪਏ ਦੇ ਕਰੀਬ ਰਜਿਸਟਰੇਸ਼ਨ ਫੀਸ ਮੁਆਫ ਕਰ ਦਿੱਤੀ ਸੀ ਪਰ ਇਸ ਕਾਲਜ ਨੂੰ ਸਿਰਫ ਦੋ ਵਿਦਿਆਰਥੀ ਹੀ ਜੁੜੇ ਹਨ। ਇਸ ਕਾਲਜ ਨੇ ਬੀ.ਡੀ.ਐਸ. ਕੋਰਸ ਦੀ ਟਿਊਸ਼ਨ ਫੀਸ ਵੀ 28 ਲੱਖ ਤੋਂ ਘਟਾ ਕੇ 19.09 ਲੱਖ ਰੁਪਏ ਕਰ ਦਿੱਤੀ ਸੀ ਪਰ ਇਸ ਕੋਰਸ ਲਈ ਇਕ ਵੀ ਵਿਦਿਆਰਥੀ ਨਹੀਂ ਬਹੁੜਿਆ। 164 ਬੀ.ਡੀ.ਐਸ. ਸੀਟਾਂ ਲਈ ਸਿਰਫ ਤਿੰਨ ਚਾਹਵਾਨ ਵਿਦਿਆਰਥੀ ਉਪਲਬਧ ਸਨ, ਜਿਨ੍ਹਾਂ 'ਚੋਂ ਇਕ ਨੇ ਕ੍ਰਿਸ਼ਚੀਅਨ ਡੈਂਟਲ ਕਾਲਜ, ਇਕ ਨੇ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਇਕ ਨੇ ਸੁਖਮਨੀ ਡੈਂਟਲ ਕਾਲਜ ਦੀ ਚੋਣ ਕੀਤੀ।

# ਮਲੂਕਾ ਖਿਲਾਫ ਮੁੜ ਖੁੱਲ੍ਹਿਆ ਚੋਣ ਹਿੰਸਾ ਦਾ ਕੇਸ

**ਬਠਿੰਡਾ:** ਸਾਲ 2012 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹਿੰਸਾ ਦੇ ਮਾਮਲੇ ਵਿਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਉਨ੍ਹਾਂ ਦੇ ਲੜਕੇ ਗੁਰਪ੍ਰੀਤ ਸਿੰਘ ਮਲੂਕਾ ਖਿਲਾਫ ਦਰਜ ਕੇਸ ਮੁੜ ਖੁੱਲ੍ਹ ਗਿਆ ਹੈ।

ਇਸ ਮਾਮਲੇ ਵਿਚ ਹੋਰ ਵੀ ਡੇਢ ਦਰਜਨ ਵਿਅਕਤੀ ਸ਼ਾਮਲ ਹਨ। ਜ਼ਿਲ੍ਹਾ ਪੁਲਿਸ ਨੇ ਚੋਣ ਨਤੀਜਿਆਂ ਮਗਰੋਂ ਕੇਸ ਰੱਦ ਕਰ ਦਿੱਤਾ ਸੀ ਪਰ ਮੁੱਦਈ ਨੇ ਮਗਰੋਂ ਪੁਲਿਸ ਦੀ ਕੇਸ ਰੱਦ ਕਰਨ ਦੀ ਰਿਪੋਰਟ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਸਾਬਕਾ ਮੰਤਰੀ ਮਲੂਕਾ ਤੇ ਸਾਥੀਆਂ ਖਿਲਾਫ ਕੇਸ ਦਰਜ ਕਰਾਉਣ ਵਾਲੇ ਸੁਖਪਾਲ ਸਿੰਘ ਨੇ ਰਾਮਪੁਰਾ ਫੂਲ ਅਦਾਲਤ ਵਿਚ ਇਸਤਗਾਸਾ ਪਾ ਦਿੱਤਾ ਸੀ, ਜਿਸ ਸਬੰਧੀ ਜੁਡੀਸ਼ਲ ਮੈਜਿਸਟਰੇਟ ਨੇ ਛੇ ਜੁਲਾਈ ਨੂੰ ਸਾਬਕਾ ਮੰਤਰੀ



ਸਿਕੰਦਰ ਸਿੰਘ ਮਲੂਕਾ ਅਤੇ ਹੋਰਾਂ ਨੂੰ ਸੰਮਨ ਜਾਰੀ ਕਰ ਕੇ ਤਲਬ ਕਰ ਲਿਆ ਸੀ। ਉਸ ਮਗਰੋਂ ਸਾਬਕਾ ਮੰਤਰੀ ਅਤੇ ਕੁਝ ਹੋਰਾਂ ਨੇ ਜ਼ਿਲ੍ਹਾ ਤੇ ਸੈਸ਼ਨ ਜੱਜ ਬਠਿੰਡਾ ਦੀ ਅਦਾਲਤ ਤੋਂ ਅਗਾਊਂ ਜ਼ਮਾਨਤ ਲੈ ਲਈ ਸੀ। ਹੁਣ ਮਲੂਕਾ ਤੇ ਉਨ੍ਹਾਂ ਦੇ ਲੜਕੇ ਨੇ ਰਾਮਪੁਰਾ ਫੂਲ ਅਦਾਲਤ ਵਿਚ ਜ਼ਮਾਨਤਾਂ ਭਰੀਆਂ। ਅਦਾਲਤ ਨੇ ਸੁਣਵਾਈ ਦੀ ਅਗਲੀ ਤਰੀਕ 30 ਅਗਸਤ ਤੈਅ ਕੀਤੀ ਹੈ।

ਗੌਰਤਲਬ ਹੈ ਕਿ ਪਿੰਡ ਦਿਆਲਪੁਰਾ ਭਾਈਕਾ ਵਿਚ 2012 ਦੇ ਚੋਣ ਪ੍ਰਚਾਰ ਦੌਰਾਨ ਜਨਵਰੀ ਵਿਚ ਦੋ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿਚ ਇਕ ਕੇਸ ਸਿਕੰਦਰ ਸਿੰਘ ਮਲੂਕਾ ਅਤੇ ਸਾਥੀਆਂ ਖਿਲਾਫ ਹੋਇਆ ਸੀ, ਜਦੋਂਕਿ ਦੂਜਾ ਕੇਸ ਮੌਜੂਦਾ ਕਾਂਗਰਸੀ ਵਿਧਾਇਕ ਗੁਰਪ੍ਰੀਤ ਕਾਂਗੜ ਤੇ ਸਾਥੀਆਂ ਖਿਲਾਫ ਦਰਜ ਹੋਇਆ ਸੀ। ਕਾਂਗੜ ਦਾ ਕਹਿਣਾ ਹੈ ਕਿ 2012 ਚੋਣਾਂ ਵਿਚ ਦਰਜ ਕੇਸਾਂ ਦਾ ਭਵਿੱਖ ਉਦੋਂ ਹੀ ਮੋੜਾ ਕੱਟ ਗਿਆ ਸੀ, ਜਦੋਂ ਅਕਾਲੀ ਸਰਕਾਰ ਮੁੜ ਬਣ ਗਈ ਸੀ। ਪੁਲਿਸ ਨੇ ਉਨ੍ਹਾਂ ਖਿਲਾਫ ਦਰਜ ਕੇਸ ਵਿਚ ਤਾਂ ਚਲਾਨ ਪੇਸ਼ ਕਰ ਦਿੱਤਾ ਪਰ ਸਾਬਕਾ ਮੰਤਰੀ ਤੇ ਸਾਥੀਆਂ ਖਿਲਾਫ ਦਰਜ ਕੇਸ ਦੀ ਕੈਂਸਲੇਸ਼ਨ ਰਿਪੋਰਟ ਭਰ ਦਿੱਤੀ, ਜਿਸ ਨੂੰ ਮੁੱਦਈ ਨੇ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।

ਸੰਪਰਕ ਕਰੋ

ਫੋਨ: 515-291-1961

32-33


## ਸੀਰੀਆ: ਹਵਾਈ ਹਮਲਿਆਂ 'ਚ 43 ਨਾਗਰਿਕ ਹਲਾਕ

**ਦਮਸ਼ਕ:** ਅਮਰੀਕੀ ਅਗਵਾਈ ਵਾਲੀਆਂ ਫੌਜਾਂ ਵੱਲੋਂ ਸੀਰੀਆ ਦੇ ਉਤਰੀ ਸ਼ਹਿਰ ਰਾਕਾ ਵਿਚ ਕੀਤੇ ਹਵਾਈ ਹਮਲਿਆਂ ਕਾਰਨ ਘੱਟੋ-ਘੱਟ 43 ਆਮ ਸ਼ਹਿਰੀ ਮਾਰੇ ਗਏ।

ਸਰਕਾਰੀ ਖਬਰ ਏਜੰਸੀ ਸਾਨਾ ਦੇ ਹਵਾਲੇ ਨਾਲ ਚੀਨੀ ਖਬਰ ਏਜੰਸੀ ਸਿਨਹੂਆ ਨੇ ਕਿਹਾ ਕਿ ਪਹਿਲਾਂ ਇਸੇ ਸ਼ਹਿਰ 'ਚ ਸੱਤ ਬੱਚੇ ਮਾਰੇ ਗਏ ਸਨ।


## ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ



ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ। ਛੇ ਦਿਨ ਕੰਮ, ਇਕ ਦਿਨ ਛੁੱਟੀ

ਸੰਪਰਕ ਕਰੋ

ਫੋਨ: 501-309-4140

32-33



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

| SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ । | ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ। | STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP • 3 Axle Alignment $199 • Trailer Alignment $150 |
|---|---|---|

Special Price for Truck Wash Grand Opening • 8 Drive Tires For $3300 Kelly KDA • Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪੰਜਾਬੀ ਭਾਸ਼ਾ ਦੀ ਸਰਦਾਰੀ ਬਹਾਲ ਕਰਨ ਬਾਰੇ ਸਾਰੇ ਦਾਅਵੇ ਹਵਾ

**ਪਟਿਆਲਾ:** ਕੈਪਟਨ ਸਰਕਾਰ ਬਣਿਆਂ ਸਾਢੇ ਚਾਰ ਮਹੀਨੇ ਹੋ ਗਏ ਹਨ ਪਰ ਹਾਲੇ ਤੱਕ ਇਸ ਸਰਕਾਰ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਇਸ ਦੀ ਬਿਹਤਰੀ ਲਈ ਕੋਈ ਉਪਰਾਲਾ ਨਹੀਂ ਕੀਤਾ ਹੈ। ਚੋਣ ਵਾਅਦਿਆਂ 'ਚ ਕਾਂਗਰਸ ਨੇ ਪੰਜਾਬੀ ਲਈ ਕਈ ਮਾਅਰਕੇ ਮਾਰਨ ਦਾ ਭਰੋਸਾ ਦਿੱਤਾ ਸੀ ਪਰ ਪੰਜਾਬੀ ਭਾਸ਼ਾ ਦੀ ਸਰਕਾਰੀ ਤੇ ਅਰਧ ਸਰਕਾਰੀ ਦਫਤਰਾਂ 'ਚ ਹੁੰਦੀ ਵਰਤੋਂ ਦੇ ਜਾਇਜ਼ੇ ਲਈ ਵੀ ਜ਼ਿਲ੍ਹਾ ਤੇ ਰਾਜ ਪੱਧਰੀ ਕਮੇਟੀਆਂ ਬਣਾਉਣ ਦਾ ਮੁੱਦਾ ਹਾਲੇ ਤੱਕ ਨਹੀਂ ਚੁੱਕਿਆ ਗਿਆ। ਉਲਟਾ ਵਿਧਾਨ ਸਭਾ ਵਿਚ ਕਾਂਗਰਸੀ ਆਗੂਆਂ ਵੱਲੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਵਰਤੀ ਗਈ।

ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਵੀ ਆਪਣੇ ਅਖੀਰਲੇ ਵਰ੍ਹੇ ਹੀ ਪੰਜਾਬੀ ਦੀ ਰਾਖੀ ਤੇ ਪ੍ਰਫੁੱਲਤਾ ਲਈ ਰਾਜ ਭਾਸ਼ਾ ਸਬੰਧੀ ਅਧਿਕਾਰਤ ਕਮੇਟੀਆਂ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਬਾਅਦ ਵਿਚ ਕੈਪਟਨ ਸਰਕਾਰ ਵੱਲੋਂ ਇਹ ਕਮੇਟੀਆਂ ਸੁਰਜੀਤ ਕੀਤੇ ਜਾਣ ਦੀ ਆਸ ਸੀ।

ਭਾਸ਼ਾ ਵਿਭਾਗ, ਪੰਜਾਬ ਦੇ ਸੂਤਰਾਂ ਦਾ ਕਹਿਣਾ ਹੈ ਕਿ ਹਾਲੇ ਤੱਕ ਸਰਕਾਰ ਵੱਲੋਂ ਭਾਸ਼ਾ ਦੀਆਂ ਅਧਿਕਾਰਤ ਕਮੇਟੀ ਬਣਾਉਣ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪਿਛਲੀ ਸਰਕਾਰ ਨੇ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀਆਂ ਬਣਾਉਣ ਲਈ ਭਾਸ਼ਾ ਵਿਭਾਗ ਨੂੰ



ਅਧਿਕਾਰ ਦਿੱਤੇ ਸਨ, ਉਦੋਂ ਇਕ ਵਾਰ ਮਸੌਦਾ ਸਰਕਾਰ ਤੱਕ ਪੁੱਜਦਾ ਕਰ ਦਿੱਤਾ ਗਿਆ ਸੀ ਪਰ ਬਾਅਦ ਵਿਚ ਹੋਇਆ ਕੁਝ ਨਹੀਂ।

ਭਾਸ਼ਾ ਵਿਭਾਗ ਦੀ ਡਾਇਰੈਕਟਰ ਗੁਰਸ਼ਰਨ ਕੌਰ ਦਾ ਕਹਿਣਾ ਹੈ ਕਿ ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਵੇਰਵਾ ਤਿਆਰ ਕਰ ਕੇ ਸਰਕਾਰ ਨੂੰ ਭੇਜ ਦਿੱਤਾ ਗਿਆ ਸੀ, ਜਿਸ 'ਤੇ ਹਾਲੇ ਤੱਕ ਕੋਈ ਵਿਚਾਰ ਨਹੀਂ ਹੋਈ। ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਤੇ ਅਲੋਚਕ ਡਾ. ਤੇਜਵੰਤ ਮਾਨ ਨੇ ਕਿਹਾ ਕਿ ਪੰਜਾਬੀ ਦੀ ਰਾਖੀ, ਨਿਰੀਖਣ ਤੇ ਪ੍ਰਚਾਰ ਲਈ ਰਾਜ ਪੱਧਰੀ ਅਧਿਕਾਰਤ ਕਮੇਟੀਆਂ ਦੀ ਵੱਡੀ ਭੂਮਿਕਾ ਹੁੰਦੀ ਹੈ। ਰਾਜ ਭਾਸ਼ਾ ਸੋਧ ਐਕਟ 'ਚ ਅਜਿਹੀਆਂ ਕਮੇਟੀਆਂ ਬਣਾਉਣ ਲਈ ਸੂਬਾ ਸਰਕਾਰ ਪਾਬੰਦ ਹੈ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਵਿਰੋਧੀ ਦੇ ਰੂਪ ਵਿਚ ਪੰਜਾਬੀ ਲਈ ਗੱਲਾਂ ਹੁੰਦੀਆਂ ਹਨ ਪਰ ਸੱਤਾ ਮਿਲ ਜਾਣ 'ਤੇ ਪੰਜਾਬੀ ਭਾਸ਼ਾ ਵੱਲ ਧਿਆਨ ਨਹੀਂ ਦਿੱਤਾ ਜਾਂਦਾ।

ਭਾਸ਼ਾ ਵਿਭਾਗ, ਪੰਜਾਬ ਦੇ ਸਾਬਕਾ ਖੋਜ ਅਫਸਰ ਤੇ ਉਘੇ ਸਾਹਿਤਕਾਰ ਡਾ. ਭਗਵੰਤ ਸਿੰਘ ਦਾ ਕਹਿਣਾ ਹੈ ਕਿ ਸਰਕਾਰਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਲਈ ਸਮੂਹ ਪੰਜਾਬੀਆਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਚ ਵੀ ਪੰਜਾਬੀ ਨੂੰ ਬਚਾਉਣ ਲਈ ਵੱਡੇ ਪੱਧਰ ਉਤੇ ਯਤਨ ਕੀਤੇ ਜਾਣੇ ਚਾਹੀਦੇ ਹਨ।

## ਭਾਰਤ ਦੀਆਂ 400 ਭਾਸ਼ਾਵਾਂ ਦੀ ਹੋਂਦ ਖਤਰੇ ਵਿਚ

**ਨਵੀਂ ਦਿੱਲੀ:** ਦੁਨੀਆਂ ਭਰ ਵਿਚ ਚੱਲ ਰਹੇ ਭਾਸ਼ਾਵਾਂ ਦੇ ਸੰਕਟ ਵਿਚ ਭਾਰਤ ਦੀਆਂ 780 ਭਾਸ਼ਾਵਾਂ ਵਿਚੋਂ 400 ਨੂੰ ਅਗਲੇ ਪੰਜਾਹ ਸਾਲ ਵਿਚ ਆਪਣੀ ਹੋਂਦ ਗਵਾ ਜਾਣ ਦਾ ਖਤਰਾ ਦਰਪੇਸ਼ ਹੈ। ਇਹ ਪ੍ਰਗਟਾਵਾ ਭਾਸ਼ਾ ਵਿਗਿਆਨੀ ਗਣੇਸ਼ ਐਨ ਦਵੇ ਨੇ ਕੀਤਾ ਹੈ। ਦੁਨੀਆਂ ਦੀਆਂ 4000 ਭਾਸ਼ਾਵਾਂ ਵਿਚੋਂ ਹਾਸ਼ੀਏ ਵੱਲ ਜਾ ਰਹੀਆਂ ਭਾਸ਼ਾਵਾਂ ਵਿਚੋਂ ਭਾਰਤ ਵਿਚ ਦਸ ਫੀਸਦੀ ਭਾਸ਼ਾਵਾਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਜ਼ੋਰ ਦੇ ਕੇ ਇਹ ਗੱਲ ਵੀ ਆਖੀ ਕਿ ਅੰਗਰੇਜ਼ੀ ਤੋਂ ਭਾਰਤ ਦੀ ਕਿਸੇ ਵੀ ਪ੍ਰਮੁੱਖ ਭਾਸ਼ਾ ਨੂੰ ਖਤਰਾ ਨਹੀਂ ਹੈ। ਇਨ੍ਹਾਂ ਵਿਚ ਪੰਜਾਬੀ, ਹਿੰਦੀ, ਬਾਂਗਲਾ, ਮਰਾਠੀ ਅਤੇ ਤੇਲਗੂ, ਗੁਜਰਾਤੀ ਮਲਿਆਲਮ ਆਦਿ ਸ਼ਾਮਲ ਹਨ। ਸ੍ਰੀ ਦਵੇ ਇਥੇ ਪੀਪਲਜ਼ ਲਿੰਗੁਇਸਟਿਕ ਸਰਵੇ ਆਫ ਇੰਡੀਆ ਨੂੰ ਜਾਰੀ ਕਰਨ ਆਏ ਸਨ। ਇਸ ਦੀਆਂ ਗਿਆਰਾਂ ਸੈਂਚੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਸਰਵੇ ਦੁਨੀਆਂ ਦਾ ਸਭ ਤੋਂ ਵੱਡਾ ਭਾਸ਼ਾ ਸਰਵੇ ਹੈ। ਦੁਨੀਆਂ ਦੀਆਂ 6000 ਭਾਸ਼ਾਵਾਂ ਵਿਚੋਂ 4000 ਭਾਸ਼ਾਵਾਂ ਨੂੰ ਥੋੜ੍ਹੀਆਂ ਚੁਣੌਤੀਆਂ ਜ਼ਰੂਰ ਦਰਪੇਸ਼ ਹਨ ਪਰ ਅਸਲ ਵਿਚ ਅਗਲੇ 50 ਸਾਲਾਂ ਵਿਚ ਖਤਮ ਹੋਣ ਵਰਗਾ ਕੋਈ ਖਤਰਾ ਨਹੀਂ ਹੈ। ਇਨ੍ਹਾਂ ਚਾਰ ਹਜ਼ਾਰ ਭਾਸ਼ਾਵਾਂ ਵਿਚੋਂ ਚਾਰ ਸੌ ਭਾਸ਼ਾਵਾਂ ਭਾਰਤ ਵਿਚ ਹਨ। ਉਨ੍ਹਾਂ ਕਿਹਾ ਕਿ ਹਿੰਦੀ, ਬਾਂਗਲਾ, ਪੰਜਾਬੀ ਮਰਾਠੀ, ਕੰਨੜ, ਮਲਿਆਲਮ ਗੁਜਰਾਤੀ ਵਰਗੀਆਂ ਵੱਡੀਆਂ ਭਾਸ਼ਾਵਾਂ ਨੂੰ ਇੰਗਲਿਸ਼ ਭਾਸ਼ਾ ਤੋਂ ਕਿਸੇ ਪ੍ਰਕਾਰ ਦਾ ਕੋਈ ਖਤਰਾ ਦਰਪੇਸ਼ ਨਹੀਂ ਹੈ ਕਿਉਂਕਿ ਇਹ ਦੁਨੀਆਂ ਦੀਆਂ 30 ਵੱਡੀਆਂ ਭਾਸ਼ਾਵਾਂ ਵਿਚ ਸ਼ਾਮਲ ਹਨ। ਇਹ 30 ਭਾਸ਼ਾਵਾਂ ਕੋਈ ਇਕ ਹਜ਼ਾਰ ਸਾਲ ਤੋਂ ਵੀ ਪੁਰਾਣੀਆਂ ਹਨ। ਇਨ੍ਹਾਂ ਵਿਚ ਹਰ ਭਾਸ਼ਾ ਨੂੰ ਬੋਲਣ ਵਾਲਿਆਂ ਦੀ ਗਿਣਤੀ ਕੋਈ ਦੋ ਕਰੋੜ ਤੋਂ ਉਪਰ ਹੈ। ਇਸ ਤੋਂ ਇਲਾਵਾ ਇਨ੍ਹਾਂ ਭਾਸ਼ਾਵਾਂ ਨੂੰ ਫਿਲਮ ਉਦਯੋਗ ਦਾ ਵੀ ਆਸਰਾ ਹੈ। ਇਨ੍ਹਾਂ ਦੀ ਆਪਣੀ ਸੰਗੀਤ ਪਰੰਪਰਾ, ਸਿੱਖਿਆ ਯੋਗਤਾ ਹੈ। ਇਸ ਤੋਂ ਇਲਾਵਾ ਦੇਸ਼ ਦੀਆਂ ਕਬਾਇਲੀ ਭਾਸ਼ਾਵਾਂ ਵੀ ਵਧੀਆਂ ਫੁੱਲੀਆਂ ਹਨ। ਜਿਨ੍ਹਾਂ ਭਾਸ਼ਾਵਾਂ ਦੀ ਹੋਂਦ ਨੂੰ ਖਤਰਾ ਹੈ, ਉਹ ਵਧੇਰੇ ਕਰ ਕੇ ਭਾਰਤ ਦੇ ਸਮੁੰਦਰੀ ਕਿਨਾਰਿਆਂ ਉਤੇ ਬੋਲੀਆਂ ਜਾਂਦੀਆਂ ਹਨ।

# ਸਰਦਾਰ ਲਈ ਖੇਲ ਰਤਨ, ਹਰਮਨ ਤੇ ਖੁਸ਼ਬੀਰ ਨੂੰ ਅਰਜੁਨ ਐਵਾਰਡ ਦੀ ਸਿਫਾਰਸ਼

**ਨਵੀਂ ਦਿੱਲੀ:** ਚੋਣ ਕਮੇਟੀ ਨੇ ਮੁਲਕ ਦੇ ਸਭ ਤੋਂ ਵੱਡੇ ਖੇਡ ਸਨਮਾਨ 'ਰਾਜੀਵ ਗਾਂਧੀ ਖੇਲ ਰਤਨ' ਲਈ ਦੋ ਖਿਡਾਰੀਆਂ ਪੈਰਾਲੰਪੀਅਨ ਦੇਵੇਂਦਰ ਝਾਜੜੀਆ ਤੇ ਹਾਕੀ ਖਿਡਾਰੀ ਸਰਦਾਰ ਸਿੰਘ ਦੇ ਨਾਂ ਦੀ ਸਿਫਾਰਸ਼ ਕੀਤੀ ਹੈ। ਝਾਜੜੀਆ ਦਾ ਨਾਂ ਪਹਿਲੀ ਤਰਜੀਹ ਜਦਕਿ ਸਰਦਾਰ ਦਾ ਨਾਂ ਦੂਜੀ ਤਰਜੀਹ ਵਜੋਂ ਭੇਜਿਆ ਗਿਆ ਹੈ।

ਅਰਜੁਨ ਐਵਾਰਡ ਲਈ ਕੀਤੀ ਸਿਫਾਰਸ਼ ਵਿਚ ਪੰਜਾਬ ਦੇ ਮੋਗਾ ਜ਼ਿਲ੍ਹੇ ਨਾਲ ਸਬੰਧਤ ਕ੍ਰਿਕਟ ਖਿਡਾਰਨ ਹਰਮਨਪ੍ਰੀਤ ਕੌਰ, ਕ੍ਰਿਕਟਰ ਚੇਤੇਸ਼ਵਰ ਪੁਜਾਰਾ, ਕਬੱਡੀ ਖਿਡਾਰੀ ਜਸਵੀਰ ਸਿੰਘ, ਅਥਲੀਟ ਖੁਸ਼ਬੀਰ ਕੌਰ, ਮੁੱਕੇਬਾਜ਼ ਐਲ. ਦੇਵੇਂਦਰੋ ਸਿੰਘ, ਹਾਕੀ ਖਿਡਾਰੀ ਐਸ.ਵੀ. ਸੁਨੀਲ ਆਦਿ ਸਮੇਤ ਕੁੱਲ 17 ਖਿਡਾਰੀਆਂ ਦੇ ਨਾਮ ਖੇਡ ਮੰਤਰਾਲੇ ਨੂੰ ਭੇਜੇ ਗਏ ਹਨ। ਮੰਤਰਾਲੇ ਵੱਲੋਂ ਇਨ੍ਹਾਂ ਨਾਂਵਾਂ ਬਾਰੇ ਅੰਤਿਮ ਫੈਸਲਾ ਅਗਲੇ ਕੁਝ ਦਿਨਾਂ 'ਚ ਲਿਆ ਜਾਵੇਗਾ। ਚੋਣ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ ਨਾਲ ਜੈਵਲਿਨ ਥਰੋਅ ਝਾਜੜੀਆ ਪਹਿਲਾ ਪੈਰਾਲੰਪੀਅਨ ਅਥਲੀਟ ਬਣ ਗਿਆ ਹੈ ਜਿਸ ਦਾ ਨਾਂ ਮੁਲਕ ਦੇ ਸਿਖਰਲੇ ਖੇਡ ਸਨਮਾਨ ਲਈ ਸਿਫਾਰਸ਼ ਕੀਤਾ ਗਿਆ ਹੈ। 31 ਸਾਲਾ ਹਾਕੀ ਖਿਡਾਰੀ ਤੇ ਸਾਬਕਾ ਕਪਤਾਨ ਸਰਦਾਰ ਸਿੰਘ ਨੂੰ ਵਿਸ਼ਵ ਦੇ ਬਿਹਤਰੀਨ ਮਿਡ ਫਿਲਡਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਚੋਣ ਕਮੇਟੀ ਦੀ ਮੀਟਿੰਗ ਦੌਰਾਨ ਹਾਕੀ ਖਿਡਾਰੀ 'ਤੇ ਜਿਣਸੀ ਸ਼ੋਸ਼ਣ ਦੇ ਲੱਗੇ ਦੋਸ਼ਾਂ ਨੂੰ ਲੈ ਕੇ ਵੀ ਚਰਚਾ ਹੋਈ, ਪਰ ਸਰਦਾਰ ਦੀਆਂ ਪ੍ਰਾਪਤੀਆਂ ਕਰ ਕੇ ਕਮੇਟੀ ਮੈਂਬਰਾਂ ਲਈ ਉਸ ਦੇ ਨਾਂ ਨੂੰ ਨਜ਼ਰ ਅੰਦਾਜ਼ ਕਰਨਾ ਮੁਸ਼ਕਲ ਹੋ ਗਿਆ।

ਇਸ ਦੌਰਾਨ ਅਰਜੁਨ ਐਵਾਰਡ ਲਈ ਜਿਨ੍ਹਾਂ ਖਿਡਾਰੀਆਂ ਦੇ ਨਾਂ ਦੀ ਸਿਫਾਰਸ਼ ਕੀਤੀ ਗਈ ਹੈ, ਉਨ੍ਹਾਂ ਵਿਚ ਵੀ.ਜੇ. ਸੁਰੇਖਾ (ਤੀਰਅੰਦਾਜ਼ੀ), ਅਰੋਕਿਨ ਰਾਜੀਵ (ਅਥਲੈਟਿਕਸ), ਪ੍ਰਸ਼ਾਂਤੀ ਸਿੰਘ (ਬਾਸਕਟਬਾਲ), ਓਇਨਮ ਬੈਮਬੈਮ ਦੇਵੀ (ਫੁੱਟਬਾਲ), ਐਸ.ਐਸ.ਪੀ. ਚੌਰਸੀਆ (ਗੋਲਫ), ਪੀ.ਐਨ. ਪ੍ਰਕਾਸ਼ (ਸ਼ੂਟਿੰਗ), ਏ.ਅਮਲਰਾਜ (ਟੇਬਲ ਟੈਨਿਸ), ਸਾਕੇਤ ਮਾਇਨੇਨੀ (ਟੈਨਿਸ), ਸੱਤਿਆਵਰਤ ਕਾਦਿਆਨ (ਕੁਸ਼ਤੀ), ਮਰੀਅੱਪਨ ਥਾਂਗਾਵੇਲ (ਪੈਰਾਅਥਲੀਟ) ਤੇ ਵਰੁਣ ਭੱਟ (ਪੈਰਾ ਅਥਲੀਟ) ਸ਼ਾਮਲ ਹਨ।

## ਕੈਪਟਨ ਨੇ ਕ੍ਰਿਕਟ ਖਿਡਾਰਨ ਹਰਮਨ ਨੂੰ ਲਾਇਆ ਡੀ.ਐਸ.ਪੀ.

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕ੍ਰਿਕਟ ਖਿਡਾਰਨ ਹਰਮਨਜੀਤ ਕੌਰ ਨੂੰ ਡੀ.ਐਸ.ਪੀ. ਦੇ ਅਹੁਦੇ ਲਈ ਨੌਕਰੀ ਪੱਤਰ ਦਿੱਤਾ। ਉਨ੍ਹਾਂ ਹਰਮਨਜੀਤ ਨੂੰ ਤੋਹਫੇ ਵਜੋਂ ਐਲਾਨ ਕੀਤਾ ਪੰਜ ਲੱਖ ਰੁਪਏ ਦਾ ਚੈੱਕ ਵੀ ਦਿੱਤਾ। ਇਸ ਮੌਕੇ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਤੇ ਹਰਮਨਜੀਤ ਕੌਰ ਦੇ ਪਿਤਾ ਵੀ ਹਾਜ਼ਰ ਸਨ। ਕੈਪਟਨ ਨੇ ਮਹਿਲਾ ਕ੍ਰਿਕਟ ਵਿਸ਼ਵ ਕੱਪ 'ਚ ਕਮਾਲ ਕਰਨ ਵਾਲੀ ਮੋਗੇ ਦੀ ਰਹਿਣ ਵਾਲੀ ਹਰਮਨਪ੍ਰੀਤ ਕੌਰ ਨੂੰ ਡੀ.ਐਸ.ਪੀ. ਅਹੁਦੇ ਲਈ ਨੌਕਰੀ ਪੱਤਰ ਦਿੱਤਾ। ਹਰਮਨਪ੍ਰੀਤ ਕੌਰ ਨੇ ਹਾਲ ਹੀ 'ਚ ਖਤਮ ਹੋਏ ਮਹਿਲਾ ਵਿਸ਼ਵ ਕੱਪ ਵਿਚ ਆਪਣੀ ਬੱਲੇਬਾਜ਼ੀ ਦੇ ਦਮ 'ਤੇ ਭਾਰਤ ਨੂੰ ਫਾਈਨਲ ਵਿਚ ਪਹੁੰਚਾਇਆ ਸੀ। ਹਰਮਨ ਨੇ ਸੈਮੀਫਾਈਨਲ 'ਚ 115 ਗੇਂਦਾਂ ਉਤੇ 171 ਦੌੜਾਂ ਦੀ ਪਾਰੀ ਸਦਕਾ ਭਾਰਤ 6 ਵਾਰ ਦੀ ਚੈਂਪੀਅਨ ਆਸਟਰੇਲੀਆ ਨੂੰ ਹਰਾਉਣ ਵਿਚ ਸਫਲ ਰਿਹਾ ਸੀ। ਇਸ ਤੋਂ ਬਿਨਾਂ ਹਰਮਨ ਨੇ ਫਾਈਨਲ 'ਚ ਵੀ 51 ਦੌੜਾਂ ਦੀ ਪਾਰੀ ਖੇਡ ਸਭ ਦਾ ਦਿਲ ਜਿੱਤਿਆ ਸੀ।



# ਕੈਪਟਨ ਸਰਕਾਰ ਵੱਲੋਂ ਕਰਜ਼ਾ ਮੁਆਫੀ ਲਈ ਤਿਲੰਗਾਨਾ ਮਾਡਲ ਦਾ ਸਹਾਰਾ

**ਚੰਡੀਗੜ੍ਹ:** ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਕਰਜ਼ਾ ਮੁਆਫੀ ਦਾ ਪਹਿਲਾ ਐਲਾਨ ਹੀ ਪੰਜਾਬ ਸਰਕਾਰ ਦੀ ਕਮਜ਼ੋਰ ਵਿੱਤੀ ਹਾਲਤ ਕਾਰਨ ਮੁਸੀਬਤ ਬਣਿਆ ਹੋਇਆ ਹੈ। ਸੂਬਾ ਸਰਕਾਰ ਨੇ ਨੋਟੀਫਿਕੇਸ਼ਨ ਕਰਨ ਤੋਂ ਪਹਿਲਾਂ ਤਿਲੰਗਾਨਾ ਸਰਕਾਰ ਵੱਲੋਂ 2014 ਵਿਚ ਕੀਤੇ ਕਰਜ਼ ਮੁਆਫੀ ਦੇ ਮਾਡਲ ਦਾ ਅਧਿਐਨ ਕਰਨ ਦਾ ਫੈਸਲਾ ਕੀਤਾ ਹੈ। ਇਸ ਮਕਸਦ ਲਈ ਦੋ ਸੀਨੀਅਰ ਅਧਿਕਾਰੀ ਹੈਦਰਾਬਾਦ ਗਏ ਹਨ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਆਰ.ਬੀ.ਆਈ. ਨਾਲ ਗੱਲਬਾਤ ਦੌਰਾਨ ਲਗਭਗ ਦਸ ਹਜ਼ਾਰ ਕਰੋੜ ਰੁਪਏ ਹੋਰ ਉਧਾਰ ਲੈਣ ਦੀ ਇਜਾਜ਼ਤ ਮੰਗੀ ਗਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 19 ਜੂਨ ਨੂੰ ਵਿਧਾਨ ਸਭਾ ਵਿਚ ਕੀਤੇ ਐਲਾਨ ਮੁਤਾਬਕ ਲਗਭਗ 9500 ਕਰੋੜ ਰੁਪਏ ਤੱਕ ਕਰਜ਼ਾ ਮੁਆਫ ਹੋਵੇਗਾ। ਸਰਕਾਰ ਨੇ ਬਜਟ ਵਿਚ 1500 ਕਰੋੜ ਰੁਪਏ ਦੀ ਤਜਵੀਜ਼ ਰੱਖੀ ਹੈ। ਤਿਲੰਗਾਨਾ ਸਰਕਾਰ ਨੇ 31 ਮਾਰਚ 2014 ਤੱਕ ਦੇ ਹਰ ਕਿਸਾਨ ਪਰਿਵਾਰ ਦਾ ਇਕ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਹਦਾਇਤਾਂ ਜਾਰੀ ਕਰ ਕੇ ਪੂਰੇ ਮਾਮਲਾ ਬੈਂਕਾਂ ਉਤੇ ਛੱਡ ਦਿੱਤਾ ਸੀ।

ਸਟੇਟ ਲੈਵਲ ਬੈਂਕਰਜ਼ ਕਮੇਟੀ ਨਾਲ ਗੱਲਬਾਤ ਕਰ ਕੇ ਹਰ ਬੈਂਕ ਦੀ ਸਥਾਨਕ ਸ਼ਾਖਾ ਨੂੰ ਕਰਜ਼ੇ ਦੇ ਦਾਇਰੇ ਵਿਚ ਆਉਣ ਵਾਲੇ ਕਿਸਾਨਾਂ ਦੇ ਖਾਤਿਆਂ ਦਾ ਹਿਸਾਬ ਲਗਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਸੀ। ਫਿਰ ਇਸ ਦੀ ਤਸਦੀਕ ਲੋਕਾਂ ਅਤੇ ਸਬੰਧਤ ਤਹਿਸੀਲਦਾਰ ਤੋਂ ਵੀ ਕਰਵਾਉਣ ਦਾ ਫੈਸਲਾ ਕੀਤਾ। ਇਸ ਹਿਸਾਬ-ਕਿਤਾਬ ਤੋਂ ਬਾਅਦ ਸਬੰਧਤ ਬੈਂਕ, ਸਰਕਾਰ ਤੋਂ ਆਪਣੇ ਵੱਲੋਂ ਮੁਆਫ ਕੀਤੇ ਪੈਸੇ ਦੀ ਰਾਸ਼ੀ ਮੰਗਣ ਦਾ ਦਾਅਵਾ ਕਰਦਾ ਸੀ। ਤਿਲੰਗਾਨਾ ਦੀ ਸਕੀਮ ਦੀ ਵਿਸਥਾਰਤ ਜਾਣਕਾਰੀ ਲੈਣ ਲਈ ਵਧੀਕ ਮੁੱਖ ਸਕੱਤਰ ਸਹਿਕਾਰਤਾ ਡੀ.ਪੀ. ਰੈਡੀ ਅਤੇ ਖੇਤੀਬਾੜੀ ਕਮਿਸ਼ਨਰ ਬਲਵਿੰਦਰ ਸਿੰਘ ਸਿੱਧੂ ਹੈਦਰਾਬਾਦ ਗਏ ਹਨ।

ਕਰਜ਼ੇ ਦੀ ਰਾਸ਼ੀ ਨਾ ਮੋੜਨ ਕਰ ਕੇ ਕਿਸਾਨਾਂ ਨੂੰ ਅੱਗੋਂ ਕਰਜ਼ਾ ਨਾ ਮਿਲਣ ਦੇ ਮਾਮਲੇ ਦਾ ਹੱਲ ਵੀ ਤਿਲੰਗਾਨਾ ਸਰਕਾਰ ਨੇ ਬਾਖੂਬੀ ਕਰ ਲਿਆ ਸੀ। ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕਰਜ਼ ਮੁਆਫੀ ਦੇ ਨੋਟੀਫਿਕੇਸ਼ਨ ਤੋਂ ਬਾਅਦ ਕਰਜ਼ਾ ਮੁਆਫੀ ਵਾਲੇ ਕਿਸਾਨ ਬੈਂਕਾਂ ਤੋਂ ਨਵਾਂ ਫਸਲ ਲਈ ਕਰਜ਼ਾ ਲੈਣ ਦੇ ਹੱਕਦਾਰ ਹੋ ਗਏ। ਪੰਜਾਬ ਸਰਕਾਰ ਨੇ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਤਾਂ ਕਰ ਦਿੱਤਾ ਹੈ ਪਰ ਇਸ ਦਾ ਵੀ ਢੰਗ ਤਰੀਕਾ ਅਜੇ ਖੋਜਿਆ ਜਾਣਾ ਹੈ। ਖੇਤ ਮਜ਼ਦੂਰਾਂ ਦੇ ਤਾਂ ਅੰਕੜੇ ਇਕੱਠੇ ਕਰਨ ਦਾ ਵੀ ਕੋਈ ਠੋਸ ਬੰਦੋਬਸਤ ਨਹੀਂ ਕੀਤਾ ਜਾ ਰਿਹਾ ਹੈ। ਕਰਜ਼ਾ ਮੁਆਫੀ ਦੀ ਪਹਿਲੀ ਕਿਸ਼ਤ ਡਾ. ਟੀ. ਹੱਕ ਦੀ ਅਗਵਾਈ ਵਾਲੀ ਕਮੇਟੀ ਦੀ ਅੰਤ੍ਰਿਮ ਰਿਪੋਰਟ ਦੇ ਆਧਾਰ ਉਤੇ ਐਲਾਨੀ ਗਈ ਸੀ।



## ਖੇਤੀ ਜ਼ਮੀਨਾਂ ਦੀਆਂ ਕੁਰਕੀਆਂ ਬਾਰੇ ਹਾਈ ਕੋਰਟ ਦਾ ਹੁਕਮ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਉਹ ਕਾਰੋਬਾਰੀ ਬੈਂਕਾਂ ਅਤੇ ਆੜ੍ਹਤੀਆਂ ਵੱਲੋਂ ਹਾਸਲ ਅਦਾਲਤੀ ਹੁਕਮਾਂ ਤਹਿਤ ਕਿਸਾਨਾਂ ਦੀ ਖੇਤੀਬਾੜੀ ਜ਼ਮੀਨ ਤੇ ਟਰੈਕਟਰਾਂ ਨੂੰ ਕੁਰਕ ਕੀਤੇ ਜਾਣ ਦੀ ਸਮੱਸਿਆ ਦਾ ਹੱਲ ਕਰੇ। ਇਸ ਸੁਝਾਅ 'ਤੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਇਹ ਮਾਮਲਾ ਪੂਰੀ ਸੰਜੀਦਗੀ ਨਾਲ ਵਿਚਾਰਿਆ ਜਾਵੇਗਾ।

## ਸਾਰਾ ਦਾਰੋਮਦਾਰ ਕੇਂਦਰ ਸਰਕਾਰ ਦੀ ਸਹਿਮਤੀ 'ਤੇ


**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਕਿਸਾਨਾਂ ਸਬੰਧੀ ਕਰਜ਼ਾ ਮੁਆਫੀ ਸਕੀਮ ਦਾ ਸਾਰਾ ਦਾਰੋਮਦਾਰ ਕੇਂਦਰ ਸਰਕਾਰ ਦੀ ਸਹਿਮਤੀ 'ਤੇ ਟਿਕਿਆ ਹੈ। ਕੇਂਦਰ ਵੱਲੋਂ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ' ਵਿਚ ਛੋਟ ਦੇਣ ਨਾਲ ਹੀ ਪੰਜਾਬ ਸਰਕਾਰ ਨੂੰ ਕਰਜ਼ਾ ਮਿਲਣ ਦਾ ਰਾਹ ਖੁੱਲ੍ਹ ਸਕਦਾ ਹੈ। ਮੌਜੂਦਾ ਸਮੇਂ ਬਜਟ ਦੇ ਅਕਾਰ ਅਨੁਸਾਰ ਤਿੰਨ ਫੀਸਦੀ ਕਰਜ਼ਾ ਲਿਆ ਜਾ ਸਕਦਾ ਹੈ ਤੇ ਇਹ ਪਹਿਲਾਂ ਹੀ ਲਿਆ ਜਾ ਚੁੱਕਾ ਹੈ। ਪੰਜਾਬ ਸਰਕਾਰ ਹੋਰ ਦਸ ਹਜ਼ਾਰ ਕਰੋੜ ਰੁਪਏ ਕਰਜ਼ਾ ਲੈਣਾ ਚਾਹੁੰਦੀ ਹੈ, ਜਿਸ ਨਾਲ ਕੌਮੀਕ੍ਰਿਤ ਬੈਂਕਾਂ ਦਾ ਫਸਲੀ ਕਰਜ਼ਾ ਮੋੜਿਆ ਜਾ ਸਕੇ। ਪੰਜ ਏਕੜ ਤੱਕ ਦੀ ਜ਼ਮੀਨ ਵਾਲੇ ਕਿਸਾਨਾਂ ਦਾ ਖੇਤੀ ਕਰਜ਼ਾ ਛੇ ਹਜ਼ਾਰ ਕਰੋੜ ਰੁਪਏ ਦੇ ਕਰੀਬ ਹੈ। ਸਹਿਕਾਰੀ ਬੈਂਕਾਂ ਦੇ 3600 ਕਰੋੜ ਦੇ ਕਰਜ਼ੇ ਦਾ ਪ੍ਰਬੰਧ ਕਰਨ ਦੀ ਪ੍ਰਕਿਰਿਆ ਜਾਰੀ ਹੈ ਤੇ ਇਹ ਕਰਜ਼ਾ ਜਲਦੀ ਮਿਲ ਜਾਵੇਗਾ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ ਸੂਬੇ ਦੀ ਪਿਛਲੀ ਅਕਾਲੀ-ਭਾਜਪਾ ਸਰਕਾਰ ਨੂੰ ਇਸ ਐਕਟ ਵਿਚ ਛੋਟ ਦਿੱਤੀ ਸੀ ਤੇ ਇਸੇ ਕਰ ਕੇ ਕੇਂਦਰੀ ਵਜ਼ਾਰਤ ਨੇ ਸੂਬੇ ਦੇ ਅਨਾਜ ਖਾਤੇ ਦੇ 31,000 ਕਰੋੜ ਰੁਪਏ ਨੂੰ ਕਰਜ਼ੇ ਵਿਚ ਬਦਲਣ ਦੀ ਪ੍ਰਵਾਨਗੀ ਦਿੱਤੀ ਸੀ। ਇਸ ਪੈਸੇ ਨੂੰ ਕਾਂਗਰਸ ਨੇ ਸਕੈਂਡਲ ਵਜੋਂ ਪ੍ਰਚਾਰਿਆ।

## ਕਾਂਗਰਸ ਸਰਕਾਰ ਨੇ ਲੋਕਾਂ ਨੂੰ ਗੁੰਮਰਾਹ ਕੀਤਾ: ਬਾਦਲ



**ਲੁਧਿਆਣਾ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਕੇ ਧੋਖੇ ਨਾਲ ਸਰਕਾਰ ਬਣਾਈ ਹੈ। ਇਸ ਲਈ ਲੋਕ ਸਮਾਂ ਆਉਣ 'ਤੇ ਕਾਂਗਰਸ ਨੂੰ ਕਰਾਰਾ ਜਵਾਬ ਦੇਣਗੇ। ਚੋਣਾਂ ਤੋਂ ਪਹਿਲਾਂ ਕੈਪਟਨ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਵਿਚੋਂ ਇਕ ਵੀ ਪੂਰਾ ਨਹੀਂ ਹੋਇਆ, ਜਿਸ ਕਾਰਨ ਲੋਕਾਂ ਵਿਚ ਸਰਕਾਰ ਪ੍ਰਤੀ ਰੋਸ ਹੈ।

## ਗੁੱਤਾਂ ਵੱਢਣ ਵਾਲੇ 'ਭੂਤ' ਦੀ ਦਹਿਸ਼ਤ



**ਨਵੀਂ ਦਿੱਲੀ:** ਭਾਰਤ ਵਿਚ ਗੁੱਤ ਵੱਢਣ ਦੇ ਵਧੇ ਮਾਮਲਿਆਂ ਕਾਰਨ ਦਹਿਸ਼ਤ ਦਾ ਮਾਹੌਲ ਹੈ। ਦਿੱਲੀ, ਹਰਿਆਣਾ, ਰਾਜਸਥਾਨ ਤੇ ਉਤਰ ਪ੍ਰਦੇਸ਼ ਵਿਚ ਕੁਝ ਔਰਤਾਂ ਨੇ ਦਾਅਵਾ ਕੀਤਾ ਕਿ ਅਚਾਨਕ ਇਕ ਪਰਛਾਵੇਂ ਨੇ ਉਨ੍ਹਾਂ ਦੇ ਵਾਲ ਕੱਟ ਲਏ। ਹੁਣ ਪੰਜਾਬ ਵਿਚ ਵੀ ਇਹ ਵਾਰਦਾਤਾਂ ਵਾਪਰਨ ਦੀਆਂ ਖਬਰਾਂ ਪਿਛੋਂ ਲੋਕ ਰਾਤ ਨੂੰ ਪਹਿਰਾ ਦੇਣ ਲੱਗੇ ਹਨ। ਗੁੱਤ ਤੇ ਵਾਲ ਕੱਟਣ ਦੇ ਦਿੱਲੀ ਵਿਚ ਤਿੰਨ, ਹਰਿਆਣਾ 'ਚ 17, ਮਥੁਰਾ ਵਿਚ ਛੇ ਮਾਮਲੇ ਸਾਹਮਣੇ ਆਏ ਹਨ।

ਪੁਲਿਸ ਪ੍ਰਸ਼ਾਸਨ ਨੇ ਲੋਕਾਂ ਨੂੰ ਅਫਵਾਹਾਂ ਨੂੰ ਨਜ਼ਰ ਅੰਦਾਜ਼ ਕਰਨ ਦੀ ਅਪੀਲ ਕੀਤੀ ਹੈ ਪਰ ਡਰ ਕਾਰਨ ਲੋਕ ਰਾਤ ਭਰ ਨਿਗਰਾਨੀ ਕਰਦੇ ਹਨ। ਦਿੱਲੀ ਦੀ ਸਰਹੱਦ 'ਤੇ ਮਹਿਲਾਵਾਂ ਨੇ ਵੀ ਨਿਗਰਾਨੀ ਕਰਨੀ ਸ਼ੁਰੂ ਕਰ ਦਿੱਤੀ ਹੈ। ਗੁੜਗਾਉਂ ਦੀ ਦੇਵੀ ਲਾਲ ਬਸਤੀ ਦੇ ਲੋਕਾਂ ਅਨੁਸਾਰ ਦੋ ਦਿਨ ਵਿਚ ਗੁੱਤ ਕੱਟਣ ਦੀਆਂ ਪੰਜ ਘਟਨਾਵਾਂ ਸਾਹਮਣੇ ਆਈਆਂ ਹਨ। ਪੁਲਿਸ ਅਨੁਸਾਰ ਵਾਲ ਕੱਟਣ ਸਬੰਧੀ ਵੱਖ ਵੱਖ ਬਿਆਨ ਆ ਰਹੇ ਹਨ। ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ 'ਚ ਇਕ ਮਹਿਲਾ ਨੇ ਦਾਅਵਾ ਕੀਤਾ ਹੈ ਕਿ ਇਕ ਪਰਛਾਵੇਂ ਨੇ ਉਸ ਦੇ ਵਾਲ ਕੱਟ ਦਿੱਤੇ। ਲੋਕਾਂ ਦੇ ਦੱਸਣ ਅਨੁਸਾਰ ਅੱਠ ਤੋਂ ਵੱਧ ਵਾਰਦਾਤਾਂ ਹੋ ਚੁੱਕੀਆਂ ਹਨ। ਪ੍ਰਸ਼ਾਸਨ ਨੇ ਇਹ ਐਲਾਨ ਕੀਤਾ ਕਿ ਵਾਲ ਕੱਟਣ ਵਾਲੇ ਨੂੰ ਫੜਨ ਵਾਲੇ ਨੂੰ 15 ਅਗਸਤ ਨੂੰ ਸਨਮਾਨਤ ਕੀਤਾ ਜਾਵੇਗਾ। ਉਤਰ ਪ੍ਰਦੇਸ਼ ਦੇ ਪਿੰਡ ਨਗਲਾ ਸ਼ੀਸ਼ਰਾਮ ਵਿਚ ਵੀ ਇਕ ਬਜ਼ੁਰਗ ਔਰਤ ਪ੍ਰੇਮਾਵਤੀ ਦੇ ਵਾਲ ਕੱਟੇ ਗਏ। ਪਰਿਵਾਰ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਵਾਲ ਇਕ ਪਰਛਾਵੇਂ ਨੇ ਕੱਟ ਲਏ।

### ਸੱਚਾਈ ਪਤਾ ਕਰੇ ਸਰਕਾਰ: ਬਡੂੰਗਰ

**ਫਤਹਿਗੜ੍ਹ ਸਾਹਿਬ:** ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਗੁੱਤਾਂ ਅਤੇ ਵਾਲ ਕੱਟਣ ਦੀ ਹੋ ਰਹੀਆਂ ਕਾਰਵਾਈਆਂ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸੂਬਾ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਅਜਿਹੇ ਲੋਕਾਂ ਦੀ ਸ਼ਨਾਖਤ ਕਰ ਕੇ ਪੂਰੇ ਮਾਮਲੇ ਦਾ ਪਰਦਾਫਾਸ਼ ਕਰਨ ਤਾਂ ਜੋ ਲੋਕ ਵਹਿਮਾਂ ਭਰਮਾ ਦੇ ਜਾਲ ਵਿਚ ਨਾ ਫਸਣ। ਉਨ੍ਹਾਂ ਕਿਹਾ ਕਿ ਅਜਿਹੇ ਵਹਿਮ ਭਰਮ ਫੈਲਾਉਣ ਵਾਲੇ ਲੋਕਾਂ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

## ਅਫਸਰਸ਼ਾਹੀ ਦੀ ਖਹਿਬਾਜ਼ੀ ਬਣੀ ਕੈਪਟਨ ਲਈ ਵੰਗਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਫਤਰ ਨਾਲ ਜੁੜੇ ਤਾਜ਼ਾ ਵਿਵਾਦ ਪਿੱਛੇ ਸੂਬੇ ਦੇ ਦੋ ਸੀਨੀਅਰ ਆਈ. ਏ. ਐਸ. ਅਧਿਕਾਰੀਆਂ ਦੀ ਭੂਮਿਕਾ ਸਾਹਮਣੇ ਆਈ ਹੈ। ਸੂਤਰਾਂ ਮੁਤਾਬਕ ਇਨ੍ਹਾਂ ਦੋਹਾਂ ਅਫਸਰਾਂ ਨੇ ਹੀ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਖਿਲਾਫ਼ ਅਦਾਲਤ ਵਿਚ ਜਨਹਿੱਤ ਪਟੀਸ਼ਨ ਦਾਇਰ ਕਰਨ ਦਾ ਮੁੱਢ ਬੰਨ੍ਹਿਆ। ਇਹ ਜਾਣਕਾਰੀ ਮੁੱਖ ਮੰਤਰੀ ਤੱਕ ਪਹੁੰਚਾ ਦਿੱਤੀ ਗਈ ਹੈ ਅਤੇ ਉਨ੍ਹਾਂ ਨੇ ਆਈ.ਏ.ਐਸ. ਅਧਿਕਾਰੀਆਂ ਦੀ ਹਰਕਤ ਨੂੰ ਗੰਭੀਰਤਾ ਨਾਲ ਲਿਆ ਹੈ।

ਸਰਕਾਰ 'ਚ ਛਿੜੇ ਤਾਜ਼ਾ ਰੱਫੜ ਨੂੰ ਹੱਲ ਕਰਨ ਲਈ ਮੁੱਖ ਮੰਤਰੀ ਨੇ ਖੁਦ ਕਮਾਨ ਸੰਭਾਲੀ ਅਤੇ ਸੁਰੇਸ਼ ਕੁਮਾਰ ਨਾਲ ਮੀਟਿੰਗ ਕੀਤੀ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਆਪਣੇ ਦਫਤਰ ਨਾਲ ਜੁੜੇ ਵਿਵਾਦ ਨੂੰ ਸ਼ਹਿ ਦੇਣ ਵਾਲੇ ਅਫਸਰਾਂ ਤੇ ਹੋਰ ਵਿਅਕਤੀਆਂ ਖਿਲਾਫ਼ ਕਾਰਵਾਈ ਕਰਨ ਅਤੇ ਵਰਜਣ ਦਾ ਭਰੋਸਾ ਦੇਣ ਬਾਅਦ ਮੁੱਖ ਪ੍ਰਮੁੱਖ ਸਕੱਤਰ ਨੇ ਕੰਮ ਸੰਭਾਲ ਲਿਆ। ਕੁਝ ਅਫਸਰਾਂ ਖਿਲਾਫ਼ ਕਾਰਵਾਈ ਦੇ ਵੀ ਆਸਾਰ ਹਨ। ਮੁੱਖ ਮੰਤਰੀ ਨੇ ਐਡਵੋਕੇਟ ਜਨਰਲ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਪਟੀਸ਼ਨ ਉਤੇ ਠੋਸ ਤਰੀਕੇ ਨਾਲ ਕਾਨੂੰਨੀ ਲੜਾਈ ਲੜਨ ਦੀ ਹਦਾਇਤ ਕੀਤੀ ਹੈ। ਇਸ ਪਟੀਸ਼ਨ ਬਾਅਦ ਪੈਦਾ ਹੋਏ ਸੰਕਟ ਨਾਲ ਸਰਕਾਰ ਦੇ ਸਿਖਰਲੇ ਦਫਤਰ ਵਿਚ ਧੜੇਬੰਦੀ ਜੱਗ ਜ਼ਾਹਿਰ ਹੋ ਗਈ ਹੈ। ਕੈਪਟਨ ਅਮਰਿੰਦਰ ਸਿੰਘ ਨਾਲ ਸਲਾਹਕਾਰਾਂ, ਸਿਆਸੀ ਸਕੱਤਰਾਂ ਤੇ ਓ.ਐਸ.ਡੀਜ਼. ਦੀ ਵੱਡੀ ਫੌਜ ਤਾਇਨਾਤ ਹੈ। ਮੁੱਖ ਮੰਤਰੀ ਦਫਤਰ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਿਆਸੀ ਅਹੁਦੇਦਾਰਾਂ ਵੱਲੋਂ ਸਰਕਾਰੀ ਕੰਮਾਂ 'ਚ ਰੁਕਾਵਟਾਂ ਹੀ ਖੜ੍ਹੀਆਂ ਨਹੀਂ ਕੀਤੀਆਂ ਜਾਂਦੀਆਂ ਸਗੋਂ ਆਪੋ-ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਵੀ ਹੱਥ ਪੈਰ ਮਾਰੇ ਜਾ ਰਹੇ ਹਨ। ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਤੱਕ ਇਹ ਜਾਣਕਾਰੀ ਪਹੁੰਚਾਈ ਜਾ ਰਹੀ ਹੈ ਕਿ ਸਲਾਹਕਾਰਾਂ ਤੇ ਹੋਰ ਸਿਆਸੀ ਅਹੁਦੇਦਾਰਾਂ ਦੇ ਕੰਮ ਢੰਗ ਅਤੇ ਸੀਨੀਅਰ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ 'ਚ ਗਲਤਾਨ ਹੋਣ ਕਾਰਨ ਜਨਤਕ ਪੱਧਰ 'ਤੇ ਸਰਕਾਰ ਦਾ ਅਕਸ ਵਿਗੜ ਰਿਹਾ ਹੈ। ਇਸੇ ਕਾਰਨ ਕਿ ਮੁੱਖ ਮੰਤਰੀ ਦਫਤਰ ਅੰਦਰ ਟਕਰਾਅ ਦਾ ਮਾਹੌਲ ਬਣ ਗਿਆ।

## ਮੁਤਵਾਜ਼ੀ ਜਥੇਦਾਰਾਂ ਵੱਲੋਂ ਪਾਠੀ ਸਿੰਘਾਂ ਦੇ ਘੋਲ ਦੀ ਹਮਾਇਤ

**ਬਠਿੰਡਾ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਪਾਠੀਆਂ ਵੱਲੋਂ ਘੱਟ ਤਨਖਾਹਾਂ ਦੇ ਮੁੱਦੇ 'ਤੇ ਕੀਤੇ ਜਾ ਰਹੇ ਸੰਘਰਸ਼ ਦੀ ਮੁਤਵਾਜ਼ੀ ਜਥੇਦਾਰਾਂ ਨੇ ਹਮਾਇਤ ਕੀਤੀ ਹੈ।

ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਦੇ ਵੀ ਪਾਠੀਆਂ ਬਾਰੇ ਨਹੀਂ ਸੋਚਿਆ ਕਿ ਉਹ ਕਿਸ ਤਰ੍ਹਾਂ ਬਹੁਤ ਘੱਟ ਤਨਖਾਹ ਨਾਲ ਆਪਣਾ ਜੀਵਨ ਨਿਰਬਾਹ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਪਾਠੀਆਂ ਦੀ ਤਨਖਾਹ ਵਿਚ ਵਾਧੇ ਦੇ ਨਾਲ-ਨਾਲ ਉਨ੍ਹਾਂ ਲਈ ਬਿਹਤਰ ਸਿਹਤ ਸੇਵਾਵਾਂ, ਉਨ੍ਹਾਂ ਦੇ ਬੱਚਿਆਂ ਲਈ ਮੁਫਤ ਮਿਆਰੀ ਸਿੱਖਿਆ ਅਤੇ ਹੋਰ ਸਹੂਲਤਾਂ ਦੀ ਵੀ ਮੰਗ ਕਰਦੇ ਹਨ।

## ਕੈਨੇਡਾ ਵਿਚ ਗੋਲੀਆਂ ਮਾਰ ਕੇ ਪੰਜਾਬੀ ਮੁੰਡੇ ਦਾ ਕਤਲ

**ਵੈਨਕੂਵਰ:** ਐਬਟਸਫੋਰਡ ਵਿਚ 18 ਸਾਲਾ ਪੰਜਾਬੀ ਮੁੰਡੇ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਕਬਾ ਨਾਲ ਸਬੰਧਤ ਦਲਜੀਤ ਸਿੰਘ ਸਿੱਧੂ ਦਾ ਸਾਢੇ ਸਤਾਰਾਂ ਸਾਲਾ ਪੁੱਤਰ ਜੱਸੀ ਸਿੱਧੂ ਆਪਣੀ ਕਾਰ ਵਿਚ ਘਰ ਪਰਤ ਰਿਹਾ ਸੀ। ਉਸ ਦੀ ਕਾਰ ਰੋਕ ਕੇ ਦੋ ਜਣਿਆਂ ਨੇ ਉਸ ਨੂੰ ਗੋਲੀਆਂ ਮਾਰ ਦਿੱਤੀਆਂ। ਜ਼ਖ਼ਮੀ ਹੋਏ ਜੱਸੀ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਹ ਦਮ ਤੋੜ ਗਿਆ। ਪੁਲਿਸ ਵੱਲੋਂ ਆਲੇ-ਦੁਆਲੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਖੰਗਾਲ ਕੇ ਕਾਤਲਾਂ ਦੀ ਪਛਾਣ ਦਾ ਯਤਨ ਕੀਤਾ ਜਾ ਰਿਹਾ ਹੈ। ਪੁਲਿਸ ਨੂੰ ਕੁਝ ਸੁਰਾਗ ਮਿਲ ਵੀ ਗਏ ਹਨ। ਕਤਲ ਕੀਤੇ ਮੁੰਡੇ ਦੇ ਫੋਨ ਰਿਕਾਰਡ ਅਤੇ ਹੋਰ ਗਤੀਵਿਧੀਆਂ ਤੋਂ ਵੀ ਪੁਲਿਸ ਨੂੰ ਮਦਦ ਮਿਲ ਰਹੀ ਹੈ।

## ਪਾਦਰੀ ਕਤਲ ਕਾਂਡ ਵਿਚ ਪੁਲਿਸ ਦੇ ਹੱਥ ਖਾਲੀ

**ਲੁਧਿਆਣਾ:** ਇਥੇ ਪੀਰੂ ਬੰਦਾ ਇਲਾਕੇ 'ਚ ਵਾਪਰੇ ਪਾਦਰੀ ਸੁਲਤਾਨ ਮਸੀਹ ਕਤਲ ਕਾਂਡ ਬਾਰੇ ਅਜੇ ਤੱਕ ਕੋਈ ਸੁਰਾਗ ਨਹੀਂ ਲੱਗਾ। ਹੁਣ ਪੁਲਿਸ ਜਾਂਚ ਵੀ ਠੰਢੇ ਬਸਤੇ 'ਚ ਪੈਣ ਲੱਗੀ ਹੈ। ਪੁਲਿਸ ਹੁਣ ਤੱਕ ਇਸ ਕੇਸ 'ਚ ਸੈਂਕੜੇ ਲੋਕਾਂ ਕੋਲੋਂ ਪੁੱਛ-ਪੜਤਾਲ ਕਰ ਚੁੱਕੀ ਹੈ। ਕਈ ਪਿੰਡਾਂ ਦੀ ਤਲਾਸ਼ੀ ਲਈ ਜਾ ਚੁੱਕੀ ਹੈ। ਇਸ ਦੇ ਬਾਵਜੂਦ ਲੁਧਿਆਣਾ ਪੁਲਿਸ ਤੰਤਰ ਪਾਦਰੀ ਕਤਲ ਕਾਂਡ ਨੂੰ ਸੁਲਝਾਉਣ ਵਿਚ ਸਫਲ ਨਹੀਂ ਹੋਇਆ।

ਦੂਜੇ ਪਾਸੇ ਪਾਦਰੀ ਦੇ ਪੁੱਤਰ ਨੂੰ ਨੌਕਰੀ ਤੇ ਪੰਜ ਲੱਖ ਰੁਪਏ ਦੀ ਆਰਥਿਕ ਮਦਦ ਦੇ ਐਲਾਨ ਤੋਂ ਬਾਅਦ ਪਰਿਵਾਰ ਵੀ ਸ਼ਾਂਤ ਹੋ ਗਿਆ ਹੈ। ਇਸ ਕੇਸ ਨੂੰ ਸੁਲਝਾਉਣ ਲਈ ਡਿਪਟੀ ਕਮਿਸ਼ਨਰ ਆਫ ਪੁਲਿਸ (ਅਪਰਾਧ) ਗਗਨਅਜੀਤ ਸਿੰਘ ਦੀ ਅਗਵਾਈ ਵਿਚ ਵਿਸ਼ੇਸ਼ ਜਾਂਚ ਟੀਮ ਵੀ ਬਣਾਈ ਗਈ ਸੀ। ਇਸ ਦੇ ਬਾਵਜੂਦ ਪੁਲਿਸ ਅਜੇ ਤੱਕ ਇਸ ਕੇਸ ਨੂੰ ਸੁਲਝਾ ਨਹੀਂ ਸਕੀ ਹੈ।

ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ 18 ਕਿਲੋਮੀਟਰ ਦਾਇਰੇ ਤੱਕ ਦੀ ਸੀ.ਸੀ.ਟੀ.ਵੀ. ਫੁਟੇਜ ਰਾਹੀਂ ਕੁਝ ਸਬੂਤ ਮਿਲੇ ਹਨ, ਜਿਸ ਦੇ ਆਧਾਰ 'ਤੇ ਪੁਲਿਸ ਨੇ ਰਾਹੋਂ ਰੋਡ ਦੇ 50 ਤੋਂ ਵੱਧ ਪਿੰਡਾਂ ਵਿਚ 300 ਤੋਂ ਵੱਧ ਮੁਲਾਜ਼ਮ ਨਾਲ ਲੈ ਕੇ ਤਲਾਸ਼ੀ ਮੁਹਿੰਮ ਚਲਾਈ ਸੀ। ਹੁਣ ਪੁਲਿਸ ਨੇ ਕਾਤਲਾਂ ਬਾਰੇ ਸੂਹ ਦੇਣ ਵਾਲੇ ਲਈ 50 ਲੱਖ ਰੁਪਏ ਤੇ ਸਬ ਇੰਸਪੈਕਟਰ ਦੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ।

### ਸਵਿਸ ਬੈਂਕਾਂ ਵਿਚ ਕਾਲਾ ਧਨ ਰੱਖਣ ਵਾਲੇ ਸਾਵਧਾਨ

**ਨਵੀਂ ਦਿੱਲੀ/ਬਰਨ:** ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਕਾਲਾ ਧਨ ਰੱਖਣ ਵਾਲਿਆਂ ਦੀ ਚਿੰਤਾ ਵਧਣ ਵਾਲੀ ਹੈ ਕਿਉਂਕਿ ਉਨ੍ਹਾਂ ਦੇ ਖਾਤਿਆਂ ਦੀ ਪੂਰੀ ਜਾਣਕਾਰੀ ਭਾਰਤ ਸਰਕਾਰ ਤੱਕ ਪਹੁੰਚਣ ਦਾ ਰਸਤਾ ਸਾਫ ਹੁੰਦਾ ਨਜ਼ਰ ਆ ਰਿਹਾ ਹੈ। ਸਵਿਟਜ਼ਰਲੈਂਡ ਸਰਕਾਰ ਨੇ ਆਪਣੇ ਆਪ ਸੂਚਨਾ ਦੇ ਵਟਾਂਦਰੇ ਬਾਰੇ ਸਮਝੌਤੇ ਲਈ ਭਾਰਤ ਦੇ ਡਾਟਾ ਸੁਰੱਖਿਆ ਅਤੇ ਭੇਦ ਗੁਪਤ ਰੱਖਣ ਦੇ ਕਾਨੂੰਨ ਨੂੰ ਮਜ਼ਬੂਤ ਦੱਸਿਆ ਹੈ। ਇਸ ਸਮਝੌਤੇ ਨਾਲ ਸਵਿਸ ਬੈਂਕ 'ਚ ਕਾਲੇ ਧਨ ਵਾਲਿਆਂ ਦੀ ਜਾਣਕਾਰੀ ਤੱਕ ਲਗਾਤਾਰ ਪਹੁੰਚ ਦਾ ਰਾਬਤਾ ਖੁੱਲ੍ਹ ਜਾਵੇਗਾ।

## ਘੱਟ ਗਿਣਤੀ ਕਮਿਸ਼ਨ 'ਚ ਸਿੱਖ ਮੈਂਬਰ ਨਿਯੁਕਤ ਨਾ ਕਰਨ 'ਤੇ ਬਡੂੰਗਰ ਖਫਾ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੇਸ਼ ਅੰਦਰ ਘੱਟ ਗਿਣਤੀ ਕਮਿਸ਼ਨ ਵਿਚ ਸਿੱਖ ਮੈਂਬਰ ਦੀ ਨੁਮਾਇੰਦਗੀ ਅਤੇ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨਾਲ ਵਿਤਕਰੇ ਸਬੰਧੀ ਬੋਲਦਿਆਂ ਸਿੱਖਾਂ ਦੇ ਸੰਵਿਧਾਨਕ ਹੱਕ ਲਈ ਕੇਂਦਰ ਸਰਕਾਰ ਨੂੰ ਤੁਰਤ ਕਦਮ ਚੁੱਕੇ ਜਾਣ ਦੀ ਅਪੀਲ ਕੀਤੀ ਹੈ।



ਪ੍ਰੋਫੈਸਰ ਬਡੂੰਗਰ ਨੇ ਗਿਲਾ ਕੀਤਾ ਕਿ ਮੁਲਕ ਵਿਚ ਛੇ ਘੱਟ ਗਿਣਤੀ ਕੌਮਾਂ ਹਨ, ਜਿਨ੍ਹਾਂ ਵਿਚੋਂ ਪੰਜ ਘੱਟ ਗਿਣਤੀ ਕੌਮਾਂ ਦੇ ਤਾਂ ਕਮਿਸ਼ਨ ਵਿਚ ਮੈਂਬਰ ਨਿਯੁਕਤ ਕੀਤੇ ਗਏ ਹਨ ਪਰ ਸਿੱਖ ਮੈਂਬਰ ਨੂੰ ਸ਼ਾਮਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਗੌਰਵਮਈ ਹੈ। ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਜਿਹੇ ਵਿਚ ਮੋਦੀ ਸਰਕਾਰ ਨੂੰ ਘੱਟ ਗਿਣਤੀ ਕਮਿਸ਼ਨ 'ਚ ਸਿੱਖ ਮੈਂਬਰ ਦੀ ਨਿਯੁਕਤੀ ਬਾਰੇ ਭੁੱਲਣਾ ਨਹੀਂ ਚਾਹੀਦਾ।


ਡਿਸ਼ ਵਾਸ਼ਰ, ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਡਿਸ਼ ਵਾਸ਼ਰ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

30-32

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 12 ਅਗਸਤ 2017*

## ਜਿੱਤ-ਹਾਰ ਦੀ ਸਿਆਸਤ

ਭਾਰਤੀ ਜਨਤਾ ਪਾਰਟੀ ਦਾ ਖੱਬੀਖਾਨ ਪ੍ਰਧਾਨ ਅਮਿਤ ਸ਼ਾਹ ਗੁਜਰਾਤ ਵਿਚ ਆਪਣੀ ਰਾਜ ਸਭਾ ਚੋਣ ਜਿੱਤ ਕੇ ਵੀ ਹਾਰ ਗਿਆ ਹੈ। ਦਰਅਸਲ, ਉਸ ਨੇ ਸਿਆਸੀ ਸਤਰੰਜ ਦੀ ਜਿਹੜੀ ਚਾਲ ਗੁਜਰਾਤ ਵਿਚ ਚੱਲੀ ਸੀ, ਉਹ ਆਖਰਕਾਰ ਉਸ ਦੇ ਹੀ ਖਿਲਾਫ ਭੁਗਤ ਗਈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਿਆਸੀ ਸਕੱਤਰ ਅਹਿਮਦ ਪਟੇਲ ਨੂੰ ਹਰਾਉਣ ਲਈ ਜੋ ਕੁਝ ਅਮਿਤ ਸ਼ਾਹ ਨੇ ਕੀਤਾ, ਉਹੀ ਕੁਝ ਉਸ ਦੇ ਪੇਸ਼ ਆ ਗਿਆ। ਉਸ ਨੇ ਕਾਂਗਰਸ ਪਾਰਟੀ ਅੰਦਰ ਭੰਨ-ਤੋੜ ਲਈ ਹਰ ਹਰਬਾ ਵਰਤਿਆ, ਪਰ ਅਹਿਮਦ ਪਟੇਲ ਜਿੱਤ ਲਈ ਲੋੜੀਂਦੀਆਂ 44 ਵੋਟਾਂ ਹਾਸਲ ਕਰਨ ਵਿਚ ਕਾਮਯਾਬ ਰਿਹਾ। ਗੁਜਰਾਤ ਵਿਧਾਨ ਸਭਾ ਦੇ ਵਿਧਾਇਕਾਂ ਦੀ ਗਿਣਤੀ-ਮਿਣਤੀ ਸਾਫ ਦੱਸ ਰਹੀ ਸੀ ਕਿ ਤਿੰਨ ਸੀਟਾਂ ਵਿਚੋਂ ਦੋ ਉਤੇ ਭਾਜਪਾ ਅਤੇ ਇਕ ਉਤੇ ਕਾਂਗਰਸ ਦੀ ਜਿੱਤ ਹੋਣੀ ਹੈ, ਪਰ ਭਾਜਪਾ ਪ੍ਰਧਾਨ ਨੇ ਆਪਣੀ ਸਿਆਸੀ ਗਿਣਤੀ-ਮਿਣਤੀ ਲਾ ਕੇ ਕਾਂਗਰਸ ਆਗੂ ਅਹਿਮਦ ਪਟੇਲ ਦਾ ਰਾਹ ਡੱਕਣ ਦਾ ਫੈਸਲਾ ਕਰ ਲਿਆ। ਇਸ ਕਾਰਜ ਲਈ ਭਾਜਪਾ ਨੇ ਹਰ ਹੀਲਾ ਕੀਤਾ। ਇਸ ਪਾਰਟੀ ਨੇ ਇਕ ਲੀਡਰ ਨੂੰ ਹਰਾਉਣ ਲਈ ਨੈਤਿਕਤਾ ਛਿੱਕੇ ਟੰਗ ਦਿੱਤੀ। ਧਨ-ਦੌਲਤ ਤੇ ਉਚੇ ਰੁਤਬੇ ਦੇਣ ਦਾ ਲੋਭ ਤਾਂ ਦਿੱਤਾ ਹੀ ਗਿਆ, ਸਰਕਾਰੀ ਏਜੰਸੀਆਂ ਦੀ ਰੱਜ ਕੇ ਦੁਰਵਰਤੋਂ ਕੀਤੀ ਅਤੇ ਬੁਰਛਾਗਰਦੀ ਵੀ ਖੂਬ ਕੀਤੀ। ਅਸਲ ਵਿਚ ਭਾਜਪਾ ਦਾ ਨਿਸ਼ਾਨਾ ਰਾਜ ਸਭਾ ਚੋਣਾਂ ਵਿਚ ਕਾਂਗਰਸ ਉਮੀਦਵਾਰ ਅਹਿਮਦ ਪਟੇਲ ਨੂੰ ਹਰਾਉਣਾ ਨਹੀਂ ਸੀ, ਸਗੋਂ ਅਸਲ ਨਿਸ਼ਾਨਾ ਸੋਨੀਆ ਗਾਂਧੀ ਸੀ। ਅਹਿਮਦ ਪਟੇਲ ਸੋਨੀਆ ਗਾਂਧੀ ਦਾ ਕਰੀਬੀ ਸਲਾਹਕਾਰ ਹੈ। ਆਪਣੀ ਸਤਰੰਜ ਦੀ ਚਾਲ ਵਿਚ ਅਮਿਤ ਸ਼ਾਹ ਨੇ ਅਹਿਮਦ ਪਟੇਲ ਦੇ ਖਿਲਾਫ ਉਸ ਬਲਵੰਤ ਸਿੰਹੁ ਰਾਜਪੂਤ ਨੂੰ ਮੈਦਾਨ ਵਿਚ ਲਿਆਂਦਾ ਜੋ ਵਿਧਾਨ ਸਭਾ ਵਿਚ ਕਾਂਗਰਸ ਦਾ ਚੀਫ ਵ੍ਹਿਪ ਸੀ। ਇਹ ਕਾਰਵਾਈ ਅਸਲ ਵਿਚ ਕਾਂਗਰਸ ਦੇ ਪੈਰਾਂ ਹੇਠੋਂ ਜ਼ਮੀਨ ਖਿੱਚਣ ਲਈ ਕੀਤੀ ਗਈ ਸੀ। ਇਸ ਕਾਰਜ ਲਈ ਵੀਹ ਸਾਲ ਪਹਿਲਾਂ ਭਾਜਪਾ ਤੋਂ ਨਾਰਾਜ਼ ਹੋ ਕੇ ਕਾਂਗਰਸ ਵਿਚ ਰਲੇ ਸ਼ੰਕਰ ਸਿੰਹੁ ਵਘੇਲਾ ਨੂੰ ਵੀ ਨਾਲ ਗੰਢ ਲਿਆ ਗਿਆ। ਬਲਵੰਤ ਸਿੰਹੁ ਰਾਜਪੂਤ, ਵਘੇਲਾ ਦਾ ਰਿਸ਼ਤੇਦਾਰ ਵੀ ਹੈ। ਵਘੇਲਾ ਨਾਲ ਜੁੜੇ ਹੋਰ ਕਾਂਗਰਸੀ ਵਿਧਾਇਕਾਂ ਨਾਲ ਵੀ ਅਮਿਤ ਸ਼ਾਹ ਨੇ ਸੰਪਰਕ ਸਾਧਿਆ ਹੋਇਆ ਸੀ, ਪਰ ਉਸ ਨੂੰ ਸ਼ਾਇਦ ਇਹ ਖਬਰ ਹੀ ਨਹੀਂ ਸੀ ਕਿ ਇਸੇ ਤਰ੍ਹਾਂ ਦੀ ਚਾਲ ਅਹਿਮਦ ਪਟੇਲ ਵੀ ਚੁੱਪ-ਚੁਪੀਤੇ ਚੱਲ ਰਿਹਾ ਸੀ। ਇਸੇ ਦਾ ਸਿੱਟਾ ਸੀ ਕਿ ਭਾਜਪਾ ਦੇ ਇਕ ਵਿਧਾਇਕ ਨੇ ਕਾਂਗਰਸ ਉਮੀਦਵਾਰ ਨੂੰ ਵੋਟ ਪਾ ਦਿੱਤੀ ਅਤੇ ਸਾਰੇ ਭਾਜਪਾ ਆਗੂ ਦੇਖਦੇ ਹੀ ਰਹਿ ਗਏ। ਅਸਲ ਵਿਚ ਅਮਲਾ ਕਾਂਗਰਸ ਆਗੂ ਦੀ ਜਿੱਤ ਜਾਂ ਅਮਿਤ ਸ਼ਾਹ ਦੇ ਉਮੀਦਵਾਰ ਦੀ ਹਾਰ ਦਾ ਨਹੀਂ ਹੈ, ਸਗੋਂ ਮਸਲਾ ਭਾਜਪਾ ਵੱਲੋਂ ਮੁਲਕ ਭਰ ਵਿਚ ਕੀਤੀ ਜਾ ਰਹੀ ਧਰੁਵੀਕਰਨ ਵਾਲੀ ਸਿਆਸਤ ਦਾ ਹੈ ਜਿਸ ਲਈ ਉਹ ਹਰ ਜਾਇਜ਼ ਨਾਜਾਇਜ਼ ਕੰਮ ਕਰ ਰਹੀ ਹੈ, ਪਰ ਕੁਦਰਤ ਦਾ ਕਾਨੂੰਨ ਵੀ ਨਾਲੋ-ਨਾਲ ਚੱਲਦਾ ਹੈ। ਗੁਜਰਾਤ ਵਿਚ ਇਹੀ ਕੁਝ ਹੋਇਆ ਹੈ।

ਗੁਜਰਾਤ ਹੀ ਕਿਉਂ, ਚੰਡੀਗੜ੍ਹ ਵਿਚ ਜਿਹੜੀ ਘਟਨਾ ਵਾਪਰੀ ਹੈ, ਉਸ ਤੋਂ ਵੀ ਇਹੀ ਜ਼ਾਹਰ ਹੋ ਰਿਹਾ ਹੈ। ਚੰਡੀਗੜ੍ਹ ਵਿਚ ਭਾਜਪਾ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਸੁਭਾਸ਼ ਬਰਾਲਾ ਦੇ ਪੁੱਤਰ ਵਿਕਾਸ ਬਰਾਲਾ ਉਤੇ ਲੜਕੀ ਨਾਲ ਛੇੜਖਾਨੀ ਦੇ ਦੋਸ਼ ਲੱਗੇ ਹਨ। ਆਮ ਹਾਲਾਤ ਵਿਚ ਅਜਿਹੇ ਕੇਸ ਦੱਬ ਜਾਂਦੇ ਹਨ, ਪਰ ਲੜਕੀ ਕਿਉਂਕਿ ਸੂਬੇ ਦੇ ਸੀਨੀਅਰ ਆਈ.ਏ.ਐਸ. ਅਫਸਰ ਦੀ ਧੀ ਹੈ, ਇਸ ਲਈ ਇਹ ਮਾਮਲਾ ਤੂਲ ਫੜ ਗਿਆ ਹੈ। ਮੀਡੀਆ ਨੇ ਇਸ ਮੁੱਦੇ ਨੂੰ ਦਿੱਲੀ ਤੱਕ ਅਪੜਾ ਦਿੱਤਾ ਹੈ ਅਤੇ ਹੁਣ ਭਾਜਪਾ ਆਗੂਆਂ ਨੂੰ ਸੁਰੱਖਿਆਤਮਕ ਸਿਆਸਤ ਦਾ ਸਹਾਰਾ ਲੱਭਣਾ ਪੈ ਰਿਹਾ ਹੈ। ਇਸ ਘਟਨਾ ਦੇ ਕਈ ਹੋਰ ਪੱਖ ਵੀ ਹਨ। ਇਕ ਤਾਂ ਇਹੀ ਕਿ ਲੋਕਾਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲੇ ਭਾਜਪਾ ਆਗੂਆਂ ਦੀ ਆਪਣੀ ਔਲਾਦ ਕੀ ਕੁਝ ਕਰ ਰਹੀ ਹੈ। ਇਹ ਘਟਨਾ ਸਾਹਮਣੇ ਆਉਣ ਤੋਂ ਬਾਅਦ ਸਬੰਧਤ ਕੁੜੀ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਹਰਕਤਾਂ ਵੀ ਸੋਸ਼ਲ ਮੀਡੀਆ ਉਤੇ ਕੀਤੀਆਂ ਗਈਆਂ। ਇਸ ਤੋਂ ਵੀ ਵੱਧ, ਸਾਫ ਸੁਥਰੇ ਅਕਸ ਵਾਲੀ ਸਮਝੀ ਜਾਣ ਵਾਲੀ ਚੰਡੀਗੜ੍ਹ ਪੁਲਿਸ ਦਾ ਦਾਮਨ ਵੀ ਇਸ ਘਟਨਾ ਨਾਲ ਦਾਗਦਾਰ ਹੋ ਗਿਆ। ਜਿਉਂ ਹੀ ਸੰਕਟ ਵਿਚ ਫਸੀ ਕੁੜੀ ਨੇ ਪੁਲਿਸ ਨਾਲ ਸੰਪਰਕ ਕੀਤਾ, ਪੁਲਿਸ ਨੇ ਝੱਟ ਕਾਰਵਾਈ ਕੀਤੀ, ਪਰ ਜਿਉਂ ਹੀ ਪੁਲਿਸ ਵਾਲਿਆਂ ਨੂੰ ਖਬਰ ਹੋਈ ਕਿ ਲੜਕਾ ਰਸੂਖਵਾਨ ਪਰਿਵਾਰ ਵਿਚੋਂ ਹੈ ਅਤੇ ਜਿਉਂ ਹੀ ਦਬਾਅ ਪੈਣਾ ਸ਼ੁਰੂ ਹੋਇਆ, ਪੁਲਿਸ ਨੇ ਪੈਰ ਪਿਛਾਂਹ ਖਿੱਚ ਲਏ। ਲੜਕੀ ਨੇ ਆਪਣੇ ਫੇਸਬੁਕ ਪੇਜ ਉਪਰ ਜੋ ਬਿਰਤਾਂਤ ਪਾਇਆ ਹੈ, ਉਸ ਤੋਂ ਜ਼ਾਹਰ ਹੁੰਦਾ ਹੈ ਕਿ ਰਸੂਖਵਾਨ ਆਪਣੇ ਫਰਜ਼ੰਦਾਂ ਨੂੰ ਕਾਨੂੰਨ ਦੀ ਗ੍ਰਿਫਤ ਵਿਚੋਂ ਬਚਾਉਣ ਲਈ ਕੀ ਕੀ ਹੱਥਕੰਡੇ ਵਰਤਦੇ ਹਨ। ਸਿਤਮਜ਼ਰੀਫੀ ਦੇਖੋ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਬਾਅਦ 'ਬੇਟੀ ਬਚਾਓ' ਨਾਅਰੇ ਦੇ ਸਭ ਤੋਂ ਵੱਡੇ ਝੰਡਾਬਰਦਾਰ ਬਣੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸੁਭਾਸ਼ ਬਰਾਲਾ ਖਿਲਾਫ ਕੋਈ ਵੀ ਕਾਰਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ। ਹਰਿਆਣਾ ਭਾਜਪਾ ਦਾ ਕਹਿਣਾ ਹੈ ਕਿ ਲੜਕੇ ਦੇ ਗੁਨਾਹ ਦੀ ਸਜ਼ਾ ਬਾਪ ਨੂੰ ਦੇਣ ਦੀ ਮੰਗ ਠੀਕ ਨਹੀਂ। ਗੁਜਰਾਤ ਅਤੇ ਚੰਡੀਗੜ੍ਹ ਦੀਆਂ ਇਨ੍ਹਾਂ ਦੋਹਾਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਕਿ ਸਿਆਸੀ ਆਗੂ ਅਤੇ ਇਨ੍ਹਾਂ ਦੇ ਨਾਲ ਵਾਲੇ ਮੁਲਕ ਵਿਚ ਕੁਝ ਵੀ ਕਰ ਸਕਦੇ ਹਨ। ਚੰਗੀ ਗੱਲ ਇਹ ਹੈ ਕਿ ਚੰਡੀਗੜ੍ਹ ਵਾਲੀ ਘਟਨਾ ਖਿਲਾਫ ਲੋਕ ਰਾਏ ਉਭਰੀ ਹੈ ਅਤੇ ਲੋਕਾਂ ਤੇ ਮੀਡੀਆ ਨੇ ਲੜਕੀ ਅਤੇ ਉਸ ਦੇ ਪਰਿਵਾਰ ਨਾਲ ਇਕਜੁਟਤਾ ਜ਼ਾਹਰ ਕੀਤੀ ਹੈ। ਜਿਸ ਤਰ੍ਹਾਂ ਦਾ ਮਾਹੌਲ ਮੁਲਕ ਵਿਚ ਬਣਾਇਆ ਜਾ ਸਕਦਾ ਹੈ, ਉਸ ਨੂੰ ਇਸ ਤਰ੍ਹਾਂ ਦੀ ਇਕਜੁਟਤਾ ਨਾਲ ਹੀ ਟੱਕਰ ਦਿੱਤੀ ਜਾ ਸਕਦੀ ਹੈ। ਜੇ ਗੁਜਰਾਤ ਦੀ ਸਿਆਸੀ ਸਤਰੰਜ ਅਤੇ ਚੰਡੀਗੜ੍ਹ ਵਾਲੀ ਘਟਨਾ ਨੂੰ ਮੇਲ ਕੇ ਦੇਖਿਆ ਜਾਵੇ ਤਾਂ ਮੁਲਕ ਵਿਚ ਬਣਾਏ ਜਾ ਰਹੇ ਮਾਰੂ ਮਾਹੌਲ ਨਾਲ ਨਜਿੱਠਣ ਲਈ ਕੋਈ ਰਾਹ ਕੱਢਿਆ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਿਤਸ਼ੇ ਤੋਂ ਨਿਤੀਸ਼?*

ਆ ਰਹੇ ਸਾਲਾਂ ਤੋਂ ਪਰਖਦੇ ਦੇਸ਼ ਵਾਸੀ, ਚਾਲੇ ਇਕੋ ਨੇ ਬੱਗਿਆਂ-ਸਾਵਿਆਂ ਦੇ।
ਵਫਾਦਾਰੀਆਂ ਰਹਿਣ ਨਾ ਇਕ ਪਾਸੇ, ਬਦਲ ਜਾਂਦੀਆਂ ਵਾਂਗ ਪਰਛਾਵਿਆਂ ਦੇ।
ਪਲਾਂ ਵਿਚ ਹੀ ਅਰਥ ਨੇ ਬਦਲ ਜਾਂਦੇ, ਕੀਤੇ ਪਹਿਲਾਂ ਤੋਂ ਵਾਅਦਿਆਂ-ਦਾਅਵਿਆਂ ਦੇ।
ਗੁਪਤੋ ਗੁਪਤੀ ਹੀ ਚੱਲਦੇ ਤੀਰ ਤਿੱਖੇ, ਵੱਡੀ ਧਿਰ ਵਲੋਂ ਲੋਭ-ਡਰਾਵਿਆਂ ਦੇ।
ਆਕੀ ਹੋ ਕੋਈ ਈਨ ਜਦ ਮੰਨਦਾ ਏ, ਨਾਟਕ ਉਦੋਂ ਹੀ ਉਹਦੀ ਤਫਤੀਸ਼ ਬਣ ਜਾਏ।
ਰਾਈ ਜਿੰਨਾ ਭਰੋਸਾ ਨਾ ਆਗੂਆਂ ਦਾ, ਨਿਤਸ਼ੇ ਦਿਸਦਾ ਕੋਈ ਕਦੋਂ ਨਿਤੀਸ਼ ਬਣ ਜਾਏ?

# ਅੰਬੇਦਕਰ ਦਾ ਸਮਤਾਵਾਦੀ ਆਰਥਿਕ ਦਰਸ਼ਨ

*ਡਾਕਟਰ ਭੀਮ ਰਾਓ ਅੰਬਦੇਕਰ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਸਨ, ਪਰ ਉਹ ਮੌਲਿਕ ਆਰਥਿਕ ਚਿੰਤਕ ਵੀ ਸਨ। ਉਨ੍ਹਾਂ ਦੀ ਆਰਥਿਕ ਸੋਚ ਦੀ ਮੌਲਿਕਤਾ ਨੂੰ ਇਸ ਲਈ ਵੀ ਉਦਾਰਵਾਦੀ ਕਰਾਰ ਦਿੱਤਾ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਨੇ ਮਾਰਕਸਵਾਦ, ਨਵ-ਸ਼ਾਸਤਰੀ ਆਰਥਿਕ ਸੋਚ, ਬਾਜ਼ਾਰਮੁਖੀ ਅਰਥ-ਵਿਵਸਥਾ ਜਾਂ ਸਰਕਾਰ ਦੁਆਰਾ ਕੰਟਰੋਲ ਕਿਸੇ ਵੀ ਅਰਥ-ਵਿਵਸਥਾ ਦਾ ਅਨੁਸਰਨ ਨਹੀਂ ਕੀਤਾ। ਇਸ ਲੇਖ ਵਿਚ ਯੂ.ਕੇ. ਦੀ ਆਕਸਫੋਰਡ-ਬਰੁਕਸ ਯੂਨੀਵਰਸਿਟੀ ਦੇ ਪ੍ਰੋ. ਪ੍ਰੀਤਮ ਸਿੰਘ ਨੇ ਖੂਬ ਰੌਸ਼ਨੀ ਪਾਈ ਹੈ। -ਸੰਪਾਦਕ*



**ਪ੍ਰੋ. ਪ੍ਰੀਤਮ ਸਿੰਘ**
ਆਕਸਫੋਰਡ-ਬਰੁਕਸ 'ਵਰਸਿਟੀ ਯੂ.ਕੇ.

ਬੀ.ਆਰ. ਅੰਬਦੇਕਰ ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਮੁਖ ਸ਼ਿਲਪਕਾਰ ਵਜੋਂ ਸਤਿਕਾਰਿਆ ਜਾਂਦਾ ਹੈ, ਮੌਲਿਕ ਆਰਥਿਕ ਚਿੰਤਕ ਵੀ ਸਨ। ਉਨ੍ਹਾਂ ਦੀ ਆਰਥਿਕ ਸੋਚ ਦੀ ਮੌਲਿਕਤਾ ਨੂੰ ਇਸ ਲਈ ਵੀ ਉਦਾਰਵਾਦੀ ਕਰਾਰ ਦਿੱਤਾ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਨੇ ਮਾਰਕਸਵਾਦ, ਨਵ-ਸ਼ਾਸਤਰੀ ਆਰਥਿਕ ਸੋਚ, ਬਾਜ਼ਾਰਮੁਖੀ ਅਰਥ-ਵਿਵਸਥਾ ਜਾਂ ਸਰਕਾਰ ਦੁਆਰਾ ਕੰਟਰੋਲ ਕਿਸੇ ਵੀ ਅਰਥ-ਵਿਵਸਥਾ ਦਾ ਅਨੁਸਰਨ ਨਹੀਂ ਕੀਤਾ। ਹਾਲਾਂਕਿ ਉਨ੍ਹਾਂ ਦਾ ਇਹ ਉਦਾਰਵਾਦ ਵਿਭਿੰਨ ਆਰਥਿਕ ਮੁੱਦਿਆਂ ਬਾਰੇ ਉਨ੍ਹਾਂ ਦੇ ਆਪਣੇ ਵਿਚਾਰਾਂ ਵਿਚ ਏਕਤਾ ਅਤੇ ਸਮਰੂਪਤਾ 'ਤੇ ਆਧਾਰਤ ਹੈ। ਇਸ ਏਕਤਾ ਤੇ ਸਮਰੂਪਤਾ ਦੀ ਵਜ੍ਹਾ ਉਨ੍ਹਾਂ ਦਾ ਭਾਰਤੀ ਸਮਾਜ ਦੇ ਦਲਿਤ ਵਰਗ ਲਈ ਫਿਕਰ ਸੀ। ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਹੋਣ ਕਾਰਨ ਉਨ੍ਹਾਂ ਦੀ ਤੁਲਨਾ ਕਾਰਲ ਮਾਰਕਸ ਨਾਲ ਕਰਨਾ ਬਿਲਕੁਲ ਸਹੀ ਹੈ ਜੋ ਪੂੰਜੀਵਾਦ ਦੇ ਕਠੋਰ ਵਿਸ਼ਲੇਸ਼ਣ ਨੂੰ ਲੈ ਕੇ ਬੇਰਹਿਮ ਸਨ। ਇਹ ਸਖ਼ਤੀ ਕੇਵਲ ਅਕਾਦਮਿਕ ਨਹੀਂ ਸੀ, ਬਲਕਿ ਇਹ ਕਿਰਤੀ ਵਰਗ ਦੇ ਹਿੱਤਾਂ ਨਾਲ ਬਹੁਤ ਨੇੜਿਓਂ ਜੁੜੀ ਹੋਈ ਸੀ।



ਕਿਰਤੀ ਵਰਗ ਪ੍ਰਤੀ ਮਾਰਕਸ ਅਤੇ ਦਲਿਤਾਂ ਪ੍ਰਤੀ ਅੰਬੇਦਕਰ, ਦੋਵਾਂ ਹੀ ਮਾਮਲਿਆਂ ਵਿਚ ਆਰਥਿਕ ਹਾਲਾਤ ਦੇ ਵਿਸ਼ਲੇਸ਼ਣ ਦੌਰਾਨ ਕਿਸੇ ਤਰ੍ਹਾਂ ਦੀ ਦਲਗਤ ਸੋਚ ਦੇ ਉਦੇਸ਼ ਨਾਲ ਸਮਝੌਤਾ ਨਹੀਂ ਕੀਤਾ ਗਿਆ। ਇਸ ਦੇ ਵਿਪਰੀਤ ਦੋਵਾਂ ਨੇ ਹੀ ਕਿਰਤੀ ਵਰਗ (ਕਾਰਲ ਮਾਰਕਸ) ਅਤੇ ਦਲਿਤਾਂ (ਅੰਦੇਬਕਰ ਦੇ ਮਾਮਲੇ ਵਿਚ) ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਸ਼ਰਤ ਦੇ ਰੂਪ ਵਿਚ ਆਰਥਿਕ ਹਾਲਾਤ ਦਾ ਵਿਗਿਆਨਕ ਵਿਸ਼ਲੇਸ਼ਣ ਕੀਤਾ। ਭਾਰਤ ਦੇ ਪ੍ਰਸੰਗ, ਵਿਸ਼ੇਸ਼ ਕਰ ਕੇ ਅਤੇ ਦੱਖਣੀ ਏਸ਼ੀਆ ਦੇ ਪ੍ਰਸੰਗ ਵਿਚ ਆਮ ਕਰ ਕੇ ਵਰਗ ਤੇ ਜਾਤੀ ਦੀਆਂ ਸਮਾਜਿਕ ਸ਼੍ਰੇਣੀਆਂ ਆਪਣੇ ਪ੍ਰਭੂਸੱਤਾ ਦਰਜੇ ਦੇ ਬਾਵਜੂਦ ਆਪਸ ਵਿਚ ਰਲਗੱਡ ਹਨ।

ਅੰਬੇਦਕਰ ਨੇ ਜਿਨ੍ਹਾਂ ਤਿੰਨ ਮੁੱਦਿਆਂ ਉਪਰ ਆਪਣੀ ਬੌਧਿਕ ਊਰਜਾ ਨੂੰ ਕੇਂਦਰਿਤ ਕੀਤਾ, ਉਹ ਸੀ: ਅਰਥ-ਵਿਵਸਥਾ ਵਿਚ ਪੈਸਿਆਂ ਦਾ ਲੈਣ-ਦੇਣ, ਵਿਆਪਕ ਖੇਤੀ ਰਣਨੀਤੀ ਦੇ ਹਿੱਸੇ ਦੇ ਰੂਪ ਵਿਚ ਕੌਣ ਕਿੰਨੀ ਜ਼ਮੀਨ ਉਪਰ ਕਾਬਜ਼ ਅਤੇ ਸਰਵਜਨਕ ਵਿੱਤ, ਖਾਸ ਕਰ ਕੇ ਸੰਘੀ ਵਿੱਤ ਵਿਵਸਥਾ ਦਾ ਤਰੀਕਾ। ਪੈਸਿਆਂ ਬਾਰੇ ਆਪਣੇ ਲੇਖਨ ਵਿਚ ਉਨ੍ਹਾਂ 1930 ਦੇ ਦਹਾਕੇ ਵਿਚ ਪੈਸਿਆਂ ਦੀ ਪੂਰਤੀ ਨੂੰ ਸੋਨੇ ਦੇ ਭੰਡਾਰ ਨਾਲੋਂ ਅਲੱਗ ਕਰਨ ਨਾਲ ਕੇਅਨੇਸ਼ੀਅਨ ਦ੍ਰਿਸ਼ਟੀਕੋਣ ਨੂੰ ਸਿੱਧੀ ਚੁਣੌਤੀ ਦਿੱਤੀ। ਕੇਅਨਸ ਦਾ ਤਰਕ ਸੀ ਕਿ ਇੰਗਲੈਂਡ ਵਰਗੀਆਂ ਵਿਕਸਿਤ ਪੂੰਜੀਵਾਦੀ ਅਰਥ-ਵਿਵਸਥਾਵਾਂ ਵਿਚ ਮੁਦਰਾ ਲੈਣ-ਦੇਣ ਤੰਤਰ ਦੇ ਵਿਕਾਸ ਦੇ ਚਲਦਿਆਂ, ਇਸ ਨੂੰ ਸੋਨੇ ਦੇ ਭੰਡਾਰ ਦੇ ਨਾਲ ਜੋੜ ਕੇ ਪੈਸਿਆਂ ਦੀ ਪੂਰਤੀ ਨੂੰ ਸੀਮਤ ਕਰਨ ਦੀ ਕੋਈ ਲੋੜ ਨਹੀਂ। ਅੰਬੇਦਕਰ ਨੇ ਇਸ ਸੋਚ ਦਾ ਵਿਰੋਧ ਸੋਨੇ ਪ੍ਰਤੀ ਕਿਸੇ ਪ੍ਰਕਾਰ ਦੇ ਵਿਸ਼ੇਸ਼ ਲਗਾਓ, ਭਾਵ ਆਕਰਸ਼ਣ ਕਰ ਕੇ ਨਹੀਂ ਕੀਤਾ, ਬਲਕਿ ਇਸ ਵਜ੍ਹਾ ਕਰ ਕੇ ਕੀਤਾ ਕਿ ਪੈਸਿਆਂ ਦੀ ਪੂਰਤੀ ਨੂੰ ਸੋਨੇ ਦੇ ਭੰਡਾਰ ਨਾਲੋਂ ਅਲੱਗ ਕਰਨ ਦੀ ਵਜ੍ਹਾ ਨਾਲ ਪੈਸਿਆਂ ਦੀ ਅਤਿਅੰਤ ਪੂਰਤੀ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ ਜਿਨ੍ਹਾਂ ਦੇ ਨਤੀਜੇ ਵਜੋਂ ਦੇਸ਼ ਅੰਦਰ ਆਰਥਿਕ ਅਸਥਿਰਤਾ ਅਤੇ ਸਿੱਕੇ ਦੇ ਪਾਸਾਰ ਨੂੰ ਹੁਲਾਰਾ ਮਿਲ ਸਕਦਾ ਹੈ।

ਸਮਾਜ ਦੇ ਗਰੀਬ ਵਰਗ ਨੂੰ ਧਿਆਨ ਵਿਚ ਰੱਖਦੇ ਹੋਏ ਅੰਬੇਦਕਰ ਦੀ ਸੋਚ ਸੀ ਕਿ ਸਿੱਕੇ ਦੇ ਪਾਸਾਰ ਅਤੇ ਵਿੱਤੀ ਆਰਥਿਕਤਾ ਦਾ ਗਰੀਬ ਵਰਗ ਉਪਰ ਮਾੜਾ ਅਸਰ ਪਏਗਾ, ਜਦੋਂਕਿ ਨਿਵੇਸ਼ ਦੇ ਬਦਲਵੇਂ ਤਰੀਕਿਆਂ ਦੇ ਚਲਦਿਆਂ ਅਮੀਰ ਵਰਗ, ਅਸਲ ਨਾਲੋਂ ਵੱਧ ਲਾਭ ਕਮਾ ਸਕਦਾ ਹੈ। 2007-08 ਦੇ ਬਾਅਦ ਅਨਿਯਮਤ ਵਿੱਤੀ ਬਾਜ਼ਾਰਾਂ ਕਾਰਨ ਪੂੰਜੀਵਾਦੀ ਵਿਵਸਥਾ ਵਿਚ ਵਿਆਪਕ ਆਰਥਿਕ ਸੰਕਟ ਅਤੇ ਆਮਦਨ ਤੇ ਸੰਪਤੀ ਵਿਚ ਅਸਮਾਨਤਾ ਅੰਬੇਦਕਰ ਦੀਆਂ ਭਵਿਖਬਾਣੀਆਂ ਦੀ ਪੁਸ਼ਟੀ ਕਰਦੀਆਂ ਹਨ। ਉਨ੍ਹਾਂ ਲਈ ਪੈਸਿਆਂ ਦੀ ਪੂਰਤੀ ਅਤੇ ਸੋਨੇ ਦੇ ਭੰਡਾਰ ਦੇ ਤਕਨੀਕੀ ਸਵਾਲ ਦਾ ਮੁਲੰਕਣ ਭਾਰਤੀ ਸਮਾਜ ਦੇ ਸਭ ਤੋਂ ਗਰੀਬ ਵਰਗ ਦਲਿਤਾਂ ਦੇ ਕਲਿਆਣ ਦੇ ਮੁੱਦੇ ਉਪਰ ਵਿਸ਼ੇਸ਼ ਰੁਖ ਦੇ ਪ੍ਰਭਾਵ ਦੇ ਨਜ਼ਰੀਏ ਨਾਲ ਕੀਤਾ ਜਾਣਾ ਜ਼ਰੂਰੀ ਹੈ।

ਡਾ. ਅੰਬੇਦਕਰ ਨੇ ਭਾਰਤ ਦੀ ਪੇਂਡੂ ਅਰਥ-ਵਿਵਸਥਾ ਦੇ ਹਾਲਾਤ ਦੇ ਮੁਲੰਕਣ ਲਈ ਵੀ ਇਸ ਤਰੀਕੇ ਨੂੰ ਅਪਨਾਇਆ। ਉਨ੍ਹਾਂ ਦਾ ਤਰਕ ਸੀ ਕਿ ਭਾਰਤ ਵਿਚ ਜ਼ਮੀਨ ਦੇ ਬਟਵਾਰੇ ਕਾਰਨ, ਜ਼ਮੀਨ ਦਾ ਔਸਤ ਆਕਾਰ ਐਨਾ ਘਟ ਗਿਆ ਹੈ ਕਿ ਆਰਥਿਕ ਰੂਪ ਵਿਚ ਇਸ ਦਾ ਸੰਚਾਲਨ ਬੇਮਾਇਨਾ ਹੋ ਕੇ ਰਹਿ ਗਿਆ ਹੈ। ਇਸ ਕਾਰਨ ਉਨ੍ਹਾਂ ਨੇ ਖੇਤੀ ਯੋਗ ਜ਼ਮੀਨ ਦਾ ਔਸਤ ਆਕਾਰ ਵਧਾਉਣ ਦੇ ਉਦੇਸ਼ ਨਾਲ ਜ਼ਮੀਨ ਦੇ ਏਕੀਕਰਨ ਦੀ ਵਕਾਲਤ ਕੀਤੀ। ਪਹਿਲੀ ਨਜ਼ਰ ਨਾਲ ਵੇਖਿਆਂ ਇਹ ਸੋਚ ਛੋਟੇ ਜ਼ਿਮੀਂਦਾਰਾਂ ਦੇ ਹਿੱਤਾਂ ਦੇ ਖ਼ਿਲਾਫ਼ ਪ੍ਰਤੀਤ ਹੋ ਸਕਦੀ ਹੈ, ਪਰ ਆਰਥਿਕ ਦ੍ਰਿਸ਼ਟੀ ਤੋਂ ਅੰਬੇਦਕਰ ਨੇ ਗਰੀਬ ਕਿਸਾਨਾਂ ਤੇ ਭੂਮੀਹੀਣ ਕਿਰਤੀਆਂ ਦੇ ਹਿੱਤਾਂ ਵਾਲੇ ਅਰਥਹੀਣ ਭੂਮੀ ਆਕਾਰ ਦੇ ਬਚਾਅ ਦੀ ਗੱਲ ਕਰਨਾ ਉਚਿਤ ਨਹੀਂ ਸਮਝਿਆ। ਇਸ ਕਾਰਨ ਉਨ੍ਹਾਂ ਨੇ ਸਹਿਕਾਰੀ ਖੇਤੀ ਪ੍ਰਣਾਲੀ ਦੀ ਤਜਵੀਜ਼ ਰੱਖੀ ਜਿਸ ਤੋਂ ਅਰਥ ਵਿਵਸਥਾ ਦਾ ਵੱਡੇ ਪੱਧਰ ਉਪਰ ਲਾਭ ਉਠਾਉਣ ਲਈ ਛੋਟੀਆਂ ਭੂਮੀ ਇਕਾਈਆਂ ਦਾ ਵੱਡੀਆਂ ਭੂਮੀ ਇਕਾਈਆਂ ਵਿਚ ਰਲੇਵਾਂ ਯਕੀਨੀ ਬਣ ਸਕੇ। ਉਨ੍ਹਾਂ ਦੀ ਸੋਚ ਸੀ ਕਿ ਸਹਿਕਾਰੀ ਖੇਤੀ ਨਾ ਕੇਵਲ ਛੋਟੇ ਜ਼ਿਮੀਂਦਾਰਾਂ ਬਲਕਿ ਭੂਮੀਹੀਣ ਕਿਰਤੀਆਂ ਜਿਨ੍ਹਾਂ ਵਿਚ ਜ਼ਿਆਦਾਤਰ ਦਲਿਤ ਹਨ, ਲਈ ਲੋੜੀਂਦੀ ਹੈ। ਇਸ ਲਈ ਅਸੀਂ ਸਮਝ ਸਕਦੇ ਹਾਂ ਕਿ ਖੇਤੀ ਦੇ ਬਦਲਵੇਂ ਤਰੀਕਿਆਂ ਅਤੇ ਸਹਿਕਾਰੀ ਖੇਤੀ ਨੂੰ ਸਭ ਤੋਂ ਲੋੜੀਂਦੀ ਪ੍ਰਣਾਲੀ ਦੱਸਣ ਪਿੱਛੋਂ ਉਨ੍ਹਾਂ ਦਾ ਅੰਤਿਮ ਉਦੇਸ਼ ਦਲਿਤਾਂ ਦੇ ਆਰਥਿਕ ਹਿੱਤਾਂ ਦੀ ਰੱਖਿਆ ਕਰਨੀ ਸੀ।

ਡਾ. ਅੰਬੇਦਕਰ ਨੇ ਜਾਂਚ ਲਈ ਜਿਸ ਤੀਜੇ ਮੁੱਦੇ ਨੂੰ ਚੁਣਿਆ, ਉਹ ਸੀ ਸਰਕਾਰ ਦੇ ਮਾਲੀਏ ਤੇ ਖ਼ਰਚਿਆਂ ਦੇ ਵਿਭਿੰਨ ਪੜਾਵਾਂ ਨਾਲ ਸਬੰਧਿਤ ਵਿੱਤ ਦਾ ਪ੍ਰਸ਼ਨ। ਉਨ੍ਹਾਂ ਦੀ ਸੋਚ ਦਾ ਮੂਲ ਆਧਾਰ ਇਹ ਸੀ ਕਿ ਸ਼ਾਸਨ ਦੇ ਹਰ ਪੱਧਰ 'ਤੇ ਖ਼ਰਚ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਮਾਲੀਏ ਦੇ ਜਾਇਜ਼ ਸਰੋਤ ਹੋਣੇ ਚਾਹੀਦੇ ਹਨ। ਅੰਬੇਦਕਰ ਦਾ ਇਹ ਵੀ ਤਰਕ ਸੀ ਕਿ ਮਾਲੀਏ ਦੇ ਗਿਣਾਤਮਿਕ ਨਾਪ ਦੇ ਨਾਲ-ਨਾਲ ਇਸ ਦੇ ਗੁਣਾਤਮਿਕ ਨਾਪ ਤਰੀਕਿਆਂ ਦੀ ਜਾਂਚ ਵੀ ਜ਼ਰੂਰੀ ਹੈ। ਕੋਈ ਸਰਕਾਰ ਭਰਵਾਂ ਮਾਲੀਆ ਜੁਟਾਉਣ ਵਿਚ ਤਾਂ ਸਫਲ ਹੋ ਸਕਦੀ ਹੈ, ਪਰ ਮੰਤਰੀਆਂ ਤੇ ਅਧਿਕਾਰੀਆਂ ਦੇ ਸ਼ਾਹੀ ਗ਼ੈਰ-ਉਤਪਾਦਿਕ ਖ਼ਰਚਿਆਂ ਦੇ ਕਾਰਨ ਇਸ ਨੂੰ ਗੁਆ ਵੀ ਸਕਦੀ ਹੈ। ਇਸ ਦੇ ਮੁਕਾਬਲੇ ਜੇ ਸਿਹਤ ਅਤੇ ਸਿੱਖਿਆ ਵਰਗੇ ਚੰਗੇ ਕੰਮਾਂ ਉਪਰ ਖ਼ਰਚਿਆਂ ਵਿਚ ਥੋੜ੍ਹਾ ਜਿਹਾ ਵਾਧਾ ਵੀ ਕੀਤਾ ਜਾਂਦਾ ਹੈ ਤਾਂ ਇਸ ਨਾਲ ਜੀਵਨ ਪੱਧਰ ਵਿਚ ਬਹੁਤ ਜ਼ਿਆਦਾ ਸੁਧਾਰ ਲਿਆਂਦਾ ਜਾ ਸਕਦਾ ਹੈ। ਦਲਿਤਾਂ ਅਤੇ ਸਮਾਜ ਦੇ ਹੋਰ ਗਰੀਬ ਵਰਗਾਂ ਲਈ ਇਸ ਤਰ੍ਹਾਂ ਦੇ ਜਨਹਿਤ ਉਪਰ ਪੈਸਾ ਖ਼ਰਚ ਕਰਨਾ ਵਿਸ਼ੇਸ਼ ਤੌਰ 'ਤੇ ਜ਼ਰੂਰੀ ਹੈ।

ਇਸ ਬਹੁ-ਪਰਤੀ ਸ਼ਾਸਨ ਮਾਡਲ ਵਿਚ ਅੰਤਰ-ਸਰਕਾਰੀ ਸਬੰਧਾਂ ਦਾ ਮੁਲੰਕਣ ਕਰਨ ਲਈ ਅੰਬੇਦਕਰ ਨੇ ਵੀ ਦਲਿਤਾਂ ਦੇ ਜੀਵਨ ਉਪਰ ਕੇਂਦਰੀਕਰਨ ਬਨਾਮ ਵਿਕੇਂਦਰੀਕਰਨ ਦੇ ਪ੍ਰਭਾਵ ਨੂੰ ਜਾਂਚਿਆ। ਇਕ ਦ੍ਰਿਸ਼ਟੀਕੋਣ ਤੋਂ ਉਹ ਕੇਂਦਰੀਕਰਨ ਦੇ ਹਮਾਇਤੀ ਨਜ਼ਰ ਆਉਂਦੇ ਹਨ ਅਤੇ ਦੂਸਰੇ ਦ੍ਰਿਸ਼ਟੀਕੋਣ ਤੋਂ ਉਹ ਅਧਿਕ ਕੇਂਦਰੀਕਰਨ ਨੂੰ ਖ਼ਤਰਾ ਮੰਨਦੇ ਹਨ। ਕੇਂਦਰੀਕਰਨ ਦੇ ਪੱਖ ਵਿਚ ਉਨ੍ਹਾਂ ਦਾ ਤਰਕ ਸੀ ਕਿ ਵਿਕੇਂਦਰੀਕਰਨ ਦਲਿਤਾਂ ਦੇ ਮੁਕਾਬਲੇ, ਉਚ ਜਾਤੀ ਦੇ ਸਥਾਨਕ ਅਮੀਰਾਂ ਨੂੰ ਹੋਰ ਤਾਕਤਵਰ ਬਣਾਏਗਾ। ਉਹ ਕੇਂਦਰੀਕਰਨ ਲੋਕਤੰਤਰ ਨੂੰ ਕਮਜ਼ੋਰ ਕਰ ਸਕਦਾ ਹੈ। ਉਨ੍ਹਾਂ ਮੁਤਾਬਕ ਲੋਕਤੰਤਰ ਦਾ ਕਮਜ਼ੋਰ ਹੋਣਾ ਦਲਿਤਾਂ ਲਈ ਠੀਕ ਨਹੀਂ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਅੰਬੇਦਕਰ ਨੇ ਜਵਾਹਰ ਲਾਲ ਨਹਿਰੂ ਦੇ ਉਸ ਪ੍ਰਸਤਾਵ ਦਾ ਵਿਰੋਧ ਕਰ ਕੇ ਉਸ ਨੂੰ ਖ਼ਾਰਜ ਕਰ ਦਿੱਤਾ ਸੀ ਜਿਸ ਅਨੁਸਾਰ ਸੰਸਦ ਵਿਚ ਸਾਧਾਰਨ ਬਹੁਮਤ ਨਾਲ ਸੰਵਿਧਾਨ ਵਿਚ ਸੋਧ ਕੀਤੀ ਜਾ ਸਕਦੀ ਸੀ। ਉਨ੍ਹਾਂ ਨੂੰ ਇਹ ਤਜਵੀਜ਼ ਅਧਿਕ ਕੇਂਦਰੀਕਰਨ ਦਾ ਰਸਤਾ ਸਾਫ ਕਰਨ ਵਾਲੀ ਲੱਗੀ ਸੀ। ਇਸ ਲਈ ਉਹ ਸੰਵਿਧਾਨਕ ਸੋਧ ਵਾਸਤੇ ਸੰਸਦ ਦਾ ਦੋ-ਤਿਹਾਈ ਬਹੁਮਤ ਜ਼ਰੂਰਤ ਹੋਣਾ ਸ਼ਾਮਲ ਕਰਾਉਣ ਵਿਚ ਸਫਲ ਰਹੇ।

ਜਾਤੀ ਤੇ ਭੇਦਭਾਵ ਦੇ ਅਨੇਕ ਰੂਪਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਨੀਤੀ ਸਬੰਧੀ ਸਾਰੇ ਬਦਲਾਂ ਦਾ ਮੁਲੰਕਣ ਕਰਨ ਵਾਸਤੇ ਦਲਿਤਾਂ ਦੇ ਫਿਕਰ ਦੇ ਅੰਬੇਦਕਰ ਦੇ ਤਰੀਕੇ ਨੂੰ ਕੇਂਦਰੀ ਨਿਰਧਾਰਤ ਮਾਪਦੰਡ ਬਣਾਉਣਾ ਸਿੱਖਣਾ ਹੋਵੇਗਾ। ਜ਼ਵਾਯੂ ਪਰਿਵਰਤਨ ਦੇ ਦੌਰ ਵਿਚ ਆਰਥਿਕ ਗਤੀਵਿਧੀਆਂ ਦੇ ਸਥਾਈ ਤੇ ਸਮਤਾਵਾਦੀ ਤਰੀਕਿਆਂ ਅਤੇ ਦਲਿਤਾਂ ਦੇ ਨਵ ਯਥਾਰਥਵਾਦ ਵਿਚਾਲੇ ਜ਼ਰੂਰੀ ਇਕਰੂਪਤਾ ਲਈ, ਅੰਬੇਦਕਰ ਦੇ ਵਿਚਾਰਾਂ ਦਾ ਵਿਕਾਸ ਜ਼ਰੂਰੀ ਹੈ।

# ਪੰਡਿਤ ਦੀਨਦਿਆਲ, ਸੰਘ ਤੇ ਸਿਆਸੀ ਨੈਤਿਕਤਾ

ਬੂਟਾ ਸਿੰਘ
ਫੋਨ: +91-94634-74342

2016-17 ਭਾਰਤੀ ਜਨ ਸੰਘ ਦੇ ਬਾਨੀ ਅਤੇ ਆਰ.ਐਸ.ਐਸ. ਦੇ ਮਸ਼ਹੂਰ ਪ੍ਰਚਾਰਕ ਪੰਡਿਤ ਦੀਨਦਿਆਲ ਉਪਾਧਿਆਏ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਇਸ ਵਰ੍ਹੇ ਸੰਘ ਪਰਿਵਾਰ ਦਾ ਸਭਿਆਚਾਰਕ ਵੰਨ-ਸੁਵੰਨਤਾ ਵਾਲੇ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਜਹਾਦ ਵੀ ਸਿਖਰਾਂ ਛੂਹ ਰਿਹਾ ਹੈ। ਹੁਣ ਤਕ ਗਊ ਮੰਤਰਾਲਾ ਇਕੱਲੇ ਰਾਜਸਥਾਨ ਵਿਚ ਸੀ। ਹੁਣ ਕੇਂਦਰ ਸਰਕਾਰ ਵੀ ਗਊ ਮੰਤਰਾਲਾ ਬਣਾ ਰਹੀ ਹੈ। ਜਿਸ ਮੁਲਕ ਦੀ ਮੁੱਢਲੀਆਂ ਮਨੁੱਖੀ ਜ਼ਰੂਰਤਾਂ ਤੋਂ ਵਾਂਝੀ ਤਿੰਨ-ਚੌਥਾਈ ਆਬਾਦੀ ਦੀ ਭਲਾਈ ਹੁਕਮਰਾਨਾਂ ਦੇ ਏਜੰਡੇ ਉਪਰ ਨਹੀਂ, ਉਥੇ ਇਕ ਖ਼ਾਸ ਜਾਨਵਰ ਦੀ ਭਲਾਈ ਲਈ ਵਿਸ਼ੇਸ਼ ਮੰਤਰਾਲਾ ਬਣਾਏ ਜਾਣ ਤੋਂ ਭਗਵੇਂ ਹੁਕਮਰਾਨਾਂ ਦੀ ਮਨਸ਼ਾ ਸਾਫ਼ ਸਮਝੀ ਜਾ ਸਕਦੀ ਹੈ। ਬੱਚਿਆਂ ਦੇ ਮਨਾਂ ਨੂੰ ਹਿੰਦੁਤਵੀ ਰੰਗ ਵਿਚ ਰੰਗਣ ਲਈ ਦੀਨਾਨਾਥ ਬਤਰਾ ਦੀ ਰਾਹਨੁਮਾਈ ਹੇਠ ਪਾਠ ਪੁਸਤਕਾਂ ਵਿਚ ਵੱਡੇ ਫੇਰਬਦਲ ਕੀਤੇ ਜਾ ਰਹੇ ਹਨ ਅਤੇ ਇਤਿਹਾਸ ਦੀਆਂ ਕਿਤਾਬਾਂ ਨੂੰ ਨਵੇਂ ਸਿਰਿਓਂ ਹਿੰਦੂ 'ਗੌਰਵ ਦੀ ਮੁੜ-ਸੁਰਜੀਤੀ' ਅਨੁਸਾਰ ਲਿਖਿਆ ਅਤੇ ਰਚਿਆ ਜਾ ਰਿਹਾ ਹੈ। ਇਸ ਦੀ ਵੱਡੀ ਮਿਸਾਲ ਰਾਜਸਥਾਨ ਦੀਆਂ ਪਾਠ ਪੁਸਤਕਾਂ ਵਿਚ ਵੀ.ਡੀ. ਸਾਵਰਕਰ ਦਾ ਗੁਣ-ਗਾਣ ਅਤੇ ਮਹਾਰਾਣਾ ਪ੍ਰਤਾਪ ਦੀ ਹਾਰ ਦੇ ਇਤਿਹਾਸਕ ਤੱਥ ਨੂੰ ਮੇਟ ਕੇ ਉਸ ਨੂੰ ਜੇਤੂ ਬਣਾ ਕੇ ਪੇਸ਼ ਕਰਨਾ ਹੈ। ਇਤਿਹਾਸਕ ਥਾਵਾਂ ਦੇ ਨਾਂ ਬਦਲੇ ਜਾ ਰਹੇ ਹਨ। ਦਿੱਲੀ ਦੀ ਮਸ਼ਹੂਰ ਔਰੰਗਜ਼ੇਬ ਰੋਡ ਦਾ ਨਾਂ ਬਦਲ ਕੇ ਡਾ. ਏ.ਪੀ.ਜੇ. ਅਬਦੁਲ ਕਲਾਮ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸੇ ਸਿਲਸਿਲੇ ਵਿਚ ਮਸ਼ਹੂਰ ਮੁਗਲਸਰਾਏ ਜੰਕਸ਼ਨ ਦਾ ਨਾਂ ਬਦਲ ਕੇ ਪੰਡਿਤ ਦੀਨਦਿਆਲ ਉਪਾਧਿਆਏ ਜੰਕਸ਼ਨ ਰੱਖਿਆ ਜਾਣਾ ਹੈ।

ਯੂ.ਪੀ. ਦੀ ਯੋਗੀ ਅਦਿਤਿਆ ਸਰਕਾਰ ਨੇ ਹਿੰਦੂ ਰਾਸ਼ਟਰ ਦੀ ਉਸਾਰੀ ਦਾ ਮਹਾਂਭਾਰਤ ਜਾਰੀ ਰੱਖਦੇ ਹੋਏ ਭਗਵੇਂ ਅਸਲਾਖਾਨੇ ਵਿਚੋਂ ਨਵਾਂ ਬ੍ਰਹਮ ਅਸਤਰ ਕੱਢ ਲਿਆ ਹੈ। ਪੰਡਿਤ ਦੀਨਦਿਆਲ ਉਪਾਧਿਆਏ ਦੇ 100ਵੇਂ ਜਨਮ ਦਿਨ ਦੇ ਮੌਕੇ ਨੂੰ ਇਸਤੇਮਾਲ ਕਰ ਕੇ ਉਸ ਨੂੰ ਉਚੇਚੇ ਤੌਰ 'ਤੇ ਪ੍ਰਚਾਰਿਆ ਜਾ ਰਿਹਾ ਹੈ। ਪਿਛਲੇ ਸਾਲ ਤੋਂ ਜਨਮ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕੀਤੇ ਜਾ ਰਹੇ ਹਨ ਜੋ 25 ਸਤੰਬਰ ਤਕ ਚਲਣਗੇ। ਪਹਿਲਾਂ ਹੀ ਬੰਗਲੌਰ ਵਿਚ ਪੁਲਾੜ ਖੋਜ ਸੰਸਥਾ ਦੇ ਪਾਰਕ ਸਮੇਤ ਮੁਲਕ ਦੀਆਂ ਤਿੰਨ ਯੂਨੀਵਰਸਿਟੀਆਂ, ਕਈ ਮੁੱਖ ਸਰਕਾਰੀ ਹਸਪਤਾਲਾਂ, ਮੈਡੀਕਲ ਕਾਲਜਾਂ ਅਤੇ ਸਰਕਾਰੀ ਸੰਸਥਾਵਾਂ ਸਮੇਤ ਪੰਦਰਾਂ ਸੰਸਥਾਵਾਂ ਦਾ ਨਾਮਕਰਨ ਪੰਡਿਤ ਦੀਨਦਿਆਲ ਦੇ ਨਾਂ ਉਪਰ ਕੀਤਾ ਹੋਇਆ ਹੈ। ਮੋਦੀ ਸਰਕਾਰ ਵਲੋਂ ਤਿੰਨ ਕੇਂਦਰੀ ਯੋਜਨਾਵਾਂ- ਗ੍ਰਾਮੀਣ ਕੁਸ਼ੱਲਿਆ ਯੋਜਨਾ, ਗ੍ਰਾਮ ਜਯੋਤੀ ਯੋਜਨਾ ਅਤੇ ਅੰਤਿਓਦਿਯਾ ਉਪਚਾਰ ਯੋਜਨਾ- ਉਸ ਦੇ ਨਾਂ 'ਤੇ ਸ਼ੁਰੂ ਕੀਤੀਆਂ ਗਈਆਂ ਸਨ। ਇਸ ਤੋਂ ਸੰਘ ਪਰਿਵਾਰ ਅਤੇ ਸਮੁੱਚੀ 'ਮੁੱਖਧਾਰਾ' ਸਿਆਸਤ ਵਿਚ ਪੰਡਿਤ ਦੀਨਦਿਆਲ ਦੇ ਰਸੂਖ ਦਾ ਪਤਾ ਚਲਦਾ ਹੈ। ਹੁਣ ਉਸ ਦੀ ਸ਼ਖ਼ਸੀਅਤ ਉਪਰ ਯੂ.ਪੀ. ਦੀਆਂ ਜੇਲ੍ਹਾਂ ਵਿਚ ਲੈਕਚਰ ਲੜੀ ਸ਼ੁਰੂ ਕੀਤੀ ਗਈ ਹੈ। ਜਿਸ ਸ਼ਖ਼ਸ ਦਾ ਇਕੋ ਇਕ ਨਿਸ਼ਾਨਾ ਤਾਉਮਰ ਹਿੰਦੂਤਵੀ ਜ਼ਹਿਰ ਫੈਲਾ ਕੇ ਇਸ ਸਰਜ਼ਮੀਨ ਦੀ ਸਭਿਆਚਾਰਕ ਵੰਨ-ਸੁਵੰਨਤਾ ਨੂੰ ਨੇਸਤੋਨਾਬੂਦ ਕਰਨਾ ਰਿਹਾ ਸੀ, ਕੈਦੀਆਂ ਦੇ ਮਨਾਂ ਵਿਚ ਉਸ ਦੀ ਵਿਚਾਰਧਾਰਾ ਕੁੱਟ-ਕੁੱਟ ਕੇ ਭਰੀ ਜਾ ਰਹੀ ਹੈ ਤਾਂ ਜੋ ਉਹ ਸਜ਼ਾ ਕੱਟਣ ਤੋਂ ਬਾਅਦ ਸੰਘ ਦੇ ਕੱਟੜ ਹਮਾਇਤੀ ਬਣ ਕੇ ਬਾਹਰ ਆਉਣ।

ਯੂ.ਪੀ. ਸਰਕਾਰ ਨੇ 'ਜਨਰਲ ਨਾਲਿਜ' ਬਾਰੇ ਲਿਖਤੀ ਇਮਤਿਹਾਨ ਲੈਣ ਦੀ ਯੋਜਨਾ ਵੀ ਬਣਾਈ ਹੈ। 20 ਅਗਸਤ ਨੂੰ ਹੋਣ ਵਾਲੇ ਇਸ ਇਮਤਿਹਾਨ ਵਿਚ ਨੌਂਵੀਂ ਅਤੇ ਦਸਵੀਂ ਜਮਾਤ ਦੇ ਦਸ ਹਜ਼ਾਰ ਵਿਦਿਆਰਥੀ ਸ਼ਾਮਲ ਕਰਨ ਦਾ ਟੀਚਾ ਹੈ। ਵਿਦਿਆਰਥੀਆਂ ਨੂੰ ਮੋਦੀ ਅਤੇ ਅਦਿਤਿਆਨਾਥ ਸਰਕਾਰਾਂ ਦੀਆਂ ਪ੍ਰਾਪਤੀਆਂ ਤੇ ਸਕੀਮਾਂ ਦੇ ਨਾਲ-ਨਾਲ ਪੰਡਿਤ ਉਪਾਧਿਆਏ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਜਾਵੇਗਾ। ਉਨ੍ਹਾਂ ਤੋਂ ਪੰਡਿਤ ਦੀਨਦਿਆਲ ਦੀ ਵਿਚਾਰਧਾਰਾ, ਉਸ ਦੀ ਸਿਆਸਤ, ਸਮਾਜੀ ਜ਼ਿੰਦਗੀ ਸਮੇਤ ਮੋਦੀ ਸਰਕਾਰ ਦੇ ਅਹਿਮ ਫ਼ੈਸਲਿਆਂ ਨੋਟਬੰਦੀ, ਜੀ.ਐਸ.ਟੀ., ਭੀਮ ਐਪ, ਫ਼ੌਜ ਦੇ ਸਰਜੀਕਲ ਸਟਰਾਈਕ, ਸਟਾਰਟ ਅਪ ਇੰਡੀਆ, ਸਵੱਛ ਭਾਰਤ ਅਭਿਆਨ ਅਤੇ ਯੋਗੀ ਸਰਕਾਰ ਵਲੋਂ ਐਂਟੀ ਰੋਮੀਓ ਸੁਕਐਡ ਬਣਾਏ ਜਾਣ ਬਾਰੇ ਸਵਾਲ ਪੁੱਛੇ ਜਾਣਗੇ। ਇਸ ਜਨਰਲ ਨਾਲਿਜ ਬਾਰੇ 70 ਸਫ਼ਿਆਂ ਦਾ ਕਿਤਾਬਚਾ ਤਿਆਰੀ ਅਧੀਨ ਹੈ ਜਿਸ ਵਿਚ ਸਾਵਰਕਰ, ਸਰਦਾਰ ਪਟੇਲ, ਪੰਡਿਤ ਦੀਨਦਿਆਲ ਅਤੇ ਸ਼ਿਆਮਾ ਪ੍ਰਸਾਦ ਮੁਖਰਜੀ ਆਦਿ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ; ਖ਼ਾਸ ਕਰ ਕੇ ਪੰਡਿਤ ਦੀਨਦਿਆਲ ਦੀ ਸਭਿਆਚਾਰਕ ਰਾਸ਼ਟਰਵਾਦ ਅਤੇ 'ਏਕਤਮ ਮਾਨਵਵਾਦ' ਦੀ ਵਿਚਾਰਧਾਰਾ ਉਪਰ ਉਚੇਚਾ ਚਾਨਣਾ ਪਾਇਆ ਜਾਵੇਗਾ। ਸੂਬਾ, ਖੇਤਰ, ਜ਼ਿਲ੍ਹਾ, ਮੰਡਲ ਅਤੇ ਸਕੂਲ ਪੱਧਰ 'ਤੇ ਵਿਸ਼ੇਸ਼ ਯਾਦੂਵੰਸ਼ ਕਮੇਟੀਆਂ ਬਣਾਈਆਂ ਗਈਆਂ ਹਨ ਜੋ ਜ਼ਿਲ੍ਹਾ ਪੱਧਰ 'ਤੇ ਇਸ ਇਮਤਿਹਾਨ ਦੀਆਂ ਤਮਾਮ ਤਿਆਰੀਆਂ ਤੇ ਇੰਤਜ਼ਾਮ ਕਰਨਗੀਆਂ ਅਤੇ ਹਰ ਜ਼ਿਲ੍ਹੇ ਵਿਚ ਘੱਟੋਘੱਟ 100 ਵਿਦਿਆਰਥੀਆਂ ਲਈ ਇਕ ਇਮਤਿਹਾਨ ਕੇਂਦਰ ਮੁਹੱਈਆ ਕਰਵਾਇਆ ਜਾਵੇਗਾ।

ਉਧਰ, ਜੇਲ੍ਹ ਲਾਇਬ੍ਰੇਰੀਆਂ ਲਈ ਪੰਡਿਤ ਦੀਨਦਿਆਲ ਬਾਰੇ ਉਚੇਚੀਆਂ ਕਿਤਾਬਾਂ ਖ਼ਰੀਦੀਆਂ ਗਈਆਂ ਹਨ। ਸਰਕਾਰ ਦੇ ਹੁਕਮਾਂ ਅਨੁਸਾਰ, 25 ਸਤੰਬਰ ਤਕ ਹਰ ਜੇਲ੍ਹ ਵਿਚ ਹਰ ਸ਼ਨਿਚਰਵਾਰ ਉਸ ਦੀ ਵਿਚਾਰਧਾਰਾ ਬਾਰੇ ਸਮਾਗਮ ਕੀਤੇ ਜਾਣਗੇ ਜਿਨ੍ਹਾਂ ਵਿਚ ਸੰਘ ਪਰਿਵਾਰ ਦੇ ਕਿਸੇ ਆਗੂ ਦਾ ਲੈਕਚਰ ਕਰਵਾਇਆ ਜਾਵੇਗਾ। ਹਰ ਸ਼ਨਿਚਰਵਾਰ ਉਸ ਬਾਰੇ ਗੀਤ, ਕਵਿਤਾਵਾਂ, ਲੇਖ ਲਿਖਣ, ਤਸਵੀਰਾਂ ਬਣਾਉਣ ਦੇ ਸਮਾਗਮ ਜਥੇਬੰਦ ਕੀਤੇ ਜਾਣਗੇ। 4 ਅਗਸਤ ਨੂੰ ਕਾਨਪੁਰ ਜੇਲ੍ਹ ਵਿਚ ਐਸਾ ਪਹਿਲਾ ਲੈਕਚਰ ਕਰਵਾਇਆ ਗਿਆ ਜਿਸ ਦਾ ਮੁੱਖ ਵਕਤਾ ਭਾਜਪਾ ਦਾ ਜ਼ਿਲ੍ਹਾ ਪ੍ਰਧਾਨ ਸੁਰੇਂਦਰ ਮੈਥਾਨੀ ਸੀ ਅਤੇ ਸੰਚਾਲਨ ਦੀ ਜ਼ਿੰਮੇਵਾਰੀ ਗਿਰੀਸ਼ ਬਾਜਪਾਈ ਵਲੋਂ ਨਿਭਾਈ ਗਈ ਜਿਸ ਨੂੰ 1991 ਦੇ ਕਾਨਪੁਰ ਫ਼ਸਾਦਾਂ ਵਿਚ ਕਸੂਰਵਾਰ ਠਹਿਰਾਇਆ ਗਿਆ ਸੀ। ਸਵਾਲ ਇਹ ਹੈ ਕਿ ਪੰਡਿਤ ਦੀਨਦਿਆਲ ਦਾ ਐਸਾ ਕੀ ਖ਼ਾਸ ਯੋਗਦਾਨ ਸੀ ਜਿਸ ਦੀ ਜਨਮ ਸ਼ਤਾਬਦੀ ਮਨਾਉਣ ਲਈ ਸੰਘ ਬ੍ਰਿਗੇਡ ਦੇ ਹੁਕਮਾਂ ਉਪਰ ਜੇਲ੍ਹ ਪ੍ਰਸ਼ਾਸਨ ਵੀ ਪੱਬਾਂ ਭਾਰ ਹੈ।

25 ਸਤੰਬਰ 1916 ਨੂੰ ਯੂ.ਪੀ. ਦੇ ਮਥੁਰਾ




ਜ਼ਿਲ੍ਹੇ ਦੇ ਪਿੰਡ ਚੰਦਰਭਾਨ ਵਿਚ ਜਨਮੇ ਦੀਨਦਿਆਲ ਨੇ ਅੰਗਰੇਜ਼ੀ ਸਾਹਿਤ ਦੀ ਐਮ.ਏ. ਕੀਤੀ। ਇਸ ਦੌਰਾਨ ਉਹ ਆਰ.ਐਸ.ਐਸ. ਦੇ ਵਾਹ ਵਿਚ ਆਇਆ ਅਤੇ ਸੰਘ ਦੇ ਬਾਨੀ ਕੇ.ਬੀ. ਹੈਡਗੇਵਾਰ ਦੀ ਪ੍ਰੇਰਨਾ ਨਾਲ ਉਸ ਨੇ ਨੌਕਰੀ ਕਰਨ ਦੀ ਬਜਾਏ ਸੰਘ ਪ੍ਰਚਾਰਕ ਬਣਨ ਨੂੰ ਤਰਜੀਹ ਦਿੱਤੀ। ਉਸ ਨੇ ਸੰਘ ਦੇ ਸਦਰ ਮੁਕਾਮ ਨਾਗਪੁਰ ਵਿਖੇ ਹੁਨਾਲ ਦੀਆਂ ਛੁੱਟੀਆਂ ਦੌਰਾਨ ਵਿਸ਼ੇਸ਼ ਸਿਖਲਾਈ ਕੈਂਪ ਵਿਚ 40 ਦਿਨ ਦੀ ਸਿਧਾਂਤਕ ਤਾਲੀਮ ਹਾਸਲ ਕੀਤੀ ਅਤੇ ਕੁਲਵਕਤੀ ਪ੍ਰਚਾਰਕ ਬਣ ਗਿਆ। ਉਸ ਨੂੰ ਆਦਰਸ਼ ਸੋਇਮਸੇਵਕ ਮੰਨਿਆ ਜਾਂਦਾ ਸੀ, ਕਿਉਂਕਿ 'ਉਸ ਦਾ ਪ੍ਰਵਚਨ ਸੰਘ ਦੀ ਸੁਧ ਵਿਚਾਰਧਾਰਾ ਨੂੰ ਪ੍ਰਤੀਬਿੰਬਤ ਕਰਦਾ ਸੀ'। ਉਸ ਨੇ ਹਿੰਦੁਤਵੀ ਰਾਸ਼ਟਰਵਾਦ ਦੀ ਵਿਚਾਰਧਾਰਾ ਦੇ ਪ੍ਰਚਾਰ-ਪਸਾਰ ਲਈ 1940ਵਿਆਂ ਵਿਚ ਲਖਨਊ ਤੋਂ ਮਾਸਕ 'ਰਾਸ਼ਟਰ ਧਰਮ' ਰਸਾਲਾ ਸ਼ੁਰੂ ਕੀਤਾ, ਹਾਲਾਂਕਿ ਇਸ ਦੇ ਕਿਸੇ ਵੀ ਅੰਕ ਉਪਰ ਬਤੌਰ ਸੰਪਾਦਕ ਉਸ ਦਾ ਨਾਮ ਕਦੇ ਨਹੀਂ ਛਪਿਆ। ਇਹ ਆਰ.ਐਸ.ਐਸ. ਦੀ ਖ਼ਾਸ ਕਾਰਜਸ਼ੈਲੀ ਹੈ। ਬਾਅਦ ਵਿਚ ਹਫ਼ਤਾਵਾਰ 'ਪੰਚਜਨਿਆ' ਅਤੇ ਰੋਜ਼ਾਨਾ 'ਸਵਦੇਸ਼' ਅਖ਼ਬਾਰ ਦਾ ਬਾਨੀ ਤੇ ਕਰਤਾ-ਧਰਤਾ ਵੀ ਉਹੀ ਸੀ।

1951 ਵਿਚ ਜਦੋਂ ਆਰ.ਐਸ.ਐਸ. ਵਲੋਂ ਭਾਰਤੀ ਜਨ ਸੰਘ ਬਣਾਇਆ ਗਿਆ ਤਾਂ ਸ਼ਿਆਮਾ ਪ੍ਰਸਾਦ ਮੁਖਰਜੀ ਅਤੇ ਪੰਡਿਤ ਦੀਨਦਿਆਲ ਇਸ ਦੇ ਬਾਨੀ ਸਨ। ਉਸ ਨੇ ਜਨ ਸੰਘ ਦੀ ਕਾਇਮੀ ਲਈ ਸਖ਼ਤ ਮਿਹਨਤ ਕੀਤੀ ਅਤੇ ਪੰਦਰਾਂ ਸਾਲ ਬਤੌਰ ਜਨਰਲ ਸਕੱਤਰ ਇਸ ਦੀ ਅਗਵਾਈ ਕੀਤੀ। 11 ਫਰਵਰੀ 1968 ਨੂੰ ਉਸ ਦੀ ਲਾਸ਼ ਰੇਲ ਸਫ਼ਰ ਦੌਰਾਨ ਯੂ.ਪੀ. ਦੇ ਮੁਗਲ ਸਰਾਏ ਰੇਲਵੇ ਜੰਕਸ਼ਨ ਉਪਰ ਮਿਲੀ। ਕੀ ਇਹ ਕਤਲ ਸੀ, ਜਿਵੇਂ ਬਲਰਾਜ ਮਧੋਕ ਵਰਗੇ ਸੰਘ ਆਗੂਆਂ ਨੇ ਦਾਅਵਾ ਕੀਤਾ ਸੀ, ਜਾਂ ਕੁਦਰਤੀ ਮੌਤ; ਇਸ ਭੇਤ ਬਾਰੇ ਸੰਘ ਪਰਿਵਾਰ ਹੁਣ ਤਕ ਖ਼ਾਮੋਸ਼ ਹੈ।

ਪੰਡਿਤ ਦੀਨਦਿਆਲ ਨੇ ਸੰਘ ਪਰਿਵਾਰ ਨੂੰ 'ਏਕਤਮ ਮਾਨਵਵਾਦ' (ਇੰਟੈਗਰਲ ਹਿਊਮਨਿਜ਼ਮ) ਦਾ ਸਿਆਸੀ ਫ਼ਲਸਫ਼ਾ ਦਿੱਤਾ। ਐਲ.ਕੇ. ਅਡਵਾਨੀ ਦਾ ਕਹਿਣਾ ਹੈ ਕਿ ਉਸ ਨੇ 'ਏਕਤਮ ਮਾਨਵਵਾਦ' ਦਾ ਸਿਧਾਂਤ ਕਮਿਊਨਿਸਟ ਸਿਧਾਂਤਕਾਰ ਐਮ.ਐਨ. ਰਾਏ ਦੇ 'ਰੈਡੀਕਲ ਮਾਨਵਵਾਦ' ਦੇ ਥੀਸਿਜ਼ ਦੇ ਖ਼ਿਲਾਫ਼ ਸੀ ਜੋ ਇਸੇ ਸਿਰਲੇਖ ਹੇਠ ਸੰਗ੍ਰਹਿ ਕੀਤੇ ਚਾਰ ਭਾਸ਼ਣਾਂ ਦੀ ਸ਼ਕਲ ਵਿਚ ਹਾਸਲ ਹੈ। 'ਏਕਤਮ ਮਾਨਵਵਾਦ' ਕਹਿੰਦਾ ਹੈ ਕਿ ਮਨੁੱਖ ਦੇ ਜਿਸਮ ਅਤੇ ਮਨ, ਬੁੱਧੀ ਅਤੇ ਰੂਹ ਨੂੰ ਨਾਲੋ-ਨਾਲ ਅਤੇ ਜੁੜਵੇਂ ਤੌਰ 'ਤੇ ਲੈਣਾ ਚਾਹੀਦਾ ਹੈ। ਉਸ ਮੁਤਾਬਿਕ ਸਿਆਸਤ ਵਿਕੇਂਦਰਤ ਅਤੇ ਆਰਥਿਕਤਾ ਸਵੈਨਿਰਭਰ ਹੋਣੀ ਚਾਹੀਦੀ ਹੈ ਜਿਸ ਦੀ ਬੁਨਿਆਦ ਪਿੰਡ ਹੋਵੇ। ਉਹ ਵਿਅਕਤੀਵਾਦ, ਜਮਹੂਰੀਅਤ, ਸਮਾਜਵਾਦ, ਕਮਿਊਨਿਜ਼ਮ ਜਾਂ ਸਰਮਾਏਦਾਰੀ ਦੇ ਖ਼ਿਲਾਫ਼ ਸੀ। ਉਸ ਦਾ ਮੰਨਣਾ ਸੀ ਕਿ 1947 ਦੀ ਸੱਤਾ ਬਦਲੀ ਤੋਂ ਬਾਅਦ ਜੋ ਹਿੰਦੁਸਤਾਨੀ ਰਾਜਸੀ ਢਾਂਚਾ ਵਿਕਸਤ ਕੀਤਾ ਗਿਆ, ਉਹ ਪੁਰਾਤਨ ਸੰਸਕ੍ਰਿਤੀ ਦੀਆਂ ਪਰੰਪਰਾਵਾਂ ਦੀ ਬਜਾਏ ਉਪਰੋਕਤ ਸਤਹੀ ਪੱਛਮੀ ਧਾਰਨਾਵਾਂ ਉਪਰ ਆਧਾਰਤ ਹੈ। ਉਸ ਦੇ ਮੁਤਾਬਿਕ ਪੱਛਮੀ ਸਿਧਾਂਤ ਮੌਲਿਕ ਭਾਰਤੀ ਦਰਸ਼ਨ ਦੇ ਵਧਾਰੇ-ਪਸਾਰੇ ਦੇ 'ਰਾਹ ਦਾ ਰੋੜਾ' ਹਨ ਅਤੇ ਇਨ੍ਹਾਂ ਦੀ ਦਮਘੋਟੂ ਜਕੜ ਤੋੜ ਕੇ ਹੀ ਸੰਸਕ੍ਰਿਤੀ ਦੀ ਪੌਣ ਦਾ 'ਤਾਜ਼ਾ ਬੁੱਲਾ' ਲਿਆਂਦਾ ਸਕਦਾ ਹੈ। ਉਸ ਦਾ ਫ਼ਲਸਫ਼ਾ ਭਾਰਤੀ ਜਨਸੰਘ ਅਤੇ ਇਸ ਦੇ ਅਗਲੇ ਅਵਤਾਰ ਭਾਜਪਾ ਦਾ ਅਧਿਕਾਰਕ ਮੱਤ ਹੈ ਜੋ ਆਧੁਨਿਕ ਤਕਨਾਲੋਜੀ ਨੂੰ ਪੁਰਾਤਨ ਸੰਸਕ੍ਰਿਤੀ ਦੀਆਂ ਜ਼ਰੂਰਤਾਂ ਅਨੁਸਾਰ ਢਾਲਣ ਦੀ ਵਕਾਲਤ ਕਰਦਾ ਹੈ। ਦਰਅਸਲ, ਉਸ ਦੇ ਸਿਆਸੀ ਫ਼ਲਸਫ਼ੇ ਦਾ ਸਾਰ ਪੁਰਾਤਨ ਹਿੰਦੂ ਸੰਸਕ੍ਰਿਤੀ, ਭਾਵ ਮਨੂ ਸਮਰਿਤੀ ਦੇ ਬੋਲਬਾਲੇ ਦੀ ਮੁੜ-ਸੁਰਜੀਤੀ ਹੈ। ਉਸ ਮੁਤਾਬਿਕ ਸਮਾਜ ਦੀ ਉਸਾਰੀ ਪੂੰਜੀਵਾਦ ਅਤੇ ਸਮਾਜਵਾਦ ਦੇ ਸਿਧਾਂਤਾਂ ਅਨੁਸਾਰ ਨਹੀਂ ਹੋਣੀ ਚਾਹੀਦੀ, ਸਗੋਂ ਵਰਣ-ਧਰਮ ਵਿਵਸਥਾ ਆਧਾਰਤ ਭਾਈਚਾਰਾ ਉਸਾਰਿਆ ਜਾਣਾ ਚਾਹੀਦਾ ਹੈ। ਐਮ.ਕੇ. ਗਾਂਧੀ ਵਾਂਗ ਪੰਡਿਤ ਦੀਨਦਿਆਲ ਵੀ ਸਿਆਸਤ ਵਿਚ ਧਾਰਮਿਕ ਅਤੇ ਨੈਤਿਕ ਮੁੱਲਾਂ ਉਪਰ ਜ਼ੋਰ ਦਿੰਦਾ ਸੀ। ਮਜ਼ੇਦਾਰ ਗੱਲ ਇਹ ਹੈ ਕਿ ਇਨ੍ਹਾਂ ਦੋਨਾਂ ਸ਼ਖ਼ਸੀਅਤਾਂ ਦੀਆਂ ਪੈਰੋਕਾਰ ਪਾਰਟੀਆਂ- ਕਾਂਗਰਸ ਤੇ ਭਾਜਪਾ- ਸ਼ੁਰੂ ਤੋਂ ਹੀ ਸਭ ਤੋਂ ਵੱਧ ਅਨੈਤਿਕ ਸਿਆਸਤ ਕਰ ਰਹੀਆਂ ਹਨ। ਹਾਲ ਹੀ ਵਿਚ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਬਿਆਨ ਦਿੱਤਾ ਹੈ ਕਿ ਸਿਰਫ਼ ਭਾਰਤ ਹੀ ਦੁਨੀਆ ਨੂੰ ਸਰਮਾਏਦਾਰੀ ਦੇ ਜਕੜਪੰਜੇ ਵਿਚੋਂ ਬਚਾ ਸਕਦਾ ਹੈ, ਜਦਕਿ ਇਹ ਉਸ ਦੇ 'ਪਰਿਵਾਰ' ਦੀ ਮੈਂਬਰ ਸੱਤਾਧਾਰੀ ਭਾਜਪਾ ਹੈ ਜੋ ਮੁਲਕ ਉਪਰ ਆਲਮੀ ਅਤੇ ਦੇਸੀ ਸਰਮਾਏਦਾਰੀ ਦੀ ਜ਼ਾਲਮ ਜਕੜ ਨੂੰ ਵਧੇਰੇ ਤੋਂ ਵਧੇਰੇ ਮਜ਼ਬੂਤ ਬਣਾਉਣ ਵਿਚ ਬੇਮਿਸਾਲ ਬੇਰਹਿਮੀ ਨਾਲ ਅਤੇ ਪੁਰਜੋਸ਼ ਜੁਟੀ ਹੋਈ ਹੈ।

ਪੰਡਿਤ ਦੀਨਦਿਆਲ ਦੀਆਂ ਨਸੀਹਤਾਂ ਕੁਝ ਵੀ ਹੋਣ, ਸੰਘ ਪਰਿਵਾਰ ਅਤੇ ਨੈਤਿਕਤਾ ਬੇਮੇਲ ਚੀਜ਼ਾਂ ਹਨ। ਸੰਘ ਪਰਿਵਾਰ ਨੈਤਿਕ ਮੁੱਲਾਂ ਦੀ ਬਜਾਏ ਨੈਤਿਕਤਾ ਦੇ ਬੇਕਿਰਕ ਘਾਣ ਵਿਚ ਯਕੀਨ ਰੱਖਦਾ ਹੈ। ਮੋਦੀ ਸਰਕਾਰ ਦਾ ਤਿੰਨ ਸਾਲ ਦਾ ਰਾਜ ਇਸ ਦਾ ਸਭ ਤੋਂ ਆਹਲਾ ਸਬੂਤ ਹੈ। ਇਸ ਦਾ ਹਰ ਬਿਆਨ ਦੋਹਰੇ ਮਾਇਨਿਆਂ ਵਾਲਾ ਹੈ ਜਿਸ ਦੀ ਸਹੂਲਤ ਮੁਤਾਬਿਕ ਕੋਈ ਵੀ ਵਿਆਖਿਆ ਕੀਤੀ ਜਾ ਰਹੀ ਸਕਦੀ ਹੈ। 'ਹਿੰਸਾ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ', 'ਮਾਰਨਾ ਹੈ ਤਾਂ ਮੈਨੂੰ ਮਾਰੋ, ਦਲਿਤਾਂ ਨੂੰ ਨਹੀਂ' ਕਦੇ-ਕਦਾਈਂ ਪ੍ਰਧਾਨ ਮੰਤਰੀ ਦੇ ਮੂੰਹੋਂ ਨਿਕਲਣ ਵਾਲੇ ਐਸੇ ਪ੍ਰਵਚਨ ਕੀ ਕੋਈ ਨੈਤਿਕ ਮੁੱਲ ਰੱਖਦੇ ਹਨ ਜਦੋਂ ਸੰਘ ਦੇ ਹਿੰਸਕ ਗਰੋਹ ਮੁਲਕ ਦੇ ਚੱਪੇ-ਚੱਪੇ ਉਪਰ ਬੇਖ਼ੌਫ਼ ਮੌਤ ਅਤੇ ਹਿੰਸਾ ਦੇ ਤਾਂਡਵ ਵਿਚ ਮਸਰੂਫ਼ ਹਨ? ਉਸ ਪਾਰਟੀ ਦੀ ਸਿਆਸੀ ਨੈਤਿਕਤਾ ਕੀ ਹੈ ਜਿਸ ਦਾ ਹਰ ਵਾਅਦਾ ਚੋਣ ਜੁਮਲਾ ਹੈ। ਸੰਘ ਬ੍ਰਿਗੇਡ 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਵਾਅਦੇ ਨਾਲ ਸੱਤਾ ਵਿਚ ਆਇਆ ਸੀ, ਲੇਕਿਨ ਉਸ ਦੇ ਰਾਜ ਵਿਚ ਕਾਰਪੋਰੇਟ ਸਰਮਾਏਦਾਰੀ ਅਤੇ ਸੰਘ ਪਰਿਵਾਰ ਤਾਂ ਤਰੱਕੀ ਅਤੇ ਵਿਕਾਸ ਦੇ ਰਾਹ ਉਪਰ ਛਾਲਾਂ ਮਾਰਦੇ ਅੱਗੇ ਵਧ ਰਹੇ ਹਨ, ਜਦਕਿ ਬਹੁਗਿਣਤੀ ਮੁਲਕ ਵਾਸੀਆਂ ਨੂੰ ਨਵੇਂ ਤੋਂ ਨਵੇਂ ਤਰੀਕਿਆਂ ਨਾਲ ਆਰਥਿਕ ਵਿਨਾਸ਼ ਦੇ ਮੂੰਹ ਧੱਕਿਆ ਜਾ ਰਿਹਾ ਹੈ। ਪੰਡਿਤ ਦੀਨਦਿਆਲ ਦਾ ਸਿਆਸੀ ਨੈਤਿਕਤਾ ਦੇ ਉਪਦੇਸ਼ਾਂ ਦਾ ਅਸਲ ਭਾਵ ਸ਼ਾਇਦ ਇਹੀ ਹੈ ਜੋ ਸੰਘ ਦੀਆਂ ਸਰਕਾਰਾਂ ਦੇ ਸਿਆਸੀ ਅਮਲਾਂ ਵਿਚ ਸਾਕਾਰ ਹੋ ਰਿਹਾ ਹੈ। ਇਹ ਇਤਫ਼ਾਕ ਹੈ ਜਾਂ ਵਕਤ ਦਾ ਵਿਅੰਗ, ਪੰਡਿਤ ਦੀਨਦਿਆਲ ਦੇ ਨੈਤਿਕ ਸਿਆਸਤ ਦੇ ਉਪਦੇਸ਼ ਅਤੇ ਸੰਘ ਪਰਿਵਾਰ ਦਾ ਅਨੈਤਿਕ ਸਿਆਸੀ ਅਮਲ ਨਾਲੋ ਨਾਲ ਜਾਰੀ ਹੈ; ਉਸ ਦੇ 'ਏਕਤਮ ਮਾਨਵਵਾਦ' ਵਿਚਲੇ ਜਿਸਮ-ਮਨ ਅਤੇ ਬੁਧੀ-ਰੂਹ ਦੇ ਅਟੁੱਟ ਜੋਟੇ ਵਾਂਗ!

# ਨਵੇਂ ਰਾਸ਼ਟਰਪਤੀ ਦਾ ਭਾਸ਼ਣ

ਅਨਿਲ ਜੈਨ

ਭਾਰਤ ਦੇ 14ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਰਾਮਨਾਥ ਕੋਵਿੰਦ ਨੇ ਆਪਣੇ ਲਿਖਤੀ ਭਾਸ਼ਣ ਵਿਚ ਦੇਸ਼ ਅਤੇ ਦੁਨੀਆਂ ਬਾਰੇ ਆਪਣੀ ਸਮਝ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ, ਜੋ ਰਾਸ਼ਟਰਪਤੀ ਦੇ ਤੌਰ 'ਤੇ ਉਨ੍ਹਾਂ ਤੋਂ ਉਮੀਦ ਕੀਤੀ ਜਾ ਰਹੀ ਸੀ; ਪਰ ਅਜਿਹਾ ਕਰਦਿਆਂ ਉਹ ਆਪਣੀ ਰਾਜਨੀਤਕ ਅਤੇ ਵਿਚਾਰਧਾਰਕ ਪ੍ਰਤੀਬਧਤਾ ਤੋਂ ਉਪਰ ਨਹੀਂ ਉਠ ਸਕੇ ਜਿਸ ਦੀ ਆਸ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਵਾਲੇ ਹਰ ਬੰਦੇ ਤੋਂ ਕੀਤੀ ਜਾਂਦੀ ਹੈ। ਰਾਸ਼ਟਰਪਤੀ ਦੇ ਅਹੁਦੇ ਲਈ ਕੋਵਿੰਦ ਭਾਜਪਾ ਅਤੇ ਉਸ ਦੇ ਗਠਜੋੜ ਦੇ ਉਮੀਦਵਾਰ ਸਨ। ਇਸ ਤੋਂ ਪਹਿਲਾਂ ਭਾਜਪਾ ਸਰਕਾਰ ਨੇ ਹੀ ਉਨ੍ਹਾਂ ਨੂੰ ਰਾਜਪਾਲ ਬਣਾਇਆ ਸੀ ਅਤੇ ਉਹ ਲੰਮੇ ਸਮੇਂ ਤੋਂ ਰਾਜਨੀਤੀ ਵਿਚ ਵੀ ਭਾਜਪਾ ਰਾਹੀਂ ਸਰਗਰਮ ਰਹੇ।

ਸਹੁੰ ਚੁੱਕਣ ਤੋਂ ਬਾਅਦ ਆਪਣੇ ਭਾਸ਼ਣ ਵਿਚ ਉਨ੍ਹਾਂ ਨੇ ਕਿਹਾ ਕਿ ਸਭਿਆਚਾਰ, ਧਰਮ-ਪੰਥ, ਖੇਤਰ, ਭਾਸ਼ਾ, ਵਿਚਾਰਧਾਰਾ, ਜੀਵਨਸ਼ੈਲੀ ਆਦਿ ਦੇ ਤੌਰ 'ਤੇ ਸਾਡੀ ਵੰਨ-ਸੁਵੰਨਤਾ ਹੀ ਦੇਸ਼ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਤੇ ਤਾਕਤ ਹਨ ਅਤੇ ਇਹੀ ਸਾਡੀ ਇਕਜੁਟਤਾ ਦਾ ਆਧਾਰ ਵੀ ਹੈ। ਇਸ ਪ੍ਰਸੰਗ ਵਿਚ ਉਨ੍ਹਾਂ ਸੰਵਿਧਾਨ ਦੇ ਮੁਖ ਸ਼ਿਲਪਕਾਰ ਡਾ. ਭੀਮ ਰਾਓ ਅੰਬੇਡਕਰ ਦਾ ਜ਼ਿਕਰ ਕੀਤਾ ਜੋ ਸਮਾਜਿਕ ਤੇ ਆਰਥਿਕ ਆਜ਼ਾਦੀ ਤੋਂ ਬਿਨਾਂ ਰਾਜਨੀਤਕ ਆਜ਼ਾਦੀ ਨੂੰ ਅਧੂਰਾ ਮੰਨਦੇ ਸਨ। ਕੋਈ ਵੀ ਬੰਦਾ ਇਸ ਕੌੜੀ ਸਚਾਈ ਨੂੰ ਨਕਾਰ ਨਹੀਂ ਸਕਦਾ ਕਿ ਸਮਾਜਿਕ ਨਾ-ਬਰਾਬਰੀ ਦੀ ਡੂੰਘੀ ਖਾਈ ਹੀ ਦੇਸ਼ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਰਾਸ਼ਟਰ ਮੁਖੀ ਹੋਣ ਦੇ ਨਾਤੇ ਕੋਵਿੰਦ ਨੇ ਇਸ ਕਮਜ਼ੋਰੀ ਨੂੰ ਸਹੀ ਦਰਸਾਇਆ।

ਆਪਣੇ ਪੇਂਡੂ ਅਤੇ ਗ਼ਰੀਬ ਪਿਛੋਕੜ ਦਾ ਜ਼ਿਕਰ ਕਰਦਿਆਂ ਉਨ੍ਹਾਂ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਮੂਲ ਮੰਤਰ ਪ੍ਰਤੀ ਆਪਣੀ ਨਿਸ਼ਠਾ ਜਤਾਉਂਦਿਆਂ ਭਰੋਸਾ ਦਿੱਤਾ ਕਿ ਰਾਸ਼ਟਰ ਮੁਖੀ ਵਜੋਂ ਉਹ ਹਮੇਸ਼ਾ ਇਸ ਦਾ ਪਾਲਣ ਕਰਦੇ ਰਹਿਣਗੇ। ਰਾਸ਼ਟਰਪਤੀ ਨੇ ਮੰਨਿਆ ਕਿ ਰਾਸ਼ਟਰ ਵਜੋਂ ਅਸੀਂ ਬਹੁਤ ਕੁਝ ਹਾਸਲ ਕੀਤਾ ਹੈ, ਪਰ ਇਹ ਹਾਸਲ ਕਰਨ ਲਈ ਅਗਵਾਈ ਕਰਨ ਵਾਲੇ ਮਹਾਨ ਨੇਤਾਵਾਂ ਦਾ ਜ਼ਿਕਰ ਕਰਨ ਤੋਂ ਉਹ ਸਾਫ਼ ਤੌਰ 'ਤੇ ਬਚਦੇ ਨਜ਼ਰ ਆਏ। ਆਪਣੀ ਵਿਚਾਰਧਾਰਕ ਅਤੇ ਪਾਰਟੀ ਪ੍ਰਤੀ ਵਫ਼ਾਦਾਰੀ ਅਨੁਸਾਰ ਠੀਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਾਂਗ, ਉਨ੍ਹਾਂ ਆਜ਼ਾਦੀ ਤੋਂ ਬਾਅਦ ਰਿਆਸਤਾਂ ਵਿਚ ਵੰਡੇ ਹੋਏ ਦੇਸ਼ਾਂ ਨੂੰ ਇਕ ਕਰਨ ਲਈ ਸਰਦਾਰ ਪਟੇਲ ਦੇ ਯੋਗਦਾਨ ਦਾ ਜ਼ਿਕਰ ਕੀਤਾ। ਇਹ ਜ਼ਿਕਰ ਵੀ ਪਟੇਲ ਨੂੰ ਨਹਿਰੂ ਤੋਂ ਵੱਖਰਾ ਦਿਖਾਉਣ ਦੀ ਹਲਕੀ ਕੋਸ਼ਿਸ਼ ਤਹਿਤ ਕੀਤਾ ਗਿਆ ਜੋ ਸੰਘ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਕਰ ਰਿਹਾ ਹੈ। ਆਜ਼ਾਦੀ ਸੰਗਰਾਮ ਵਿਚ ਮੋਹਰਲੀ ਕਤਾਰ ਦੇ ਆਗੂ ਅਤੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਕਿਸੇ ਦੀ ਵਿਚਾਰਧਾਰਕ ਤੇ ਰਾਜਨੀਤਕ ਅਸਹਿਮਤੀ ਹੋ ਸਕਦੀ ਹੈ ਜੋ ਹੋਣੀ ਵੀ ਚਾਹੀਦੀ ਹੈ, ਪਰ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਬਣਾਉਣ, ਉਦਯੋਗਿਕ ਵਿਕਾਸ ਦੀ



ਮਜ਼ਬੂਤ ਨੀਂਹ ਰੱਖਣ ਅਤੇ ਵਿਗਿਆਨ ਤੇ ਤਕਨੀਕੀ ਖੇਤਰ 'ਚ ਸੰਸਥਾਵਾਂ ਖੜ੍ਹਾ ਕਰਨ ਦੇ ਲਈ ਉਨ੍ਹਾਂ ਦੇ ਯੋਗਦਾਨ ਨੂੰ ਕੋਈ ਕਿਵੇਂ ਨਕਾਰ ਸਕਦਾ ਹੈ?

ਨਵੇਂ ਰਾਸ਼ਟਰਪਤੀ ਨੇ ਡਾ. ਰਾਜੇਂਦਰ ਪ੍ਰਸਾਦ, ਡਾ. ਰਾਧਾਕ੍ਰਿਸ਼ਨਨ, ਡਾ. ਏ.ਪੀ.ਜੇ. ਅਬਦੁਲ ਕਲਾਮ ਅਤੇ ਪ੍ਰਣਬ ਮੁਖਰਜੀ ਜਿਹੇ ਸਾਬਕਾ ਰਾਸ਼ਟਰਪਤੀਆਂ ਦੀ ਵਿਚਾਰਧਾਰਾ 'ਤੇ ਚੱਲਣ ਦੀ ਗੱਲ ਵੀ ਕਹੀ। ਅਜਿਹਾ ਕਹਿ ਉਨ੍ਹਾਂ ਸਪਸ਼ਟ ਤੌਰ 'ਤੇ ਬਾਕੀ ਦੇ ਸਾਬਕਾ ਰਾਸ਼ਟਰਪਤੀਆਂ ਪ੍ਰਤੀ ਸੌੜੀ ਸੋਚ ਅਤੇ ਅਪਮਾਨ ਦੇ ਭਾਵ ਦਾ ਪ੍ਰਦਰਸ਼ਨ ਕੀਤਾ।

ਨਵੇਂ ਰਾਸ਼ਟਰਪਤੀ ਨੇ ਦੁਨੀਆਂ ਵਿਚ ਫੈਲੇ ਅਤਿਵਾਦ ਅਤੇ ਜਲਵਾਯੂ ਤਬਦੀਲੀ ਨਾਲ ਸਬੰਧਤ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ ਅਤੇ ਇਸ ਦੇ ਮੱਦੇਨਜ਼ਰ ਵਿਸ਼ਵ ਸ਼ਾਂਤੀ ਤੇ ਵਾਤਾਵਰਨ ਸੰਤੁਲਨ ਬਣਾਉਣ ਵਿਚ ਮਹਾਤਮਾ ਬੁੱਧ ਦੇ ਭਾਰਤ ਦੀ ਅਗਵਾਈ ਕਰਨ ਦਾ ਵੀ ਜ਼ਿਕਰ ਕੀਤਾ। ਪੁੱਛਿਆ ਜਾ ਸਕਦਾ ਹੈ ਕਿ ਜਿਸ ਸਮੇਂ ਦੇਸ਼ ਅੰਦਰ ਅਸ਼ਾਂਤੀ ਦਾ ਮਾਹੌਲ ਹੈ, ਜਾਤੀ ਤੇ ਫਿਰਕਾਪ੍ਰਸਤੀ ਸਿਖਰ 'ਤੇ ਹੈ, ਦੇਸ਼ ਦੇ ਕਈ ਹਿੱਸਿਆਂ ਵਿਚ ਗ੍ਰਹਿ ਯੁੱਧ ਵਰਗੇ ਹਾਲਾਤ ਹਨ, ਗਊ ਰੱਖਿਆ ਦੇ ਨਾਂ 'ਤੇ ਆਏ ਦਿਨ ਸੱਤਾਧਾਰੀ ਦਲ ਦੇ ਸਮਰਥਕਾਂ ਵੱਲੋਂ ਕਿਸੇ ਨੂੰ ਵੀ ਕੁੱਟਣ ਜਾਂ ਮਾਰਨ ਤੱਕ ਦੀਆਂ ਘਟਨਾਵਾਂ ਹੋ ਰਹੀਆਂ ਹਨ ਅਤੇ ਜਿਨ੍ਹਾਂ ਦੀ ਚਰਚਾ ਦੁਨੀਆ ਦੇ ਹੋਰਾਂ ਦੇਸ਼ਾਂ ਵਿਚ ਪ੍ਰਚਾਰ ਮਾਧਿਅਮਾਂ ਰਾਹੀਂ ਹੋ ਰਹੀ ਹੈ ਤਾਂ ਅਜਿਹੇ ਹਾਲਾਤ ਵਿਚ ਵਿਸ਼ਵ ਸ਼ਾਂਤੀ ਨੂੰ ਲੈ ਕੇ ਸਾਡੇ ਉਪਦੇਸ਼ਾਂ ਨੂੰ ਕੌਣ ਗੰਭੀਰਤਾ ਨਾਲ ਲਵੇਗਾ?

ਨਵੇਂ ਰਾਸ਼ਟਰਪਤੀ ਨੇ ਮਜ਼ਬੂਤ ਅਰਥ ਵਿਵਸਥਾ, ਸਿੱਖਿਆ, ਨੈਤਿਕ ਅਤੇ ਫਿਰਕੂ ਸਾਂਝ, ਬਰਾਬਰ ਕਦਰਾਂ-ਕੀਮਤਾਂ ਤੇ ਬਰਾਬਰੀ ਦੇ ਮੌਕੇ ਦੇਣ ਵਾਲੇ ਸਮਾਜ ਦੇ ਨਿਰਮਾਣ ਦੀ ਗੱਲ ਕਰਦੇ ਹੋਏ ਮਹਾਤਮਾ ਗਾਂਧੀ ਦੇ ਨਾਲ ਹੀ ਦੀਨਦਿਆਲ ਉਪਾਧਿਆਏ ਦਾ ਜ਼ਿਕਰ ਵੀ ਕੀਤਾ ਹੈ। ਗਾਂਧੀ ਦਾ ਜ਼ਿਕਰ ਤਾਂ ਹੋਣਾ ਹੀ ਸੀ, ਕਿਉਂਕਿ ਜਦੋਂ ਦੁਨੀਆਂ ਦੇ ਹੋਰ ਦੇਸ਼ ਗਾਂਧੀ ਨੂੰ ਯਾਦ ਕਰ ਰਹੇ ਹਨ ਤਾਂ ਅਸੀਂ ਕਿਵੇਂ ਭੁੱਲ ਸਕਦੇ ਹਾਂ? ਪਰ ਉਨ੍ਹਾਂ ਦੇ ਨਾਲ ਦੀਨਦਿਆਲ ਉਪਾਧਿਆ ਦਾ ਕੀ ਮੇਲ ਹੈ? ਦੀਨਦਿਆਲ ਵਿਸ਼ੇਸ਼ ਵਿਚਾਰਧਾਰਾ ਤੋਂ ਪ੍ਰੇਰਿਤ ਕਿਸੇ ਰਾਜਨੀਤਕ ਪਾਰਟੀ ਲਈ ਜਾਂ ਕੁਝ ਹੱਦ ਤੱਕ ਉਸ ਪਾਰਟੀ ਤੋਂ ਬਾਹਰ ਹੋਰ ਲੋਕਾਂ ਲਈ ਤਾਂ ਜ਼ਿਕਰ ਕਰਨ ਦੇ ਯੋਗ ਹੋ ਸਕਦੇ ਹਨ, ਪਰ ਉਨ੍ਹਾਂ ਨੂੰ ਗਾਂਧੀ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ। ਗਾਂਧੀ ਵਰਗੇ ਮਹਾਨ ਬੰਦੇ ਨਾਲ ਡਾ. ਅੰਬੇਡਕਰ, ਪੰਡਿਤ ਨਹਿਰੂ, ਸ਼ਹੀਦ ਭਗਤ ਸਿੰਘ, ਸਰਦਾਰ ਪਟੇਲ, ਲੋਹੀਆ, ਜੈ ਪ੍ਰਕਾਸ਼, ਮੌਲਾਨਾ ਆਜ਼ਾਦ ਹੀ ਹੋ ਸਕਦੇ ਹਨ।

ਰਾਸ਼ਟਰਪਤੀ ਦੇ ਰੂਪ ਵਿਚ ਕੋਵਿੰਦ ਦਾ ਗਾਂਧੀ ਦੇ ਬਰਾਬਰ ਦੀਨ ਦਿਆਲ ਉਪਾਧਿਆ ਨੂੰ ਰੱਖਣਾ, ਰਾਸ਼ਟਰ ਨਿਰਮਾਣ ਵਿਚ ਨਹਿਰੂ ਸਮੇਤ ਸਾਰੇ ਵੱਡੇ ਨੇਤਾਵਾਂ ਦੇ ਯੋਗਦਾਨ ਨੂੰ ਅਣਦੇਖਿਆ ਕਰਨਾ, ਕੁਝ ਸਾਬਕਾ ਰਾਸ਼ਟਰਪਤੀਆਂ ਦਾ ਜ਼ਿਕਰ ਜਾਣ-ਬੁਝ ਕੇ ਨਾ ਕਰਨਾ ਅਤੇ ਸਹੁੰ ਚੁੱਕ ਸਮਾਰੋਹ ਵਿਚ 'ਜੈ ਸ੍ਰੀ ਰਾਮ' ਦੇ ਨਾਅਰੇ ਲੱਗਣਾ ਦੇਸ਼ ਦੇ ਲਈ ਚੰਗਾ ਸੁਨੇਹਾ ਨਹੀਂ।

# ਜਾਤੀ ਉਮਰਾ, ਨਵਾਜ਼ ਸ਼ਰੀਫ ਤੇ ਨਿਊ ਜਾਤੀ ਉਮਰਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਕੱਲ ਤੱਕ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ ਦਾ ਜੱਦੀ ਪਿੰਡ ਜਾਤੀ ਉਮਰਾ (ਤਰਨਤਾਰਨ) ਹੈ। ਮੇਰੇ ਜੱਦੀ ਪਿੰਡ ਸੋਨੀ ਨਾਲੋਂ ਵੀ ਛੋਟਾ। ਜਦੋਂ ਮੇਰੇ ਪਿੰਡ ਦੀ ਵਸੋਂ 811 ਸੀ, ਜਾਤੀ ਉਮਰਾ ਦੀ 603 ਸੀ। ਇਸ ਨੂੰ ਡਾਕਘਰ ਵੀ ਤਖਤੂ ਚੱਕ ਵਾਲਾ ਲਗਦਾ ਹੈ। ਜੰਡਿਆਲਾ-ਖਡੂਰ ਸਾਹਿਬ ਸੜਕ ਉਤੇ ਸਥਿੱਤ ਇਸ ਪਿੰਡ ਦਾ ਰੇਲਵੇ ਸਟੇਸ਼ਨ ਜੰਡਿਆਲਾ ਗੁਰੂ ਹੈ, 18 ਕਿਲੋਮੀਟਰ ਦੂਰ।

ਮੈਂ ਨਵਾਜ਼ ਸ਼ਰੀਫ ਦਾ ਇਹ ਪਿੰਡ ਵੀ ਦੇਖਿਆ ਹੈ। ਪਾਕਿਸਤਾਨ ਵਿਚਲਾ ਨਿਊ ਜਾਤੀ ਉਮਰਾ ਵੀ ਜਿਥੇ ਸ਼ਰੀਫ ਪਰਿਵਾਰ 1947 ਤੋਂ ਪਿਛੋਂ ਜਾ ਕੇ ਵਸਿਆ। ਸਬੱਬ ਇਹ ਕਿ ਮਨੋਹਰ ਗਿੱਲ ਦੇ ਪਿਤਾ ਕਰਨਲ ਪ੍ਰਤਾਪ ਸਿੰਘ ਗਿੱਲ ਨੇ ਭਾਰਤ-ਪਾਕਿ ਮਿਲਾਪ ਟਰਸਟ ਸਥਾਪਤ ਕਰਕੇ 1947 ਦੇ ਵਿਛੜਿਆਂ ਨੂੰ ਜੀਵਤ ਰਿਸ਼ਤੇਦਾਰ ਮਿਲਾਉਣੇ ਸਨ। ਮੈਨੂੰ ਵੀ ਸੱਦਾ ਆ ਗਿਆ। ਮੈਂ ਆਪਣੀ ਪਤਨੀ ਸੁਰਜੀਤ ਕੌਰ ਨੂੰ ਫੋਟੋਗ੍ਰਾਫਰ ਬਣਾ ਕੇ ਨਾਲ ਗੰਢ ਲਿਆ।

ਮੈਂ ਪਾਣੀਪਤ ਤੋਂ ਨਿਰੰਜਣ ਸਿੰਘ ਨੂੰ ਨਾਲ ਲੈਣਾ ਸੀ, ਜਿਸ ਦੀ ਭੈਣ ਉਧਰ ਸ਼ੇਖੂਪੁਰ ਜ਼ਿਲ੍ਹੇ ਵਿਚ ਰਹਿ ਗਈ ਸੀ ਤੇ ਜਿਸ ਨੇ ਇਸਲਾਮ ਕਬੂਲ ਕਰ ਰੱਖਿਆ ਸੀ। ਇਸੇ ਤਰ੍ਹਾਂ ਕੁਰੂਕਸ਼ੇਤਰ ਦੇ ਨੇੜੇ ਤੋਂ ਬੀਬੀ ਧਰਮ ਕੌਰ ਨੂੰ ਲੈਣਾ ਸੀ, ਜਿਸ ਦੀ ਧੀ ਵੰਡ ਵੇਲੇ ਕੇਵਲ ਚਾਰ ਸਾਲ ਦੀ ਸੀ ਤੇ ਉਸ ਨੂੰ ਕਿਸੇ ਸਹੇਲੀ ਕੋਲ ਛੱਡ ਕੇ ਆ ਗਈ ਸੀ। ਉਹ ਹੁਣ ਸ਼ੇਖੂਪੁਰ ਜ਼ਿਲ੍ਹੇ ਵਿਚ ਨਿਆਮਤ ਨਮਕ ਵਾਲਿਆਂ ਦੀ ਨੂੰਹ ਬਣ ਚੁਕੀ ਸੀ। ਮੈਨੂੰ ਪਾਕਿਸਤਾਨ ਜਾਣ ਦਾ ਚਾਅ ਇੰਨਾ ਸੀ ਕਿ ਮੈਂ ਇਹ ਸਭ ਜ਼ਿੰਮੇਵਾਰੀਆਂ ਆਪਣੇ ਸਿਰ ਲੈ ਲਈਆਂ।

ਵਾਘਾ ਬਾਰਡਰ ਪਾਰ ਕਰਦਿਆਂ ਸਾਰ ਸਾਡੇ ਨਵੇਂ ਨਾਂ ਪੈ ਗਏ। ਜਾਤੀ ਉਮਰਾ ਦੇ ਰਹਿ ਚੁਕੇ ਸਰਪੰਚ ਅਰਜਨ ਸਿੰਘ ਦਾ ਨਾਂ ਬਾਪੂ ਪੈ ਗਿਆ। ਮੇਰੀ ਪਤਨੀ ਫੋਟੋਗ੍ਰਾਫਰ, ਕਰਨਲ ਟੀਮ ਲੀਡਰ, ਟ੍ਰਿਬਿਊਨ ਵਾਲਾ ਪ੍ਰਭਜੋਤ ਪਬਲੀਸਿਟੀ ਅਫਸਰ। ਕੁਝ ਇਸੇ ਤਰ੍ਹਾਂ ਦਾ ਹਿਸਾਬ ਮੇਰੇ ਨਾਲ ਵੀ ਹੋਇਆ। ਸਭ ਨੇ ਸੁੱਤੇ ਸਿੱਧ ਹੀ ਕੋਆਰਡੀਨੇਟਰ ਹੋਣ ਦੇ ਨਾਤੇ ਮੈਨੂੰ ਸੰਧੂ ਸਾਹਿਬ ਕਹਿਣਾ ਸ਼ੁਰੂ ਕਰ ਦਿੱਤਾ।

ਸਾਡੇ ਇਸ ਟੋਲੇ ਦੀ ਜ਼ਿੰਦ ਜਾਨ ਟੀਮ ਲੀਡਰ ਗਿੱਲ ਸਨ ਪਰ ਉਨ੍ਹਾਂ ਨੂੰ ਵੱਡੇ ਅਫਸਰ ਤੇ ਪ੍ਰੈਸ ਵਾਲੇ ਘੇਰ ਲੈਂਦੇ ਸਨ। ਅਸੀਂ ਜਾਤੀ ਉਮਰਾ ਵਾਲੇ ਅਰਜਨ ਸਿੰਘ ਨੂੰ ਹੀ ਲੀਡਰ ਬਣਾ ਲਿਆ ਸੀ। ਸਭ ਤੋਂ ਵੱਧ ਬੋਲਣ ਵਾਲਾ ਮੈਂ ਸਾਂ ਤੇ ਸਭ ਤੋਂ ਘੱਟ ਬੋਲਣ ਵਾਲਾ ਗੁਰਮਹਿੰਦਰ ਸਿੰਘ ਜਿਸ ਦੇ ਮੁਸਲਮਾਨ ਮਾਪੇ ਤੇ ਭੈਣ-ਭਰਾ ਵੰਡ ਸਮੇਂ ਉਸ ਨੂੰ ਸੱਤ-ਅੱਠ ਵਰ੍ਹਿਆਂ ਦਾ ਛੱਡ ਕੇ ਉਧਰ ਚਲੇ ਗਏ ਸਨ, ਜੋ ਪਿਛਲੀ ਅੱਧੀ ਸਦੀ ਤੋਂ ਇਲਾਕੇ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਤੇ ਕਾਰ-ਸੇਵਾ ਵਿਚ ਜੁਟਿਆ ਹੁਣ ਸੰਪੂਰਨ ਸਿੱਖ ਸੀ।



*ਫਾਈਲ ਫੋਟੋ: ਜਾਤੀ ਉਮਰਾ ਵਾਲਾ ਅਰਜਨ ਸਿੰਘ ਨਵਾਜ਼ ਸ਼ਰੀਫ ਨੂੰ ਪਿਆਰ ਦਿੰਦੇ ਹੋਏ (ਤਸਵੀਰ: ਸੁਰਜੀਤ ਕੌਰ)*

ਸਾਡੇ ਪ੍ਰੋਗਰਾਮ ਵਿਚ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਰਾ ਸਾਹਿਬ, ਮੀਆਂ ਮੀਰ ਅਤੇ ਬਾਬਾ ਫਰੀਦ ਦੇ ਕਬਰੇ ਤੋਂ ਬਿਨਾ ਮੀਆਂ ਮੁਹੰਮਦ ਸ਼ਰੀਫ ਦੇ ਸਥਾਪਤ ਕੀਤੇ ਉਸ ਮੈਡੀਕਲ ਸਿਟੀ ਨੂੰ ਦੇਖਣਾ ਵੀ ਸ਼ਾਮਲ ਸੀ, ਜੋ ਮੀਆਂ ਪਰਿਵਾਰ ਨੇ ਰਾਏ ਪਿੰਡ ਦੇ ਨੇੜੇ 700 ਏਕੜ ਭੋਂ ਲੈ ਕੇ ਆਪਣੇ ਫਾਰਮ ਹਾਊਸ ਵਿਚ ਉਸਾਰਿਆ ਸੀ। ਇਸ ਦੇ ਨਾਲ ਇਕ ਵਧੀਆ ਪਬਲਿਕ ਸਕੂਲ ਤੇ ਇਕ ਵਧੀਆ ਟੈਕਨੀਕਲ ਟਰੇਨਿੰਗ ਸਕੂਲ ਤੇ ਇਕ ਆਲੀਸ਼ਾਨ ਮਸਜਿਦ ਲਾਹੌਰ ਤੋਂ ਰਾਏ ਵਿੰਡ ਦੇ ਫਾਰਮ ਹਾਊਸ ਨੂੰ ਜਾਂਦਿਆਂ ਇਸ ਇਲਾਕੇ ਦੇ ਖੇਤ, ਫਸਲਾਂ, ਸੜਕਾਂ ਤੇ ਰੁੱਖ, ਬਨਸਪਤੀ ਐਨ ਭਾਰਤ ਵਰਗੇ ਹੀ ਹਨ।

ਕਿਉਂਕਿ ਮੀਆਂ ਨਵਾਜ਼ ਸ਼ਰੀਫ ਤੇ ਉਨ੍ਹਾਂ ਦੇ ਪਿਤਾ ਮੁਹੰਮਦ ਸ਼ਰੀਫ ਨੇ ਟੀਮ ਲੀਡਰ ਕਰਨਲ ਪ੍ਰਤਾਪ ਸਿੰਘ ਨੂੰ ਬਾਕੀ ਦੇ ਟੋਲੇ ਤੋਂ ਘੰਟਾ ਪਹਿਲਾਂ ਸੱਦਿਆ ਹੋਇਆ ਸੀ। ਸਾਡੇ ਟੋਲੇ ਦੀ ਰੌਣਕ ਤੇ ਜ਼ਿੰਦ ਜਾਨ ਸੀ ਬਾਪੂ ਅਰਜਨ ਸਿੰਘ। ਅਰਜਨ ਸਿੰਘ ਨੂੰ ਇਸ ਗੱਲ ਦਾ ਵੀ ਮਾਣ ਸੀ ਕਿ ਆਪਣੇ ਫਾਰਮ ਵਾਲੀ ਇਸ ਵੱਸੋਂ ਦਾ ਨਾਂ ਮੁਹੰਮਦ ਸ਼ਰੀਫ ਨੇ ਆਪਣੇ ਜੱਦੀ ਪਿੰਡ ਤੋਂ ਨਿਊ ਜਾਤੀ ਉਮਰਾ ਹੀ ਰੱਖਿਆ ਸੀ। ਕੰਪਲੈਕਸ 'ਚ ਆਦਰਸ਼ ਸਕੂਲ ਵੀ ਸੀ, ਹਸਪਤਾਲ ਵੀ, ਟੈਕਨੀਕਲ ਸੰਸਥਾ ਦੀ ਸੁਵਿਧਾ ਵੀ ਤੇ ਬਹੁਤ ਵੱਡਾ ਪਾਰਕ ਵੀ।

ਬਾਪੂ ਅਰਜਨ ਸਿੰਘ ਦੇ ਹੌਸਲੇ ਵਿਚ ਆਈ ਬੁਲੰਦੀ ਦਾ ਇਕ ਕਾਰਨ ਇਹ ਵੀ ਸੀ ਕਿ ਜਦੋਂ ਪਿਛਲੀ ਸ਼ਾਮ ਮੀਆਂ ਨਵਾਜ਼ ਸ਼ਰੀਫ ਨੇ ਭਾਰਤ ਤੋਂ ਯਾਤਰਾ ਲਈ ਗਏ ਉਨ੍ਹਾਂ ਸਾਰੇ ਯਾਤਰੂਆਂ ਨੂੰ ਲਾਹੌਰ ਵਿਚਲੇ ਗਵਰਨਰ ਹਾਊਸ ਦੇ ਸੈਨੇਟ ਹਾਲ ਵਿਚ ਚਾਹ ਲਈ ਸੱਦਿਆ ਸੀ ਤਾਂ ਉਨ੍ਹਾਂ ਵਿਚ ਕੇਵਲ ਬਾਪੂ ਹੀ ਸੀ ਜਿਸ ਨੇ ਮੀਆਂ ਨਵਾਜ਼ ਸ਼ਰੀਫ ਨੂੰ ਉਸ ਦੇ ਸਿਰ ਉਤੇ ਹੱਥ ਰੱਖ ਕੇ ਪਿਆਰ ਦਿੱਤਾ ਸੀ। ਖਾਣੇ ਦਾ ਪ੍ਰਬੰਧ ਵੱਡੇ ਕਮਰੇ ਦੇ ਗੋਲ ਦਾਇਰੇ ਵਿਚ ਫੂੱਲ ਵਿਛਾ ਕੇ ਕੀਤਾ ਹੋਇਆ ਸੀ। ਮਹਿਮਾਨਾਂ ਨੇ ਚੌਕੜੀ ਮਾਰ ਕੇ ਭੋਜਨ ਕਰਨਾ ਸੀ। ਜਦੋਂ ਖਾਣਾ ਖਤਮ ਹੋਇਆ ਤਾਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਗੋਦ ਵਿਚ ਇਕ ਗੋਲ ਮਟੋਲ ਤੇ ਮਾਸੂਮ ਬਾਲੜੀ ਆ ਬੈਠੀ। ਉਹ ਨਵਾਜ਼ ਸ਼ਰੀਫ ਨਾਲ ਬੱਚਿਆਂ ਵਾਲੇ ਕਲੋਲ ਕਰ ਰਹੀ ਸੀ ਕਿ ਉਨ੍ਹਾਂ ਦੇ ਖੱਬੇ ਹੱਥ ਬੈਠੇ ਅਰਜਨ ਸਿੰਘ ਨੂੰ ਪਤਾ ਲੱਗਿਆ ਕਿ ਇਹ ਤਾਂ ਉਨ੍ਹਾਂ ਦੀ ਦੋਹਤਰੀ ਹੈ। ਬਾਪੂ ਨੇ ਡੱਬ ਵਿਚੋਂ ਕੱਪੜੇ ਵਿਚ ਲਪੇਟੇ ਅਣਗਿਣਤ ਨੋਟਾਂ ਦੀ ਵੱਡੀ ਦੱਥੀ ਕੱਢੀ ਤੇ ਸੌ-ਸੌ ਦੇ ਨੋਟ ਦੋਹਤਰੀ ਨੂੰ ਦੇਣ ਲਈ ਗਿਣਨ ਲੱਗਿਆ।

ਨਵਾਜ਼ ਸ਼ਰੀਫ ਨੇ ਉਹ ਬਸਤਾ-ਨੁਮਾ ਦੱਥੀ ਬਾਪੂ ਦੇ ਹੱਥੋਂ ਫੜ ਲਈ ਤਾਂ ਜੋ ਸਭ ਤੋਂ ਛੋਟਾ ਨੋਟ ਲੱਭ ਕੇ ਬਾਪੂ ਦਾ ਸ਼ਗਨ ਵੀ ਪੂਰਾ ਕਰ ਦੇਵੇ ਤੇ ਬਾਪੂ ਉਤੇ ਭਾਰ ਵੀ ਨਾ ਪਵੇ। ਬਾਹਰ ਨਿਕਲ ਕੇ ਜਦੋਂ ਘਰ ਦੀਆਂ ਸੁਆਣੀਆਂ ਬਾਪੂ ਨੂੰ ਮਿਲਣ ਆਈਆਂ ਤਾਂ ਉਸ ਨੇ ਇਕੱਲੀ-ਇਕੱਲੀ ਨੂੰ ਉਸੇ ਤਰ੍ਹਾਂ ਪਿਆਰ ਦਿੱਤਾ ਜਿਵੇਂ ਨਵਾਜ਼ ਸ਼ਰੀਫ ਨੂੰ ਦਿੱਤਾ ਸੀ, ਸਿਰ ਪਲੋਸ ਕੇ।

ਇਹ ਉਦੋਂ ਦੀਆਂ ਗੱਲਾਂ ਨੇ ਜਦੋਂ ਨਵਾਜ਼ ਸ਼ਰੀਫ ਦੂਜੀ ਵਾਰ ਪ੍ਰਧਾਨ ਮੰਤਰੀ ਬਣਿਆ ਸੀ, ਬੇਨਜ਼ੀਰ ਭੁੱਟੋ ਦੀ ਸਰਕਾਰ ਤੁੜਾ ਕੇ। ਕਾਰਗਿੱਲ ਦੀ ਲੜਾਈ ਤੋਂ ਪਿੱਛੋਂ ਜਨਰਲ ਮੁਸ਼ੱਰਫ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਤਾਂ ਉਸ ਨੇ 10 ਸਾਲ ਲਈ ਦੇਸ਼ ਨਿਕਾਲਾ ਲੈਣ ਦਾ ਵਚਨ ਦਿੱਤਾ। ਮੁਸ਼ੱਰਫ ਫੇਰ ਵੀ ਨਾ ਮੰਨੇ। ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਦਖਲ ਦੇਣ ਤੇ ਉਹ ਸਾਉਦੀ ਅਰਬ ਚਲਾ ਗਿਆ ਤੇ ਸੱਤ ਸਾਲ ਉਥੇ ਰਿਹਾ। ਉਹਦੇ ਲਈ ਹੁਣ ਵਾਲੀ ਸਜ਼ਾ ਤਾਂ ਕੁਝ ਵੀ ਨਹੀਂ।

ਸ਼ਰੀਫ ਠਾਠ ਬਾਠ ਨਾਲ ਰਹਿਣ ਵਾਲਾ ਬੰਦਾ ਹੈ। ਸਨ ਸੰਤਾਲੀ ਵਿਚ ਉਧਰ ਜਾਣ ਨਾਲ ਸ਼ਰੀਫ ਪਰਿਵਾਰ ਨੂੰ ਏਧਰ ਵਾਲੀ ਜ਼ਮੀਨ ਨਾਲੋਂ ਕਈ ਗੁਣਾ ਵਧ ਜ਼ਮੀਨ ਮਿਲੀ ਹੋਵੇਗੀ। ਜਿਹੜੇ ਹਿੰਦੂ-ਸਿੱਖ ਉਧਰੋਂ ਇਧਰ ਆਏ ਸਨ, ਉਨ੍ਹਾਂ ਨੂੰ ਓਨੇ ਗੁਣਾ ਘੱਟ ਮਿਲੀ ਸੀ। ਨਿਊ ਜਾਤੀ ਉਮਰਾ ਦੀ ਸਰਦਾਰੀ ਟੁਟਣ ਵਾਲੀ ਨਹੀਂ। ਸ਼ਰੀਫ ਪਰਿਵਾਰ ਦੀਆਂ ਜੜ੍ਹਾਂ ਮਜ਼ਬੂਤ ਹਨ। ਦੇਖੋ ਕੀ ਬਣਦਾ ਹੈ। ਭਾਰਤ-ਪਾਕਿਸਤਾਨ ਸਬੰਧਾਂ ਨੂੰ ਝਟਕਾ ਲੱਗ ਸਕਦਾ ਹੈ।

# ਰਾਇ ਬੁਲਾਰ ਖਾਨ ਦੀ ਕਬਰ ਦੀ ਹੋਣੀ

**ਹਰਪਾਲ ਸਿੰਘ ਪੰਨੂ**
**ਫੋਨ: 91-94642 51454**

ਚਾਰੇ ਜਨਮ ਸਾਖੀਆਂ ਵਿਚ ਰਾਇ ਬੁਲਾਰ ਖਾਨ ਨੂੰ ਪੂਰੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ ਪਰ ਇਕ ਬਹੁਤ ਵੱਡੀ ਘਟਨਾ ਸਾਖੀਕਾਰਾਂ ਨੇ ਕਿਉਂ ਨਜ਼ਰਅੰਦਾਜ਼ ਕੀਤੀ, ਪਤਾ ਨਹੀਂ! ਇਸ ਦਾ ਵੇਰਵਾ ਨਨਕਾਣਾ ਸਾਹਿਬ ਜਾ ਕੇ ਉਥੋਂ ਭੱਟੀਆਂ ਤੋਂ ਮਿਲਿਆ।


ਭੱਟੀ ਸਰਦਾਰ ਰਾਇ ਬੁਲਾਰ ਖਾਨ ਦੀ ਉਮਰ ਚਾਲੀਆਂ ਤੋਂ ਟੱਪ ਚੱਲੀ ਸੀ ਪਰ ਔਲਾਦੋਂ ਸੱਖਣਾ ਸੀ। ਪਿਤਾ ਨੇ ਦੇਖਿਆ ਨਾਨਕ ਨਾ ਚੱਜ ਨਾਲ ਪੜ੍ਹਦਾ ਹੈ, ਨਾ ਹੱਟੀ ਦਾ ਕਾਰੋਬਾਰ ਚੱਲਿਆ, ਚਲੋ ਫਿਰ ਇਸ ਨੂੰ ਪਸ਼ੂ ਚਾਰਨ ਲਾ ਦਿੰਨੇ ਆਂ। ਘੋੜੀ 'ਤੇ ਸਵਾਰ ਰਾਇ ਖੇਤਾਂ ਦੇ ਦੌਰੇ 'ਤੇ ਨਿਕਲਿਆ, ਦੇਖਿਆ ਮਸਫੁਟ ਬਾਬਾ ਸੋਟੀ ਫੜੀ ਪਸ਼ੂ ਚਾਰ ਰਿਹਾ ਹੈ। ਘੋੜੀ ਤੋਂ ਉਤਰਿਆ, ਜੋੜੇ ਉਤਾਰੇ, ਬਾਬਾ ਨਾਨਕ ਅੱਗੇ ਫਰਿਆਦ ਕਰਨ ਲੱਗਾ, "ਬਾਬਾ, ਮੇਰੀ ਮੁਰਾਦ ਪੂਰੀ ਕਰ। ਹਵੇਲੀ ਵਿਚ ਦੀਵਾ ਜਗਦਾ ਰਹੇ।"

ਬਾਬੇ ਨੇ ਕਿਹਾ, "ਆਪਾਂ ਕਰਤਾਰ ਪਾਸ ਅਰਦਾਸ ਕਰਦੇ ਹਾਂ ਰਾਇ ਜੀ।" ਬਾਬਾ ਜੀ ਨੇ ਅਰਦਾਸ ਕਰਕੇ ਕਿਹਾ, "ਰਾਇ ਜੀ ਤੁਸਾਂ ਦੀ ਮੁਰਾਦ ਪੂਰੀ ਹੋਈ, ਸ਼ੱਕ ਨਹੀਂ ਕਰਨਾ।" ਸ਼ੁਕਰਾਨਾ ਕਰਦਾ ਰਾਇ ਨੰਗੇ ਪੈਰੀਂ ਪੈਦਲ ਹਵੇਲੀ ਵਾਪਸ ਆ ਗਿਆ।

ਸਾਲ ਬਾਅਦ ਰਾਇ ਘਰ ਪੁੱਤ ਪੈਦਾ ਹੋਇਆ। ਦਰਜਨ ਪਿੰਡਾਂ ਦੇ ਮਾਲਕ ਸਰਦਾਰ ਨੇ ਖੁਸ਼ੀ ਵਿਚ ਵੱਡੀ ਦਾਅਵਤ ਦਿੱਤੀ ਜਿਸ ਵਿਚ ਲੋਧੀ ਨਵਾਬ ਦੌਲਤ ਖਾਨ ਵੀ ਸ਼ਾਮਲ ਹੋਇਆ। ਇਸ ਮੌਕੇ ਰਾਇ ਨੇ ਅਹਿਮ ਐਲਾਨ ਕੀਤਾ, "ਅੱਜ ਇਸ ਮੁਬਾਰਕ ਮੌਕੇ ਮੈਂ ਆਪਣੀ ਅੱਧੀ ਜ਼ਮੀਨ ਹਜ਼ਰਤ ਬਾਬਾ ਨਾਨਕ ਅਲਹਿ ਸਲਾਮ ਦੇ ਨਾਮ ਇੰਤਕਾਲ ਕਰਦਾ ਹਾਂ।"

ਰਾਇ 1500 ਮੁਰੱਬੇ ਜ਼ਮੀਨ ਦਾ ਮਾਲਕ ਸੀ, ਅੱਧੀ ਜ਼ਮੀਨ ਬਾਬਾ ਜੀ ਦੇ ਨਾਮ ਚਾੜ੍ਹ ਦਿੱਤੀ, 750 ਮੁਰੱਬੇ ਯਾਨਿ 18750 ਏਕੜ ਰਕਬੇ ਦੀ ਮਾਲਕੀ ਬਾਬਾ ਜੀ ਦੀ ਹੋ ਗਈ। ਅੱਜ ਇਨ੍ਹਾਂ ਪਿੰਡਾਂ ਦੇ ਪਟਵਾਰੀ ਤੋਂ ਫਰਦ ਮੰਗੋ, ਜ਼ਮੀਨ ਦਾ ਮਾਲਕ, ਕਾਬਜ਼, ਕਾਸ਼ਤਕਾਰ ਹਜ਼ਰਤ ਬਾਬਾ ਨਾਨਕ ਅਲਹਿ ਸਲਾਮ।

ਮੈਂ 1993 ਵਿਚ ਪਹਿਲੀ ਵਾਰ ਤੀਰਥ ਯਾਤਰਾ ਹਿਤ ਨਨਕਾਣਾ ਸਾਹਿਬ ਗਿਆ, ਉਥੋਂ ਇਹ ਵੇਰਵੇ ਮਿਲੇ। ਪੁੱਛ ਪੁਛਾ ਕੇ ਰਾਇ ਜੀ ਦੀ ਕਬਰ ਲੱਭੀ, ਸਜਦਾ ਕਰਨਾ ਸੀ ਨਾ। ਟੁੱਟੀ ਭੱਜੀ ਕਬਰ ਪਥਵਾੜੇ ਵਿਚ ਸੀ, ਆਲੇ-ਦੁਆਲੇ ਪਾਥੀਆਂ ਪੱਥੀਆਂ ਹੋਈਆਂ,



*ਰਾਇ ਬੁਲਾਰ ਖਾਨ ਦੀ ਕਬਰ*

ਗੁਹਾਰੇ ਚਿਣੇ ਹੋਏ। ਮੈਂ ਭੱਟੀ ਸਰਦਾਰਾਂ ਨੂੰ ਮਿਲ ਕੇ ਗਿਲਾ ਕੀਤਾ, "ਤੁਹਾਡੇ ਸਰਦਾਰ ਦੀ ਕਬਰ ਦਾ ਇਹ ਹਾਲ?" ਉਹ ਕਹਿੰਦੇ, "ਅੱਧ ਦੀ ਮਾਲਕੀ ਤੁਹਾਨੂੰ ਦੇ ਗਿਐ ਰਾਇ ਸਰਦਾਰ, ਤੁਸੀਂ ਕਿਉਂ ਨ੍ਹੀਂ ਬਣਾਉਂਦੇ?"

ਮੌਕੇ 'ਤੇ ਮੌਜੂਦ ਪੁਲਿਸ ਅਤੇ ਔਕਾਫ ਬੋਰਡ ਦੇ ਅਫਸਰਾਂ ਨਾਲ ਗੱਲ ਕੀਤੀ ਕਿ ਮੈਂ ਇਸ ਥਾਂ ਸੇਵਾ ਸੰਭਾਲ ਦੀ ਜਿੰਮੇਵਾਰੀ ਲੈਣ ਲਈ ਤਿਆਰ ਹਾਂ, ਕੀ ਵਿਉਂਤ ਕਰਾਂ? ਉਨ੍ਹਾਂ ਦੱਸਿਆ, ਇਸਲਾਮਿਕ ਸਟੇਟ ਵਿਚ ਕਬਰ-ਪੂਜਾ ਦੀ ਮਨਾਹੀ ਹੈ, ਆਗਿਆ ਨਹੀਂ ਮਿਲਣੀ। ਕਹਿਣਾ ਚਾਹੁੰਦਾ ਸਾਂ ਜਿੰਨੇ ਮਕਬਰੇ ਮੁਸਲਮਾਨਾਂ ਨੇ ਤਾਮੀਰ ਕਰਵਾਏ ਹਨ, ਉਨੇ ਹੋਰ ਕਿਸ ਨੇ ਕਰਵਾਏ ਹੋਣਗੇ? ਪਰ, "ਜਿਥੈ ਬੋਲਣ ਹਾਰੀਐ ਤਿਥੈ ਚੰਗੀ ਚੁਪ॥"

ਵਾਪਸ ਆ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਿੱਠੀਆਂ ਲਿਖਦਾ ਰਿਹਾ, ਉਦੋਂ ਦੇ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਹੁੰਗਾਰਾ ਵੀ ਭਰਿਆ ਪਰ ਸਿੱਟਾ ਜ਼ੀਰੋ।

2010 ਵਿਚ ਕੋਈ ਯਾਤਰੂ ਨਨਕਾਣਾ ਸਾਹਿਬ ਦੀ ਜ਼ਿਆਰਤ ਕਰਕੇ ਪਰਤਿਆ ਤਾਂ ਇਸ ਕਬਰ ਦੀ ਮੰਦੀ ਹਾਲਤ ਬਾਰੇ ਅਖਬਾਰਾਂ ਵਿਚ ਗੁਸੈਲਾ ਬਿਆਨ ਦਿੱਤਾ, "ਸਿੱਖਾਂ ਕੋਲ ਪੈਸੇ ਮੁੱਕ ਗਏ ਨੇ ਕਿ ਵਡੇਰਿਆਂ ਦਾ ਅਦਬ ਨਹੀਂ ਰਿਹਾ?" ਮੈਂ ਉਸ ਨੂੰ ਸਾਰੀ ਗੱਲ ਦੱਸ ਕੇ ਬੇਨਤੀ ਕੀਤੀ, "ਸਿੱਖਾਂ ਕੋਲ ਨਾ ਅਦਬ ਦੀ ਘਾਟ ਏ, ਨਾ ਪੈਸੇ ਦੀ, ਤੁਸੀਂ ਪਾਕਿਸਤਾਨ ਸਰਕਾਰ ਤੋਂ ਆਗਿਆ ਲੈ ਦਿਓ, ਮੈਂ ਸ਼ਾਨਦਾਰ ਮਕਬਰਾ ਉਸਾਰ ਕੇ ਬਾਗ ਲੁਆ ਦਿਆਂਗਾ।"

ਪ੍ਰੋਫੈਸਰਾਂ ਨੂੰ ਚਿੱਠੀਆਂ ਲਿਖਣੀਆਂ ਆਉਂਦੀਆਂ ਹੁੰਦੀਆਂ ਨੇ, ਹੋਰ ਕੀ ਕਰਨ ਜੋਗੇ ਨੇ? ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਖਤ ਲਿਖ ਕੇ ਬੇਨਤੀ ਕੀਤੀ, ਪਾਕਿਸਤਾਨ ਸਰਕਾਰ ਤੋਂ ਇਸ ਕਬਰ ਦੀ ਸੇਵਾ ਸੰਭਾਲ ਦੀ ਆਗਿਆ ਲੈ ਕੇ ਦਿਓ। ਡਾ. ਮਨਮੋਹਨ ਸਿੰਘ ਨੇ ਖਤ ਦਾ ਜਵਾਬ ਦਿੱਤਾ, "ਸਬੰਧਤ ਮੰਤਰਾਲੇ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਹੁਕਮ ਦੇ ਦਿੱਤੇ ਹਨ।" ਇਸ ਹੁਕਮ ਦੀ ਕਦੀ ਤਾਮੀਲ ਨਹੀਂ ਹੋਈ।

ਕਿਤੋਂ ਮੇਰਾ ਨੰਬਰ ਲੱਭ ਕੇ ਹਾਈ ਕੋਰਟ ਦੇ ਵਕੀਲ ਗੁਰਵਿੰਦਰ ਸਿੰਘ ਸਿੱਧੂ ਨੇ ਫੋਨ ਕੀਤਾ। ਦੱਸਿਆ, "ਪ੍ਰੋਫੈਸਰ ਸਾਹਿਬ, ਦੋ ਭਲੇ ਕੰਮ ਇੱਕੋ ਵਾਰ ਹੋ ਗਏ ਨੇ। ਨਨਕਾਣਾ ਸਾਹਿਬ ਵਸਦੇ ਸੱਭਰਵਾਲ ਪਰਿਵਾਰ ਨੇ ਮਕਬਰੇ ਦੀ ਸੇਵਾ ਸੰਭਾਲ ਵਾਸਤੇ ਇਜਾਜ਼ਤ ਤਾਂ ਲਈ ਹੀ ਲਈ, ਇਕ ਕਰੋੜ ਰੁਪਏ ਦੀ ਗਰਾਂਟ ਵੀ ਪਾਕਿਸਤਾਨ ਸਰਕਾਰ ਤੋਂ ਆਪਣੇ ਰਸੂਖ ਨਾਲ ਲੈ ਲਈ ਹੈ। ਸੇਵਾ ਸ਼ੁਰੂ ਹੋ ਗਈ ਹੈ।"

ਇੱਧਰ ਸ਼੍ਰੋਮਣੀ ਕਮੇਟੀ ਨੇ ਸਿੱਖ ਮਿਊਜ਼ੀਅਮ ਵਿਚ ਰਾਇ ਬੁਲਾਰ ਖਾਨ ਦੀ ਪੇਂਟਿੰਗ ਸੁਸ਼ੋਭਿਤ ਕਰਨ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਸਰਕਾਰ ਅਤੇ ਸ਼੍ਰੋਮਣੀ ਕਮੇਟੀ-ਦੋਵਾਂ ਦਾ ਹਾਰਦਿਕ ਸ਼ੁਕਰਾਨਾ।

ਮੌਲਾਨਾ ਰੂਮੀ ਦਾ ਸ਼ਿਅਰ ਹੈ,
ਜਾਏਂਗਾ ਦੂਰ ਜਦ ਆਪਣੀਆਂ ਜੜ੍ਹਾਂ ਤੋਂ
ਤਾਂ ਮਾਰੇਂਗਾ 'ਵਾਜ ਆਪਣੀਆਂ ਜੜ੍ਹਾਂ ਨੂੰ।
ਤੇਰੀ 'ਵਾਜ ਨੂੰ ਹੁੰਗਾਰਾ ਕਿਤੋਂ ਮਿਲੇਗਾ ਆਖਰ
ਤਾਂ ਮਿਲੇਗਾ ਤੇਰੀਆਂ ਜੜ੍ਹਾਂ ਤੋਂ।

## ਮਿਨੀ ਕਹਾਣੀ

### ਅੱਖਾਂ ਦਾਨ

ਸਾਡੇ ਮੁਹੱਲੇ ਵਿਚ ਇੱਕ ਅਧਖੜ੍ਹ ਉਮਰ ਦੀ ਔਰਤ ਦੀ ਮੌਤ ਹੋ ਗਈ ਜਿਸ ਨੇ ਅੱਖਾਂ ਦਾਨ ਕਰਨ ਦੇ ਫਾਰਮ ਭਰੇ ਹੋਏ ਸਨ। ਇਸ ਲਈ ਮੌਤ ਉਪਰੰਤ ਆਈ ਬੈਂਕ ਵਾਲੇ ਅੱਖਾਂ ਲੈ ਗਏ, ਨਾਲ ਹੀ ਪਰਿਵਾਰ ਦਾ ਸਨਮਾਨ ਕੀਤਾ ਅਤੇ ਹੋਰਾਂ ਨੂੰ ਵੀ ਅੱਖਾਂ ਦਾਨ ਕਰਨ ਲਈ ਪ੍ਰੇਰਿਆ। ਇਸ ਤੋਂ ਪ੍ਰਭਾਵਿਤ ਹੋ ਕੇ ਮੈਂ ਆਪਣੇ ਘਰ ਸਭ ਨੂੰ ਪੁੱਛਣ ਲੱਗੀ, ਚਲੋ ਆਪਾਂ ਵੀ ਅੱਖਾਂ ਦਾਨ ਕਰੀਏ!

ਦਾਦਾ ਜੀ ਬੋਲੇ, "ਉਹ ਕਿੱਥੇ ਤੁਸੀਂ ਔਖੇ ਹੁੰਦੇ ਫਿਰੋਗੇ ਫੇਰ, ਮੌਕੇ 'ਤੇ?"

ਦਾਦੀ ਬੋਲੀ, "ਮੇਰੀਆਂ ਅੱਖਾਂ ਕਿਸ ਕੰਮ, ਦਿਸਦਾ ਤਾਂ ਹੈਨੀ"

ਭਰਾ-ਭਰਜਾਈ ਡਰ ਕੇ ਬੋਲੇ, "ਕੀ ਪਤਾ ਰੱਬ ਦਾ ਕੀ ਸਿਸਟਮ ਆ ਅੱਗੇ, ਜੇ ਅਗਲੇ ਜਨਮ ਵਿਚ ਅੰਨ੍ਹੇ ਹੀ ਰਹਿਗੇ, ਫੇਰ?"

ਮੈਂ ਸਭ ਦੇ ਬਹਾਨੇ ਸੁਣ ਕੇ ਲੋਟ-ਪੋਟ ਹੁੰਦੀ ਆਪਣੇ ਕਮਰੇ ਵਿਚ ਪਰਤ ਆਈ।

***-ਸ਼ਮਿੰਦਰ ਕੌਰ***
*shaminderbrar83@gmail.com*

# ਪਹਿਲੇ ਐਟਮ ਬੰਬ ਦਾ ਸਫਰ

## ਸੰਪਾਦਕ ਦੀ ਡਾਕ

**ਸਤਿਕਾਰਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਵਿਚ ਛਪਿਆ ਸ. ਮਝੈਲ ਸਿੰਘ ਸਰਾਂ ਦਾ ਲੇਖ 'ਪਹਿਲੇ ਐਟਮ ਬੰਬ ਦਾ ਸਫਰ' ਪੜ੍ਹਿਆ ਜਿਸ ਵਿਚ ਦਰਸਾਏ ਤੱਥਾਂ ਨੇ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ। ਰੱਬ ਕਰੇ ਅੱਜ ਦੇ ਸੰਸਾਰ ਪੱਧਰ ਦੇ ਰਾਜਨੀਤਕ ਲੋਕਾਂ ਨੂੰ ਅਹਿਸਾਸ ਹੋਵੇ ਤੇ ਕਦੀ ਅਜਿਹੀ ਗਲਤੀ ਦੁਬਾਰਾ ਨਾ ਕਰਨ।

ਸਿਲੇਬਸ ਦੀਆਂ ਕਿਤਾਬਾਂ ਨਾਲੋਂ ਕਿਤੇ ਵੱਧ ਜਾਣਕਾਰੀ ਇਸ ਲੇਖ ਤੋਂ ਮਿਲੀ ਜਿਸ ਲਈ ਆਪ ਜੀ ਦਾ ਅਤੇ ਸ. ਸਰਾਂ ਦਾ ਧੰਨਵਾਦ।

'ਪੰਜਾਬ ਟਾਈਮਜ਼' ਵਿਚ ਛਪਦੀਆਂ ਹੋਰ ਵੀ ਮਿਆਰੀ ਪੱਧਰ ਦੀਆਂ ਲਿਖਤਾਂ ਲਈ ਆਪ ਵਧਾਈ ਦੇ ਪਾਤਰ ਹੋ। ਪੰਜਾਬ ਟਾਈਜ਼ ਦੀ ਚੜ੍ਹਦੀ ਕਲਾ ਲਈ ਅਰਦਾਸ ਹੈ।

***-ਅਮਰਜੀਤ ਸਿੰਘ ਹੁੰਦਲ***
***ਫੋਨ: 408-439-4761***


**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 29 ਜੁਲਾਈ ਦੇ ਅੰਕ ਵਿਚ ਸ. ਮਝੈਲ ਸਿੰਘ ਸਰਾਂ ਦੇ ਲੇਖ 'ਪਹਿਲੇ ਐਟਮ ਬੰਬ ਦਾ ਸਫਰ' ਵਿਚ ਬਿਆਨ ਕੀਤਾ ਪਹਿਲੇ ਐਟਮ ਬੰਬ ਵਲੋਂ ਮਚਾਈ ਤਬਾਹੀ ਦਾ ਮੰਜ਼ਰ ਪੜ੍ਹ ਕੇ ਰੌਂਗਟੇ ਖੜ੍ਹੇ ਹੋ ਗਏ। ਲੇਖਕ ਨੇ 72 ਸਾਲ ਪਹਿਲਾਂ ਦੂਜੀ ਵਿਸ਼ਵ ਜੰਗ ਸਮੇਂ ਅਮਰੀਕਾ ਵਲੋਂ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਉਤੇ ਸੁੱਟੇ ਗਏ ਐਟਮ ਬੰਬ ਦੀ ਦਿਲਕੰਬਾਊ ਕਹਾਣੀ ਆਪਣੇ ਢੰਗ ਨਾਲ ਇਸ ਤਰ੍ਹਾਂ ਪੇਸ਼ ਕੀਤੀ ਹੈ, ਮਾਨੋ ਸਭ ਕੁਝ ਅੱਖਾਂ ਅੱਗੇ ਵਾਪਰ ਰਿਹਾ ਹੋਵੇ।

***-ਨਛੱਤਰ ਸਿੰਘ ਗਿਰਨ***
***ਬਫਲੋ, ਨਿਊ ਯਾਰਕ***

# ਪੰਜਾਬ ਦੇ ਲੋਕਾਂ ਦਾ ਹਾਲ ਕਦੋਂ ਪੁੱਛਣਗੇ ਕੈਪਟਨ ਸਾਬ੍ਹ?

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਹਾਲਾਤ ਬੜੀ ਤੇਜ਼ ਚਾਲ ਬਦਲ ਰਹੇ ਹਨ। ਦੇਸ਼ ਦਾ ਸਿਆਸੀ ਨਕਸ਼ਾ ਪਲ-ਪਲ ਇੱਕ ਖਾਸ ਦਿੱਖ ਧਾਰ ਲੈਣ ਵੱਲ ਵਧਦਾ ਦਿਖਾਈ ਦਿੰਦਾ ਹੈ। ਉਸ ਦਾ ਰਾਹ ਰੋਕਣ ਦੀ ਜਿਨ੍ਹਾਂ ਤੋਂ ਆਸ ਕੀਤੀ ਜਾ ਸਕਦੀ ਸੀ, ਇਹ ਹਾਲਾਤ ਵੀ ਉਨ੍ਹਾਂ ਲੋਕਾਂ ਦੇ ਕੁਚੱਜ ਨੇ ਹੀ ਤਿਆਰ ਕੀਤੇ ਸਨ ਤੇ ਹੁਣ ਵੀ ਉਨ੍ਹਾਂ ਵਿਚ ਆਪਾ-ਧਾਪੀ ਮੱਚੀ ਹੋਈ ਹੈ। ਹਰ ਕੋਈ ਮਿਲਦਾ ਮਾਲ ਹੂੰਝਣ ਦੇ ਬਾਅਦ ਕਿਸੇ ਵੀ ਦਿਨ ਭਾਜਪਾ ਦੀ ਸਰਦਲ ਉਤੇ ਮੱਥਾ ਟੇਕਣ ਨੂੰ ਤਿਆਰ ਜਾਪਦਾ ਹੈ। ਜਿਹੜੇ ਲੋਕਾਂ ਨੂੰ ਕੱਲ੍ਹ ਤੱਕ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਬਦਖੋਈ ਕਰਦਿਆਂ ਸੁਣਿਆ/ਵੇਖਿਆ ਜਾਂਦਾ ਸੀ, ਉਹ ਅੱਜ ਉਨ੍ਹਾਂ ਦੋਵਾਂ ਦੇ ਚਰਨਾਂ ਵਿਚ ਲੇਟਣ ਲਈ ਤਿਆਰ ਹਨ। ਰਾਜਨੀਤੀ ਇੱਕ ਖਾਸ ਕਿਸਮ ਦੇ ਛੱਪੇ ਹੇਠ ਆਈ ਜਾਂਦੀ ਹੈ।

ਪਿਛਲੀ ਵਾਰ ਜਦੋਂ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ, ਕੰਮ ਉਨ੍ਹਾਂ ਘੱਟ ਨਹੀਂ ਸੀ ਕੀਤੇ, ਪਰ ਦਰਬਾਰੀਆਂ ਦੇ ਆਪੋ ਵਿਚ ਭਿੜਨ ਨਾਲ ਸਥਿਤੀ ਏਦਾਂ ਦੀ ਬਣ ਗਈ ਸੀ ਕਿ ਇੱਕ ਦੂਸਰੇ ਨੂੰ ਡੋਬਣ ਦੇ ਚੱਕਰ ਵਿਚ ਉਹ ਆਪਣੇ ਮੁੱਖ ਮੰਤਰੀ ਦਾ ਨੁਕਸਾਨ ਕਰਦੇ ਰਹੇ ਸਨ। ਇਸ ਵਾਰੀ ਇਹ ਕੰਮ ਹੁਣੇ ਤੋਂ ਸ਼ੁਰੂ ਹੋ ਗਿਆ ਹੈ। ਕੈਪਟਨ ਸਾਬ੍ਹ ਏਦਾਂ ਦੇ ਦਰਬਾਰੀਏ ਲੋਕਾਂ ਦੀ ਬੇਹਿਸਾਬੀ ਧਾੜ ਦੀ ਲਗਾਮ ਖਿੱਚ ਕੇ ਰੱਖਣ ਬਾਰੇ ਵੀ ਕਦੇ ਨਹੀਂ ਸੋਚਦੇ ਜਾਪਦੇ।



ਕਾਂਗਰਸੀ ਆਗੂਆਂ ਜਾਂ ਜਨਤਾ ਪਰਿਵਾਰ ਦੀ ਟੁੱਟ-ਭੱਜ ਵਿਚੋਂ ਪੈਦਾ ਹੋਏ ਦਲਾਂ ਵਿਚਲੇ ਆਪਣੇ ਆਪ ਨੂੰ ਫੰਨੇ ਖਾਂ ਸਮਝਦੇ ਦੇਵਗੌੜਾ ਤੋਂ ਲੈ ਕੇ ਬਿਜੂ ਪਟਨਾਇਕ ਤੱਕ ਦੇ ਲੀਡਰਾਂ ਦੀ ਲਾਮ-ਡੋਰੀ ਨੂੰ ਵੇਖ ਲਈਏ, ਕੋਈ ਵੀ ਕਿਸੇ ਪੈਂਤੜੇ ਦਾ ਭਰੋਸਾ ਬੰਨ੍ਹਾਉਣ ਵਾਲਾ ਨਹੀਂ। ਸਿਰਫ ਖੱਬੇ ਪੱਖੀਏ ਅਜੇ ਤੱਕ ਸੋਚ ਪੱਖੋਂ ਪੱਕੀ ਥਾਂ ਖੜ੍ਹੇ ਦਿਖਾਈ ਦਿੰਦੇ ਹਨ, ਪਰ ਉਨ੍ਹਾਂ ਦੀ ਤਾਕਤ ਪਹਿਲਾਂ ਵਾਲੀ ਨਹੀਂ ਅਤੇ ਜਿੰਨੀ ਕੁ ਤਾਕਤ ਹੈ, ਉਸ ਨੂੰ ਵਰਤਣ ਦੇ ਪੱਖ ਤੋਂ ਵੀ ਪਹਿਲਾਂ ਵਾਲਾ ਪ੍ਰਭਾਵ ਪਾਉਣ ਵਾਲਾ ਆਗੂ ਕੋਈ ਨਹੀਂ ਉਭਰ ਰਿਹਾ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਖੱਬੀ ਲਹਿਰ ਦੇ ਲੀਡਰ ਵਜੋਂ ਇੱਕ ਹੱਦ ਤੱਕ ਬਣਦਾ ਮਾਣ ਅਸੀਂ ਵੀ ਦਿੰਦੇ ਸਾਂ, ਪਰ ਨਾ ਕਦੇ ਅਸੀਂ ਉਨ੍ਹਾਂ ਲੋਕਾਂ ਵਿਚ ਗਿਣੇ ਗਏ ਸਾਂ, ਜਿਹੜੇ ਉਸ ਨੂੰ ਲਹਿਰ ਦਾ ਰਾਹ ਦਿਖਾਵਾ ਮੰਨਦੇ ਸਨ ਤੇ ਨਾ ਉਨ੍ਹਾਂ ਵਿਚ ਸ਼ਾਮਲ ਹੋਣਾ ਪਸੰਦ ਕੀਤਾ ਸੀ, ਜਿਹੜੇ ਪਹਿਲਾਂ ਉਸੇ ਦੀ ਪੂਜਾ ਕਰਦੇ ਸਨ ਤੇ ਉਸ ਦੇ ਬਾਅਦ ਸੀਤਾ ਰਾਮ ਯੇਚੁਰੀ ਨੂੰ ਉਸ ਦਾ ਰੂਪ ਮੰਨੀ ਬੈਠੇ ਹਨ।

ਆਜ਼ਾਦੀ ਲਹਿਰ ਦੇ ਵਕਤ ਤੋਂ ਕਾਮਰੇਡ ਸੁਰਜੀਤ ਦਾ ਇੱਕ ਵੱਡਾ ਸਿਆਸੀ ਕੱਦ ਬਣਦਾ ਗਿਆ ਸੀ, ਜਿਸ ਦੇ ਪਰਛਾਵੇਂ ਹੇਠ ਕਈ ਕੁਝ ਲੁਕ ਜਾਂਦਾ ਸੀ। ਯੇਚੁਰੀ ਸਿਰਫ ਸੁਰਜੀਤ ਦੇ ਮਾਰਕੇ ਵਾਲੀ ਛਤਰੀ ਨਾਲ ਉਹ ਦਿੱਖ ਬਣੀ ਭਾਲਦੇ ਹਨ। ਬਾਕੀ ਰਾਜਸੀ ਧਿਰਾਂ ਦੇ ਲੀਡਰਾਂ ਦਾ ਇਹ ਹਾਲ ਹੈ ਕਿ ਉਨ੍ਹਾਂ ਵਿਚ ਨਾ ਕੋਈ ਚੌਧਰੀ ਚਰਨ ਸਿੰਘ ਦੇ ਕੱਦ ਦਾ ਹੈ, ਨਾ ਕੋਈ ਵੀ.ਪੀ. ਸਿੰਘ ਅਤੇ ਚੰਦਰ ਸ਼ੇਖਰ ਦੇ ਪੱਧਰ ਦਾ, ਪਰ ਆਪਣੇ ਆਪ ਨੂੰ 'ਪਿਦਰਮ ਸੁਲਤਾਨ ਬੂਦ' ਸਾਰੇ ਸਮਝੀ ਫਿਰਦੇ ਹਨ।

ਇਸ ਹਾਲਤ ਵਿਚ ਦੇਸ਼ ਦੀ ਰਾਜਨੀਤੀ ਜਿਸ ਲੀਹੇ ਪਈ ਹੋਈ ਹੈ ਤੇ ਉਸ ਦੇ ਵਿਰੋਧ ਦੀ ਸਰਦਾਰੀ ਜਿਵੇਂ ਕਾਂਗਰਸ ਦੀ ਅਣਹੋਈ ਜਿਹੀ ਲੀਡਰਸ਼ਿਪ ਦੇ ਹੱਥਾਂ ਵਿਚ ਹੈ, ਉਸ ਤੋਂ ਭਵਿੱਖ ਦੀ ਚਿੰਤਾ ਪੈਦਾ ਹੋਣਾ ਸੁਭਾਵਿਕ ਹੈ। ਲੋਕਤੰਤਰ ਵਿਚ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਬੜਾ ਜ਼ਰੂਰੀ ਹੁੰਦਾ ਹੈ, ਇਸ ਵਕਤ ਭਾਰਤੀ ਲੋਕਤੰਤਰ ਉਸ ਲੀਹੇ ਤੁਰ ਪਿਆ ਜਾਪਦਾ ਹੈ, ਜਿਸ ਦੇ ਮੂਹਰੇ ਵਿਰੋਧੀ ਧਿਰ ਦਾ ਕਿਸੇ ਤਰ੍ਹਾਂ ਦਾ ਕੋਈ ਸਪੀਡ-ਬਰੇਕਰ ਰਹਿ ਜਾਵੇਗਾ, ਇਸ ਬਾਰੇ ਸ਼ੱਕ ਕੀਤੇ ਜਾਣ ਲੱਗ ਪਏ ਹਨ।

ਦੂਸਰਾ ਪਾਸਾ ਸਾਡੇ ਪੰਜਾਬ ਦਾ ਹੈ, ਜਿੱਥੇ ਇਸ ਸਾਲ ਲੋਕਾਂ ਨੇ ਵੋਟਾਂ ਪਾ ਕੇ ਇੱਕ ਆਸ ਨਾਲ ਇੱਕ ਨਵੀਂ ਸਰਕਾਰ ਬਣਨ ਦਾ ਰਾਹ ਪੱਧਰਾ ਕੀਤਾ ਸੀ। ਅਜੇ ਉਹ ਪੜਾਅ ਨਹੀਂ ਆਇਆ ਕਿ ਅਸੀਂ ਇਸ ਸਰਕਾਰ ਤੋਂ ਸਭ ਆਸਾਂ ਖਤਮ ਹੋਣ ਵਾਲਿਆਂ ਦੀ ਹਾਮੀ ਭਰ ਸਕੀਏ, ਪਰ ਏਦਾਂ ਦਾ ਕੁਝ ਹੁੰਦਾ ਵੀ ਨਹੀਂ ਦਿਸਦਾ, ਜਿਸ ਤੋਂ ਇਸ ਸਰਕਾਰ ਤੋਂ ਲੋਕਾਂ ਦੀ ਕੋਈ ਆਸ ਸਿਰੇ ਚੜ੍ਹ ਜਾਣ ਦੀ ਝਲਕ ਮਿਲਦੀ ਹੋਵੇ। ਸਰਕਾਰ ਦੇ ਪੁਰਜ਼ਿਆਂ ਦਾ ਆਪਸੀ ਤਾਲਮੇਲ ਹੀ ਨਹੀਂ। ਸਥਾਨਕ ਪ੍ਰਸ਼ਾਸਨ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਇਨ੍ਹਾਂ ਸਾਢੇ ਚਾਰ ਮਹੀਨਿਆਂ ਵਿਚ ਕਪਿਲ ਸ਼ਰਮਾ ਦੇ ਹਾਸੇ-ਠੱਠੇ ਵਾਲੇ ਸ਼ੋਅ ਦੇ ਜੱਜ ਦੀ ਭੂਮਿਕਾ ਤੇ ਪੰਜਾਬ ਵਰਗੇ ਸੂਬੇ ਦੇ ਕੈਬਨਿਟ ਮੰਤਰੀ ਦੀ ਕੁਰਸੀ ਉਤੇ ਬਹਿਣ ਦਾ ਫਰਕ ਸਮਝਣ ਜੋਗਾ ਨਹੀਂ ਹੋ ਸਕਿਆ। ਉਹ ਪ੍ਰੈਸ ਕਾਨਫਰੰਸ ਵਿਚ ਬੋਲਦਾ ਹੈ ਤਾਂ ਨਿਯਮਾਂ ਦੇ ਹਵਾਲੇ ਦੇਣ ਦੀ ਬਜਾਏ ਸ਼ੋਸ਼ੇ ਛੱਡਣ ਵਾਲਾ ਕੰਮ ਵੱਧ ਕਰੀ ਜਾਂਦਾ ਹੈ। ਕੁਝ ਖਾਸ ਸ਼ਬਦ ਪੱਕੇ ਤੌਰ 'ਤੇ ਉਸ ਦੀ ਜ਼ਬਾਨ ਉਤੇ ਚੜ੍ਹੇ ਹੋਏ ਹਨ। ਹਰ ਪ੍ਰੈਸ ਕਾਨਫਰੰਸ ਵਿਚ ਉਹ ਉਨ੍ਹਾਂ ਖਾਸ ਸ਼ਬਦਾਂ ਦੁਆਲੇ ਘੁੰਮੀ ਜਾਂਦਾ ਹੈ। ਉਸ ਨੇ ਕੁਝ ਕਰਨਾ ਹੈ ਤਾਂ ਕਰੇ, ਪਰ ਕੀਤਾ ਕੁਝ ਜਾਂਦਾ ਨਹੀਂ ਤੇ ਹਵਾ ਵਿਚ ਤਲਵਾਰਾਂ ਘੁਮਾਉਣ ਦੇ ਚੱਕਰ ਵਿਚ ਆਪਣਾ ਜਲੂਸ ਕਢਵਾਈ ਜਾਂਦਾ ਹੈ।

ਮਨਪ੍ਰੀਤ ਸਿੰਘ ਬਾਦਲ ਸਿਆਣਾ ਬੰਦਾ ਹੈ, ਪਰ ਉਸ ਦੀ ਸੋਚ ਦੋ ਧਾਰਾਵਾਂ ਦੇ ਵਿਚਾਲੇ ਫਸੀ ਹੋਈ ਹੈ। ਸੋਚ ਦੀ ਇੱਕ ਧਾਰਾ ਅਕਾਲੀ ਦਲ ਛੱਡਣ ਤੋਂ ਪਹਿਲਾਂ ਉਸ ਦੇ ਵਿਧਾਨ ਸਭਾ ਵਿਚ ਦਿੱਤੇ ਹੋਏ ਭਾਸ਼ਣ ਵਾਲੀ ਹੈ ਕਿ ਪੰਜਾਬ ਦੀ ਅਗਲੀ ਪੀੜ੍ਹੀ ਦਾ ਭਲਾ ਕਰਨਾ ਹੈ ਤਾਂ ਸਾਡੀ ਪੀੜ੍ਹੀ ਦੇ ਲੋਕਾਂ ਨੂੰ ਪੰਜ ਸਾਲ ਪੇਟ ਉਤੇ ਪੇਟੀ ਘੁੱਟ ਕੇ ਬੰਨ੍ਹਣੀ ਪੈਣੀ ਹੈ। ਦੂਸਰੀ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਪਿਛਲੇ ਅਕਾਲੀ-ਭਾਜਪਾ ਹਾਕਮਾਂ ਨੇ ਸਿਰਫ ਸਬਸਿਡੀਆਂ ਅਤੇ ਛੋਟਾਂ ਦਾ ਚਸਕਾ ਲਾ ਦਿੱਤਾ ਹੈ, ਉਨ੍ਹਾਂ ਦੇ ਪੱਲੇ ਕੁਝ ਨਾ ਪਾਇਆ ਤਾਂ ਅਗਲੀ ਵਾਰ ਚੰਡੀਗੜ੍ਹ ਪਹੁੰਚਣ ਵਾਲੀ ਸੜਕ ਉਤੇ ਗੱਡੀ ਨਹੀਂ ਰਿੜ੍ਹ ਸਕਣੀ। ਸਿੱਧੂ ਕਦੇ ਦਿੱਲੀ ਤੇ ਕਦੇ ਮੁੰਬਈ ਦੇ ਗੇੜੇ ਮਾਰਦਾ ਹੈ ਤਾਂ ਕੋਈ ਅਮਲੀ ਨਤੀਜੇ ਨਿਕਲਣ ਬਾਰੇ ਸਿਰਫ ਉਸ ਨੂੰ ਪਤਾ ਹੋਵੇਗਾ, ਲੋਕਾਂ ਨੂੰ ਸਮਝ ਨਹੀਂ ਪੈ ਰਹੀ।

ਸਭ ਤੋਂ ਵੱਧ ਜ਼ਿੰਮੇਵਾਰੀ ਰਾਜ ਦੇ ਮੁੱਖ ਮੰਤਰੀ ਉਤੇ ਹੁੰਦੀ ਹੈ ਤੇ ਉਹ ਅਜੇ ਤੱਕ ਇਹ ਜ਼ਿੰਮੇਵਾਰੀ ਨਿਭਾਉਣ ਲਈ ਲੋੜ ਜੋਗਾ ਸਮਾਂ ਨਹੀਂ ਦੇ ਸਕੇ। ਪਹਿਲਾਂ ਕੋਈ ਸੱਟ ਲਵਾ ਬੈਠੇ ਤੇ ਫਿਰ ਉਨ੍ਹਾਂ ਦੇ ਮਾਤਾ ਜੀ ਗੁਜ਼ਰ ਗਏ। ਇਹ ਦੋਵੇਂ ਗੱਲਾਂ ਉਨ੍ਹਾਂ ਦੇ ਵੱਸ ਦੀਆਂ ਨਹੀਂ ਸਨ। ਹੁਣ ਉਨ੍ਹਾਂ ਨੂੰ ਸਮਾਂ ਦੇਣਾ ਚਾਹੀਦਾ ਹੈ, ਪਰ ਸਮਾਂ ਨਹੀਂ ਦਿੰਦੇ ਜਾਪਦੇ। ਸਰਕਾਰ ਚਲਾਉਣ ਵਾਸਤੇ ਇੱਕ ਸੇਵਾ ਮੁਕਤ ਅਫਸਰ ਨੂੰ ਉਨ੍ਹਾਂ ਨੇ ਕੁਝ ਜ਼ਿੰਮੇਵਾਰੀਆਂ ਸੌਂਪੀਆਂ ਸਨ, ਪਰ ਅਫਸਰਾਂ ਵਿਚਲੀ ਇੱਕ ਲਾਬੀ ਨੇ ਅਜਿਹਾ ਮਾਹੌਲ ਬਣਾ ਦਿੱਤਾ ਕਿ ਪ੍ਰਸ਼ਾਸਨ ਦਾ ਜਲੂਸ ਨਿਕਲ ਰਿਹਾ ਹੈ। ਆਮ ਪ੍ਰਭਾਵ ਇਹ ਹੈ ਕਿ ਅਜਿਹਾ ਖਰਾਬੀ ਦਾ ਸਭ ਕੰਮ ਮੁੱਖ ਮੰਤਰੀ ਦੇ ਆਪਣੇ ਘੇਰੇ ਅੰਦਰ ਜੁੜੇ ਦਰਬਾਰੀ ਲੋਕਾਂ ਦੀ ਖਹਿਬਾਜ਼ੀ ਨਾਲ ਹੋ ਰਿਹਾ ਹੈ। ਪਿਛਲੀ ਵਾਰ ਜਦੋਂ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ, ਕੰਮ ਉਨ੍ਹਾਂ ਘੱਟ ਨਹੀਂ ਸੀ ਕੀਤੇ, ਪਰ ਦਰਬਾਰੀਆਂ ਦੇ ਆਪੋ ਵਿਚ ਭਿੜਨ ਨਾਲ ਸਥਿਤੀ ਏਦਾਂ ਦੀ ਬਣ ਗਈ ਸੀ ਕਿ ਇੱਕ ਦੂਸਰੇ ਨੂੰ ਡੋਬਣ ਦੇ ਚੱਕਰ ਵਿਚ ਉਹ ਆਪਣੇ ਮੁੱਖ ਮੰਤਰੀ ਦਾ ਨੁਕਸਾਨ ਕਰਦੇ ਰਹੇ ਸਨ। ਇਸ ਵਾਰੀ ਇਹ ਕੰਮ ਹੁਣੇ ਤੋਂ ਸ਼ੁਰੂ ਹੋ ਗਿਆ ਹੈ। ਕੈਪਟਨ ਸਾਬ੍ਹ ਏਦਾਂ ਦੇ ਦਰਬਾਰੀਏ ਲੋਕਾਂ ਦੀ ਬੇਹਿਸਾਬੀ ਧਾੜ ਦੀ ਲਗਾਮ ਖਿੱਚ ਕੇ ਰੱਖਣ ਬਾਰੇ ਵੀ ਕਦੇ ਨਹੀਂ ਸੋਚਦੇ ਜਾਪਦੇ।

ਪਤਾ ਨਹੀਂ ਇਹ ਗੱਲ ਮੁੱਖ ਮੰਤਰੀ ਨੂੰ ਪਤਾ ਹੈ ਕਿ ਨਹੀਂ ਕਿ ਅਕਾਲੀ ਆਗੂ ਵਿਧਾਨ ਸਭਾ ਚੋਣਾਂ ਵਿਚ ਕੀਤੇ ਗਏ ਇੱਕ ਭਾਸ਼ਣ ਦੇ ਹਵਾਲੇ ਮੁੜ-ਮੁੜ ਦਿੰਦੇ ਹਨ, ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਮੇਰੀ ਤਾਂ ਆਖਰੀ ਚੋਣ ਹੈ, ਅਗਲੀ ਵਾਰੀ ਮੈਂ ਕਿਸੇ ਚੋਣ ਦੰਗਲ ਵਿਚ ਕੁੱਦਣਾ ਹੀ ਨਹੀਂ। ਅਸੀਂ ਪੱਤਰਕਾਰ ਇਹ ਵੀ ਜਾਣਦੇ ਹਾਂ ਕਿ ਉਨ੍ਹਾਂ ਦੇ ਵਿਰੋਧੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੀਆਂ ਤਿੰਨਾਂ ਵਿਧਾਨ ਸਭਾ ਚੋਣਾਂ ਮੌਕੇ ਇਹ ਕਿਹਾ ਸੀ ਕਿ ਮੇਰੀ ਇਹ ਆਖਰੀ ਚੋਣ ਹੈ, ਅਗਲੀ ਵਾਰੀ ਹੁਣ ਅਗਲੀ ਪੀੜ੍ਹੀ ਤੁਹਾਡੇ ਕੋਲ ਆਵੇਗੀ, ਮੈਂ ਵੋਟਾਂ ਮੰਗਣ ਨਹੀਂ ਆਉਣਾ, ਮੇਰੀ ਇਹ ਆਖਰੀ ਬੇਨਤੀ ਮੰਨ ਲਓ। ਅਕਾਲੀ ਆਗੂ ਆਪਣੀ ਪਾਰਟੀ ਦੇ ਸਰਪ੍ਰਸਤ ਦੀ ਉਸ ਗੱਲ ਬਾਰੇ ਜਾਣਦਿਆਂ ਵੀ ਕੈਪਟਨ ਅਮਰਿੰਦਰ ਸਿੰਘ ਦੇ ਉਸੇ ਭਾਸ਼ਣ ਦਾ ਹਵਾਲਾ ਦੇਈ ਜਾ ਰਹੇ ਹਨ ਕਿ ਜਦੋਂ ਅਮਰਿੰਦਰ ਸਿੰਘ ਨੇ ਕਹਿ ਦਿੱਤਾ ਕਿ ਮੇਰੀ ਆਖਰੀ ਚੋਣ ਹੈ ਤਾਂ ਉਨ੍ਹਾਂ ਨੂੰ ਕੰਮ ਕਰਨ ਦੀ ਲੋੜ ਨਹੀਂ ਰਹਿ ਗਈ, ਇਸ ਕਰ ਕੇ ਪੰਜਾਬ ਦੇ ਲੋਕਾਂ ਨੂੰ ਕੰਮ ਕਰਨ ਵਾਲੇ ਮੁੱਖ ਮੰਤਰੀ ਦੀ ਲੋੜ ਹੈ, ਜਿਹੜਾ ਸਿਰਫ ਵੱਡੇ ਜਾਂ ਛੋਟੇ ਬਾਦਲ ਵਿਚੋਂ ਕੋਈ ਹੋ ਸਕਦਾ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਹੋ ਰਹੇ ਇਸ ਪ੍ਰਚਾਰ ਦਾ ਜਵਾਬ ਵੀ ਕਿਉਂਕਿ ਕਿਸੇ ਪਾਸਿਓਂ ਨਹੀਂ ਦਿੱਤਾ ਜਾ ਰਿਹਾ, ਇਸ ਲਈ ਆਮ ਲੋਕਾਂ ਵਿਚ ਇਹ ਧਾਰਨਾ ਹੌਲੀ-ਹੌਲੀ ਪੱਕੀ ਹੁੰਦੀ ਜਾਂਦੀ ਹੈ ਕਿ ਏਦਾਂ ਹੀ ਹੋਵੇਗਾ। ਮੁੱਖ ਮੰਤਰੀ ਹੋਣ ਸਮੇਂ ਪ੍ਰਕਾਸ਼ ਸਿੰਘ ਬਾਦਲ ਹਰ ਹਫਤੇ ਸੱਤ ਦਿਨਾਂ ਵਿਚ ਇੱਕੀ ਨਹੀਂ ਤਾਂ ਚੌਦਾਂ ਜਲਸੇ ਜ਼ਰੂਰ ਕਰ ਦਿਆ ਕਰਦੇ ਸਨ, ਅਮਰਿੰਦਰ ਸਿੰਘ ਨਹੀਂ ਕਰਦੇ। ਉਹ ਜਦੋਂ ਲੋਕਾਂ ਵਿਚ ਨਹੀਂ ਜਾਣਗੇ ਤਾਂ ਆਪਣੇ ਲਈ ਅਤੇ ਆਪਣੀ ਸਰਕਾਰ ਲਈ ਲੋਕਾਂ ਦਾ ਭਰੋਸਾ ਵੀ ਕਾਇਮ ਨਹੀਂ ਰੱਖ ਸਕਦੇ। ਇਹ ਗੱਲ ਉਥੇ ਤੁਰੇ ਫਿਰਦੇ ਦੋ ਦਰਜਨ ਤੋਂ ਵੱਧ ਸਲਾਹਕਾਰਾਂ ਵਿਚੋਂ ਕੋਈ ਵੀ ਕਹਿਣ ਜੋਗਾ ਨਹੀਂ।

ਪੰਜਾਬ ਕਿਸ ਤਰ੍ਹਾਂ ਦੇ ਦੁਖਾਂਤ ਵਿਚੋਂ ਗੁਜ਼ਰ ਰਿਹਾ ਹੈ, ਇਸ ਦੀ ਇੱਕ ਮਿਸਾਲ ਮੁੱਖ ਮੰਤਰੀ ਦੇ ਸ਼ਹਿਰ ਪਟਿਆਲੇ ਅਤੇ ਰਾਜਧਾਨੀ ਚੰਡੀਗੜ੍ਹ ਦੇ ਵਿਚਾਲੇ ਪੈਂਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਤੋਂ ਮਿਲ ਸਕਦੀ ਹੈ। ਸ਼ਾਹੂਕਾਰਾ ਕਰਜ਼ੇ ਦੇ ਸ਼ਿਕਾਰ ਇੱਕ ਪਰਿਵਾਰ ਦਾ ਜਵਾਨ ਪੁੱਤਰ 2011 ਵਿਚ ਖੁਦਕੁਸ਼ੀ ਕਰ ਗਿਆ ਤੇ ਉਸ ਮੁੰਡੇ ਦਾ ਬਾਪ ਪਿਛਲੇ ਸਾਲ 2016 ਵਿਚ ਆਪਣੇ ਪੁੱਤਰ ਦੇ ਮਗਰ ਚਲਾ ਗਿਆ। ਪਿੱਛੋਂ ਘਰ ਵਿਚ ਬਾਕੀ ਬਚਿਆ ਇੱਕੋ ਮਰਦ, ਕਰਜ਼ਾਈ ਬਾਪ ਦਾ ਦੂਸਰਾ ਪੁੱਤਰ ਲੰਘੇ ਵੀਰਵਾਰ, ਤਿੰਨ ਅਗਸਤ ਨੂੰ ਜ਼ਿੰਦਗੀ ਦੇ ਦੁੱਖਾਂ ਅੱਗੇ ਹਾਰ ਮੰਨ ਕੇ ਸੰਸਾਰ ਛੱਡ ਗਿਆ ਹੈ। ਇਸ ਤੋਂ ਪਹਿਲਾਂ ਮਾਲਵੇ ਦੇ ਇੱਕ ਪਿੰਡ ਤੋਂ ਇੱਕ ਬੀਬੀ ਦੇ ਤੀਸਰੀ ਵਾਰੀ ਵਿਧਵਾ ਹੋਣ ਦੀ ਖਬਰ ਆਈ ਸੀ। ਉਸ ਦਾ ਪਤੀ ਖੁਦਕੁਸ਼ੀ ਕਰ ਗਿਆ ਤਾਂ ਪਰਿਵਾਰ ਨੇ ਉਸ ਨੂੰ ਪਤੀ ਦੇ ਚਚੇਰੇ ਭਰਾ ਦੇ ਘਰ ਬਿਠਾਇਆ, ਪਰ ਅਗਲੇ ਸਾਲ ਕਰਜ਼ੇ ਦੇ ਬੋਝ ਹੇਠ ਦੱਬਿਆ ਉਹ ਵੀ ਖੁਦਕੁਸ਼ੀ ਕਰ ਗਿਆ ਤਾਂ ਉਸ ਤੋਂ ਛੋਟੇ ਦੇ ਘਰ ਬਿਠਾਉਣ ਦਾ ਫੈਸਲਾ ਹੋ ਗਿਆ। ਪਿਛਲੇ ਹਫਤੇ ਉਹ ਛੋਟਾ ਵੀ ਖੁਦਕੁਸ਼ੀ ਕਰ ਗਿਆ ਹੈ। ਤਿੰਨ ਮੌਤਾਂ ਇੱਕੋ ਘਰ ਵਿਚ, ਉਥੇ ਵੀ ਕਰਜ਼ੇ ਕਾਰਨ ਹੋਈਆਂ ਹਨ।

ਦਰਬਾਰੀਆਂ ਦੇ ਲਸ਼ਕਰ ਵਿਚੋਂ ਇਹ ਗੱਲ ਕਿਸੇ ਨੇ ਮੁੱਖ ਮੰਤਰੀ ਨੂੰ ਦੱਸੀ ਜਾਂ ਨਹੀਂ, ਇਸ ਬਾਰੇ ਸਾਨੂੰ ਪਤਾ ਨਹੀਂ। ਦੁੱਖ ਭੁਗਤਦੇ ਇਹ ਉਹੀ ਲੋਕ ਹਨ, ਜਿਨ੍ਹਾਂ ਨੇ ਇਸ ਸਾਲ ਇੱਕ ਆਸ ਨਾਲ ਪੰਜਾਬ ਵਿਚ ਸੱਤਾ ਤਬਦੀਲੀ ਲਈ ਪੋਲਿੰਗ ਬੂਥਾਂ ਵੱਲ ਕਦਮ ਪੁੱਟੇ ਸਨ ਤੇ ਹੁਣ ਉਨ੍ਹਾਂ ਕਦਮਾਂ ਤੋਂ ਵੱਧ ਭਾਰੇ ਕਦਮਾਂ ਨਾਲ ਆਏ ਦਿਨ ਪਿੰਡ ਦੇ ਸਿਵਿਆਂ ਨੂੰ ਤੁਰੇ ਜਾਂਦੇ ਦਿੱਸ ਪੈਂਦੇ ਹਨ। ਪੰਜਾਬ ਸਰਕਾਰ ਨੂੰ ਨਕਾਰਾ ਹੋਈ ਕਹਿਣ ਦਾ ਸਮਾਂ ਅਜੇ ਨਹੀਂ ਆਇਆ, ਪਰ ਜਿਹੜੇ ਹਾਲਾਤ ਹਨ, ਜੇ ਇਹ ਹੀ ਵਹਿਣ ਚੱਲਦਾ ਰਿਹਾ ਤਾਂ ਜ਼ਿੰਦਗੀ ਤੋਂ ਤੰਗ ਆਏ ਲੋਕਾਂ ਦੇ ਸਬਰ ਦਾ ਬੰਨ੍ਹ ਕਿਸੇ ਵੇਲੇ ਟੁੱਟ ਵੀ ਸਕਦਾ ਹੈ।

# ਠਾਕੁਰ ਸਿੰਘ ਨੂੰ ਦੇਸ਼ ਸੇਵਾ ਬਦਲੇ ਮਿਲੀਆਂ ਦਰ-ਦਰ ਦੀਆਂ ਠੋਕਰਾਂ

**ਚੰਡੀਗੜ੍ਹ:** ਜਾਨ ਤਲੀ ਉਤੇ ਰੱਖ ਕੇ ਭਾਰਤੀ ਖੁਫੀਆ ਏਜੰਸੀ ਲਈ ਕੰਮ ਕਰਨ ਵਾਲਾ 85 ਸਾਲਾ ਠਾਕੁਰ ਸਿੰਘ ਅੱਜ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੈ। ਹਾਲਤ ਇਹ ਹੈ ਕਿ ਘਰ ਦਾ ਖਰਚਾ ਚਲਾਉਣ ਲਈ ਉਸ ਦੀ ਪਤਨੀ ਲੋਕਾਂ ਦੇ ਘਰਾਂ ਦੇ ਭਾਂਡੇ ਸਾਫ ਕਰਦੀ ਹੈ। ਠਾਕੁਰ ਸਿੰਘ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਖੇਤਰ ਪਿੰਡ ਮਾੜੀ ਮੇਘਾ ਵਾਸੀ ਹੈ।



ਠਾਕਰ ਸਿੰਘ ਨੇ ਖੁਫ਼ੀਆ ਖੋਜ ਤੇ ਵਿਸ਼ਲੇਸ਼ਣ ਵਿੰਗ (ਰਾਅ) ਲਈ ਜਾਸੂਸੀ ਦਾ ਕੰਮ ਕੀਤਾ ਹੈ। ਉਹ ਪਾਕਿਸਤਾਨ ਵਿਚ ਜਾਸੂਸੀ ਕਰਦੇ ਫੜਿਆ ਗਿਆ ਸੀ ਤੇ ਫਿਰ 12 ਸਾਲ ਤੱਕ ਉਥੇ ਨਜ਼ਰਬੰਦ ਰਿਹਾ। 1975-76 ਵਿਚ ਉਸ ਨੇ ਦੇਸ਼ ਲਈ ਜਾਸੂਸੀ ਕੀਤੀ। 1975 ਵਿਚ ਜਾਸੂਸੀ ਦੌਰਾਨ ਉਸ ਤੋਂ 'ਜੰਗ' ਅਖਬਾਰ ਮੰਗਵਾਇਆ ਸੀ। ਠਾਕਰ ਸਿੰਘ ਨੇ ਦੱਸਿਆ ਕਿ 1977 ਵਿਚ ਜਨਵਰੀ ਮਹੀਨੇ ਵਿਚ ਪਾਕਿਸਤਾਨ ਵਿਚ ਰੇਲਵੇ ਤੋਂ ਪਾਕਿਸਤਾਨ ਇੰਟੈਲੀਜੈਂਸ ਨੇ ਉਸ ਨੂੰ ਦਬੋਚ ਲਿਆ। ਇਸ ਤੋਂ ਬਾਅਦ ਕੇਸ ਚੱਲਿਆ ਤੇ ਦੋ ਸਾਲ ਆਰਮੀ ਵਿਚ ਕੈਦ ਰਿਹਾ। ਜਿਸ ਪਿੱਛੋਂ ਕੋਟ ਲੱਖਪਤ ਜੇਲ੍ਹ ਵਿਚ ਨਜ਼ਰਬੰਦ ਕਰ ਕੇ ਉਸ ਨੂੰ ਤਸੀਹੇ ਦਿੱਤੇ ਗਏ। ਇਸ ਦੌਰਾਨ ਉਸ ਦੀ ਸੱਜੀ ਲੱਤ ਤੇ ਇਕ ਹੱਥ ਦੀਆਂ ਉਂਗਲੀਆਂ ਤੋੜ ਦਿੱਤੀਆਂ ਸਨ। 1988 ਵਿਚ ਭਾਰਤ-ਪਾਕਿਸਤਾਨ ਨੇ ਇਕ ਦੂਜੇ ਦੇ ਕੈਦੀਆਂ ਨੂੰ ਰਿਹਾ ਕਰਨ ਦਾ ਫੈਸਲਾ ਕੀਤਾ ਸੀ। ਇਨ੍ਹਾਂ ਕੈਦੀਆਂ ਦੀ ਲਿਸਟ ਵਿਚ ਉਹ ਵੀ ਸ਼ਾਮਲ ਸੀ। ਜਦੋਂ ਉਹ ਘਰ ਆਇਆ ਤਾਂ ਪਰਿਵਾਰ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ।

ਠਾਕਰ ਦੀ ਪਤਨੀ ਛਿੰਦੋ ਨੇ ਦੱਸਿਆ ਕਿ ਉਸ ਦੇ ਪਤੀ ਜੀ ਜੇਲ੍ਹ ਦੌਰਾਨ ਤੇ ਰਿਹਾਅ ਹੋਣ ਤੋਂ ਬਾਅਦ ਸਰਕਾਰ ਨੇ ਕੋਈ ਸਹਾਇਤਾ ਨਹੀਂ ਕੀਤੀ। ਲੋਕਾਂ ਦੇ ਘਰਾਂ ਵਿਚ ਭਾਂਡੇ ਸਾਫ ਕਰ ਕੇ ਉਸ ਨੇ ਆਪਣੇ ਬੱਚੇ ਪਾਲੇ ਜਿਹੜੇ ਕਿ ਅੱਜ ਵੀ ਦਰ-ਦਰ ਦੀਆਂ ਠੁਕਰਾ ਖਾ ਰਹੇ ਹਨ। ਉਸ ਨੇ ਸਰਕਾਰ ਤੋਂ ਮੰਗ ਕੀਤੀ ਕਿ ਗਰੀਬੀ ਨੂੰ ਦੇਖਦੇ ਉਨ੍ਹਾਂ ਨੂੰ ਆਰਥਿਕ ਸਹਾਇਤਾ ਦੇ ਨਾਲ ਉਸ ਦੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

## ਸਿੱਖ ਰੈਫਰੀ ਖਿਲਾਫ ਨਸਲੀ ਟਿੱਪਣੀਆਂ

**ਸਿੰਗਾਪੁਰ:** ਸਿੰਗਾਪੁਰ ਦੇ ਇਕ 33 ਸਾਲਾ ਸਿੱਖ ਰੈਫਰੀ ਨੂੰ ਇਕ ਫੁਟਬਾਲ ਮੈਚ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਨਸਲੀ ਟਿੱਪਣੀਆਂ ਦਾ ਸ਼ਿਕਾਰ ਹੋਣਾ ਪਿਆ ਹੈ, ਜਿਸ ਸਬੰਧੀ ਇਕ ਵਿਤਕਰਾ-ਰੋਕੂ ਸੰਸਥਾ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਰੈਫਰੀ ਸੁਖਬੀਰ ਸਿੰਘ ਉਤੇ ਸਿੰਗਾਪੁਰ ਦੇ ਨੈਸ਼ਨਲ ਸਟੇਡੀਅਮ ਵਿਚ ਇੰਟਰ ਮਿਲਾਨ ਤੇ ਚੈਲਸੀਆ ਕਲੱਬਾਂ ਦਰਮਿਆਨ ਹੋਏ ਆਈ.ਸੀ.ਸੀ. ਮੈਚ ਦੌਰਾਨ ਕੁਝ ਵਿਵਾਦਗ੍ਰਸਤ ਫੈਸਲੇ ਲੈਣ ਦੇ ਦੋਸ਼ ਲਾਏ ਗਏ ਹਨ।

# ਡੋਕਲਾਮ ਵਿਵਾਦ ਉਤੇ ਚੀਨ ਨੇ ਸਖਤ ਰੁਖ ਅਪਨਾਇਆ

**ਪੇਈਚਿੰਗ:** ਸਿੱਕਮ ਸੈਕਟਰ 'ਚ ਦੋ ਮਹੀਨਿਆਂ ਤੋਂ ਚੱਲ ਰਹੇ ਡੋਕਲਾਮ ਵਿਵਾਦ ਉਤੇ ਚੀਨ ਨੇ ਇਕ ਵਾਰ ਫਿਰ ਸਖਤ ਰੁਖ ਅਪਨਾਇਆ ਹੈ। ਚੀਨ ਨੇ ਕਿਹਾ ਕਿ ਅਜੇ ਤੱਕ ਭਾਰਤ ਦੇ ਨਾਲ ਇਸ ਵਿਵਾਦ 'ਚ ਉਸ ਨੇ ਸਦਭਾਵਨਾ ਵਾਲਾ ਰਵੱਈਆ ਅਪਣਾਇਆ ਹੈ ਪਰ ਉਸ ਦੇ ਸੰਜਮ ਦੀ ਵੀ ਕੋਈ ਸੀਮਾ ਹੈ ਅਤੇ ਹੁਣ ਸਬਰ ਦਾ ਪਿਆਲਾ ਭਰ ਚੁੱਕਾ ਹੈ। ਭਾਰਤ ਨੂੰ ਇਸ ਮਾਮਲੇ ਵਿਚ ਆਪਣੇ ਭਰਮ ਨੂੰ ਛੱਡ ਦੇਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਪਿਛਲੇ ਮਹੀਨੇ ਹੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਇਹ ਸਪਸ਼ਟ ਕਰ ਦਿੱਤਾ ਸੀ ਕਿ ਜੇਕਰ ਡੋਕਲਾਮ ਇਲਾਕੇ ਵਿਚ ਵਿਵਾਦ ਨੂੰ ਸ਼ਾਂਤੀਪੂਰਨ ਸੁਲਝਾਉਣਾ ਹੈ ਤਾਂ ਸਭ ਤੋਂ ਪਹਿਲਾਂ ਦੋਵੇਂ ਦੇਸ਼ਾਂ ਨੂੰ ਆਪਣੀਆਂ ਸੈਨਾਵਾਂ ਵਾਪਸ ਬੁਲਾਉਣੀਆਂ ਹੋਣਗੀਆਂ। ਦੋਵੇਂ ਦੇਸ਼ਾਂ ਦਰਮਿਆਨ 16 ਜੂਨ ਨੂੰ ਇਹ ਵਿਵਾਦ ਸ਼ੁਰੂ ਹੋਇਆ ਸੀ ਜਦ ਚੀਨੀ ਸੈਨਿਕਾਂ ਨੇ ਭੂਟਾਨ ਨੇੜੇ ਸੜਕ ਦਾ ਨਿਰਮਾਣ ਸ਼ੁਰੂ ਕੀਤਾ ਸੀ। ਭਾਰਤ ਨੂੰ ਡਰ ਸੀ ਕਿ ਇਸ ਇਲਾਕੇ 'ਚ ਸੜਕ ਬਣਾਉਣ ਨਾਲ ਚੀਨ ਉਤਰ ਪੂਰਬ ਦੇ ਰਾਜਾਂ ਨੂੰ ਭਾਰਤ ਤੋਂ ਅਲੱਗ ਕਰਨ ਦਾ ਕੰਮ ਕਰੇਗਾ।

ਚੀਨ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਰੇਨ ਗੁਆਕਿਆਂਗ ਨੇ ਭਾਰਤ ਨੂੰ ਇਸ ਸਥਿਤੀ ਨਾਲ ਜਲਦੀ ਤੋਂ ਜਲਦੀ ਅਤੇ ਸਹੀ ਤਰੀਕੇ ਨਾਲ ਨਿਪਟਣ ਲਈ ਕਿਹਾ ਹੈ ਤਾਂਕਿ ਇਸ ਸਰਹੱਦੀ ਖੇਤਰ 'ਚ ਸ਼ਾਂਤੀ ਬਹਾਲ ਹੋ ਸਕੇ। ਚੀਨੀ ਬੁਲਾਰੇ ਨੇ ਕਿਹਾ ਕਿ ਭਾਰਤ ਇਸ ਮਾਮਲੇ 'ਚ ਦੇਰੀ ਕਰਨ ਦੇ ਆਪਣੇ ਭਰਮ ਨੂੰ ਛੱਡ ਦੇਵੇ। ਕਿਸੇ ਵੀ ਦੇਸ਼ ਨੂੰ ਚੀਨ ਦੀ ਸੈਨਾ ਦੀ ਸ਼ਾਂਤੀ ਨੂੰ ਬਣਾਈ ਰੱਖਣ ਤੇ ਰਾਸ਼ਟਰੀ ਪ੍ਰਭੂਸੱਤਾ ਦੀ ਰੱਖਿਆ ਕਰਨ ਦੀ ਸਮਰੱਥਾ ਨੂੰ ਘੱਟ ਕਰ ਕੇ ਨਹੀਂ ਦੇਖਣਾ ਚਾਹੀਦਾ।

## ਚੀਨ ਵੱਲੋਂ ਫੌਜੀ ਕਾਰਵਾਈ ਕੀਤੇ ਜਾਣ ਦੇ ਆਸਾਰ

**ਪੇਈਚਿੰਗ:** ਭਾਰਤੀ ਫੌਜ ਨੂੰ ਡੋਕਲਾਮ 'ਚੋਂ ਦੋ ਹਫਤਿਆਂ ਅੰਦਰ ਕੱਢਣ ਲਈ ਚੀਨ ਛੋਟੇ ਪੱਧਰ ਦੀ ਫੌਜੀ ਕਾਰਵਾਈ ਕੀਤੇ ਜਾਣ ਦੀ ਯੋਜਨਾ ਬਣਾ ਰਿਹਾ ਹੈ। ਇਹ ਜਾਣਕਾਰੀ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਵਿਚ ਪ੍ਰਕਾਸ਼ਤ ਲੇਖ 'ਚ ਦਿੱਤੀ ਗਈ ਹੈ। ਸਿੱਕਮ ਸੈਕਟਰ 'ਚ ਭਾਰਤ ਅਤੇ ਚੀਨ ਦਰਮਿਆਨ 16 ਜੂਨ ਤੋਂ ਅੜਿੱਕਾ ਚਲ ਰਿਹਾ ਹੈ। ਸ਼ੰਘਾਈ ਅਕੈਡਮੀ ਆਫ ਸੋਸ਼ਲ ਸਾਇੰਸਿਜ਼ 'ਚ ਇੰਸਟੀਚਿਊਟ ਆਫ ਇੰਟਰਨੈਸ਼ਨਲ ਰਿਲੇਸ਼ਨਜ਼ ਦੇ ਰਿਸਰਚ ਫੈਲੋ ਹੂ ਜ਼ਿਯੋਂਗ ਦੇ ਹਵਾਲੇ ਨਾਲ ਗਲੋਬਲ ਟਾਈਮਜ਼ ਨੇ ਕਿਹਾ ਕਿ ਚੀਨ, ਭਾਰਤੀ ਫੌਜੀਆਂ ਨੂੰ ਦੋ ਹਫਤਿਆਂ ਦੇ ਅੰਦਰ ਬਾਹਰ ਕੱਢਣ ਲਈ ਛੋਟੇ ਪੱਧਰ 'ਤੇ ਫੌਜੀ ਕਾਰਵਾਈ ਕੀਤੀ ਜਾ ਸਕਦੀ ਹੈ।

# ਖ਼ੂਬ ਧਮਾਲਾਂ ਪਾਈਆਂ ਪੀ.ਸੀ.ਐਸ. ਸੈਕਰਾਮੈਂਟੋ ਦੇ ਤੀਆਂ ਦੇ ਮੇਲੇ ਨੇ

**ਸੈਕਰਾਮੈਂਟੋ (ਬਿਊਰੋ):** ਮੁਟਿਆਰਾਂ, ਕੁੜੀਆਂ-ਚਿੜੀਆਂ ਤੇ ਮਾਈਆਂ ਬੀਬੀਆਂ ਵਹੀਰਾਂ ਘੱਤੀ ਇਥੋਂ ਦੇ ਲੂਥਰ ਬਰਬੈਕ ਹਾਈ ਸਕੂਲ ਵੱਲ ਆ ਰਹੀਆਂ ਸਨ, ਆਪੋ ਵਿਚ ਜੱਫੀਆਂ ਪਾ ਪਾ ਮਿਲ ਰਹੀਆਂ ਸਨ ਅਤੇ ਕਈ ਆਪੋ ਵਿਚ ਹੀ ਗਿੱਧੇ ਦਾ ਕੋਈ ਐਕਸ਼ਨ ਕਰ ਜਾਂਦੀਆਂ। ਬਥੇਰੀਆਂ ਬੀਬੀਆਂ ਸਕੂਲ ਅੰਦਰ ਲੱਗੇ ਸੂਟਾਂ, ਕੱਪੜਿਆਂ ਤੇ ਗਹਿਣੇ-ਗੱਟੇ ਦੇ ਲੱਗੇ ਸਟਾਲਾਂ ਉਪਰ ਝੁਰਮਟ ਪਾਈ ਖੜ੍ਹੀਆਂ ਸਨ। ਇਹ ਸੀ ਨਜ਼ਾਰਾ ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਵਲੋਂ ਐਤਵਾਰ, 6 ਅਗਸਤ ਨੂੰ ਕਰਵਾਏ ਗਏ ਇਸ ਦੇ 18ਵੇਂ ਤੀਆਂ ਦੇ ਮੇਲੇ ਦਾ।

ਮੇਲੇ 'ਚ ਮਾਡੈਸਟੋ, ਟਰਲਕ, ਸਟਾਕਟਨ, ਲੋਡਾਈ, ਐਲਕ ਗਰੂਵ, ਸੈਕਰਾਮੈਂਟੋ, ਰੋਜ਼ਵਿਲ, ਫੇਅਰਫੀਲਡ ਤੇ ਬੇ ਏਰੀਏ ਤੋਂ ਮੇਲੇ ਦੀਆਂ ਸ਼ੌਕੀਨ



ਮੁਟਿਆਰਾਂ, ਬੱਚੀਆਂ, ਬੀਬੀਆਂ ਸਜ ਧਜ ਕੇ ਪਹੁੰਚੀਆਂ ਹੋਈਆਂ ਸਨ। ਮੇਲੇ ਦੀਆਂ ਰੌਣਕਾਂ ਲੌਂਗੋਵਾਲ ਤੇ ਸਰੀਂਹ ਸ਼ੰਕਰ ਦੀਆਂ ਤੀਆਂ ਦੀ ਯਾਦ ਦਿਵਾ ਰਹੀਆਂ ਸਨ।

ਖਚਾਖਚ ਭਰੇ ਹਾਲ ਵਿਚ ਮੇਲੇ ਦੀ ਸ਼ੁਰੂਆਤ ਕਰਦਿਆਂ ਮੁਟਿਆਰਾਂ ਨੇ ਸਾਉਣ ਦੇ ਗੀਤ ਢੋਲਕੀ ਦੀ ਤਾਲ 'ਤੇ ਗਾ ਕੇ ਤੀਆਂ ਦਾ ਵਿਰਸਾ ਸਾਂਝਾ ਕੀਤਾ। ਇਸ ਤੋਂ ਬਾਅਦ ਸਟੇਜ ਸੰਚਾਲਕ ਮਨਦੀਪ ਫਰਵਾਲਾ ਨੇ ਪੰਜਾਬੀ ਕਲਚਰਲ ਸੁਸਾਇਟੀ ਦੀਆਂ ਸਰਗਰਮੀਆਂ ਅਤੇ ਤੀਆਂ ਦੇ ਤਿਓਹਾਰ 'ਤੇ ਚਾਨਣਾ ਪਾਇਆ।

ਸਭ ਤੋਂ ਪਹਿਲਾਂ ਰੋਜ਼ੀ ਵਲੋਂ ਤਿਆਰ ਕੀਤੀ ਗਈ 'ਗਿੱਧਾ ਮਜਾਜਣਾਂ ਦਾ' ਟੀਮ ਸਟੇਜ 'ਤੇ ਆਈ ਜਿਸ ਵਿਚ ਸ਼ਾਮਲ 20 ਨੰਨ੍ਹੀਆਂ-ਮੁੰਨੀਆਂ ਬੱਚੀਆਂ ਨੇ ਗਿੱਧੇ ਦੇ ਗੇੜੇ ਦਿੱਤੇ। ਰੁਪਿੰਦਰ ਦੀ ਤਿਆਰ ਕੀਤੀ ਦੂਜੀ ਗਿੱਧਾ ਟੀਮ 'ਏਂਜਲਜ਼' (ਪਰੀਆਂ) ਨੇ ਪਹਿਲੀ ਬੋਲੀ 'ਸਾਉਣ ਵੀਰ 'ਕੱਠਿਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ' ਪਾਈ ਤਾਂ ਤੀਆਂ ਦੇ ਰੰਗ ਹੀ ਨਿੱਖਰ ਆਏ ਅਤੇ ਕਈ ਬੀਬੀਆਂ ਭਾਵੁਕ ਵੀ ਬਹੁਤ ਹੋ ਗਈਆਂ। ਫਿਰ



ਵਾਰੀ ਆਈ ਦਲਜੀਤ ਦੇ ਤਿਆਰ ਕੀਤੇ 'ਸ਼ੌਕੀਨ ਮੁਟਿਆਰਾਂ' ਦੇ ਗਿੱਧੇ ਦੀ। ਉਨ੍ਹਾਂ ਬੋਲੀ ਪਾਈ, 'ਗੋਰਿਆਂ ਪੈਰਾਂ ਦੇ ਵਿਚ ਚਾਂਦੀ ਦੀਆਂ ਝਾਂਜਰਾਂ, ਨੱਚਣ ਲੱਗੀ ਨੇ ਲਈਆਂ ਪਾ' ਤਾਂ ਹਾਲ ਇਕ ਦਮ ਤਾੜੀਆਂ ਦੀ ਗੂੰਜ ਨਾਲ ਖਿੜ ਉਠਿਆ। ਇਸ ਪਿਛੋਂ ਦੋਗਾਣੇ ਦੀ ਵਾਰੀ ਆਈ ਜਿਸ ਨੂੰ ਸਰੋਤਿਆਂ



ਤੋਂ ਚੰਗਾ ਹੁੰਗਾਰਾ ਮਿਲਿਆ।

ਪਰਦੀਪ ਪੂਨੀ ਦੇ ਤਿਆਰ ਕੀਤੇ ਗਿੱਧੇ ਦੀ ਵਾਰੀ ਆਈ ਤਾਂ ਬਹੁਤੇ ਦਰਸ਼ਕਾਂ ਨੇ ਦਾਦ ਦਿੰਦਿਆਂ ਕਿਹਾ ਕਿ ਇਹ ਟੀਮ ਕਿਸੇ ਪ੍ਰੋਫੈਸ਼ਨਲ ਟੀਮ ਤੋਂ ਘੱਟ ਨਹੀਂ। ਦਲਜੀਤ ਦੇ ਤਿਆਰ ਕੀਤੇ ਡਾਂਸ 'ਨਖਰੋ' ਨੇ ਸਭ ਨੂੰ ਜਿਵੇਂ ਕੀਲ ਕੇ ਹੀ ਰੱਖ ਦਿੱਤਾ ਹੋਵੇ। ਨਵਜੋਤ ਤੇ ਨਵਪ੍ਰੀਤ ਨੇ ਸੁਰਿੰਦਰ ਕੌਰ ਦੇ ਗਾਏ ਗੀਤਾਂ ਨੂੰ ਭਾਵੇਂ ਮਿਕਸ ਕਰ ਕੇ ਪੇਸ਼ ਕੀਤਾ ਪਰ ਇਹ ਉਨ੍ਹਾਂ ਯਾਦਾਂ ਨੂੰ ਤਾਜ਼ਾ ਕਰ ਗਏ ਜੋ ਪੁਰਾਣੀ ਪੀੜ੍ਹੀ ਦੇ ਜ਼ਿਹਨ 'ਤੇ ਅੱਜ ਤੱਕ ਉਕਰੀਆਂ ਹੋਈਆਂ ਹਨ।

ਪੀ.ਸੀ.ਐਸ. ਦੇ ਪ੍ਰਬੰਧਕ ਮੈਂਬਰਾਂ ਦੀ ਤਿਆਰ ਕੀਤੀ ਗਿੱਧਾ ਟੀਮ ਸਟੇਜ 'ਤੇ ਆਈ ਤਾਂ ਇਸ ਨੇ ਆਉਂਦਿਆਂ ਹੀ ਅਜਿਹੇ ਰੰਗ ਬੰਨੇ ਕਿ ਸਟੇਜ ਹਿੱਲਣ ਲਾ ਦਿੱਤੀ। ਇਕ ਮੁਟਿਆਰ ਨੇ ਬੋਲੀ ਪਾਈ, 'ਰਿਹਾ ਕੋਲ ਤੂੰ ਖੜ੍ਹਾ, ਵੇ ਮੈਂ ਜੇਠ ਨੇ ਕੁੱਟੀ।' ਇਸ 'ਤੇ ਦਰਸ਼ਕਾਂ ਵਿਚ ਹਾਸਾ ਵੀ ਮੱਚਿਆ ਤੇ ਮੱਥੇ 'ਤੇ ਹੈਰਾਨੀ ਦੀਆਂ ਤਿਓੜੀਆਂ ਵੀ ਆਈਆਂ। ਅਗਲੀ ਬੋਲੀ ਸੀ, 'ਉਚੀਆਂ ਖੂਹੀਆਂ 'ਤੇ ਡੋਲ ਖੜਕਦੇ, ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ। ਭਾਬੀ ਸਾਗ ਨੂੰ ਨਾ ਜਾਈਂ ਤੇਰਾ ਮੁੰਡਾ ਰੋਊਗਾ।' ਫਿਰ ਤਾਂ ਬੱਸ ਚੱਲ ਸੋ ਚੱਲ।

ਰੋਜ਼ੀ ਦੇ ਤਿਆਰ ਕੀਤੇ ਭੰਗੜੇ ਨੇ ਮਾਹੌਲ ਨੂੰ ਇਕ ਵੱਖਰਾ ਹੀ ਰੰਗ ਦੇ ਦਿੱਤਾ। ਪੰਜਾਬਣਾਂ ਦੇ ਇਸ ਭੰਗੜੇ ਦੀ ਇਕ ਬੋਲੀ ਸੀ, 'ਆ ਵੇ ਨਾਜਰਾ, ਜਾਹ ਵੇ ਨਾਜਰਾ, ਬੋਤਾ ਬੰਨ ਦਰਵਾਜੇ। ਬੋਤੇ ਤੇਰੇ ਨੂੰ ਘਾਹ ਦੀ ਟੋਕਰੀ, ਤੈਨੂੰ ਪੰਜ ਪਰਸ਼ਾਦੇ। ਚਰਖਾ ਕੱਤਦੀ ਦੀ ਗੂੰਜ ਪਵੇ ਦਰਵਾਜੇ।'

ਫਿਰ ਵਾਰੀ ਆਈ ਮਲਵਈ ਗਿੱਧੇ ਦੀ, ਜਿਸ ਦੀ ਹਰ ਕੋਈ ਉਡੀਕ ਕਰ ਰਿਹਾ ਸੀ। ਹਰ ਕੋਈ ਹੈਰਾਨ ਸੀ ਕਿ ਤੀਆਂ ਦੇ ਮੇਲੇ ਵਿਚ ਇਹ ਮਰਦਾਂ ਦੀ ਟੀਮ ਕਿੱਥੋਂ ਆ ਗਈ! ਪਰ ਅਸਲ ਵਿਚ ਤੀਵੀਆਂ ਹੀ ਮਰਦਾਂ ਦੇ ਭੇਸ ਵਿਚ ਗਿੱਧਾ ਪਾ ਰਹੀਆਂ ਸਨ। ਪਹਿਲੀ ਬੋਲੀ ਸੀ, 'ਵਿਆਹ ਕਰਤਾਰੇ ਦਾ, ਚੁੱਕ ਲਓ ਢੋਲਕੀਆਂ ਛੈਣੇ...।' ਮਲਵਈ ਗਿੱਧੇ ਨੇ ਦਰਸ਼ਕਾਂ ਦੀ ਖ਼ੂਬ ਵਾਹ ਵਾਹ ਖੱਟੀ। ਕਾਲਜ ਦੀਆਂ ਮੁਟਿਆਰਾਂ ਵਲੋਂ ਤਿਆਰ ਕੀਤੇ ਗਏ 'ਭੰਗੜਾ ਬਾਈ ਪ੍ਰਿੰਸੈਸ' ਨੇ ਵੀ ਆਪਣਾ ਵੱਖਰਾ ਰੰਗ ਦਿਖਾਇਆ। ਗਿੱਧੇ-ਭੰਗੜੇ ਦੇ ਇਸ ਦੌਰ ਦੀ ਆਖਰੀ ਆਈਟਮ ਸੀ, ਮਨਦੀਪ ਫਰਵਾਲਾ ਦਾ ਤਿਆਰ ਕੀਤਾ ਗਿਆ ਇਕ ਗੀਤ ਜਿਸ ਦੇ ਬੋਲ ਸਨ, 'ਧੀਆਂ ਅਤੇ ਧਰੇਕਾਂ ਹੁੰਦੀਆਂ





ਰੌਣਕ ਵਿਹੜੇ ਦੀ।' ਦਰਸ਼ਕ ਇਸ ਤੋਂ ਇੰਨੇ ਭਾਵੁਕ ਹੋਏ ਕਿ ਖੜ੍ਹੇ ਹੋ ਕੇ ਕਿੰਨਾ ਚਿਰ ਤਾੜੀਆਂ ਮਾਰਦੇ ਰਹੇ। ਜਦੋਂ ਬੋਲੀਆਂ ਪਾਉਣ ਦਾ ਦੌਰ ਸ਼ੁਰੂ ਹੋਇਆ ਤਾਂ ਪਹਿਲਾਂ ਤਾਂ ਮੁਟਿਆਰਾਂ ਝਿਜਕ ਕੇ ਬੋਲੀਆਂ ਪਾਉਂਦੀਆਂ ਰਹੀਆਂ ਤੇ ਫਿਰ ਅਜਿਹਾ ਦੌਰ ਸ਼ੁਰੂ ਹੋਇਆ ਕਿ ਉਨ੍ਹਾਂ ਦਿਲ ਦੇ ਗੁਬਾਰ ਪੂਰੇ ਜੋਰ ਨਾਲ ਕੱਢੇ। ਜੋਸ਼ 'ਚ ਆਈਆਂ ਨੇ ਧਰਤੀ ਹਿੱਲਣ ਲਾ ਦਿੱਤੀ। ਅਖੀਰ 'ਤੇ ਡੀ.ਜੇ. 'ਤੇ ਗੀਤ ਵੱਜਣ ਲੱਗੇ ਤਾਂ ਸਭ ਦੇ ਪੈਰ ਵੀ ਥਿਰਕਣ ਲੱਗੇ। ਮੁਟਿਆਰਾਂ ਤੇ ਬੀਬੀਆਂ ਨੇ ਨੱਚ ਨੱਚ ਆਪਣੇ ਚਾਅ ਰੱਜ ਰੱਜ ਪੂਰੇ ਕੀਤੇ। ਪ੍ਰੋਗਰਾਮ ਵਿਚ ਡੇਢ ਸੌ ਤੋਂ ਵੱਧ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ।

ਬਾਅਦ ਦੁਪਹਿਰ ਇਕ ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਚੱਲੇ ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਮਨਦੀਪ ਕੌਰ ਫਰਵਾਲਾ ਨੇ ਬਹੁਤ ਵਧੀਆ ਤਰੀਕੇ ਨਾਲ ਕੀਤਾ। ਪ੍ਰਬੰਧਕਾਂ ਨੇ ਪ੍ਰੋਗਰਾਮ ਦੇ ਸਪਾਂਸਰਾਂ, ਜਿਨ੍ਹਾਂ ਵਿਚ ਬੱਗਾ ਜਿਊਲਰਜ਼ ਖਾਸ ਤੌਰ 'ਤੇ ਸ਼ਾਮਲ ਸੀ, ਦਾ

*(ਬਾਕੀ ਅਗਲੇ ਸਫੇ 'ਤੇ)*













# ਪੀ.ਸੀ.ਐਸ. ਸੈਕਰਾਮੈਂਟੋ ਦਾ ਤੀਆਂ ਦਾ ਮੇਲਾ

ਧੰਨਵਾਦ ਕੀਤਾ।

ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਪ੍ਰਬੰਧਕ ਕਮੇਟੀ ਦੇ ਮੈਂਬਰਾਂ-ਬਲਦੇਵ ਕੌਰ, ਹਰਪ੍ਰੀਤ ਸਹੋਤਾ, ਦਲਜੀਤ ਗਿੱਲ, ਰਸ਼ਪਾਲ ਕੌਰ, ਰਾਜਵਿੰਦਰ ਪੂਨੀ, ਪਰਦੀਪ ਪੂਨੀ, ਕਮਲ ਢਿੱਲੋਂ, ਭਵਨਦੀਪ ਕੌਰ, ਬਲਵੀਰ ਪੂਨੀ, ਸਿਮਰਨ ਸੰਧੂ, ਅਮਨ ਕੌਰ, ਹਰਿੰਦਰ ਕੌਰ, ਸੁਰਿੰਦਰ ਗਿੱਲ, ਰਾਣੀ ਬਿੰਦਰਾ, ਰਾਣੀ ਸਰਹੱਦੀ, ਰੁਪਿੰਦਰ ਕੌਰ, ਤਜਿੰਦਰ ਕੌਰ, ਹਰਮਿੰਦਰ ਕੌਰ, ਪਰਮਜੀਤ ਕੌਰ, ਇੰਦਰਪਾਲ ਕਾਹਲੋਂ, ਪਰਮਜੀਤ ਔਲਖ, ਰੁਪਿੰਦਰ ਮੱਲ੍ਹੀ, ਬਲਜੀਤ ਕੌਰ, ਜਤਿੰਦਰ ਸੰਘਾ, ਜਸਮੀਨ ਸੰਘੇੜਾ, ਸਰਬਜੀਤ ਕੌਰ, ਰੋਜ਼ੀ ਸੰਧੂ ਤੇ ਮਨਦੀਪ ਕੌਰ ਫਰਵਾਲਾ ਨੇ ਡਟ ਕੇ ਮਿਹਨਤ ਕੀਤੀ।

ਜ਼ਿਕਰਯੋਗ ਹੈ ਕਿ ਪੀ.ਸੀ.ਐਸ. ਪਿਛਲੇ 28 ਸਾਲ ਤੋਂ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਯਤਨਸ਼ੀਲ ਹੈ। ਇਸ ਮੌਕੇ ਦੱਸਿਆ ਗਿਆ ਕਿ ਸੰਸਥਾ ਦਾ 29ਵਾਂ ਵਿਸਾਖੀ ਮੇਲਾ ਅਗਲੇ ਸਾਲ 5 ਮਈ ਨੂੰ ਸ਼ੈਲਡਨ ਹਾਈ ਸਕੂਲ ਵਿਚ ਹੋਵੇਗਾ ਜਦੋਂਕਿ ਤੀਆਂ ਦਾ ਅਗਲਾ ਮੇਲਾ ਉਸੇ ਥਾਂ 15 ਜੁਲਾਈ, ਐਤਵਾਰ ਨੂੰ ਹੋਵੇਗਾ।





# ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਪੁਲਿਸ ਦੀਆਂ ਮਨਮਾਨੀਆਂ ਤੋਂ ਖਫਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ, ਪੁਲਿਸ ਦੀਆਂ ਮਨਮਾਨੀਆਂ ਤੋਂ ਖ਼ਫ਼ਾ ਹੈ। ਕਮਿਸ਼ਨ ਵੱਲੋਂ ਪੁਲਿਸ ਨੂੰ ਜਾਂਚ ਲਈ ਦਿੱਤੇ ਕੇਸਾਂ ਦੀ ਰਿਪੋਰਟ ਸਮੇਂ ਸਿਰ ਨਾ ਦੇਣ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਕਮਿਸ਼ਨ ਨੇ ਪੁਲਿਸ ਨੂੰ ਪਹਿਲੀ ਵਾਰ ਜਾਂਚ ਰਿਪੋਰਟ ਨਾ ਦੇਣ ਉਤੇ ਹੋਰ ਮੌਕਾ ਦੇਣ ਦੀ ਥਾਂ ਤਲਬ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦੋ ਮਹੀਨਿਆਂ ਵਿਚ ਸੁਣਵਾਈ ਲਈ ਆਏ 200 ਤੋਂ ਵੱਧ ਕੇਸਾਂ ਵਿਚ ਪਹਿਲੀ ਵਾਰ ਰਿਪੋਰਟ ਨਾ ਦੇਣ ਉਤੇ ਡੀ.ਐਸ.ਪੀ. ਰੈਂਕ ਦੇ ਅਫਸਰਾਂ ਨੂੰ ਸੰਮਨ ਜਾਰੀ ਕੀਤੇ ਜਾਣ ਲੱਗੇ ਹਨ। ਮਨੁੱਖੀ ਅਧਿਕਾਰ ਕਮਿਸ਼ਨ ਨੇ ਸਖਤ ਰੁਖ ਅਖ਼ਤਿਆਰ ਕਰਦਿਆਂ ਅਜਿਹੇ ਕੇਸਾਂ ਦੀ ਸੁਣਵਾਈ ਵੀ ਸ਼ੁਰੂ ਕਰ ਦਿੱਤੀ ਹੈ, ਜਿਹੜੇ ਦੂਜੀਆਂ ਅਦਾਲਤਾਂ ਵਿਚ ਸੁਣਵਾਈ ਅਧੀਨ ਹਨ। ਕਮਿਸ਼ਨ ਕੋਲ ਵਿਧਵਾ ਗੁਰਪ੍ਰੀਤ ਕੌਰ ਉਤੇ ਸਹੁਰਾ ਪਰਿਵਾਰ ਦੀਆਂ ਵਧੀਕੀਆਂ




ਦਾ ਕੇਸ ਆਇਆ ਹੈ, ਜੋ ਪਹਿਲਾਂ ਸਿਵਲ ਕੋਰਟ ਵਿਚ ਸੁਣਵਾਈ ਅਧੀਨ ਹੈ। ਗੁਰਪ੍ਰੀਤ ਕੌਰ ਨੇ ਆਪਣੇ ਸਹੁਰਾ ਪਰਿਵਾਰ 'ਤੇ ਕੁੱਟਮਾਰ ਦਾ ਦੋਸ਼ ਲਾਇਆ ਹੈ, ਜਦੋਂ ਕਿ ਉਸ ਦੇ ਘਰ ਉਤੇ ਸਹੁਰਾ ਪਰਿਵਾਰ ਵੱਲੋਂ ਕਬਜ਼ਾ ਕਰਨ ਦਾ ਕੇਸ ਪਹਿਲਾਂ ਹੀ ਸਿਵਲ ਕੋਰਟ ਵਿਚ ਚੱਲ ਰਿਹਾ ਹੈ। ਇਸ ਕੇਸ ਵਿਚ ਪੁਲਿਸ ਵੱਲੋਂ ਰਿਪੋਰਟ ਨਾ ਦੇਣ ਉਤੇ ਡੀ.ਐਸ.ਪੀ. ਰੈਂਕ ਦੇ ਅਫਸਰ ਨੂੰ 29 ਅਗਸਤ ਲਈ ਤਲਬ ਕਰ ਲਿਆ ਹੈ।

ਵੇਰਵਿਆਂ ਮੁਤਾਬਕ ਗੁਰਪ੍ਰੀਤ ਕੌਰ ਦਾ ਵਿਆਹ ਜਨਵਰੀ 2007 ਨੂੰ ਤਹਿਸੀਲ ਨਾਭਾ ਦੇ ਪਿੰਡ ਖਨੌੜਾ ਦੇ ਬਲਦੇਵ ਸਿੰਘ ਨਾਲ ਹੋਇਆ ਸੀ। ਕੁਝ ਸਾਲਾਂ ਬਾਅਦ ਉਸ ਦਾ ਪਤੀ ਬਿਮਾਰ ਰਹਿਣ ਲੱਗ ਪਿਆ ਤੇ 30 ਜੂਨ 2016 ਨੂੰ ਉਸ ਦੀ ਮੌਤ ਹੋ ਗਈ। ਗੁਰਪ੍ਰੀਤ ਨੇ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਪਤੀ ਦੀ ਮੌਤ ਤੋਂ ਬਾਅਦ ਉਸ ਦੇ ਸਹੁਰਾ ਪਰਿਵਾਰ ਨੇ ਘਰੋਂ ਕੱਢਣ ਲਈ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਗੁਰਪ੍ਰੀਤ ਨੇ ਕਮਿਸ਼ਨ ਤੋਂ ਜਾਨ-ਮਾਲ ਦੀ ਰਾਖੀ ਦੀ ਮੰਗ ਕੀਤੀ। ਕਮਿਸ਼ਨ ਨੇ ਕੁੱਟਮਾਰ ਦੇ ਮਾਮਲੇ ਵਿਚ ਸਖਤ ਕਾਰਵਾਈ ਨਾ ਕਰਨ 'ਤੇ ਪੁਲਿਸ ਦੀ ਖਿਚਾਈ ਕੀਤੀ ਅਤੇ ਡੀ.ਐਸ.ਪੀ. ਰੈਂਕ ਦੇ ਅਫਸਰ ਨੂੰ ਤਲਬ ਕਰ ਲਿਆ ਹੈ। ਕੇਸ ਦੀ ਸੁਣਵਾਈ ਕਮਿਸ਼ਨ ਮੈਂਬਰ ਜਸਟਿਸ ਆਸੂਤੋਸ਼ ਮੋਹੰਤਾ ਅਤੇ ਐਡਵੋਕੇਟ ਅਵਿਨਾਸ਼ ਕੌਰ ਨੇ ਕੀਤੀ ਹੈ।

## ਕੈਂਟ ਸਿਟੀ ਕੌਂਸਲ ਦੀ ਚੋਣ ਵਿਚ ਸਤਵਿੰਦਰ ਕੌਰ ਨੇ ਜਿੱਤ ਦੇ ਝੰਡੇ ਗੱਡੇ

**ਸਿਆਟਲ (ਬਿਊਰੋ):** ਵਾਸ਼ਿੰਗਟਨ ਸਟੇਟ ਦੇ ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਸ਼ਹਿਰ ਕੈਂਟ (ਸਿਆਟਲ) ਵਿਚ ਪਹਿਲੀ ਵਾਰ ਇੱਕ ਪੰਜਾਬਣ ਸਤਵਿੰਦਰ ਕੌਰ ਨੇ ਜਿੱਤ ਦੇ ਝੰਡੇ



ਗੱਡੇ ਹਨ। ਸਿਟੀ ਕੌਂਸਲ ਲਈ ਬੁੱਧਵਾਰ, 2 ਅਗਸਤ ਨੂੰ ਹੋਈ ਚੋਣ 'ਚ ਉਸ ਨੇ 43% ਵੋਟਾਂ ਹਾਸਿਲ ਕਰ ਕੇ ਆਪਣੇ ਵਿਰੋਧੀਆਂ ਨੂੰ ਹਰਾਇਆ ਹੈ। ਬਾਕੀ 57% ਵੋਟਾਂ ਤਿੰਨ ਉਮੀਦਵਾਰਾਂ ਵਿਚ ਵੰਡੀਆਂ ਗਈਆਂ।


ਯਾਦ ਰਹੇ, ਇਹ ਪ੍ਰਾਇਮਰੀ ਚੋਣ ਸੀ। ਫਾਈਨਲ ਵੋਟਾਂ 7 ਨਵੰਬਰ ਨੂੰ ਪੈਣਗੀਆਂ ਜਿਸ ਵਿਚ ਸਿਰਫ ਦੋ ਉਮੀਦਵਾਰ ਹੀ ਹੋਣਗੇ। ਇਹ ਮੁਕਾਬਲਾ ਸਤਵਿੰਦਰ ਕੌਰ ਅਤੇ ਪੌਲ ਆਡਿਸ ਵਿਚਾਲੇ ਹੋਵੇਗਾ। ਪੌਲ ਆਡਿਸ 25.83% ਵੋਟਾਂ ਲੈ ਕੇ ਦੂਜੀ ਪੁਜ਼ੀਸ਼ਨ 'ਤੇ ਰਿਹਾ ਹੈ।

# ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀ ਪੁਸਤਕ ਲੋਕ ਅਰਪਿਤ

**ਯੂਬਾ ਸਿਟੀ (ਬਿਊਰੋ):** ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੀ ਇਥੇ ਹੋਈ ਮਹੀਨਾਵਾਰ ਮੀਟਿੰਗ ਵਿਚ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀ ਪਲੇਠੀ ਪੁਸਤਕ 'ਪੰਜ ਆਬਾਂ ਦੀ ਜਾਈ', ਮਾਸਟਰ ਨਿਰਮਲ ਸਿੰਘ ਲਾਲੀ ਤੇ ਕੈਨੇਡਾ ਦੇ ਲੇਖਕ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀਆਂ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ।

ਮੀਟਿੰਗ ਦਾ ਅਰੰਭ ਬੀਬੀ ਬਲਜੀਤ ਕੌਰ ਤੇ ਅਜਮੇਰ ਸਿੰਘ ਸੰਧੂ ਵਲੋਂ ਗੁਰਬਾਣੀ ਸ਼ਬਦ ਗਾਇਨ ਨਾਲ ਹੋਇਆ। ਉਪਰੰਤ ਸਮਾਜ ਸੇਵੀ ਤੇ ਸਾਹਿਤਕਾਰ ਮਹਿੰਦਰ ਸਿੰਘ ਮਦਾਨ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਪਹਿਲੇ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਉਪ ਪ੍ਰਧਾਨ ਹਰਭਜਨ ਸਿੰਘ ਢੇਰੀ, ਬੀਬੀ ਸੁਰਜੀਤ ਕੌਰ, ਮਾਸਟਰ ਨਿਰਮਲ ਸਿੰਘ ਲਾਲੀ, ਡਾ. ਗਿਆਨ ਸਿੰਘ ਅਤੇ ਸਤਨਾਮ ਸਿੰਘ ਤਾਤਲਾ ਸ਼ਾਮਲ ਸਨ। ਮਹਿੰਦਰ ਸਿੰਘ ਘੱਗ ਨੇ ਸਾਬਕਾ ਉਪ ਪ੍ਰਧਾਨ ਗੁਰਪਾਲ ਸਿੰਘ ਖਹਿਰਾ ਦੀਆਂ ਸਭਾ ਲਈ ਸੇਵਾਵਾਂ ਬਾਰੇ ਹਾਜ਼ਰੀਨ ਨੂੰ ਜਾਣੂੰ ਕਰਵਾਇਆ। ਗੁਰਪਾਲ ਸਿੰਘ ਖਹਿਰਾ ਦਾ ਪਲੈਕ ਦੇ ਕੇ ਸਨਮਾਨ ਕੀਤਾ ਗਿਆ। ਮਾਸਟਰ ਨਿਰਮਲ ਸਿੰਘ ਲਾਲੀ ਨੇ ਆਪਣੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ। ਤਿੰਨੇ ਪੁਸਤਕਾਂ ਸਭਾ ਦੇ ਅਹੁਦੇਦਾਰਾਂ, ਮੈਂਬਰਾਂ ਤੇ ਮਹਿਮਾਨਾਂ ਨੇ ਰਲ ਕੇ



ਲੋਕ ਅਰਪਿਤ ਕੀਤੀਆਂ। ਦੋ ਸਾਹਿਤਕਾਰ-ਲਵਜੀਤ ਕੌਰ ਤੇ ਤਰਦੀਪ ਸਿੰਘ ਸਭਾ ਦੇ ਮੈਂਬਰ ਬਣੇ।

ਦੂਜੇ ਸੈਸ਼ਨ ਵਿਚ ਕਵੀ ਦਰਬਾਰ ਹੋਇਆ ਜਿਸ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ, ਸਥਾਈ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ, ਜਨਰਲ ਸਕੱਤਰ ਮਨਜੀਤ ਕੌਰ ਸੇਖੋਂ ਅਤੇ ਸਾਬਕਾ ਪ੍ਰਧਾਨ ਦਲਬੀਰ ਦਿਲ ਨਿੱਜਰ ਸ਼ਾਮਲ ਸਨ। ਇਸ ਮੌਕੇ ਜਿਨ੍ਹਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ ਉਨ੍ਹਾਂ ਵਿਚ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਮਾਸਟਰ ਨਿਰਮਲ ਸਿੰਘ ਲਾਲੀ, ਜਸਵੰਤ (ਜੱਸੀ) ਸਿੰਘ ਸ਼ੀਮਾਰ, ਮਨਜੀਤ ਕੌਰ ਸੇਖੋਂ, ਗਗਨ ਫਰੀਮਾਂਟ, ਗੋਗੀ ਸੰਧੂ, ਮਹਿੰਦਰ ਸਿੰਘ ਘੱਗ, ਗੁਰਪਾਲ ਸਿੰਘ ਖਹਿਰਾ, ਲਵਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਜਪਸੁਲੀਨ ਕੌਰ, ਸਹਿਜਦੀਪ ਕੌਰ, ਤਰਦੀਪ ਸਿੰਘ, ਹਰਬੰਸ ਸਿੰਘ ਜਗਿਆਸੂ, ਜਸਪ੍ਰੀਤ ਨੀਨਾ ਜੌਹਲ, ਸੁਖਦੇਵ ਸਿੰਘ ਢਿੱਲੋਂ, ਡਾ. ਗਿਆਨ ਸਿੰਘ, ਸਤਨਾਮ ਸਿੰਘ ਤਾਤਲਾ, ਹਰਭਜਨ ਸਿੰਘ ਢੇਰੀ, ਦਿਲ ਨਿੱਜਰ, ਇੰਦਰਜੀਤ ਗਰੇਵਾਲ, ਜੀਵਨ ਰੱਤੂ, ਪਰਮਿੰਦਰ ਸਿੰਘ ਰਾਏ, ਅਜਾਇਬ ਚੀਮਾ, ਕਸ਼ਮੀਰ ਸਿੰਘ ਲੇਹਲ, ਗਗਨਦੀਪ ਮਾਹਲ, ਕਾਹਨ ਸਿੰਘ, ਜਸਵੀਰ ਬਨਵੈਤ, ਪ੍ਰੀਤਮ ਕੌਰ, ਅਮਰਜੀਤ ਔਜਲਾ, ਮਲਕੀਅਤ ਸਿੰਘ, ਅਜੀਤ ਸਿੰਘ, ਗੁਰਦੀਪ ਸਿੰਘ, ਡੇਜ਼ੀ, ਜਗਮੋਹਨ ਸਿੰਘ ਅਤੇ ਸੁਮਿੱਤਰ ਉਪਲ ਸ਼ਾਮਲ ਸਨ। ਮੰਚ ਸੰਚਾਲਨ ਗੋਗੀ ਸੰਧੂ ਨੇ ਕੀਤਾ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਜੱਸੀ ਸ਼ੀਮਾਰ ਨਾਲ ਫੋਨ: 916-293-6030 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



## ਬਾਬਰੀ ਵਿਵਾਦ: ਸੁਪਰੀਮ ਕੋਰਟ ਵੱਲੋਂ ਬੈਂਚ ਕਾਇਮ

**ਨਵੀਂ ਦਿੱਲੀ:** ਅਯੁਧਿਆ ਜ਼ਮੀਨੀ ਵਿਵਾਦ ਦੇ ਕੇਸ ਵਿਚ ਅਲਾਹਾਬਾਦ ਹਾਈ ਕੋਰਟ ਵੱਲੋਂ ਸੁਣਾਏ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਦੀ ਸੁਣਵਾਈ ਲਈ ਸੁਪਰੀਮ ਕੋਰਟ ਨੇ ਤਿੰਨ ਜੱਜਾਂ ਦਾ ਬੈਂਚ ਬਣਾਇਆ ਹੈ। ਇਸ ਬੈਂਚ ਦੀ ਅਗਵਾਈ ਜਸਟਿਸ ਦੀਪਕ ਮਿਸ਼ਰਾ ਕਰਨਗੇ।

ਅਲਾਹਾਬਾਦ ਹਾਈ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਨੇ ਸੰਨ 2010 'ਚ ਫੈਸਲਾ ਸੁਣਾਇਆ ਸੀ ਕਿ ਅਯੁਧਿਆ ਦੀ ਰਾਮ ਜਨਮਭੂਮੀ ਬਾਬਰੀ ਮਸਜਿਦ ਦੀ ਵਿਵਾਦਤ 2.77 ਏਕੜ ਜ਼ਮੀਨ ਨੂੰ ਤਿੰਨ ਧਿਰਾਂ ਵਿਚ ਬਰਾਬਰ ਵੰਡਿਆ ਜਾਵੇ। ਇਨ੍ਹਾਂ ਧਿਰਾਂ ਵਿਚ ਦਿ ਸੁੰਨੀ ਵਕਫ ਬੋਰਡ, ਨਿਰਮੋਹੀ ਅਖਾੜਾ ਤੇ ਰਾਮ ਲੱਲਾ ਸ਼ਾਮਲ ਸਨ।

# ਆਸਟ੍ਰੇਲੀਆ: ਲੇਬਰ ਪਾਰਟੀ ਦੇ 3 ਸਾਬਕਾ ਮੰਤਰੀ ਭ੍ਰਿਸ਼ਟ ਕਰਾਰ

**ਸਿਡਨੀ:** ਨਿਊ ਸਾਊਥ ਵੇਲਜ਼ ਦੇ ਤਿੰਨ ਸਾਬਕਾ ਮੰਤਰੀ ਭ੍ਰਿਸ਼ਟਾਚਾਰ ਵਿਚ ਸ਼ਾਮਲ ਪਾਏ ਗਏ ਹਨ। ਇਹ ਤਿੰਨੇ ਆਸਟ੍ਰੇਲੀਅਨ ਲੇਬਰ ਪਾਰਟੀ ਦੀ ਸੂਬਾ ਸਰਕਾਰ ਵਿਚ ਮੰਤਰੀ ਸਨ। ਸਰਕਾਰ ਵੱਲੋਂ ਦੋਸ਼ਾਂ ਦੀ ਜਾਂਚ ਲਈ ਬਣਾਏ 'ਦਿ ਇੰਡੀਪੈਂਡੈਂਟ ਅਗੇਂਸਟ ਕਰੱਪਸ਼ਨ ਕਮਿਸ਼ਨ' ਨੇ ਸਾਬਕਾ ਮੰਤਰੀਆਂ ਵੱਲੋਂ ਅਹੁਦੇ ਦੀ ਦੁਰਵਰਤੋਂ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਲੇਬਰ ਪਾਰਟੀ ਦੇ ਪ੍ਰਮੁੱਖ ਬਿੱਲ ਸ਼ੋਰਟਨ ਨੇ ਕਿਹਾ ਕਿ ਪਾਰਟੀ ਵਿਚ ਭ੍ਰਿਸ਼ਟਾਚਾਰੀਆਂ ਲਈ ਕੋਈ ਥਾਂ ਨਹੀਂ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਪਾਰਟੀ ਵਿਚੋਂ ਪਹਿਲਾਂ ਹੀ ਲਾਂਭੇ ਕੀਤਾ ਜਾ ਚੁੱਕਾ ਹੈ।

ਕਮਿਸ਼ਨ ਵੱਲੋਂ ਕੀਤੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਸਾਬਕਾ ਮੰਤਰੀ ਟੋਨੀ ਕੇਲੀ, ਐਡੀ ਓਬੀਡ ਅਤੇ ਜੋ ਟਰਿੱਪੋਡੀ ਸਰਕਾਰੀ ਅਹੁਦੇ 'ਤੇ ਹੁੰਦਿਆਂ ਭ੍ਰਿਸ਼ਟਾਚਾਰ ਕਰਨ ਵਿਚ ਰੁੱਝੇ ਰਹੇ। ਉਨ੍ਹਾਂ ਨੂੰ ਆਸਟ੍ਰੇਲਿਆਈ ਜਲ ਹੋਲਡਿੰਗਜ਼ ਕੰਪਨੀ (ਏ.ਡਬਲਿਊ.ਐਚ.) ਅਤੇ ਸਿਡਨੀ ਵਾਟਰ ਕਾਰਪੋਰੇਸ਼ਨ ਵਿਚਾਲੇ ਹੋਏ ਵਿਵਾਦਤ ਸਮਝੌਤੇ ਵਿਚ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਆਸਟਰੇਲੀਅਨ ਵਾਟਰ ਹੋਲਡਿੰਗਜ਼ ਦੀ ਪ੍ਰਾਈਵੇਟ ਕੰਪਨੀ ਨੂੰ ਜਨਤਕ ਅਦਾਰੇ ਵਿਚੋਂ ਕਈ ਵਿੱਤੀ ਲਾਭ ਦਿੱਤੇ ਗਏ।

ਸਾਲ 2007 ਅਤੇ 2010 ਦਰਮਿਆਨ ਇਹ ਕੰਪਨੀ ਪਰਿਵਾਰਕ ਮੈਂਬਰਾਂ ਦੀ ਹਿੱਸੇਦਾਰ ਬਣ ਕੇ ਸਰਕਾਰੀ ਸਰਪ੍ਰਸਤੀ ਨਾਲ ਲਾਭ ਲੈਂਦੀ ਰਹੀ। ਕਮਿਸ਼ਨ ਮੁਤਾਬਕ ਸਾਬਕਾ ਮੰਤਰੀਆਂ ਨੇ ਇਸ ਪ੍ਰਾਈਵੇਟ ਕੰਪਨੀ ਨੂੰ ਅਰਬਾਂ ਡਾਲਰ ਦਾ ਲਾਹਾ ਪਹੁੰਚਾਇਆ।

ਖੇਡ ਜਗਤ

# ਜਮਾਇਕਾ ਦੇ ਜਾਏ ਓਸੈਨ ਬੋਲਟ ਨੂੰ ਸਲੂਟ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

'ਜਮਾਇਕਾ ਦਾ ਝੱਖੜ' ਓਸੈਨ ਬੋਲਟ, ਜਿਸ ਨੂੰ 'ਲਾਈਟਨਿੰਗ ਬੋਲਟ' ਵੀ ਕਿਹਾ ਜਾਂਦੈ, ਇਕ ਵਾਰ ਫਿਰ ਖਬਰਾਂ ਵਿਚ ਹੈ। ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਉਹ 100 ਮੀਟਰ ਦੀ ਦੌੜ ਹਾਰ ਜਾਣ ਕਾਰਨ ਵਿਸ਼ਵ ਦੀ ਸਭ ਤੋਂ ਵੱਡੀ ਖਬਰ ਬਣ ਗਿਆ ਹੈ। ਉਸ ਨੇ ਐਲਾਨ ਕੀਤਾ ਸੀ ਕਿ ਲੰਡਨ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਭਾਗ ਲੈ ਕੇ ਦੌੜ ਨੂੰ ਅਲਵਿਦਾ ਕਹਿ ਦੇਵੇਗਾ। ਉਸ ਦੇ ਪ੍ਰਸ਼ੰਸਕਾਂ ਨੂੰ ਆਸ ਸੀ ਕਿ ਉਹ ਅਲਵਿਦਾਈ ਦੌੜ ਜ਼ਰੂਰ ਜਿੱਤੇਗਾ। ਪਰ ਅਜਿਹਾ ਨਾ ਹੋ ਸਕਿਆ। ਉਹ 100 ਮੀਟਰ ਦੀ ਦੌੜ 'ਚ ਤੀਜੇ ਸਥਾਨ 'ਤੇ ਹੀ ਆ ਸਕਿਆ। ਦੋ ਵਾਰ ਡੋਪ ਟੈਸਟਾਂ ਵਿਚ ਸਜ਼ਾ ਭੋਗ ਚੁਕਾ ਤੇ ਉਸ ਤੋਂ ਚਾਰ ਸਾਲ ਵੱਡਾ ਅਮਰੀਕੀ ਅਥਲੀਟ ਜਸਟਿਨ ਗੈਟਲਿਨ ਉਹ ਦੌੜ ਜਿੱਤ ਗਿਆ। ਉਸ ਦਾ ਟਾਈਮ 9.92 ਸੈਕੰਡ ਨਿਕਲਿਆ ਜਦ ਕਿ ਓਸੈਨ ਦਾ 9.95 ਸੈਕੰਡ।

ਓਸੈਨ ਦਾ ਪੂਰਾ ਨਾਂ ਓਸੈਨ ਸੇਂਟ ਲੀਓ ਬੋਲਟ ਹੈ। ਉਹਦਾ ਜਨਮ ਵੈਲਜ਼ਲੇ ਤੇ ਜੈਨੀਫਰ ਦੇ ਘਰ 21 ਅਗਸਤ 1986 ਨੂੰ ਜਮਾਇਕਾ ਵਿਚ ਹੋਇਆ। ਉਸ ਦੀ ਅੰਸ਼-ਵੰਸ਼ ਅਫਰੀਕੀ/ਕੈਰੀਬੀਅਨ ਨਸਲ ਦੀ ਹੈ। ਉਸ ਦੇ ਰਿਕਾਰਡ ਦੰਗ ਕਰ ਦੇਣ ਵਾਲੇ ਹਨ। 100 ਮੀਟਰ ਦੌੜ 9.58 ਸੈਕੰਡ, 150 ਮੀਟਰ 14.35, 200 ਮੀਟਰ 19.19 ਤੇ 4+100 ਮੀਟਰ ਰਿਲੇਅ ਦੌੜ 36.84 ਸੈਕੰਡ। 2008 'ਚ ਉਹ ਨਿਊ ਯਾਰਕ ਵਿਚ 100 ਮੀਟਰ ਦੀ ਦੌੜ 9.72 ਸੈਕੰਡ 'ਚ ਲਾ ਕੇ ਨਵਾਂ ਵਿਸ਼ਵ ਰਿਕਾਰਡ ਕਰ ਗਿਆ ਸੀ। ਬੀਜਿੰਗ ਦੀਆਂ ਉਲੰਪਿਕ ਖੇਡਾਂ 2008 ਵਿਚ ਤਾਂ ਉਸ ਨੇ ਕਮਾਲ ਹੀ ਕਰ ਦਿੱਤੀ ਸੀ। ਉਥੇ 100 ਮੀਟਰ ਦੀ ਦੌੜ 9.69 ਸੈਕੰਡ ਵਿਚ ਲਾ ਵਿਖਾਈ। ਉਥੇ ਉਸ ਨੇ 200 ਮੀਟਰ ਦੀ ਦੌੜ 19.30 ਸੈਕੰਡ ਵਿਚ ਜਿੱਤ ਕੇ ਇਕ ਹੋਰ ਵਿਸ਼ਵ ਰਿਕਾਰਡ ਰੱਖਿਆ। ਉਲੰਪਿਕ ਖੇਡਾਂ ਦਾ ਤੀਜਾ ਗੋਲਡ ਮੈਡਲ 4+100 ਮੀਟਰ ਦੀ ਰਿਲੇਅ 37.10 ਸੈਕੰਡ ਵਿਚ ਲਾ ਕੇ ਜਿੱਤਿਆ। ਲੰਡਨ ਉਲੰਪਿਕ 2012 'ਚ ਓਸੈਨ 100 ਮੀਟਰ 9.63 ਸੈਕੰਡ, 200 ਮੀਟਰ 19.32 ਤੇ 4+100 ਮੀਟਰ ਰਿਲੇਅ 36.84 ਸੈਕੰਡ ਵਿਚ ਦੌੜ ਕੇ ਫਿਰ ਤਿੰਨ ਗੋਲਡ ਮੈਡਲ ਜਿੱਤੇ।

2009 ਵਿਚ ਬਰਲਿਨ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਸਮੇਂ ਉਹ 100 ਮੀਟਰ 9.58 ਸੈਕੰਡ ਵਿਚ ਲਾ ਗਿਆ ਜੋ ਕ੍ਰਿਸ਼ਮਾ ਹੀ ਕਿਹਾ ਜਾ ਸਕਦੈ। 200 ਮੀਟਰ 19.19 ਸੈਕੰਡ ਵਿਚ ਲਾ ਕੇ ਕਹਿਰ ਹੀ ਕਰ ਦਿੱਤਾ! ਰੀਓ ਉਲੰਪਿਕਸ 2016 ਵਿਚ ਫਿਰ ਤਿੰਨ ਗੋਲਡ ਮੈਡਲ ਜਿੱਤਣ ਨਾਲ ਉਹਦੇ ਉਲੰਪਿਕ ਗੋਲਡ ਮੈਡਲਾਂ ਦੀ ਗਿਣਤੀ 8 ਹੋ ਗਈ। 11 ਗੋਲਡ ਮੈਡਲ ਉਸ ਨੇ ਵਿਸ਼ਵ ਚੈਂਪੀਅਨਸ਼ਿਪਾਂ ਦੇ ਜਿੱਤੇ।

ਮਨੁੱਖ ਜਦੋਂ ਪੈਰਾਂ 'ਤੇ ਖੜ੍ਹਨ ਜੋਗਾ ਹੋਇਆ ਤਾਂ ਇਹ ਵੀ ਮੁਸ਼ਕਿਲ ਲੱਗਦਾ ਸੀ ਕਿ ਉਹ ਕਦੇ ਦੌੜ ਵੀ ਸਕੇਗਾ। ਉਸ ਨੂੰ ਇਕ ਮੀਲ ਦੀ ਦੌੜ 4 ਮਿੰਟ ਤੋਂ ਘੱਟ ਸਮੇਂ 'ਚ ਦੌੜਨ ਲਈ 190,000 ਸਾਲ ਵਿਕਸਿਤ ਹੋਣਾ ਪਿਆ। ਆਖਰ 6 ਮਈ 1954 ਨੂੰ 4 ਮਿੰਟ ਦੀ ਹੱਦ ਟੁੱਟੀ ਤਾਂ ਫਿਰ ਟੁੱਟਦੀ ਹੀ ਚਲੀ ਗਈ। ਮੀਲ ਦੀ ਦੌੜ ਦਾ ਸਮਾਂ 4:1.6 ਮਿੰਟ ਤੋਂ ਘਟਾ ਕੇ 3:59.4 ਮਿੰਟ ਤਕ ਲਿਆਉਣ ਲਈ ਦਸ ਵਰ੍ਹੇ ਲੱਗੇ ਪਰ ਇਸ ਸਮੇਂ ਨੂੰ 3:57.9 ਮਿੰਟ ਤਕ ਲਿਆਉਣ ਲਈ ਸਿਰਫ 46 ਦਿਨ ਹੀ ਲੱਗੇ। ਅਗਲੇ ਦਸਾਂ ਸਾਲਾਂ ਵਿਚ 366 ਦੌੜਾਕ ਮੀਲ ਦੀ ਦੌੜ ਚਾਰ ਮਿੰਟ ਤੋਂ ਥੱਲੇ ਦੌੜੇ!



ਓਸੈਨ ਬੋਲਟ

ਮਨੁੱਖ ਦੇ ਸਰੀਰ ਦੀ ਬਣਤਰ ਨੂੰ ਨਿਹਾਰਦਿਆਂ 1920 ਦੇ ਆਸ ਪਾਸ ਖੇਡ ਵਿਗਿਆਨੀਆਂ ਨੇ ਭਵਿੱਖਵਾਣੀ ਕੀਤੀ ਕਿ ਉਹ ਕਦੇ ਵੀ ਇਹ 100 ਮੀਟਰ ਦੌੜ 10 ਸੈਕੰਡ ਤੋਂ ਘੱਟ ਸਮੇਂ ਵਿਚ ਨਹੀਂ ਦੌੜ ਸਕੇਗਾ। ਪਰ 14 ਅਕਤੂਬਰ 1968 ਨੂੰ ਅਮਰੀਕਾ ਦੇ ਜਿਮ ਹਾਈਨਜ਼ ਨੇ ਇਹ ਦੌੜ 9.95 ਸੈਕੰਡ ਵਿਚ ਲਾ ਵਿਖਾਈ। ਫਿਰ ਤੂਫਾਨ ਮੇਲ ਦੌੜਾਕ ਉਸੈਨ ਬੋਲਟ ਦੀ ਗੁੱਡੀ ਚੜ੍ਹੀ। 31 ਮਈ 2008 ਦੇ ਦਿਨ ਨਿਊ ਯਾਰਕ ਵਿਚ ਦੌੜਦਿਆਂ ਉਹ ਵਿਸ਼ਵ ਰਿਕਾਰਡ 9.72 ਸੈਕੰਡ 'ਤੇ ਲੈ ਆਇਆ ਤੇ ਢਾਈ ਮਹੀਨੇ ਬਾਅਦ 16 ਅਗਸਤ ਨੂੰ ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚ 9.69 ਸੈਕੰਡ ਸਮਾਂ ਕੱਢ ਗਿਆ। ਇਕ ਸਾਲ ਬਾਅਦ 16 ਅਗਸਤ ਨੂੰ ਹੀ ਬਰਲਿਨ ਵਿਚ ਦੌੜਦਿਆਂ ਉਸ ਨੇ ਕਮਾਲ ਕਰ ਦਿੱਤੀ। ਉਥੇ ਉਸ ਨੇ 100 ਮੀਟਰ ਦੌੜ 9.58 ਸੈਕੰਡ ਵਿਚ ਦੌੜ ਵਿਖਾਈ!

ਕਿਆਸਅਰਾਈਆਂ ਲੱਗ ਰਹੀਆਂ ਹਨ ਕਿ ਬੰਦਾ ਹੋਰ ਕਿੰਨਾ ਤੇਜ਼ ਦੌੜ ਸਕੇਗਾ? ਕੀ ਕਦੇ 9 ਸੈਕੰਡ ਦੀ ਹੱਦ ਵੀ ਟੁੱਟ ਸਕੇਗੀ? ਖੇਡ ਵਿਗਿਆਨੀ ਜੌਨ੍ਹ ਬ੍ਰੈਂਕਸ ਨੇ ਪੁਸਤਕ ਲਿਖੀ ਹੈ, 'ਦੀ ਪਰਫੈਕਟ ਪੁਆਇੰਟ।' ਸਵਾਲ ਉਠਾਇਆ ਗਿਐ ਕਿ ਬੰਦਾ ਵੱਧ ਤੋਂ ਵੱਧ ਕਿੰਨਾ ਤੇਜ਼ ਦੌੜ ਸਕਦੈ? ਵੱਧ ਤੋਂ ਵੱਧ ਤੇਜ਼ ਦੌੜਨ ਵਾਲੇ ਦਾ ਜੁੱਸਾ ਕਿਹੋ ਜਿਹਾ ਹੋਵੇ? ਉਹਦੇ ਜੀਨਜ਼ ਕਿਹੋ ਜਿਹੇ ਹੋਣ ਅਤੇ ਖੁਰਾਕ ਤੇ ਟ੍ਰੇਨਿੰਗ ਕਿਹੋ ਜਿਹੀ ਹੋਵੇ? ਸੌ ਮੀਟਰ ਦੌੜਨ ਦੇ ਚਾਰ ਪੜਾਅ ਹਨ। ਪਹਿਲਾ ਸਟਾਰਟ ਦੀ ਆਵਾਜ਼ 'ਤੇ ਯਕ ਦਮ ਪ੍ਰਤੀਕਰਮ, ਦੂਜਾ ਪੂਰੀ ਤਾਕਤ ਨਾਲ ਬਲਾਕ ਤੋਂ ਉਠਣਾ, ਤੀਜਾ ਯਕ ਦਮ ਪੂਰੀ ਰਫ਼ਤਾਰ ਫੜਨੀ ਤੇ ਚੌਥਾ ਪੂਰੀ ਰਫਤਾਰ ਵਿਚ ਲੰਮੇ ਕਦਮਾਂ ਨਾਲ ਦੌੜ ਦਾ ਅੰਤ ਕਰਨਾ।

ਪਹਿਲਾਂ ਸਟਾਰਟਰ ਅੰਦਰਲੀ ਲੇਨ ਕੋਲੋਂ ਪਿਸਤੌਲ ਦੇ ਫਾਇਰ ਨਾਲ ਸਟਾਰਟ ਦਿਆ ਕਰਦਾ ਸੀ। ਉਸ ਦੀ ਆਵਾਜ਼ ਅੰਦਰਲੀ ਲੇਨ ਤੋਂ 0.025 ਸੈਕੰਡ ਬਾਅਦ 11 ਮੀਟਰ ਦੂਰ ਬਾਹਰਲੀ ਲੇਨ ਤਕ ਪੁੱਜਦੀ ਸੀ। ਇੰਜ ਅੰਦਰਲੀ ਲੇਨ ਵਾਲੇ ਨੂੰ ਸਭ ਤੋਂ ਵੱਧ ਫਾਇਦਾ ਹੁੰਦਾ ਸੀ ਤੇ ਬਾਹਰਲੀ ਲੇਨ ਵਾਲੇ ਨੂੰ ਸਭ ਤੋਂ ਵੱਧ ਨੁਕਸਾਨ। ਹੁਣ ਹਰ ਦੌੜਾਕ ਦੇ ਬਲਾਕ ਪਿਛੇ ਸਪੀਕਰ ਦੀ ਬੀਪ ਲੱਗੀ ਹੁੰਦੀ ਹੈ ਤੇ ਸਟਰਾਟ ਦੀ ਆਵਾਜ਼ ਸਭ ਨੂੰ ਇਕੋ ਸਮੇਂ ਸੁਣਾਈ ਦਿੰਦੀ ਹੈ। ਆਵਾਜ਼ 'ਤੇ ਰੀਐਕਸ਼ਨ ਟਾਈਮ ਸੈਕੰਡ ਦਾ ਦਸਵਾਂ ਹਿੱਸਾ ਲੱਗਣਾ ਚਾਹੀਦੈ। ਇਸ ਤੋਂ ਘੱਟ ਸਮਾਂ ਲੱਗੇ ਤਾਂ ਸਟਾਰਟ ਗਲਤ ਹੋ ਜਾਂਦੈ। ਜੇ ਵੱਧ ਸਮਾਂ ਲੱਗ ਜਾਵੇ ਤਾਂ ਦੌੜ ਪੂਰੀ ਕਰਨ ਵਿਚ ਵੀ ਵੱਧ ਸਮਾਂ ਲੱਗਦੈ। ਬਰਲਿਨ ਵਿਚ ਜਿੱਦਣ ਉਸੈਨ ਬੋਲਟ ਨੇ 9.58 ਸੈਕੰਡ ਦਾ ਸਮਾਂ ਕੱਢਿਆ ਸੀ, ਉਦਣ ਉਹ ਬੀਪ ਉਤੇ ਸੈਕੰਡ ਦੇ ਦਸਵੇਂ ਹਿੱਸੇ ਨਾਲ ਰੀਐਕਟ ਕਰ ਜਾਂਦਾ ਤਾਂ ਉਸ ਦਾ ਸਮਾਂ 9.51 ਸੈਕੰਡ ਹੋਣਾ ਸੀ!

ਖੇਡ ਵਿਗਿਆਨੀ ਵੱਲੋਂ 100 ਮੀਟਰ ਦੌੜ ਦੇ ਪਰਫੈਕਟ ਦੌੜਾਕ ਦੀ ਪਰਫੈਕਟ ਸਰੀਰਕ ਬਣਤਰ ਵੀ ਉਲੀਕੀ ਗਈ ਹੈ। ਉਸ ਨਾਲ ਹੀ ਉਹ ਪਰਫੈਕਟ ਪੁਆਇੰਟ 'ਤੇ ਪੁੱਜ ਸਕਦੈ। ਅਜਿਹੇ ਦੌੜਾਕ ਦਾ ਕੱਦ 6 ਫੁੱਟ 2 ਇੰਚ ਤੇ ਸਰੀਰਕ ਵਜ਼ਨ 87 ਕਿੱਲੋ ਹੋਵੇ। ਲੱਤਾਂ ਦੀਆਂ ਹੱਡੀਆਂ ਇਕ ਮੀਟਰ ਅਤੇ ਪੱਟਾਂ ਦੇ ਬਾਰਾਂ ਇੰਚੀ ਪੱਠਿਆਂ ਵਿਚ 55-65% ਰੇਸ਼ੇ ਫਾਸਟ ਤੇ 35-45% ਮੱਠੇ ਹੋਣ। ਮੂੰਹ ਸਿਰ ਘੋਨ ਮੋਨ ਹੋਵੇ। ਸਟਾਰਟ ਦੀ ਆਵਾਜ਼ 'ਤੇ ਸੈਕੰਡ ਦੇ ਦਸਵੇਂ ਹਿੱਸੇ 'ਚ ਬਲਾਕ ਤੋਂ ਕਦਮ ਉਠੇ। ਟਰੈਕ ਸਮੁੰਦਰੀ ਸਤਰ ਤੋਂ 1000 ਮੀਟਰ ਦੀ ਉਚਾਈ ਵਾਲਾ ਹੋਵੇ। ਮੌਸਮ 27.7 ਸੈਲਸੀਅਸ, ਹੁੰਮਸ 11% ਤੇ ਹਵਾ ਦੀ ਰਫਤਾਰ ਪਿਛਲੇ ਪਾਸਿਓਂ 4.4 ਮੀਲ ਪ੍ਰਤੀ ਘੰਟਾ ਹੋਵੇ। ਇਸ ਤੋਂ ਵੱਧ ਤੇਜ਼ ਹਵਾ ਹੋਵੇ ਤਾਂ ਰਿਕਾਰਡ ਨਹੀਂ ਮੰਨਿਆ ਜਾਂਦਾ। ਦੌੜਨ ਦੀ ਪੁਸ਼ਾਕ ਕਸਵੀਂ ਪਰ ਸਰੀਰ ਨੂੰ ਹਵਾ ਲੱਗਦੀ ਹੋਵੇ। ਸਿੰਥੈਟਿਕ ਟਰੈਕ ਉਤੇ ਦੌੜਨ ਲਈ ਸਪਾਈਕਸਾਂ ਦਾ ਭਾਰ 3 ਔਂਸ ਅਥਵਾ 87 ਗਰਾਮ ਤੋਂ ਵੱਧ ਨਾ ਹੋਵੇ। ਫਿਰ ਦੌੜਾਕ 29.4 ਮੀਲ ਯਾਨਿ 47.3 ਕਿਲੋਮੀਟਰ ਪ੍ਰਤੀ ਘੰਟਾ ਰਫਤਾਰ ਫੜ੍ਹ ਸਕਦੈ ਤੇ 100 ਮੀਟਰ ਦੌੜਦਿਆਂ 9 ਸੈਕੰਡ ਦੀ ਹੱਦ ਤੋੜ ਸਕਦੈ। ਸੰਭਵ ਹੈ, ਇਹ ਬਾਈਵੀਂ ਸਦੀ ਚੜ੍ਹਨ ਤੋਂ ਪਹਿਲਾਂ ਹੀ ਟੁੱਟ ਜਾਵੇ ਤੇ ਬਾਈਵੀਂ ਸਦੀ ਲਈ ਅੱਠ ਸੈਕੰਡ ਦੀ ਸੀਮਾ ਮਿਥਣੀ ਪਵੇ!

ਬੇਲਾਗ, ਬੇਬਾਕ ਅਤੇ ਜਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ ਪੰਜਾਬ ਟਾਈਮਜ਼



ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।
ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

Advertisement in Punjab Times, Support Punjab Times.

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪੰਜਾਬ ਟਾਈਮਜ਼ ਸੇਲ ਪੇਪਰ ਨਹੀਂ, ਇਸ ਵਿਚ ਪੀਰ ਬਾਬਿਆਂ, ਜੋਤਸ਼ੀਆਂ, ਠੱਗੀ ਮਾਰਾਂ, ਭਰੂਣ ਹੱਤਿਆ ਕਰਨ ਵਾਲਿਆਂ ਦੇ ਇਸ਼ਤਿਹਾਰ ਨਹੀਂ ਛਾਪੇ ਜਾਂਦੇ। ਪੇਸ਼ੇਵਰ ਤੇ ਮਿਆਰੀ ਪੱਤਰਕਾਰੀ, ਨਾ ਕਿ ਬਾਂਹ ਮਰੋੜ ਤੇ ਵਿਕਾਊ ਪੱਤਰਕਾਰੀ।
ਸੂਝਵਾਨ ਤੇ ਸੁਹਿਰਦ ਪਾਠਕਾਂ ਜੋ ਚਾਹੁੰਦੇ ਹਨ ਕਿ ਪੰਜਾਬ ਟਾਈਮਜ਼ ਸਾਬਤ ਕਦਮੀਂ ਅੱਗੇ ਵਧਦਾ ਰਹੇ, ਨੂੰ ਬੇਨਤੀ ਹੈ ਕਿ ਜਿਨ੍ਹਾਂ ਵਿਗਿਆਪਕਾਂ ਨਾਲ ਉਨ੍ਹਾਂ ਦਾ ਵਾਸਤਾ ਪੈਂਦਾ ਹੈ, ਉਨ੍ਹਾਂ ਉਤੇ ਜ਼ੋਰ ਪਾਉਣ ਕਿ ਪੰਜਾਬ ਟਾਈਮਜ਼ ਨੂੰ ਇਸ਼ਤਿਹਾਰ ਜ਼ਰੂਰ ਦਿੱਤਾ ਜਾਵੇ।

ਫੋਨ: 847-359-0746 Email: punjabtimes1@gmail.com www.punjabtimesusa.com

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 10ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 9 ਸਤੰਬਰ 2017 *(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

### ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $11,000
ਦੂਜਾ ਇਨਾਮ $9,000
ਤੀਜਾ ਇਨਾਮ $7,000
ਚੌਥਾ ਇਨਾਮ $5,000

**ਕਬੱਡੀ ਅੰਡਰ-21**
ਪਹਿਲਾ ਇਨਾਮ $21,00
ਦੂਜਾ ਇਨਾਮ $1500
ਤੀਜਾ ਇਨਾਮ $1000

**ਸੌਕਰ ਤੇ ਵਾਲੀਬਾਲ**
ਪਹਿਲਾ ਇਨਾਮ $3,100
ਦੂਜਾ ਇਨਾਮ $2,100

**ਕਬੱਡੀ ਰੈਫਰੀ:**
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

Radio Chann Pardesi ਰੇਡੀਓ ਚੰਨ ਪ੍ਰਦੇਸੀ

**Canton Sports Center - Victory Park:**
46555 W. Michigan Ave. Rd., Canton, MI 48188 (Near Beck Rd.)




ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਤੇ ਮੌਜ ਮਨਾਓ

**ਸਭਨਾਂ ਨੂੰ ਖੁੱਲ੍ਹਾ ਸੱਦਾ**

***Free Entry *Free Food**
***Free Entertainment**

**ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ**




**Autobahn**
ਸਾਰੇ ਟਰੱਕ Under Warranty
800,000 kilometers



## PSCA Committee Members and Gold Sponsors



ਕਰਮਬੀਰ ਸਿੰਘ | ਅਰਜੁਨ ਗਿੱਲ | ਰਾਜ ਨਿੱਜਰ | ਜਸਵਿੰਦਰ ਧਾਲੀਵਾਲ | ਅਮਰਜੀਤ ਗਿੱਲ | ਰਵਿੰਦਰ ਥਿੰਦ | ਅਮਰੀਕ ਰਾਏ | ਮਨਪ੍ਰੀਤ ਗਿੱਲ



ਰਾਜ ਜਾਮਾਰਾਏ | ਸੁਖਵੰਤ ਸਿੰਘ ਗਿੱਲ | ਸੁਖਦੇਵ ਸੇਖੋਂ | ਕੇਵਲ ਗਿੱਲ | ਕੁਲਬੀਰ ਗਿੱਲ | ਸੁੱਖਾ ਸੇਖੋਂ | ਬਲਕਾਰ ਗਿੱਲ | ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

**Mela, Media, Stalls:** Karn Gill (734-612-9984) / Sukhdev Sekhon (248-431-9678)
**Volleyball, Soccer:** Karmbir Singh (734-558-3151)/ Amarjit Gill: 734-394-8768
**Kabaddi:** Arjan Gill (734-231-3576) / Kulbir Gill (248-310-0114)
**Cultural Programs, Stalls:** Raj Jamarai (734-644-1010) / Raj Nijjar (734-637-7540)

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*



## ਸੁਰਾਂ ਦੀ ਸਰਗਮ

# ਜ਼ੇਬ ਬੰਗਿਸ਼

### ਕਲਾ ਪਰਿਕਰਮਾ

**ਪਰਮਪਾਲ ਸਿੰਘ ਔਲਖ**





*ਸੁਰਾਂ ਦੀ ਸ਼ਹਿਜ਼ਾਦੀ ਜ਼ੇਬ ਬੰਗਿਸ਼ ਦੇ ਦੋ ਵੱਖ ਵੱਖ ਅੰਦਾਜ਼।*

ਫਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਲਈ ਸੰਗੀਤ ਤਿਆਰ ਕਰਨ ਵਾਲੀ ਸੰਗੀਤਕਾਰ/ਗਾਇਕਾ ਅੱਜ ਕੱਲ੍ਹ ਚਰਚਾ ਵਿਚ ਹੈ। 35 ਵਰ੍ਹਿਆਂ ਦੀ ਜ਼ੇਬੂਨਿਸਾ ਬੰਗਿਸ਼ ਦਾ ਜਨਮ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਛੋਟੇ ਜਿਹੇ ਕਸਬੇ ਕੋਹਾਟ ਦਾ ਹੈ। ਇਹੀ ਉਹ ਇਲਾਕਾ ਹੈ ਜਿਥੇ ਅਲ-ਕਾਇਦਾ ਅਤੇ ਤਾਲਿਬਾਨ ਦਾ ਬੜਾ ਜ਼ੋਰ ਹੈ, ਪਰ ਇਸ ਇਲਾਕੇ ਵਿਚ ਹੀ ਉਸ ਨੇ 'ਲੈ ਲਈ ਜਾਨ' ਗੀਤ ਅਨੇਕਾਂ ਵਾਰ ਸੁਣਿਆ, ਸਗੋਂ ਇਹ ਕਹਿਣਾ ਵਧੇਰੇ ਠੀਕ ਜਾਪਦਾ ਹੈ ਕਿ ਜ਼ੇਬ ਇਹ ਗੀਤ ਸੁਣਦਿਆਂ ਹੀ ਵੱਡੀ ਹੋਈ ਹੈ। ਇਸ ਗੀਤ ਦੇ ਬੋਲ ਹਨ- ਲੈ ਲਈ ਜਾਨ, ਦਿਲੇ ਮਾ ਕਰਦੀ ਵੈਰਨ। ਇਹ ਗੀਤ ਅਫ਼ਗਾਨ ਪੌਪ ਸਟਾਰ ਅਹਿਮਦ ਜ਼ਹੀਰ ਦਾ ਗਾਇਆ ਹੋਇਆ ਹੈ। ਉਸ ਦਾ 1977 ਵਿਚ ਗਾਇਆ ਇਹ ਗੀਤ ਅਫਗਾਨਾਂ ਵਿਚ ਬੜਾ ਲੋਕਪ੍ਰਿਯਾ ਰਿਹਾ ਹੈ। ਇਸ ਗੀਤ ਬਾਰੇ ਜ਼ੇਬ ਦੀ ਦਾਦੀ ਤੇ ਮਾਪੇ ਵੀ ਅਕਸਰ ਗੱਲਾਂ ਕਰਦੇ ਰਹੇ ਹਨ ਅਤੇ ਪਰਿਵਾਰਕ ਇਕੱਠਾਂ ਵਿਚ ਇਹ ਗੀਤ ਅਕਸਰ ਗਾਇਆ ਜਾਂਦਾ ਰਿਹਾ ਹੈ। ਇਸ ਬਾਰੇ ਉਹ ਆਖਦੀ ਹੈ, "ਇਹ ਗੀਤ ਸਦਾ ਮੇਰੇ ਅੰਗ ਸੰਗ ਰਿਹਾ ਹੈ। ਇਸ ਗੀਤ ਦਾ ਅਹਿਸਾਸ ਹੀ ਮੈਨੂੰ ਹਵਾ ਵਿਚ ਉਡਾਣ ਲੱਗ ਪੈਂਦਾ ਹੈ।"

... ਤੇ ਤਕਰੀਬਨ ਤਿੰਨ ਦਹਾਕਿਆਂ ਬਾਅਦ 2013 ਵਿਚ ਜ਼ਹੀਰ ਦਾ ਇਹ ਗੀਤ ਕਿਊਬਾ ਦੇ ਇਕ ਗਾਇਕ ਨੇ ਗਾਇਆ ਹੈ ਅਤੇ ਧੁੰਮਾਂ ਪਾ ਦਿੱਤੀਆਂ। ਇਸ ਤੋਂ ਬਾਅਦ ਵਾਰੀ ਆਈ ਜ਼ੇਬ ਦੀ। ਉਸ ਨੇ ਆਪਣੀ ਕਜ਼ਨ ਹਨੀਆ ਅਸਲਮ ਨਾਲ ਰਲ ਕੇ ਕੋਕ ਸਟੂਡੀਓ ਸੀਜ਼ਨ ਤਿੰਨ ਲਈ ਇਹ ਗੀਤ ਗਾਇਆ। ਦੋਹਾਂ ਨੇ ਇਹ ਗੀਤ ਰੋਹੇਲ ਹਯਾਤ ਦੀ ਨਿਰਦੇਸ਼ਨਾ ਹੇਠ ਗਾਇਆ। ਇਸ ਤੋਂ ਬਾਅਦ ਤਾਂ ਦੋਵੇਂ ਭੈਣਾਂ- ਜ਼ੇਬ ਤੇ ਹਨੀਆ, ਨਾਂ ਦਾ ਗਰੁੱਪ ਬਣਾ ਲਿਆ। ਪਾਕਿਸਤਾਨ ਵਿਚ ਔਰਤ ਗਾਇਕਾਂ ਦਾ ਇਹ ਪਹਿਲਾ ਗਰੁਪ ਸੀ।

ਇਸ ਤੋਂ ਚਾਰ ਸਾਲ ਬਾਅਦ 2017 ਵਿਚ ਫਿਲਮਸਾਜ਼ ਅਲੰਕ੍ਰਿਤਾ ਸ੍ਰੀਵਾਸਤਵ ਦੀ ਚਰਚਿਤ ਫਿਲਮ ਆਈ- 'ਲਿਪਸਟਿਕ ਅੰਡਰ ਮਾਈ ਬੁਰਕਾ'। ਸ਼ਾਇਰ ਅਨਵਿਤਾ ਦੱਤ ਨੇ ਇਸ ਫਿਲਮ ਦੇ ਬੋਲ ਰਤਾ ਕੁ ਬਦਲ ਦਿੱਤੇ। ਉਸ ਨੇ ਲਿਖਿਆ- 'ਲੇ ਲੀ ਜਾਨ, ਬਿਨਾ ਪੂਛੇ ਹੀ'। ਅਲੰਕ੍ਰਿਤਾ ਨੇ ਇਸ ਫਿਲਮ ਦਾ ਪਿਛੋਕੜ ਭੁਪਾਲ ਸਿਰਜਿਆ ਹੈ। ਐਤਕੀਂ ਇਹ ਗੀਤ ਖੁਦ ਜ਼ੇਬੂ ਨੇ ਗਾਇਆ ਅਤੇ ਇਸ ਦਾ ਸੰਗੀਤ ਵੀ ਖੁਦ ਤਿਆਰ ਕੀਤਾ। ਇਸ ਗੀਤ ਲਈ ਮਾਈਕਲ ਵਿਨਗਰੈਡ ਨੇ ਵੰਝਲੀ ਵਜਾਈ ਅਤੇ ਸਾਦਿਕ ਸਮੀਰ ਨੇ ਰਬਾਬ ਨਾਲ ਸੁਰਾਂ ਸਿਰਜੀਆਂ। ਇਸ ਤੋਂ ਬਾਅਦ ਪੈਟਰਿਕ ਫੈਰਲ ਨੇ ਅਕਾਡੀਅਰ ਅਤੇ ਅੰਕੁਰ ਮੁਖਰਜੀ ਨੇ ਗਿਟਾਰ ਨਾਲ ਸਾਥ ਦਿੱਤਾ। ਸਿੱਟੇ ਵਜੋਂ ਪਖਤੂਨ ਪੁੱਠਵਾਲਾ ਨਵਾਂ ਗੀਤ ਤਿਆਰ ਹੋ ਗਿਆ। ਜ਼ੇਬ ਦੱਸਦੀ ਹੈ ਕਿ ਅਲੰਕ੍ਰਿਤਾ ਪੁਰਾਣੀ ਅਤੇ ਨਵੀਂ ਦੁਨੀਆ ਨੂੰ ਇਕ ਥਾਂ ਜੋੜਨਾ ਚਾਹੁੰਦੀ ਸੀ ਅਤੇ ਇਉਂ ਇਸ ਗੀਤ ਦੇ ਸੰਗੀਤ ਲਈ ਅਫਗਾਨ ਸੁਰਾਂ ਦੀ ਛਹਿਬਰ ਲਈ ਰਾਹ ਖੁੱਲ੍ਹ ਗਿਆ। ਇਸ ਗੀਤ ਨੂੰ ਸਰੋਤਿਆਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਕਾਮਯਾਬੀ ਲਈ ਜ਼ੇਬ ਬਾਗੋਬਾਗ ਹੈ।

ਜ਼ੇਬ ਨੇ ਕੋਹਾਟ ਤੋਂ ਬਾਅਦ ਲਾਹੌਰ ਨੂੰ ਆਪਣਾ ਟਿਕਾਣਾ ਬਣਾਇਆ। ਉਸਤਾਦ ਮੁਬਾਰਕ ਅਲੀ ਖਾਨ ਤੋਂ ਸੰਗੀਤ ਵਿਦਿਆ ਹਾਸਲ ਕਰਨ ਤੋਂ ਬਾਅਦ ਉਹਨੇ ਮੈਸਚੂਸੈਟਸ (ਅਮਰੀਕਾ) ਦੇ ਮਾਊਂਟ ਹੋਲੀਓਕ ਕਾਲਜ ਤੋਂ ਸੰਗੀਤ ਦੀ ਵਿਦਿਆ ਲਈ। ਫਿਰ ਉਹਨੇ ਆਪਣੀ ਕਜ਼ਨ ਹਨੀਆ ਅਸਲਮ ਨਾਲ ਪੀਡੀ ਦੋਸਤੀ ਦਾ ਲਾਹਾ ਲਿਆ ਜੋ ਉਹਦੇ ਨੇੜੇ ਹੀ ਰਹਿੰਦੀ ਸੀ। ਦੋਵੇਂ ਭੈਣਾਂ ਸ਼ਾਮ ਨੂੰ ਮਿਲਦੀਆਂ ਅਤੇ ਗੱਲਾਂ ਮਾਰਦੀਆਂ। ਸਿੱਟੇ ਵਜੋਂ 2007 ਨੂੰ 'ਚੁਪ' ਨਾਂ ਦਾ ਗੀਤ ਹੋਂਦ ਵਿਚ ਆ ਗਿਆ। ਇਹ ਗੀਤ ਇਕ ਦਿਨ ਭਾਰਤ ਜਾ ਪੁੱਜਿਆ। ਜ਼ੇਬ ਨੇ ਇਹ ਗੀਤ 2014 ਵਿਚ ਰਾਸ਼ਟਰਪਤੀ ਭਵਨ ਵਿਚ ਗਾਇਆ ਸੀ। ਇਸ ਤੋਂ ਪਹਿਲਾਂ ਦੋਵੇਂ ਭੈਣਾਂ ਸਾਰਕ ਮੇਲੇ ਦੌਰਾਨ ਇਹ ਗੀਤ ਗਾ ਚੁੱਕੀਆਂ ਸਨ। ਦਿੱਲੀ ਦੇ ਪੁਰਾਣੇ ਕਿਲ੍ਹੇ ਵਿਚ ਉਨ੍ਹਾਂ ਵੱਲੋਂ ਲਗਾਈ ਮਹਿਫਿਲ ਤਾਂ ਸਰੋਤਿਆਂ ਨੂੰ ਕੱਲ੍ਹ ਵਾਂਗ ਯਾਦ ਹੈ। ਜ਼ੇਬ ਚਾਹੁੰਦੀ ਹੈ ਕਿ ਦੋਹਾਂ ਮੁਲਕਾਂ ਦੇ ਕਲਾਕਾਰਾਂ ਵਿਚਕਾਰ ਰਾਬਤਾ ਹੋਰ ਵਧੇ।



## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਅਗਸਤ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-286



*'ਹੋਮ ਵਰਕ' ਨੂੰ ਨਿਆਣੇ ਭੁੱਲੇ, ਮੰਮੀ ਵਿੱਸਰਿਆ ਮਾਹੀ।*
*ਸਾਰਾ ਟੱਬਰ ਫਸ ਗਿਆ ਯਾਰੋ 'ਫੇਸਬੁੱਕ' ਦੀ ਫਾਹੀ।*

### ਕੈਪਸ਼ਨ ਮੁਕਾਬਲਾ-284



ਰੁੱਤਾਂ ਦੇ ਨਾਲ ਫਸਲਾਂ ਪੱਕਣ
ਸਭ ਦਾ ਮਨ ਖਿੜ੍ਹ ਖਿੜ੍ਹ ਜਾਵੇ।
ਫਲ ਮਿਹਨਤ ਦਾ ਮਿੱਠਾ ਹੁੰਦਾ
ਵਾਦੀ ਦੇ ਵਿਚ ਰੌਣਕ ਆਵੇ।
ਨਿੱਕੇ ਹੱਥ ਵੀ ਰੁੱਝ ਜਾਂਦੇ ਨੇ
ਉਨ੍ਹਾਂ ਨੂੰ ਵੀ ਚਾਅ ਚੜ੍ਹ ਜਾਵੇ।
**-ਜਗਮੀਤ ਸਿੰਘ ਪੰਧੇਰ**

---

ਦੁਨੀਆਂ ਦੀ ਜੱਨਤ ਕਹਿੰਦੇ ਸੀ
ਜਦੋਂ ਗੱਲ ਚੱਲਦੀ ਕਸ਼ਮੀਰ ਦੀ ਸੀ।
ਫੁੱਲਾਂ, ਫਲਾਂ, ਮੇਵਿਆਂ ਨਾਲ ਲੱਦੇ ਬੂਟੇ
ਹਰੀ ਭਰੀ ਵਾਦੀ ਕਸ਼ਮੀਰ ਦੀ ਸੀ।
ਸ਼ੇਸ਼ਨਾਗ, ਗੁਲਮਾਰਗ ਤੇ ਡੱਲ ਜਿਹੇ
ਕਰਦੇ ਸੀ ਰੂਹ ਨੂੰ ਸਰਸ਼ਾਰ ਬੜਾ।
ਕਿਰਤੀ, ਮਾਸੂਮ ਤੇ ਸੱਚੇ ਲੋਕੀਂ
ਕਰਦੇ ਸੀ ਸਭ ਨੂੰ ਪਿਆਰ ਬੜਾ।
ਪਰ ਹਾਏ! ਸੰਤਾਪੀ ਗਈ ਇਹ ਧਰਤੀ
ਜਿੱਥੇ ਗੋਲੀਆਂ-ਬੰਬ ਨੇ ਆਮ ਹੋਏ।
ਹੁਣ ਦਰੜੀ ਟੈਂਕਾਂ-ਬੰਦੂਕਾਂ ਨੇ
ਜਿੱਥੇ ਮੌਤ ਦੇ ਚਰਚੇ ਸ਼ੁੱਰੇਆਮ ਹੋਏ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਕਸ਼ਮੀਰ ਜੱਨਤ ਕਹਾਵੇ ਭਾਰਤ ਦੀ
ਮੇਵਿਆਂ ਨਾਲ ਲੱਦੀ ਵਾਦੀ ਏ।
ਅੱਜ ਬਦੂੰਕਾਂ, ਪੱਥਰ ਬਾਜਾਂ ਦੀ ਮਾਰ ਹੇਠ
ਦੁਨੀਆਂ ਦੇ ਨਕਸ਼ੇ 'ਤੇ ਇਹ ਗੱਲ ਭੱਦੀ ਏ।
ਔਰਤਾਂ ਵਿਧਵਾ, ਧੀਆਂ-ਪੁੱਤ ਅਨਾਥ ਹੋ ਰਹੇ
ਖੌਰੇ ਕਿਸ ਦੀ ਨਜ਼ਰ ਲੱਗੀ ਏ।
**-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ**

---

ਜਿਹੜਾ ਟੱਬਰ ਹੁੰਦਾ ਹੈ ਸਿਆਣਾ,
ਜੀਓ-ਜੀਅ ਸਾਂਭਦਾ ਹੈ ਦਾਣਾ।
ਬੱਚੀ ਨੇ ਅਖਰੋਟਾਂ ਦੇ ਲੱਗੇ ਦੇਖੇ ਢੇਰ,
ਧੁੱਪੇ ਖਿਲਾਰੇ, ਲਾਈ ਨਾ ਦੇਰ।
ਕਿਰਤ ਦੀ ਪਿਰਤ ਹੈ ਜਿਸ ਘਰ ਵਿਚ,
ਰਿਜ਼ਕ ਦੀ ਵੀ ਤੋਟ ਨਾ ਆਵੇ ਫੇਰ।
**-ਦਵਿੰਦਰ ਕੌਰ**

---

ਦੇਖ ਅਜਬ ਤਸਵੀਰ ਪਹਾੜੀਆਂ ਦੀ
ਦਿਲ ਕਸ਼ਸ਼ ਹੋ ਮੋਹਿਤ ਹੋਇਆ
ਪਿਆਰ ਪੈਣ ਲੱਗਾ ਕੁਦਰਤ ਨਾਲ
ਦਿਲ ਹਸ਼ ਹਸ਼ ਹੋ ਦਿਲਗੀਰ ਹੋਇਆ।
ਨਿਗ੍ਹਾ ਰਲੀ ਜਦ ਚੁਫੇਰੇ ਨਜ਼ਾਰਿਆਂ ਨਾਲ
ਰੂਹ ਕੀਤੀ, ਰਹਾਂ ਹੀ ਉਥੇ।
ਕੁਦਰਤ ਵਸਦੀ ਕਸ਼ਮੀਰ, ਲੇਹ ਹਿਮਾਲਿਆ।
ਮਾਣਦੀ ਅਨੰਦ ਚੌਗਿਰਦੇ ਦਾ
ਕਸ਼ਮੀਰੀ ਬੱਚੀ ਅਖਰੋਟ ਸੁਕਾ ਰਹੀ।
ਕਹਿ ਦੇਣਗੇ ਜ਼ਾਲਮ ਕੱਲ੍ਹ ਨੂੰ
ਇਹ ਅਖਰੋਟ ਨਹੀਂ, ਗਰਨੇਟ ਹਨ
ਜੋ ਆਤੰਕਵਾਦੀ ਖਿਲਾਰ ਰਹੀ।
**-ਦਰਸ਼ਨਪਾਲ ਦੋਸਾਂਝ**

---

ਕਹਿੰਦੇ ਸੀ ਸਾਰੇ ਹੁਭ ਕੇ
ਨਿਰ੍ਹਾ ਸਵਰਗ ਹੈ ਕਸ਼ਮੀਰ।
ਲੱਗੀ ਕਿਸ ਚੰਦਰੇ ਦੀ ਨਜ਼ਰ
ਸਭ ਹੋ ਗਿਆ ਲੀਰੋ ਲੀਰ।
ਫੋਟੋ ਵਿਚ ਪਿਆਰੀ ਬੱਚੀ
ਧੁੱਪੇ ਪਈ ਸੁਕਾਵੇ ਅਖਰੋਟ।
ਗੋਲੀਆਂ-ਬੰਬਾਂ ਦੀ ਵਾਦੀ ਵਿਚ
ਲੈ ਕੇ ਪਰਮਾਤਮਾ ਦੀ ਓਟ।
ਰਾਂਝੇ ਮਰਦੇ, ਰੁਲਦੀਆਂ ਹੀਰਾਂ
ਸੱਚੇ ਰੱਬ ਅੱਗੇ ਇਹੋ ਅਰਜ,
ਸ਼ਾਲਾ ਹੋ ਜਾਏ ਸ਼ਾਂਤੀ ਮੁੜ
ਵੱਸੇ ਉਸ ਧਰਤੀ 'ਤੇ ਸਵਰਗ।
**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਪਹਾੜਾਂ ਦਾ ਨਜ਼ਾਰਾ ਐਸਾ
ਭੋਲੀ ਭਾਲੀ ਕੁੜੀ ਲੱਗਦੀ ਪਿਆਰੀ ਹੈ।
ਮੌਸਮ ਖੁੱਲ੍ਹਣ 'ਤੇ ਆਇਆ
ਘੁੰਮਣ ਆਉਣ ਵਾਲਿਆਂ ਦੀ ਤਿਆਰੀ ਹੈ।
ਮਾਪਿਆਂ ਦਾ ਹੱਥ ਵਟਾਵੇ, ਅਖਰੋਟ ਸੁਕਾਵੇ
ਕਿਸੇ ਚੰਦਰੇ ਦੀ ਨਜ਼ਰ ਲੱਗੀ ਪਰਦੇਸ ਨੂੰ।
ਵਧੀਆ ਸੀ ਗੁਜ਼ਾਰਾ ਹੁੰਦਾ,
ਮੇਵੇ ਲਿਜਾਂਦੇ ਸੀ ਸੈਲਾਨੀ ਆਪਣੇ ਦੇਸ ਨੂੰ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਅੱਖੋਂ ਪਰੋਖੇ ਨਾ ਕਰੋ ਇਨ੍ਹਾਂ ਨੂੰ
ਧੀ ਹੋਵੇ ਪੰਜਾਬ ਦੀ ਜਾਂ ਕਸ਼ਮੀਰ ਦੀ।
ਪਰਿਵਾਰ 'ਚ ਸੰਤੁਲਨ ਬਣਿਆ ਰਹਿੰਦਾ
ਸ਼ੁਹਰਤ ਬਣਾਉਣ ਆਪਣੀ ਤਕਦੀਰ ਦੀ।
ਮੋਗੇ ਦੀ ਹਰਮਨ ਜਿਹੇ ਹੀਰੇ ਇਨ੍ਹਾਂ 'ਚੋਂ ਬਣਦੇ
ਕੰਡਿਆਂ 'ਚ ਮਲਾਲਾ ਵਰਗੇ ਗੁਲਾਬ ਖਿੜ੍ਹਦੇ।
ਮਨੁੱਖਤਾ ਦੀ ਚੜ੍ਹਦੀ ਕਲਾ ਦਾ ਬਣਨ ਸਬੱਬ
ਜਿਥੇ ਵੀ ਹੋਣ ਇਨ੍ਹਾਂ ਨੂੰ ਸਜਦੇ।
**-ਅਮਰਜੀਤ ਸਿੰਘ ਤੂਰ**

# ਕਾਰਨੀ ਪਾਰਕ 'ਚ ਤੀਆਂ ਦੇ ਮੇਲੇ ਦੀਆਂ ਰੌਣਕਾਂ

**ਫਰਿਜ਼ਨੋ (ਬਿਊਰੋ):** ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ ਅਤੇ ਸੁਖਮਿੰਦਰ ਮਾਨ ਨੇ ਆਪਣੇ ਸਭਿਆਚਾਰ ਨੂੰ ਪਿਆਰ ਕਰਨ ਵਾਲੀਆਂ ਪੰਜਾਬੀ ਔਰਤਾਂ ਨਾਲ ਰਲ ਕੇ ਕਰੀਬ ਇੱਕੀ ਸਾਲ ਪਹਿਲਾਂ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁੱਲ੍ਹੇ



'ਕਾਰਨੀ ਪਾਰਕ' ਦੇ ਦਰਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸ਼ੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਅੱਜ ਪਿੱਪਲਾਂ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ, ਪਰ ਇਨ੍ਹਾਂ ਬੀਬੀਆਂ ਵਲੋਂ ਹੋਰ ਸੰਘਣੇ ਦਰਖਤਾਂ ਦੀ ਛਾਂ ਅਤੇ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਰਵਾਇਤੀ ਤਰੀਕੇ ਨਾਲ ਹਰ ਸਾਲ ਮਨਾਈਆਂ ਜਾਂਦੀਆਂ ਹਨ।

ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ ਵੱਖ ਗਰੁਪਾਂ ਵਿਚ ਗੀਤ ਗਾ ਕੇ ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜਨ ਕਰਦੀਆਂ ਆਪਣੀਆਂ ਸਹੇਲੀਆਂ ਨੂੰ ਵੀ ਮਿਲੀਆਂ। ਮੇਲੇ ਵਿਚ ਪੰਜਾਬੀ ਔਰਤਾਂ ਤੋਂ ਇਲਾਵਾ ਅਮਰੀਕਨ ਮੂਲ ਦੀਆਂ ਔਰਤਾਂ ਨੇ ਵੀ ਸ਼ਿਰਕਤ ਕੀਤੀ। ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ ਅਤੇ ਘੱਗਰੇ ਪੰਜਾਬੀਅਤ ਦੇ ਮਾਹੌਲ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜ਼ਾਨਾ ਪ੍ਰਬੰਧਕਾਂ ਵੱਲੋਂ ਸਮਾਪਤੀ 'ਤੇ ਖੁੱਲ੍ਹੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਮੇਂ ਜੀਤ ਗਿੱਲ ਮੋਗਾ ਵੀਡੀਉ ਵੱਲੋਂ ਫਰੀ ਫੋਟੋਆਂ ਖਿੱਚਣ ਲਈ ਬੂਥ ਵੀ ਲਾਇਆ ਗਿਆ ਸੀ। ਇਸ ਸਮੇਂ ਦੇ ਯਾਦਗਾਰੀ ਪਲਾਂ ਨੂੰ www.Mogavideo.com ਤੋਂ ਮੁਫਤ ਡਾਊਨਲੋਡ ਕੀਤਾ ਜਾ ਸਕਦਾ ਹੈ।

ਸਥਾਨਕ ਇੰਡੀਅਨ ਓਵਨ ਰੈਸਟੋਰੈਂਟ ਵੱਲੋਂ ਵੰਨ ਸਵੰਨੇ ਖਾਣਿਆਂ ਦੇ ਸਟਾਲ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ, ਸੁਖਮਿੰਦਰ ਕੌਰ ਮਾਨ, ਸੁਖਜੀਵਨ ਕੌਰ ਜੌਹਲ ਅਤੇ ਸਮੂਹ ਸਹਿਯੋਗੀਆਂ ਨੂੰ ਜਾਂਦਾ ਹੈ।

## ਮੌਤ ਦੀ ਰਜਿਸਟਰੇਸ਼ਨ ਲਈ ਆਧਾਰ ਲਾਜ਼ਮੀ

**ਨਵੀਂ ਦਿੱਲੀ:** ਸਰਕਾਰ ਨੇ ਪਹਿਲੀ ਅਕਤੂਬਰ ਤੋਂ ਮੌਤ ਦੀ ਰਜਿਸਟਰੇਸ਼ਨ ਲਈ ਆਧਾਰ ਨੰਬਰ ਦੇਣਾ ਜ਼ਰੂਰੀ ਕਰ ਦਿੱਤਾ ਹੈ। ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਇਹ ਹੁਕਮ ਜੰਮੂ ਕਸ਼ਮੀਰ, ਅਸਾਮ ਤੇ ਮੇਘਾਲਿਆ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਦੇ ਵਸਨੀਕਾਂ ਉਤੇ ਲਾਗੂ ਹੋਵੇਗਾ।




ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366

# ਭਾਰਤੀ ਹੁਨਰਮੰਦਾਂ ਲਈ ਫਾਇਦੇਮੰਦ ਹੋਵੇਗਾ ਨਵਾਂ ਟਰੰਪ ਫਾਰਮੂਲਾ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਕਾਨੂੰਨ ਦਾ ਸਮਰਥਨ ਕੀਤਾ ਹੈ ਜਿਸ ਨਾਲ ਦੇਸ਼ ਵਿਚ ਕਾਨੂੰਨੀ ਪਰਵਾਸੀਆਂ ਦੀ ਗਿਣਤੀ ਵਿਚ ਕਾਫੀ ਕਟੌਤੀ ਹੋਵੇਗੀ ਤੇ ਮੈਰਿਟ-ਆਧਾਰਤ ਵੀਜ਼ਾ ਯੋਜਨਾ ਲਾਗੂ ਹੋਵੇਗੀ। ਮੰਨਿਆ ਜਾਂਦਾ ਹੈ ਕਿ ਇਹ ਭਾਰਤ ਜਿਹੇ ਦੇਸ਼ਾਂ ਦੇ ਉਚ-ਸਿੱਖਿਅਤ ਤੇ ਤਕਨੀਕੀ ਪੇਸ਼ੇਵਰਾਂ ਲਈ ਫਾਇਦੇਮੰਦ ਸਾਬਤ ਹੋ ਸਕਦਾ ਹੈ। ਇਹ ਨਵਾਂ ਕਾਨੂੰਨ ਅਮਰੀਕਾ ਵਿਚ ਪਰਵਾਸ ਕਰਨ ਲਈ ਵਰਤਮਾਨ ਲਾਟਰੀ ਪ੍ਰਣਾਲੀ ਦੀ ਥਾਂ 'ਤੇ ਗ੍ਰੀਨ ਕਾਰਡ ਹਾਸਲ ਕਰਨ ਲਈ ਇਕ ਅੰਕ ਆਧਾਰਤ ਪ੍ਰਣਾਲੀ ਵਿਕਸਤ ਕੀਤੀ ਜਾਵੇਗੀ।

ਇਸ ਪ੍ਰਣਾਲੀ ਤਹਿਤ ਅੰਗਰੇਜ਼ੀ ਭਾਸ਼ਾ ਵਿਚ ਕੁਸ਼ਲਤਾ, ਸਿੱਖਿਆ, ਉਚ-ਮਿਹਨਤਾਨੇ ਵਾਲੀ ਨੌਕਰੀ ਦੀ ਪੇਸ਼ਕਸ਼ ਤੇ ਉਮਰ ਆਦਿ ਕਾਰਕਾਂ ਨੂੰ ਅੰਕਾਂ ਦੇ ਰੂਪ ਵਿਚ ਵੰਡਿਆ ਜਾਵੇਗਾ, ਜਿਨ੍ਹਾਂ ਦਾ ਜੋੜ ਕਰ ਕੇ ਮੈਰਿਟ ਬਣਾਈ ਜਾਵੇਗੀ। ਜੇਕਰ ਇਹ ਕਾਨੂੰਨ ਕਾਂਗਰਸ ਵੱਲੋਂ ਪਾਸ ਕੀਤਾ ਜਾਂਦਾ ਹੈ ਤਾਂ ਭਾਰਤ ਵਰਗੇ ਦੇਸ਼ਾਂ ਦੇ ਉਚ-ਸਿੱਖਿਅਤ ਲੋਕਾਂ ਅਤੇ ਤਕਨੀਕੀ ਪੇਸ਼ੇਵਰਾਂ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਇਸ ਕਾਨੂੰਨ ਨਾਲ ਚੇਨ-ਮਾਇਗ੍ਰੇਸ਼ਨ ਖਤਮ ਕਰ ਕੇ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਇਕ ਨਵੇਂ ਅੰਕ-ਆਧਾਰਤ ਸਿਸਟਮ ਦੇ ਨਾਲ ਪੁਰਾਣੇ ਸਿਸਟਮ ਨੂੰ ਬਦਲ ਦਿੱਤਾ ਜਾਵੇਗਾ।



## ਅਮਰੀਕੀ ਮਾਹਰ ਕੰਮਕਾਜੀ ਵੀਜ਼ਿਆਂ ਬਾਰੇ ਫਿਕਰਮੰਦ

**ਵਾਸ਼ਿੰਗਟਨ:** ਕਾਨੂੰਨੀ ਮਾਹਰਾਂ ਦੇ ਦੋ ਗਰੁੱਪਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਸੰਸਦ ਦੇ ਦੋਵੇਂ ਸਦਨਾਂ ਵਿਚ ਐਚ-1ਬੀ ਤੇ ਐਲ-1 ਵੀਜ਼ਾ ਖਤਮ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਬਾਹਰੋਂ ਆਉਂਦੇ ਲੋਕਾਂ ਨਾਲ ਦੇਸ਼ ਦੀਆਂ ਨੌਕਰੀਆਂ 'ਤੇ ਵੱਡਾ ਅਸਰ ਪੈਂਦਾ ਹੈ। ਐਚ-1 ਬੀ ਵੀਜ਼ੇ ਨੇ ਅਮਰੀਕਾ ਦੇ ਮਜ਼ਦੂਰਾਂ ਦੇ ਕੰਮ 'ਤੇ ਵੱਡਾ ਅਸਰ ਪਾਇਆ ਹੈ ਕਿਉਂਕਿ ਇਸ ਨਾਲ ਵਿਦੇਸ਼ਾਂ ਤੋਂ ਬਹੁਤ ਸਸਤੀ ਲੇਬਰ ਮਿਲ ਜਾਂਦੀ ਹੈ। ਇਸ ਵੀਜ਼ੇ 'ਚ ਸੁਧਾਰ ਕਰਨ ਦੀ ਲੋੜ ਹੈ ਤਾਂ ਕਿ ਸਥਾਨਕ ਲੇਬਰ ਨੂੰ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਅਨੁਸਾਰ ਕੰਪਨੀਆਂ ਵੱਲੋਂ ਹਾਈ ਸਕਿੱਲ ਨੌਕਰੀਆਂ ਵੀ ਬਾਹਰ ਦੇ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ। ਇਸ ਵੀਜ਼ੇ ਦੇ ਕਾਨੂੰਨ 'ਚ ਸੁਧਾਰ ਹੋਣ ਦੇ ਨਾਲ-ਨਾਲ ਜਿਥੇ ਵਰਕਰਾਂ ਦੇ ਹਿੱਤ ਸੁਰੱਖਿਅਤ ਹੋਣਗੇ, ਉਥੇ ਦੇਸ਼ ਨੂੰ ਵੀ ਇਸ ਦਾ ਫਾਇਦਾ ਹੋਵੇਗਾ। ਇਸ ਖ਼ਿਲਾਫ ਬਿੱਲ ਲਿਆਉਣ ਲਈ ਸਦਨ ਦੇ ਕਈ ਲੀਡਰਾਂ ਨੇ ਦਸਤਖਤ ਕੀਤੇ ਹਨ। ਇਸ 'ਚ ਪਾਰਦਰਸ਼ਤਾ ਲਿਆਉਣ ਨਾਲ ਅਮਰੀਕਾ ਦੀ ਆਰਥਿਕਤਾ ਨੂੰ ਵੀ ਵੱਡਾ ਫਾਇਦਾ ਮਿਲੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਅਮਰੀਕਾ ਦੇ ਲੋਕਾਂ ਨੂੰ ਨੌਕਰੀਆਂ 'ਚ ਤਰਜੀਹ ਮਿਲੇਗੀ ਤਾਂ ਇਥੋਂ ਦੇ ਵਰਕਰਾਂ ਦਾ ਦੇਸ਼ ਦੀ ਵਿਵਸਥਾ 'ਚ ਵਿਸ਼ਵਾਸ ਵਧੇਗਾ।

## ਅਮਰੀਕਾ ਵੱਸਣ ਲਈ ਭਾਰਤੀ ਸਭ ਤੋਂ ਵੱਧ ਕਾਹਲੇ

**ਵਾਸ਼ਿੰਗਟਨ:** ਪਿਛਲੇ 11 ਸਾਲਾਂ ਵਿਚ 21 ਲੱਖ ਤੋਂ ਜ਼ਿਆਦਾ ਪੇਸ਼ੇਵਰ ਭਾਰਤੀਆਂ ਨੇ ਐਚ-1 ਬੀ ਵਰਕ ਵੀਜ਼ਾ ਲਈ ਅਪਲਾਈ ਕੀਤਾ ਹੈ। ਅਮਰੀਕੀ ਨਾਗਰਿਕਤਾ ਤੇ ਪਰਵਾਸ ਸੇਵਾ (ਯੂ.ਐਸ.ਸੀ.ਆਈ.ਐਸ.) ਦੀ ਰਿਪੋਰਟ ਨੇ ਵੀ ਇਸ ਧਾਰਨਾ ਨੂੰ ਖਾਰਜ ਕਰ ਦਿੱਤਾ ਹੈ ਕਿ ਜੋ ਲੋਕ ਵੀਜ਼ੇ ਲਈ ਅਪਲਾਈ ਕਰਦੇ ਹਨ, ਉਚ ਯੋਗਤਾ ਹਾਸਲ ਨਹੀਂ ਹਨ। ਪਿਛਲੇ 11 ਸਾਲਾਂ ਵਿਚ ਵਰਕ ਵੀਜ਼ਾ ਧਾਰਕਾਂ ਨੇ ਔਸਤਨ 92,317 ਡਾਲਰ ਤਨਖਾਹ ਵਜੋਂ ਪ੍ਰਾਪਤ ਕੀਤੇ ਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਦੀ ਵਿਦਿਅਕ ਯੋਗਤਾ ਮਾਸਟਰ ਜਾਂ ਬੈਚੂਲਰ ਡਿਗਰੀ ਹੈ।

ਰਿਪੋਰਟ ਅਨੁਸਾਰ 2007 ਤੋਂ ਲੈ ਕੇ ਇਸ ਸਾਲ ਜੂਨ ਤੱਕ, ਯੂ.ਐਸ.ਸੀ.ਆਈ.ਐਸ. ਨੂੰ 34 ਲੱਖ ਐਚ-1 ਬੀ ਵੀਜ਼ਾ ਲਈ ਬਿਨੈ ਪੱਤਰ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ ਸਭ ਤੋਂ ਵੱਧ, 21 ਲੱਖ ਭਾਰਤੀ ਸਨ। ਭਾਰਤੀਆਂ ਤੋਂ ਬਾਅਦ ਚੀਨ ਤੇ ਫਿਲੀਪੀਨ ਦੇ ਲੋਕਾਂ ਨੇ ਵੀ ਅਮਰੀਕਾ ਜਾਣ ਵਿਚ ਕਾਫੀ ਰੁਚੀ ਵਿਖਾਈ। ਕੈਨੇਡਾ ਦੇ ਲੋਕਾਂ ਨੇ ਹੋਰਨਾਂ ਮੁਲਕਾਂ ਦੇ ਮੁਕਾਬਲੇ ਇਸ ਵੀਜ਼ੇ ਵਿਚ ਖਾਸ ਦਿਲਚਸਪੀ ਨਹੀਂ ਵਿਖਾਈ। ਇਸ ਲਈ ਸਿਰਫ 68 ਹਜ਼ਾਰ ਲੋਕਾਂ ਨੇ ਅਪਲਾਈ ਕੀਤਾ ਸੀ। ਇਸ ਸਮੇਂ ਦੌਰਾਨ ਅਮਰੀਕਾ ਨੇ 34 ਲੱਖ ਵਿਚੋਂ 26 ਲੱਖ ਲੋਕਾਂ ਨੂੰ ਐਚ-1 ਬੀ ਵਰਕ ਵੀਜ਼ਾ ਜਾਰੀ ਕੀਤਾ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 23 ਲੱਖ ਨੌਜਵਾਨਾਂ ਨੂੰ ਐਚ-1 ਬੀ ਵੀਜ਼ਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਉਮਰ 25-34 ਸਾਲ ਦੇ ਦਰਮਿਆਨ ਹੈ। ਇਨ੍ਹਾਂ ਵਿਚ 20 ਲੱਖ ਵੀਜ਼ਾ ਹਾਸਲ ਕਰਨ ਵਾਲੇ ਕੰਪਿਊਟਰ ਪੇਸ਼ੇ ਨਾਲ ਜੁੜੇ ਹੋਏ ਹਨ ਤੇ ਇੰਜੀਨੀਅਰਿੰਗ ਪੇਸ਼ੇ ਦੇ 3 ਲੱਖ ਤੋਂ ਜ਼ਿਆਦਾ ਲੋਕਾਂ ਨੂੰ ਵੀਜ਼ਾ ਮਿਲਿਆ ਸੀ।

# ਨਿੱਕੀ ਜਿਹੀ ਭੁੱਲ ਲਈ ਮਜ਼ਾਕ ਦੀ ਪਾਤਰ ਬਣੀ ਮਿਸ ਦਖਣੀ ਅਫਰੀਕਾ



**ਕੇਪ ਟਾਊਨ:** ਮਿਸ ਦੱਖਣੀ ਅਫਰੀਕਾ ਦਾ ਖਿਤਾਬ ਜਿੱਤਣ ਵਾਲੀ ਡੈਮੀ ਪੀਟਰਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਉਸ ਦੀ ਇਕ ਗਲਤੀ ਕਾਰਨ ਸੋਸ਼ਲ ਮੀਡੀਆ 'ਤੇ ਉਸ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ।

ਅਸਲ ਵਿਚ ਡੈਮੀ ਇਕ ਚੈਰਿਟੀ ਪ੍ਰੋਗਰਾਮ ਦੌਰਾਨ ਏਡਜ਼ ਪੀੜਤ ਬੱਚਿਆਂ ਨੂੰ ਮਿਲਣ ਪੁੱਜੀ ਸੀ। ਇਸ ਦੌਰਾਨ ਉਸ ਨੇ ਹੱਥਾਂ 'ਚ ਦਸਤਾਨੇ ਪਾਏ ਹੋਏ ਸਨ। ਡੈਮੀ ਉਂਜ ਤਾਂ ਬੱਚਿਆਂ ਨੂੰ ਖਾਣਾ ਖੁਆ ਰਹੀ ਹੈ ਪਰ ਉਸ ਨੇ ਦਸਤਾਨੇ ਪਾਏ ਸਨ ਜੋ ਕਿ ਇਕ ਤਰ੍ਹਾਂ ਨਾਲ ਵਿਤਕਰੇ ਨੂੰ ਦਰਸਾ ਰਹੇ ਹਨ। ਸੋਸ਼ਲ ਮੀਡੀਆ 'ਤੇ ਉਸ ਨੂੰ ਬੁਰਾ-ਭਲਾ ਕਿਹਾ ਜਾ ਰਿਹਾ ਹੈ ਕਿਉਂਕਿ ਹਰ ਕੋਈ ਜਾਣਦਾ ਹੈ ਕਿ ਏਡਜ਼ ਹੱਥ ਲਗਾਉਣ ਨਾਲ ਨਹੀਂ ਫੈਲਦੀ ਪਰ ਡੈਮੀ ਨੇ ਅਜਿਹਾ ਕਰ ਕੇ ਲੋਕਾਂ ਦੇ ਗੁੱਸੇ ਨੂੰ ਵਧਾ ਦਿੱਤਾ ਹੈ। ਲੋਕਾਂ ਨੇ ਵੱਖੋ ਵੱਖਰੀਆਂ ਤਸਵੀਰਾਂ ਨਾਲ ਉਸ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਵਿਖਾਇਆ ਹੈ ਕਿ ਉਹ ਦਸਤਾਨੇ ਪਾ ਕੇ ਹੱਥ ਧੋ ਰਹੀ ਹੈ ਅਤੇ ਹੋਰ ਕਈ ਕੰਮ ਕਰ ਰਹੀ ਹੈ।

## ਭਾਰਤੀ ਅਰਬਪਤੀਆਂ ਬਾਰੇ ਹੈਰਾਨੀ ਵਾਲਾ ਖੁਲਾਸਾ

**ਨਵੀਂ ਦਿੱਲੀ:** 20 ਭਾਰਤੀ ਅਰਬਪਤੀ ਦੇਸ਼ ਦੇ ਜੀ.ਡੀ.ਪੀ. ਦੇ 10 ਫੀਸਦੀ ਦੇ ਬਰਾਬਰ ਦੌਲਤ ਦੇ ਮਾਲਕ ਬਣ ਚੁੱਕੇ ਹਨ। ਉਨ੍ਹਾਂ ਨੇ ਮੌਜੂਦਾ ਸਾਲ ਦੇ ਪਹਿਲੇ ਸੱਤ ਮਹੀਨਿਆਂ 'ਚ 50 ਅਰਬ ਡਾਲਰ ਦੀ ਕੁੱਲ ਦੌਲਤ ਜਮ੍ਹਾਂ ਕੀਤੀ ਹੈ।



ਇਹ ਜਾਣਕਾਰੀ ਬਲੂਮਬਰਗ ਬਿਲੀਅਨਿਅਰ ਇੰਡੈਕਸ ਰਿਪੋਰਟ 'ਚ ਸਾਹਮਣੇ ਆਈ ਹੈ। ਇਨ੍ਹਾਂ ਸਾਰਿਆਂ ਦੀ ਕੁੱਲ ਦੌਲਤ 200 ਅਰਬ ਡਾਲਰ ਬਣ ਚੁੱਕੀ ਹੈ, ਜੋ ਦੇਸ਼ ਦੀ ਜੀ.ਡੀ.ਪੀ. ਦੇ 10 ਫੀਸਦੀ ਦੇ ਬਰਾਬਰ ਹੈ। ਇਸ ਸੂਚੀ 'ਚ ਮੁਕੇਸ਼ ਅੰਬਾਨੀ, ਲਕਸ਼ਮੀ ਮਿੱਤਲ, ਸ਼ਿਵ ਨਾਦਰ, ਕੁਮਾਰ ਬਿਰਲਾ, ਵਿਕਰਮ ਲਾਲ, ਪੰਕਜ ਪਟੇਲ, ਕੇ. ਪੀ. ਸਿੰਘ, ਅਜੇ ਪਿਰਾਮਲ, ਰਾਹੁਲ ਬਜਾਜ ਤੇ ਹੋਰਾਂ ਦੇ ਨਾਂ ਸ਼ਾਮਲ ਹਨ।

## ਪਾਕਿਸਤਾਨੀ ਮੂਲ ਦੇ ਤਿੰਨ ਵਲੈਤੀਆਂ ਨੂੰ ਉਮਰ ਕੈਦ ਦੀ ਸਜ਼ਾ

**ਲੰਡਨ:** ਪਾਕਿਸਤਾਨੀ ਮੂਲ ਦੇ ਤਿੰਨ ਬਰਤਾਨਵੀ ਮੁਸਲਮਾਨਾਂ ਸਮੇਤ ਚਾਰ ਨੂੰ ਅਦਾਲਤ ਨੇ ਅਤਿਵਾਦੀ ਸਰਗਰਮੀਆਂ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚ 29 ਸਾਲਾ ਨਵੀਦ ਅਲੀ, 25 ਸਾਲਾ ਖੋਬੇਬ ਹੁਸੈਨ ਦੋਵੇਂ ਵਾਸੀ ਸਪਾਰਕਹੈਲ ਬਰਮਿੰਘਮ, 33 ਸਾਲਾ ਮੋਹੀਬਰ ਰਹਿਮਾਨ ਵਾਸੀ ਸਟੋਕ ਔਨ ਟਰੈਂਟ ਅਤੇ 38 ਸਾਲਾ ਤਾਹਿਰ ਅਜ਼ੀਜ਼ ਵਾਸੀ ਸਟੋਕ ਸ਼ਾਮਲ ਹਨ। ਮੋਹੀਬਰ ਰਹਿਮਾਨ, ਖੋਬੇਬ ਹੁਸੈਨ ਅਤੇ ਨਵੀਦ ਅਲੀ ਅਤਿਵਾਦੀ ਗਰੋਹ ਦਾ ਹਿੱਸਾ ਸਨ ਜਿਨ੍ਹਾਂ ਦਾ ਬਰਤਾਨੀਆ ਦੇ ਐਮ.ਆਈ. 5 ਜਸੂਸਾਂ ਨੇ ਅਲੀ ਦੀ ਕਾਰ 'ਚ ਗੜਬੜੀ ਤੋਂ ਬਾਅਦ 2016 ਵਿਚ ਪਰਦਾਫਾਸ਼ ਕੀਤਾ ਸੀ। ਲੰਡਨ 'ਚ ਓਲਡ ਬੈਲੀ ਅਦਾਲਤ ਨੇ 23 ਹਫਤਿਆਂ ਦੀ ਸੁਣਵਾਈ ਤੋਂ ਬਾਅਦ ਉਨ੍ਹਾਂ ਨੂੰ ਅਤਿਵਾਦੀ ਸਰਗਰਮੀਆਂ ਲਈ ਦੋਸ਼ੀ ਠਹਿਰਾਇਆ ਗਿਆ ਸੀ। ਚੌਥੇ ਸ਼ੱਕੀ 38 ਸਾਲਾ ਤਾਹਿਰ ਅਜ਼ੀਜ਼ ਨੂੰ ਵੀ ਇਸ ਮਾਮਲੇ ਵਿਚ ਭਾਗੀਦਾਰ ਮੰਨਿਆ ਹੈ।

## ਭਾਰਤੀ ਮੂਲ ਦੇ ਡਾਕਟਰ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼

**ਲੰਡਨ:** ਪੂਰਬੀ ਲੰਡਨ ਵਿਚ ਰਹਿੰਦੇ ਭਾਰਤੀ ਮੂਲ ਦੇ 47 ਸਾਲਾ ਡਾਕਟਰ ਮਨੀਸ਼ ਸ਼ਾਹ ਨੂੰ 13 ਸਾਲਾਂ ਦੇ ਬੱਚੇ ਸਮੇਤ 118 ਹੋਰ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ 'ਚ ਸਕਾਟਲੈਂਡ ਯਾਰਡ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਮੈਟਰੋਪੋਲੀਟਨ ਪੁਲਿਸ ਨੇ ਦੱਸਿਆ ਕਿ ਸ਼ਹਿਰ ਦੇ ਰੋਮਫੋਰਡ ਇਲਾਕੇ 'ਚ ਰਹਿਣ ਵਾਲੇ ਬਰੂਨਲ ਕਾਲਜ ਤੋਂ ਡਾਕਟਰ ਮਨੀਸ਼ ਸ਼ਾਹ 'ਤੇ 65 ਘੁਸਪੈਠ ਅਤੇ 52 ਜਿਨਸੀ ਛੇੜਛਾੜ ਦੇ ਦੋਸ਼ ਲਾਏ ਗਏ ਹਨ। ਡਾਕਟਰ 'ਤੇ 13 ਸਾਲਾਂ ਦੇ ਇਕ ਬੱਚੇ ਉਤੇ ਜਿਣਸੀ ਹਮਲਾ ਕਰਨ ਦਾ ਵੀ ਦੋਸ਼ ਹੈ। ਸ਼ਾਹ ਜ਼ਮਾਨਤ 'ਤੇ ਬਾਹਰ ਹਨ ਅਤੇ 31 ਅਗਸਤ ਨੂੰ ਬਾਰਕਿੰਗਸਾਈਡ ਮੈਜਿਸਟਰੇਟ ਅਦਾਲਤ, ਲੰਡਨ 'ਚ ਪੇਸ਼ ਹੋਣਗੇ। ਇਹ ਸਾਰੇ ਅਪਰਾਧ ਜੂਨ 2014 ਅਤੇ ਜੁਲਾਈ 2013 ਦੇ ਦਰਮਿਆਨ ਕੀਤੇ।

# ਟਰੰਪ ਨਾਲ ਸੈਲਫੀ ਲੈਣ ਵਾਲੀ ਪਤਨੀ ਨੂੰ ਮਿਲਿਆ ਤਲਾਕ

**ਵਾਸ਼ਿੰਗਟਨ:** ਅਮਰੀਕਾ ਦੀ ਇਕ ਮਹਿਲਾ ਨੇ ਆਪਣੇ ਤਲਾਕ ਲਈ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਜ਼ਿੰਮੇਵਾਰ ਦੱਸਿਆ ਹੈ। ਫਲੋਰਿਡਾ ਦੀ ਪਾਮ ਬੀਚ ਕਾਊਂਟੀ 'ਚ ਰਹਿਣ ਵਾਲੇ ਲਿਨ ਤੇ ਡੇਵ ਏਰਨਬਰਗ ਦਾ ਪਿਛਲੇ ਹਫਤੇ ਤਲਾਕ ਹੋ ਗਿਆ। ਲਿਨ ਸਾਬਕਾ ਚੀਅਰਲੀਡਰ ਰਹੀ ਹੈ, ਜਦ ਕਿ ਉਸ ਦਾ ਪਤੀ ਡੇਵ ਕਾਫੀ ਮਸ਼ਹੂਰ ਵਕੀਲ ਹੈ। ਔਰਤ ਦਾ ਕਹਿਣਾ ਹੈ ਕਿ ਟਰੰਪ ਨਾਲ ਸੈਲਫੀ ਲੈਣ, ਉਸ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਤੇ ਰਿਪਬਲਿਕਨ ਪਾਰਟੀ ਨਾਲ ਜੁੜੇ ਮੁੱਦਿਆਂ ਦੀ ਹਮਾਇਤ ਕਰਨ ਕਾਰਨ ਉਸ ਦਾ ਆਪਣੇ ਪਤੀ ਨਾਲ ਰਿਸ਼ਤਾ ਖਰਾਬ ਹੋ ਗਿਆ।



ਲਿਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਤਲਾਕ ਬਦਲੇ ਉਸ ਨੇ ਆਪਣੇ ਪਤੀ ਤੋਂ ਇਕ ਨਵੀਂ ਬੀ.ਐਮ.ਡਬਲਯੂ. ਗੱਡੀ ਅਤੇ ਹਜ਼ਾਰਾਂ ਡਾਲਰ ਦੀ ਵੱਡੀ ਰਕਮ ਹਾਸਲ ਕੀਤੀ ਹੈ। ਲਿਨ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਤੋਂ ਰਿਪਬਲਿਕਨ ਪਾਰਟੀ ਦੀ ਸਮਰਥਕ ਰਹੀ ਹੈ, ਉਸ ਦਾ ਪਤੀ ਡੈਮੋਕ੍ਰੈਟਿਕ ਪਾਰਟੀ ਦਾ ਸਮਰਥਕ ਹੈ। ਸ਼ੁਰੂ ਵਿਚ ਇਹ ਵੱਡਾ ਮੁੱਦਾ ਨਹੀਂ ਸੀ, ਪਰ ਹਿਲੇਰੀ ਤੇ ਟਰੰਪ ਦਾ ਜਿਵੇਂ-ਜਿਵੇਂ ਤਣਾਅ ਵਧਦਾ ਗਿਆ, ਸਾਡੇ ਰਿਸ਼ਤੇ 'ਚ ਤਣਾਅ ਆਉਂਦਾ ਗਿਆ।

# ਆਲਮੀ ਤਪਸ਼ ਦਾ ਖਾਣ ਪੀਣ 'ਤੇ ਵੀ ਮਾਰੂ ਅਸਰ

**ਬੋਸਟਨ:** ਮਨੁੱਖੀ ਗਤੀਵਿਧੀਆਂ ਤੋਂ ਪੈਦਾ ਹੋਣ ਵਾਲੀ ਕਾਰਬਨ ਡਾਈਆਕਸਾਈਡ ਨਾਲ ਚੌਲ, ਕਣਕ ਤੇ ਹੋਰਨਾਂ ਮੁੱਖ ਅਨਾਜਾਂ ਦੀ ਪੋਸ਼ਟਿਕਤਾ 'ਚ ਕਮੀ ਆਉਣ ਕਾਰਨ ਸਾਲ 2050 ਤੱਕ ਭਾਰਤ ਵਿਚ 5 ਕਰੋੜ 30 ਲੱਖ ਲੋਕਾਂ ਵਿਚ ਪ੍ਰੋਟੀਨ ਦੀ ਕਮੀ ਹੋਣ ਦਾ ਖਤਰਾ ਪੈਦਾ ਹੋ ਸਕਦਾ ਹੈ।

ਅਮਰੀਕਾ ਦੇ ਹਾਰਵਰਡ ਟੀ.ਐਚ. ਚਾਨ ਸਕੂਲ ਆਫ ਪਬਲਿਕ ਹੈਲਥ ਦੇ ਖੋਜਕਰਤਾਵਾਂ ਵੱਲੋਂ ਕੀਤੀ ਖੋਜ ਅਨੁਸਾਰ ਜੇਕਰ ਕਾਰਬਨ ਡਾਈਆਕਸਾਈਡ ਦਾ ਪੱਧਰ ਇਸ ਤਰ੍ਹਾਂ ਵਧਦਾ ਰਿਹਾ ਤਾਂ ਸਾਲ 2050 ਤੱਕ 18 ਦੇਸ਼ਾਂ ਦੀ ਆਬਾਦੀ ਦੇ ਭੋਜਨ 'ਚ 5 ਫੀਸਦੀ ਤੋਂ ਜ਼ਿਆਦਾ ਪ੍ਰੋਟੀਨ ਦੀ ਕਮੀ ਹੋ ਸਕਦੀ ਹੈ। ਵਾਤਾਵਰਨ 'ਚ ਕਾਰਬਨ ਡਾਈਆਕਸਾਈਡ ਦੇ ਵਧਦੇ ਪੱਧਰ ਕਾਰਨ 15 ਕਰੋੜ ਤੋਂ ਵੱਧ ਲੋਕਾਂ ਵਿਚ ਪ੍ਰੋਟੀਨ ਦੀ ਕਮੀ ਦਾ ਖਤਰਾ ਪੈਦਾ ਹੋ ਸਕਦਾ ਹੈ।

ਹਾਰਵਰਡ ਦੇ ਸੀਨੀਅਰ ਖੋਜਕਰਤਾ ਸੈਮੂਅਲ ਮਾਇਰਸ ਨੇ ਕਿਹਾ ਕਿ ਇਹ ਖੋਜ ਖਤਰੇ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਨੂੰ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਉਹ ਆਪਣੀ ਆਬਾਦੀ ਦੀ ਆਹਾਰ ਸਮੱਗਰੀ ਦੀ ਪੂਰਤੀ ਦੀ ਨਿਗਰਾਨੀ ਕਰੇ। ਜ਼ਿਕਰਯੋਗ ਹੈ ਕਿ ਵਿਸ਼ਵ ਦੀ 76 ਫੀਸਦੀ ਆਬਾਦੀ ਆਪਣੀ ਰੋਜ਼ਾਨਾ ਦੀ ਪ੍ਰੋਟੀਨ ਦੀਆਂ ਜ਼ਰੂਰਤਾਂ ਨੂੰ ਪੌਦਿਆਂ ਤੋਂ ਪੂਰਾ ਕਰਦੀ ਹੈ।



## *2050: ਤਿੰਨ ਗੁਣਾ ਵਧ ਜਾਏਗੀ ਨੇਤਰਹੀਣਾਂ ਦੀ ਗਿਣਤੀ*

**ਲੰਡਨ:** ਇਕ ਬਰਤਾਨਵੀ ਯੂਨੀਵਰਸਿਟੀ ਵੱਲੋਂ ਕੀਤੇ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸਾਲ 2050 ਤੱਕ ਬਜ਼ੁਰਗਾਂ ਦੀ ਵਧਦੀ ਗਿਣਤੀ ਕਾਰਨ ਵਿਸ਼ਵ ਵਿਚ ਨੇਤਰਹੀਣਾਂ ਦੀ ਗਿਣਤੀ ਹੁਣ ਨਾਲੋਂ ਤਿੰਨ ਗੁਣਾ ਵਧ ਕੇ 11.5 ਕਰੋੜ ਹੋ ਜਾਵੇਗੀ। ਇਸ ਵੇਲੇ ਇਹ ਗਿਣਤੀ 3.6 ਕਰੋੜ ਹੈ। ਬਰਤਾਨੀਆ ਦੀ ਐਂਜੀਲਾ ਰਸਕਿਨ ਯੂਨੀਵਰਸਿਟੀ ਦੇ ਖੋਜਾਰਥੀਆਂ ਵੱਲੋਂ ਸੰਨ 1990 ਤੋਂ ਲੈ ਕੇ 2015 ਤੱਕ ਨੇਤਰਹੀਣਾਂ ਤੇ ਅੱਖਾਂ ਦੀਆਂ ਸਮੱਸਿਆਵਾਂ ਨਾਲ ਜੂਝਣ ਵਾਲੇ 188 ਦੇਸ਼ਾਂ ਦੇ ਲੋਕਾਂ ਸਬੰਧੀ ਅਧਿਐਨ ਕੀਤਾ ਗਿਆ ਹੈ। ਇਹ ਅਧਿਐਨ ਰਿਪੋਰਟ 'ਦਿ ਲੈਨਸੈੱਟ ਗਲੋਬਲ ਹੈੱਲਥ ਜਰਨਲ' ਵਿਚ ਪ੍ਰਕਾਸ਼ਿਤ ਕੀਤੀ ਗਈ ਹੈ ਤੇ ਪਹਿਲੀ ਵਾਰ ਪ੍ਰੈੱਸਬਾਇਓਪੀਆ ਬਾਰੇ ਅੰਕੜੇ ਪ੍ਰਕਾਸ਼ਿਤ ਕੀਤੇ ਗਏ ਹਨ। ਵਧਦੀ ਉਮਰ ਨਾਲ ਮਨੁੱਖ ਦੀ ਪੜ੍ਹਨ ਦੀ ਸਮਰੱਥਾ ਘਟਣ ਨੂੰ ਪ੍ਰੈੱਸਬਾਇਓਪੀਆ ਕਿਹਾ ਜਾਂਦਾ ਹੈ।

# ਸਿੱਖ ਮਸਲਿਆਂ ਦੇ ਹੱਲ ਲਈ ਕੇਂਦਰ ਸਰਕਾਰ ਤੱਕ ਪਹੁੰਚ

**ਨਵੀਂ ਦਿੱਲੀ:** ਸਿੱਖ ਮਸਲਿਆਂ ਸਬੰਧੀ ਉਚ ਪੱਧਰੀ ਵਫਦ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਵਫਦ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਮਨਜੀਤ ਸਿੰਘ ਜੀ.ਕੇ., ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਇਸ ਚਾਂਸਲਰ ਡਾ. ਜਸਪਾਲ ਸਿੰਘ ਮੌਜੂਦ ਸਨ।

ਵਫਦ ਨੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ ਸਥਾਪਨਾ ਹਰਿ ਕੀ ਪੌੜੀ 'ਤੇ ਕਰਨ, ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਅਧਿਕਾਰਕ ਭਾਸ਼ਾ ਦਾ ਦਰਜਾ ਦੇਣ ਤੇ ਕਰਮਚਾਰੀਆਂ ਦੀ ਨਿਯੁਕਤੀ ਪੰਜਾਬ ਤੇ ਹਰਿਆਣਾ ਤੋਂ 60:40 ਦੇ ਅਨੁਪਾਤ ਵਿਚ ਕਰਨ, ਜੰਮੂ-ਕਸ਼ਮੀਰ ਵਿਚ ਵਸਦੇ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਦੇਣ, ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ 'ਚ ਕਾਨੂੰਨ ਅਨੁਸਾਰ ਦੋ ਸਿੱਖ ਸੰਸਦ ਮੈਂਬਰਾਂ ਨੂੰ ਨਾਮਜ਼ਦ ਕਰਨ ਤੇ ਕੌਮੀ ਘੱਟ ਗਿਣਤੀ ਕਮਿਸ਼ਨ 'ਚ ਖਾਲੀ ਪਏ ਸਿੱਖ ਮੈਂਬਰ ਦੇ ਅਹੁਦੇ ਨੂੰ ਤੁਰਤ ਭਰਨ ਵਰਗੀਆਂ ਮੰਗਾਂ ਸਬੰਧੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ।




ਗ੍ਰਹਿ ਮੰਤਰੀ ਨਾਲ ਮੁਲਾਕਾਤ ਉਪਰੰਤ ਜੀ.ਕੇ. ਨੇ ਦਾਅਵਾ ਕੀਤਾ ਕਿ ਸਿੱਖ ਮਸਲਿਆਂ ਦੇ ਹੱਲ ਲਈ ਗ੍ਰਹਿ ਮੰਤਰੀ ਨੇ ਸੁਹਿਰਦਤਾ ਵਿਖਾਈ ਹੈ। ਜੀ.ਕੇ. ਨੇ ਦੱਸਿਆ ਕਿ ਕੇਂਦਰ 'ਚ ਐਨ.ਡੀ.ਏ. ਸਰਕਾਰ ਹੋਣ ਕਰ ਕੇ ਸਿੱਖ ਮਸਲਿਆਂ ਪ੍ਰਤੀ ਗੰਭੀਰਤਾ ਨਾਲ ਕਾਰਜ ਹੋਣ ਦੀ ਆਸ ਹੈ। ਹਰਿ ਕੀ ਪੌੜੀ 'ਤੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਛੇਤੀ ਉਸਾਰੀ ਨੂੰ ਜੀ.ਕੇ. ਨੇ ਸਿੱਖ ਭਾਵਨਾਵਾਂ ਦੇ ਸਨਮਾਨ ਤੇ ਗੁਰੂ ਨਾਨਕ ਦੇਵ ਦੇ ਆ ਰਹੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਨਾਲ ਜੋੜਿਆ। ਜੀ.ਕੇ. ਨੇ ਕਿਹਾ ਕਿ ਸਿੱਖ ਘੱਟ ਗਿਣਤੀ ਹਨ, ਇਸ ਕਰ ਕੇ ਸਰਕਾਰ ਨੂੰ ਤੁਰਤ ਕੌਮੀ ਘੱਟ ਗਿਣਤੀ ਕਮਿਸ਼ਨ 'ਚ ਖਾਲੀ ਪਏ ਸਿੱਖ ਮੈਂਬਰ ਦੇ ਅਹੁਦੇ ਨੂੰ ਭਰਨਾ ਚਾਹੀਦਾ ਹੈ। ਜੀ.ਕੇ. ਨੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਮਾਂ-ਬੋਲੀ ਪੰਜਾਬੀ ਨਾਲ ਕੀਤੇ ਜਾ ਰਹੇ ਧੱਕੇ ਨੂੰ ਮਤਰੇਈ ਮਾਂ ਜਿਹੇ ਵਿਵਹਾਰ ਦੇ ਤੌਰ 'ਤੇ ਪਰਿਭਾਸ਼ਤ ਕੀਤਾ।

## ਅਨੰਦਪੁਰ ਸਾਹਿਬ ਮਤੇ ਲਈ ਚਿਤਾਵਨੀ ਮਾਰਚ

**ਅੰਮ੍ਰਿਤਸਰ:** ਯੂਨਾਈਟਿਡ ਅਕਾਲੀ ਦਲ ਨੇ ਧਰਮ ਯੁੱਧ ਮੋਰਚੇ ਦੀ 35ਵੀਂ ਵਰ੍ਹੇਗੰਢ ਮੌਕੇ ਆਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਾਉਣ ਲਈ ਅਕਾਲ ਤਖਤ ਵਿਖੇ ਅਰਦਾਸ ਕਰ ਕੇ ਚਿਤਾਵਨੀ ਮਾਰਚ ਕੱਢਿਆ। ਉਨ੍ਹਾਂ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ 1973 ਵਿਚ ਪਾਸ ਕੀਤੇ ਆਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਨ ਦੀ ਮੰਗ ਕੀਤੀ। ਇਸ ਮੌਕੇ ਭਾਈ ਮੋਹਕਮ ਸਿੰਘ ਨੇ ਆਖਿਆ ਕਿ ਦੇਸ਼ ਵੰਡ ਵੇਲੇ ਸਿੱਖਾਂ ਨਾਲ ਕਈ ਵਾਅਦੇ ਕੀਤੇ ਗਏ ਸਨ, ਪਰ ਕੋਈ ਪੂਰਾ ਨਹੀਂ ਹੋਇਆ। ਇਸੇ ਲਈ 35 ਸਾਲ ਪਹਿਲਾਂ 1973 ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਦਮਦਮੀ ਟਕਸਾਲ ਨੇ ਪੰਜਾਬ ਦੀਆਂ ਮੰਗਾਂ ਸਬੰਧੀ ਇਕ ਦਸਤਾਵੇਜ਼ ਤਿਆਰ ਕੀਤਾ ਸੀ, ਜਿਸ ਨੂੰ ਆਨੰਦਪੁਰ ਸਾਹਿਬ ਮਤੇ ਦਾ ਨਾਂ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਇਸ ਦੀ ਪ੍ਰਾਪਤੀ ਲਈ ਸ਼ਾਂਤਮਈ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜੇ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਆਨੰਦਪੁਰ ਮਤੇ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ, ਸਿੱਖ ਬੰਦੀਆਂ ਨੂੰ ਰਿਹਾਅ ਕੀਤਾ ਜਾਵੇ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਛੇਤੀ ਗ੍ਰਿਫਤਾਰ ਕੀਤਾ ਜਾਵੇ।

## ਸ਼੍ਰੋਮਣੀ ਕਮੇਟੀ ਵੱਲੋਂ ਪੀਲੀਭੀਤ ਦੇ ਪੀੜਤਾਂ ਨੂੰ ਮਾਲੀ ਮਦਦ

**ਅੰਮ੍ਰਿਤਸਰ:** ਪੀਲੀਭੀਤ ਜੇਲ੍ਹ ਵਿਚ 1994 ਵਿਚ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਬਣਾਏ ਸਿੱਖਾਂ ਵਿਚੋਂ ਅਪਾਹਜ ਹੋਏ ਚਾਰ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 50-50 ਹਜ਼ਾਰ ਰੁਪਏ ਦੀ ਮਾਲੀ ਮਦਦ ਦੇ ਚੈੱਕ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਘਟਨਾ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਸੀ। ਦੱਸਣਯੋਗ ਹੈ ਕਿ 8 ਅਤੇ 9 ਨਵੰਬਰ 1994 ਦੀ ਦਰਮਿਆਨੀ ਰਾਤ ਨੂੰ ਪੀਲੀਭੀਤ ਜੇਲ੍ਹ ਵਿਚ ਬੰਦ ਸਿੱਖ ਕੈਦੀਆਂ 'ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਸੀ, ਜਿਸ ਕਾਰਨ ਸੱਤ ਸਿੱਖਾਂ ਦੀ ਮੌਤ ਹੋ ਗਈ ਸੀ ਅਤੇ 21 ਗੰਭੀਰ ਜ਼ਖ਼ਮੀ ਹੋਏ ਸਨ। ਇਨ੍ਹਾਂ ਵਿਚੋਂ ਕਈ ਅਪਾਹਜ ਹੋ ਗਏ ਹਨ।

# ਕਾਨਪੁਰ ਵਿਚ 127 ਸਿੱਖਾਂ ਦੇ ਕਤਲ ਬਾਰੇ ਸਰਕਾਰ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਯੂ.ਪੀ. ਦੇ ਕਾਨਪੁਰ ਵਿਚ ਮਾਰੇ ਗਏ 127 ਸਿੱਖਾਂ ਦੇ ਮਾਮਲੇ ਵਿਚ ਕੇਂਦਰ ਤੇ ਯੂ.ਪੀ. ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਭੋਗਲ ਵੱਲੋਂ ਦਾਇਰ ਲੋਕਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਬੈਂਚ ਨੇ ਉਕਤ ਆਦੇਸ਼ ਦਿੱਤਾ ਹੈ।



ਅਦਾਲਤ ਨੇ ਸਿੱਖ ਕਤਲੇਆਮ ਨਾਲ ਸਬੰਧਤ ਤਿੰਨ ਮਾਮਲਿਆਂ 'ਤੇ ਸੁਣਵਾਈ ਦੌਰਾਨ ਪੀੜਤ ਪੱਖ ਦੇ ਵਕੀਲਾਂ ਦੀ ਦਲੀਲਾਂ ਨੂੰ ਧਿਆਨ ਨਾਲ ਸੁਣਿਆ। ਕਮੇਟੀ ਪ੍ਰਧਾਨ ਜੀ.ਕੇ. ਨੇ ਦੱਸਿਆ ਕਿ 1984 ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿਚ ਮਾਰੇ ਗਏ 127 ਸਿੱਖਾਂ ਸਣੇ ਲੁੱਟ ਤੇ ਅੱਗਜ਼ਨੀ ਦੇ ਹਜ਼ਾਰਾਂ ਮਾਮਲਿਆਂ 'ਚ 2800 ਤੋਂ ਵੱਧ ਐਫ.ਆਈ.ਆਰ. ਯੂ.ਪੀ. 'ਚ ਦਰਜ ਹੋਈਆਂ ਸਨ ਪਰ ਜ਼ਿਆਦਾਤਰ ਐਫ.ਆਈ.ਆਰ. ਨੂੰ ਯੂ.ਪੀ. ਪੁਲਿਸ ਨੇ ਖੁਦ ਹੀ ਬੰਦ ਕਰ ਦਿੱਤਾ ਸੀ। ਜੀ.ਕੇ. ਨੇ ਦੱਸਿਆ ਕਿ ਥਾਣਾ ਬਜਰਿਆਂ ਤੇ ਨਜ਼ੀਰਾਬਾਦ 'ਚ ਦਰਜ਼ ਹੋਈਆਂ ਕੁਝ ਐਫ.ਆਈ.ਆਰ. ਨੂੰ ਮੁੜ ਖੋਲ੍ਹਣ ਤੇ ਮਾਮਲਿਆਂ ਦੀ ਪੜਤਾਲ ਐਸ.ਆਈ.ਟੀ. ਜਾਂ ਸੀ.ਬੀ.ਆਈ. ਤੋਂ ਕਰਵਾਉਣ ਦੀ ਕਮੇਟੀ ਨੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਸੀ। ਯੂ.ਪੀ. ਪੁਲਿਸ ਦੀ ਇਸ ਮਸਲੇ 'ਤੇ ਢਿੱਲੀ ਕਾਰਗੁਜ਼ਾਰੀ ਦਾ ਹਵਾਲਾ ਦਿੰਦੇ ਹੋਏ ਕਮੇਟੀ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਯੂ.ਪੀ. ਦੇ ਮੁੱਖ ਮੰਤਰੀ ਨੂੰ ਅਕਾਲੀ ਦਲ ਦੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਮਾਰਫਤ ਪੱਤਰ ਵੀ ਭੇਜੇ ਗਏ ਸਨ ਪਰ ਕੋਈ ਕਾਰਵਾਈ ਨਾ ਹੋਣ ਕਰ ਕੇ ਸੁਪਰੀਮ ਕੋਰਟ ਜਾਣਾ ਪਿਆ। ਜੀ.ਕੇ. ਨੇ ਹਰ ਹਾਲਤ ਵਿਚ ਕਾਤਲਾਂ ਖਿਲਾਫ਼ ਲੜਾਈ ਜਾਰੀ ਰੱਖਣ ਦਾ ਆਪਣਾ ਟੀਚਾ ਦੁਹਰਾਉਂਦੇ ਹੋਏ ਕਾਨਪੁਰ ਦੇ ਕਾਤਲਾਂ ਨੂੰ ਛੇਤੀ ਸਜ਼ਾਵਾਂ ਮਿਲਣ ਦੀ ਆਸ ਜਤਾਈ।


## ਰਿਜ਼ਰਵ ਬੈਂਕ ਨੇ ਵਿਆਜ ਦਰ ਘਟਾਈ

**ਮੁੰਬਈ:** ਰਿਜ਼ਰਵ ਬੈਂਕ ਨੇ ਆਪਣੀ ਮੁੱਖ ਵਿਆਜ ਦਰ ਵਿਚ 0.25 ਫੀਸਦੀ ਦੀ ਕਟੌਤੀ ਕੀਤੀ ਹੈ। ਪਿਛਲੇ ਦਸ ਮਹੀਨਿਆਂ ਵਿਚ ਹੋਈ ਇਸ ਪਹਿਲੀ ਕਟੌਤੀ ਨਾਲ ਇਹ ਦਰ ਹੁਣ ਸੱਤ ਸਾਲਾਂ ਦੇ ਆਪਣੇ ਸਭ ਤੋਂ ਹੇਠਲੇ ਪੱਧਰ ਛੇ ਫੀਸਦੀ ਉਤੇ ਪੁੱਜ ਗਈ। ਇਸ ਕਦਮ ਨਾਲ ਹੁਣ ਘਰ, ਕਾਰ ਅਤੇ ਹੋਰ ਕਰਜ਼ਿਆਂ ਉਤੇ ਵਿਆਜ ਦਰਾਂ ਘਟਣ ਅਤੇ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਮਿਲਣ ਦੀ ਸੰਭਾਵਨਾ ਹੈ।

ਘੱਟ ਮਹਿੰਗਾਈ ਦਰ ਅਤੇ ਆਪਣੇ ਨਿਰਪੱਖ ਨੀਤੀਗਤ ਰੁਖ ਦੀ ਮਿਸਾਲ ਦਿੰਦਿਆਂ ਆਰ.ਬੀ.ਆਈ. ਨੇ ਮੁੱਖ ਵਿਆਜ ਦਰ 'ਰੈਪੋ ਰੇਟ' (ਜਿਸ ਦਰ ਉਤੇ ਉਹ ਦੂਜੇ ਬੈਂਕਾਂ ਨੂੰ ਕਰਜ਼ਾ ਦਿੰਦਾ ਹੈ) 6.25 ਫੀਸਦੀ ਤੋਂ ਘਟਾ ਕੇ 6 ਫੀਸਦੀ ਕਰ ਦਿੱਤੀ। ਇਸ ਕਦਮ ਦੀ ਕਾਫੀ ਦੇਰ ਤੋਂ ਸੰਭਾਵਨਾ ਸੀ। ਇਹ ਵਿਆਜ ਦਰ ਹੁਣ ਆਪਣੇ ਨਵੰਬਰ 2010 ਵਾਲੇ ਪੱਧਰ ਉਤੇ ਆ ਗਈ।

# ਜਲ੍ਹਿਆਂਵਾਲਾ ਬਾਗ ਵਿਚ ਟੈਗੋਰ ਦਾ ਬੁੱਤ ਲਾਉਣ ਦੀ ਮੰਗ

**ਨਵੀਂ ਦਿੱਲੀ:** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਅੰਮ੍ਰਿਤਸਰ ਦੀ ਜਲ੍ਹਿਆਂਵਾਲਾ ਬਾਗ ਯਾਦਗਾਰ ਵਿਚ ਰਬਿੰਦਰਨਾਥ ਟੈਗੋਰ ਦਾ ਬੁੱਤ ਫੌਰੀ ਸਥਾਪਤ ਕਰਨ ਦੀ ਮੰਗ ਕੀਤੀ ਹੈ। ਪਾਰਟੀ ਨੇ ਕਿਹਾ ਕਿ ਨੋਬੇਲ ਪੁਰਸਕਾਰ ਜੇਤੂ ਟੈਗੋਰ ਨੇ 1919 ਦੇ ਜਲ੍ਹਿਆਂਵਾਲਾ ਬਾਗ ਕਤਲੇਆਮ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਮਿਲੀ ਨਾਈਟਹੁੱਡ ਦੀ ਉਪਾਧੀ ਨੂੰ ਮੋੜ ਦਿੱਤਾ ਸੀ, ਲਿਹਾਜ਼ਾ ਸਰਕਾਰ ਟੈਗੋਰ ਦੇ ਸਨਮਾਨ ਵਜੋਂ ਉਨ੍ਹਾਂ ਦਾ ਬੁੱਤ ਇਥੇ ਫੌਰੀ ਲਾਏ।



ਰੀਟਾਬ੍ਰਤ ਬੈਨਰਜੀ ਨੇ ਰਾਜ ਸਭਾ ਵਿਚ ਸਿਫਰ ਕਾਲ ਦੌਰਾਨ ਕਿਹਾ, 'ਮੈਂ ਇਹ ਮੰਗ ਅਜਿਹੇ ਸਮੇਂ ਰੱਖ ਰਹੀ ਹਾਂ ਜਦੋਂ ਟੈਗੋਰ ਦੀਆਂ ਕਦੇ ਨਾ ਮਿਟਣ ਵਾਲੇ ਸਦੀਵੀ ਵਿਚਾਰਾਂ 'ਤੇ ਪਾਬੰਦੀ ਲਾਏ ਜਾਣ ਦੀਆਂ ਬੇਸਿਰ ਪੈਰ ਦੀਆਂ ਮੰਗਾਂ ਉਠ ਰਹੀਆਂ ਹਨ।' ਸਦਨ ਵਿਚ ਇਹ ਮੁੱਦਾ ਚੁੱਕਦਿਆਂ ਬੈਨਰਜੀ ਨੇ ਕਿਹਾ ਕਿ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿਚ ਬਰਤਾਨਵੀ ਪੁਲਿਸ ਵੱਲੋਂ ਕੀਤੀ ਗੋਲੀਬਾਰੀ 'ਚ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ। ਸੀ.ਪੀ.ਆਈ.ਐਮ ਮੈਂਬਰ ਨੇ ਕਿਹਾ ਕਿ ਇਸ ਘਟਨਾ ਤੋਂ ਫੌਰੀ ਬਾਅਦ ਟੈਗੋਰ ਨੇ ਨਾਈਟਹੁੱਡ ਦੀ ਉਪਾਧੀ ਮੋੜ ਦਿੱਤੀ। ਟੈਗੋਰ ਨੂੰ ਇਹ ਸਨਮਾਨ ਬਰਤਾਨਵੀ ਹਕੂਮਤ ਵੱਲੋਂ 1915 ਵਿਚ ਸਿਖਰਲੇ ਵਹਿਸ਼ੀਪੁਣੇ ਖਿਲਾਫ਼ ਚੁੱਕੀ ਆਵਾਜ਼ ਲਈ ਦਿੱਤਾ ਗਿਆ ਸੀ। ਬੈਨਰਜੀ ਨੇ ਕਿਹਾ ਜਲ੍ਹਿਆਂਵਾਲਾ ਬਾਗ ਯਾਦਗਾਰ ਵਿਚ ਟੈਗੋਰ ਨੂੰ ਮਾਣ ਵਜੋਂ ਕੋਈ ਢੁਕਵੀਂ ਥਾਂ ਨਾ ਮਿਲਣਾ ਸਭ ਤੋਂ ਮੰਦਭਾਗਾ ਹੈ।

# ਸ਼੍ਰੋਮਣੀ ਕਮੇਟੀ ਨੂੰ ਹੁਣ ਮੁੱਖ ਸਕੱਤਰ ਦਾ ਅਹੁਦਾ ਗੈਰ ਸੰਵਿਧਾਨਕ ਲੱਗਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਸਕੱਤਰ ਦਾ ਅਹੁਦਾ ਖਤਮ ਕਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ 1925 ਵਿਚ ਸ਼੍ਰੋਮਣੀ ਕਮੇਟੀ ਦੇ ਦਰਜ ਸੇਵਾ ਨਿਯਮਾਂ ਵਿਚ ਮੁੱਖ ਸਕੱਤਰ ਨਾਂ ਦਾ ਕੋਈ ਅਹੁਦਾ ਨਹੀਂ ਹੈ। ਸੰਵਿਧਾਨਕ ਤੌਰ ਉਤੇ ਇਸ ਅਹੁਦੇ ਨੂੰ ਕੋਈ ਮਾਨਤਾ ਨਹੀਂ ਹੈ ਅਤੇ ਸਿੱਖ ਸੰਸਥਾ ਕਾਨੂੰਨ ਨੂੰ ਮੰਨਣ ਲਈ ਪਾਬੰਦ ਹੈ।



ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨ ਦੀ ਉਲੰਘਣਾ ਕਰ ਕੇ ਕੋਈ ਨਵਾਂ ਅਹੁਦਾ ਨਹੀਂ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਮਰਹੂਮ ਗੁਰਚਰਨ ਸਿੰਘ ਟੌਹੜਾ ਵੇਲੇ ਮਨਜੀਤ ਸਿੰਘ ਕਲਕੱਤਾ ਨੂੰ ਮੁੱਖ ਸਕੱਤਰ ਬਣਾਇਆ ਗਿਆ ਸੀ ਅਤੇ ਹੁਣ 2015 ਵਿਚ ਹਰਚਰਨ ਸਿੰਘ ਨੂੰ ਮੁੱਖ ਸਕੱਤਰ ਬਣਾਇਆ ਗਿਆ ਸੀ।


ਉਨ੍ਹਾਂ ਸਪੱਸ਼ਟ ਕੀਤਾ ਕਿ ਹਰਚਰਨ ਸਿੰਘ ਦੇ ਅਸਤੀਫੇ ਤੋਂ ਬਾਅਦ ਇਸ ਅਹੁਦੇ ਨੂੰ ਵੀ ਖਤਮ ਕਰਨ ਦਾ ਫੈਸਲਾ ਕੀਤਾ ਹੈ। ਸੰਵਿਧਾਨਕ ਤੌਰ 'ਤੇ ਸੰਸਥਾ ਦਾ ਸਕੱਤਰ ਹੀ ਪ੍ਰਸ਼ਾਸਨਿਕ ਮੁਖੀ ਹੁੰਦਾ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਕੋਲ ਉਚ ਯੋਗਤਾ ਪ੍ਰਾਪਤ ਸਕੱਤਰ ਹਨ, ਜੋ ਸਿੱਖ ਸੰਸਥਾ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਸਮਰੱਥ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਹਰਚਰਨ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

# ਸਿੱਖ ਪਰਿਵਾਰ 'ਤੇ ਹਮਲੇ ਵਿਚ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਉਤੇ ਸਵਾਲ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬੰਗਲੌਰ ਦੇ ਪ੍ਰਸ਼ਾਸਨ ਨੂੰ ਆਖਿਆ ਹੈ ਕਿ ਸੇਵਾ ਮੁਕਤ ਕਰਨਲ ਆਰ.ਐਸ. ਉਪਲ ਦੇ ਪਰਿਵਾਰ ਦੀ ਕੁੱਟਮਾਰ ਤੇ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਆਈ.ਪੀ.ਸੀ. ਦੀ ਧਾਰਾ 307 ਤੇ 295 (ਏ) ਤਹਿਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਤੇ ਬੰਗਲੌਰ ਦੀਆਂ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਪੀੜਤ ਸਿੱਖ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਢੁਕਵੀਂ ਕਾਰਵਾਈ ਕਰਨ।

ਇਸ ਪਰਿਵਾਰ ਵੱਲੋਂ ਅਕਾਲ ਤਖਤ ਦੇ ਜਥੇਦਾਰ ਨੂੰ ਇਕ ਚਿੱਠੀ ਭੇਜ ਕੇ ਨਿਆਂ ਦਿਵਾਉਣ ਦੀ ਅਪੀਲ ਕੀਤੀ ਗਈ ਹੈ। ਕਰਨਲ ਉਪਲ ਨੇ ਕੁਝ ਸਥਾਨਕ ਲੋਕਾਂ 'ਤੇ ਦੋਸ਼ ਲਾਏ ਹਨ ਕਿ ਉਹ ਧੱਕੇ ਨਾਲ ਉਨ੍ਹਾਂ ਦੀ ਜਾਇਦਾਦ ਖਰੀਦਣਾ ਚਾਹੁੰਦੇ ਹਨ। ਇਸੇ ਕਾਰਨ ਉਨ੍ਹਾਂ ਦੇ ਪਰਿਵਾਰ 'ਤੇ ਜਾਨ ਲੇਵਾ ਹਮਲਾ ਕੀਤਾ ਗਿਆ। ਕਰਨਲ ਉਪਲ ਸਮੇਤ ਉਸ ਦੇ ਪੁੱਤਰ ਹਰਮੀਤ ਸਿੰਘ ਅਤੇ ਹਰਪ੍ਰੀਤ ਸਿੰਘ ਦੀ ਵੀ ਕੁੱਟਮਾਰ ਕੀਤੀ ਗਈ ਤੇ ਉਨ੍ਹਾਂ ਦੇ ਕੇਸਾਂ ਦੀ ਵੀ ਬੇਅਦਬੀ ਕੀਤੀ ਗਈ ਹੈ।

ਜਥੇਦਾਰ ਗੁਰਬਚਨ ਸਿੰਘ ਨੇ ਆਖਿਆ ਕਿ ਉਥੋਂ ਦੇ ਪ੍ਰਸ਼ਾਸਨ ਨੇ ਇਸ ਮਾਮਲੇ ਵਿਚ ਮੁਲਜ਼ਮਾਂ ਖਿਲਾਫ਼ ਤਸੱਲੀਬਖਸ਼ ਕਾਰਵਾਈ ਨਹੀਂ ਕੀਤੀ ਹੈ। ਮਾਮੂਲੀ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ ਤੇ ਮੁਲਜ਼ਮਾਂ ਦੀ ਜ਼ਮਾਨਤ ਵੀ ਹੋ ਗਈ ਹੈ।



## ਕੈਪਟਨ ਨੇ ਕਰਨਾਟਕ ਦੇ ਮੁੱਖ ਮੰਤਰੀ ਕੋਲ ਚੁੱਕਿਆ ਮੁੱਦਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਨਾਟਕ ਦੇ ਮੁੱਖ ਮੰਤਰੀ ਸਿਧਰਮੱਈਆ ਨਾਲ ਫੋਨ 'ਤੇ ਗੱਲਬਾਤ ਕਰ ਕੇ ਸਿੱਖ ਪਰਿਵਾਰ 'ਤੇ ਹਮਲੇ ਸਬੰਧੀ ਨਿਆਂ ਯਕੀਨੀ ਬਣਾਉਣ ਲਈ ਦਖਲ ਦੇਣ ਦੀ ਮੰਗ ਕੀਤੀ ਹੈ। ਕੈਪਟਨ ਨੇ ਆਪਣੇ ਹਮਰੁਤਬਾ ਨਾਲ ਸਾਬਕਾ ਫੌਜੀ ਅਫਸਰ ਕਰਨਲ ਆਰ.ਐਸ. ਉਪਲ ਦੇ ਪਰਿਵਾਰਕ ਮੈਂਬਰਾਂ 'ਤੇ ਹਮਲੇ ਬਾਰੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਨੇ ਪਰਿਵਾਰ ਨੂੰ ਸੁਰੱਖਿਆ ਦੇਣ ਵਾਸਤੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਅਤੇ ਅਪਰਾਧੀਆਂ ਨੂੰ ਤੁਰਤ ਗ੍ਰਿਫਤਾਰ ਕਰ ਕੇ ਲਈ ਪੁਲਿਸ ਨੂੰ ਨਿਰਦੇਸ਼ ਦੇਣ ਵਾਸਤੇ ਆਖਿਆ।

# 'ਦੋਆਬੇ ਦਾ ਮਾਣ' ਕਬੱਡੀ ਖਿਡਾਰੀ ਸੁਰਿੰਦਰ ਸਿੰਘ ਅਟਵਾਲ

ਜਦੋਂ ਦੋਆਬੇ ਦੇ ਪਿੰਡਾਂ 'ਚ ਕਬੱਡੀ ਦੀ ਗੱਲ ਚੱਲਦੀ ਹੈ ਤਾਂ ਪਿੰਡ ਬਹਿਰਾਮ ਨਾਂ ਮੱਲੋਮੱਲੀ ਜ਼ੁਬਾਨ 'ਤੇ ਆ ਜਾਂਦੈ। ਇਸ ਪਿੰਡ ਨੇ ਕਈ ਨਾਮੀ ਕਬੱਡੀ ਖਿਡਾਰੀ ਸਾਡੀ ਝੋਲੀ ਪਾਏ ਹਨ, ਜਿਨ੍ਹਾਂ 'ਚੋਂ ਸੁਰਿੰਦਰ ਸਿੰਘ ਅਟਵਾਲ, ਜਿਸ ਨੂੰ ਪਿਆਰ ਨਾਲ ਸ਼ਿੰਦਾ ਅਟਵਾਲ ਜਾਂ ਸ਼ਿੰਦਾ ਬਹਿਰਾਮ ਵੀ ਕਿਹਾ ਜਾਂਦਾ ਸੀ, ਇਕ ਹੈ। ਸ਼ਿੰਦੇ ਅਟਵਾਲ ਦਾ ਸਕੂਲਾਂ ਤੇ ਕਾਲਜਾਂ ਸਮੇਂ ਆਪਣਾ ਖੇਡ-ਰੰਗ ਸੀ। ਜਿਧਰ ਜਾਂਦਾ 'ਸ਼ਿੰਦਾ, ਸ਼ਿੰਦਾ' ਹੋਈ ਜਾਂਦੀ। ਇਹ ਗੱਲ 1972-73 ਦੀ ਹੈ।

ਉਸ ਨੇ ਪੰਜਾਬ ਚੈਂਪੀਅਨਸ਼ਿਪ 1972, 73 ਤੇ 74 ਲਗਾਤਾਰ ਜਿੱਤੀ। 1974 'ਚ ਜਗਤਪੁਰ ਸਟੇਡੀਅਮ ਵਿਚ ਜਿਲ੍ਹਿਆਂ ਦੇ ਮੈਚਾਂ ਵਿਚ ਵੱਡੀ ਜਿੱਤ ਪ੍ਰਾਪਤ ਕੀਤੀ। ਜਲੰਧਰ, ਕੋਟਲੀ ਥਾਨ ਸਿੰਘ ਤੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ, ਦਸੂਹੇ, ਬਠਿੰਡੇ ਤੇ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ 'ਚ ਖੇਡ ਦੀ ਧਾਕ ਜਮਾਈ।



**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਸੋਹਣਾ-ਸੁਨੱਖਾ, ਗੋਰਾ ਰੰਗ, ਮੋਟੇ ਮੋਟੇ ਪੱਟ, ਚੌੜੀ ਛਾਤੀ ਤੇ ਫਰਕਦੇ ਡੌਲਿਆਂ ਵਾਲਾ ਸ਼ਿੰਦਾ ਜਾਫੀ ਤੇ ਰੇਡਰ-ਦੋਵੇਂ ਪਾਸੇ ਚਲਦਾ। ਜਦੋਂ ਉਹ ਖੇਡ ਮੈਦਾਨ ਵਿਚ ਜਾਂਦਾ ਤਾਂ ਧਰਤੀ ਮਾਂ ਨੂੰ ਪਤਾ ਲੱਗ ਜਾਂਦਾ, ਕੋਈ ਮਾਈ ਦਾ ਲਾਲ ਸ਼ੂਕਦਾ ਆ ਰਿਹੈ। ਸਾਹ ਪਾਉਣ ਜਾਂਦਾ ਤਾਂ ਜਾਫੀਆਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ। ਹੱਥ ਲਾ ਕੇ ਜਾਫੀਆਂ ਨੂੰ ਧੱਕਦਾ ਔਹ ਜਾਂਦਾ, ਔਹ ਜਾਂਦਾ। ਫੜ੍ਹਨ ਖੜ੍ਹਦਾ ਤਾਂ ਬੜੇ ਬੜੇ ਰੇਡਰਾਂ ਨੂੰ ਥੰਮ੍ਹ ਲੈਂਦਾ।

ਸ਼ਿੰਦੇ ਦਾ ਜਨਮ ਉਸ ਘਰ ਹੋਇਆ ਜਿਥੇ ਪਿਤਾ-ਪੁਰਖਿਆਂ ਨੂੰ ਖੇਡਾਂ ਦਾ ਸ਼ੌਕ ਸੀ। ਬਾਪ-ਦਾਦੇ ਨੇ ਬੜੇ ਸ਼ੌਕ ਨਾਲ ਪਾਲਿਆ ਤੇ ਤਿਆਰ ਕੀਤਾ। ਪਾਕਿਸਤਾਨ ਤੋਂ ਆਇਆ ਬਾਬਾ ਬੰਤਾ ਸਿੰਘ ਆਪਣੇ ਸਮੇਂ ਦਾ ਵਧੀਆ ਕਬੱਡੀ ਖਿਡਾਰੀ ਤੇ ਭਾਰ ਚੁੱਕਣ ਦਾ ਮਾਹਰ ਸੀ। ਪਿਤਾ ਸ. ਪਿਆਰਾ ਸਿੰਘ ਅਟਵਾਲ ਖਾਲਸਾ ਕਾਲਜ ਜਲੰਧਰ ਦੇ ਮਸ਼ਹੂਰ ਕਬੱਡੀ ਖਿਡਾਰੀ ਤੇ ਵੇਟ ਲਿਫਟਰ ਰਹੇ ਹਨ ਤੇ ਆਪਣੇ ਜ਼ਮਾਨੇ ਦੇ ਭਾਰਤੀ ਚੈਂਪੀਅਨ ਸੋਹਣ ਸਿੰਘ ਬੀ.ਏ. ਨਾਲ ਖੇਡੇ। ਇਸੇ ਪਿੰਡ ਦੇ ਬਲਕਾਰ, ਅਮਰੀਕ ਤੇ ਮੱਖਣ ਨਾਮਵਰ ਤਕੜੇ ਖਿਡਾਰੀ ਹੋਏ ਹਨ ਜਦਕਿ ਮੀਤਾ ਤੇ ਕਾਟੂ ਪਿੰਡਾਂ ਦੇ ਖੇਡ ਮੇਲਿਆਂ ਅਤੇ ਓਪਨ ਮੈਚਾਂ ਦੇ ਨਾਮਵਰ ਖਿਡਾਰੀ ਹੁੰਦੇ ਸਨ। ਪਿਆਰਾ ਸਿੰਘ ਤੋਂ ਇਲਾਵਾ ਜੀਤ, ਚਰਨ, ਚਮਕੌਰ ਤੇ ਸੱਤੋ ਪੁਰਾਣੇ ਖਿਡਾਰੀ ਹੋਏ।

ਸ਼ਿੰਦਾ ਛੇਵੀਂ ਤੋਂ ਅੱਠਵੀਂ ਤੱਕ ਫਰਾਲੇ ਪੜ੍ਹਿਆ। ਉਪਰੰਤ 1968 ਵਿਚ ਖਾਲਸਾ ਸਕੂਲ ਬੰਗਾ ਜਾ ਦਾਖਲ ਹੋਇਆ। ਉਥੇ ਟ੍ਰਿਪਲ ਜੰਪ, ਲੌਂਗ ਜੰਪ, ਹਾਈ ਜੰਪ, ਸ਼ਾਟ ਪੁੱਟ ਤੇ 100, 200, 400 ਮੀਟਰ ਰੇਸ ਤੋਂ ਇਲਾਵਾ ਕਬੱਡੀ 'ਚ ਵਾਹਵਾ ਨਾਂ ਕਮਾਇਆ। ਘਰ ਦਾ ਰੋਟੀ-ਪਾਣੀ ਵਧੀਆ ਚਲਦਾ ਸੀ। ਰੋਜ ਸ਼ਾਮ ਨੂੰ ਗਰਾਊਂਡ ਜਾ ਕੇ ਕਬੱਡੀ ਖੇਡਣੀ ਤੇ ਘਰ ਵੇਟ ਚੁੱਕਣ ਦੀ ਪ੍ਰੈਕਟਿਸ ਕਰਨੀ। ਮਿਹਨਤ ਕਰਕੇ ਸਰੀਰ ਕਮਾਇਆ। ਹਰ ਪਾਸੇ ਮੱਲਾਂ ਮਾਰਦਾ ਚਲਿਆ ਗਿਆ ਤੇ ਸਕੂਲ ਦਾ ਬੈਸਟ ਰੇਡਰ ਚੁਣਿਆ ਗਿਆ। ਜਦੋਂ ਉਹ ਸਕੂਲਾਂ ਵਿਚੋਂ ਪੰਜਾਬ ਖੇਡ ਕੇ ਆਇਆ ਤਾਂ ਹਰ ਪਾਸੇ ਬੱਲੇ ਬੱਲੇ ਸੀ।

ਦਸਵੀਂ 'ਚ ਖਾਲਸਾ ਸਕੂਲ ਪੜ੍ਹਦਾ ਪੜ੍ਹਦਾ ਉਹ ਜਗਤਪੁਰ ਸਟੇਡੀਅਮ ਵਿਚ ਜਿਲ੍ਹਿਆਂ ਦੇ ਮੈਚ ਖੇਡਣ ਗਿਆ, ਜੋ ਮਾਣ ਵਾਲੀ ਗੱਲ ਸੀ। ਉਥੇ ਦੂਰੋਂ ਦੂਰੋਂ ਖਿਡਾਰੀ ਆਏ ਤੇ ਖਿਡਾਰੀਆਂ ਦੀ ਤਾਕਤ ਵੇਖਣ ਲਈ ਖਿਚਣ ਵਾਸਤੇ ਸਪਰਿੰਗ ਰੱਖੇ ਹੋਏ ਸਨ। ਦੂਜੇ ਖਿਡਾਰੀਆਂ ਕੋਲੋਂ ਮੁਸ਼ਕਿਲ ਨਾਲ ਉਹ ਸਪਰਿੰਗ ਖਿਚ ਹੋਏ ਪਰ ਜਦੋਂ ਸ਼ਿੰਦੇ ਦੀ ਵਾਰੀ ਆਈ ਤਾਂ ਉਸ ਨੇ ਬੜੇ ਆਰਾਮ ਨਾਲ ਸਪਰਿੰਗ ਖਿੱਚ ਗਿਆ।

ਖਾਲਸਾ ਸਕੂਲ ਖਤਮ ਕਰਕੇ ਉਹਨੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਦਾਖਲਾ ਲੈ ਲਿਆ। ਕਾਲਜ ਵਿਚ ਤਿੰਨ ਸਾਲ ਡਟ ਕੇ ਕਬੱਡੀ ਖੇਡੀ ਅਤੇ ਸਾਲ 1971, 72 ਤੇ 73 ਦਾ ਬੈਸਟ ਰੇਡਰ ਐਲਾਨਿਆ ਗਿਆ। ਕਾਲਜ ਦੇ ਇਸ ਮਹਿਬੂਬ ਖਿਡਾਰੀ ਨੂੰ ਸਭ ਤੋਂ ਬੜਾ ਪਿਆਰ ਮਿਲਿਆ।

1972 ਤੋਂ 74 ਤੱਕ ਅਨੰਦਪੁਰ ਸਾਹਿਬ ਮੇਲੇ 'ਤੇ ਬੈਸਟ ਰੇਡਰ ਆਉਂਦਾ ਰਿਹਾ। ਕਸ਼ਮੀਰਾ ਰਾਏਪੁਰ ਡੱਬਾ, ਮੋਹਣੀ ਰਾਏਪੁਰ ਡੱਬਾ, ਕੁਲਦੀਪ ਹਰੀਪੁਰ, ਦਾਲੀ ਸ਼ੰਕਰ, ਘੁੱਗਾ ਸ਼ੰਕਰ ਤੇ ਮੋਹਣਾ ਸਾਥੀ ਖਿਡਾਰੀ ਸਨ। ਫਾਈਨਲ ਮੈਚ ਦਸੂਹੇ ਨਾਲ ਹੋਇਆ। ਕਿਲ੍ਹਾ ਰਾਏਪੁਰ, ਜਗਰਾਵਾਂ, ਹੁਸ਼ਿਆਰਪੁਰ, ਤਲਵਣ ਤੇ ਅਨੇਕਾਂ ਹੋਰ ਥਾਂਵਾਂ 'ਤੇ ਮੈਚ ਖੇਡੇ।

ਉਹਨੇ ਨਾਮੀ ਖਿਡਾਰੀਆਂ-ਨਡਾਲੇ ਵਾਲਾ ਪ੍ਰੀਤਾ (ਆਇਆ ਪ੍ਰੀਤਾ, ਗਿਆ ਪ੍ਰੀਤਾ), ਸੰਕਰੀਆ ਘੁੱਗ, ਪੱਤੜੀਆ ਬੋਲਾ, ਪਾਲਾ ਸ਼ੰਕਰ, ਮਨਸਾ ਸ਼ਾਹਕੋਟ, ਮਨਸਾ ਲੋਹੀਆਂ, ਸੋਹਣਾ ਕੋਚ, ਗੁਰਜੀਤ ਪੁਰੇਵਾਲ, ਲਹਿੰਬੀ ਹਕੀਮਪੁਰ, ਮੱਖਣ ਪੁਆਧੜਾ, ਗੀਰਾ ਮੁਕੰਦਪੁਰ, ਬਲਵਿੰਦਰ ਫਿੱਡਾ, ਸ਼ਿਵਦੇਵ, ਚੱਕਾਂ ਵਾਲਾ ਕਮਲ ਪੰਡਿਤ, ਖਟਕੜਾਂ ਦੇ ਭਰਾ ਪੱਪੂ ਤੇ ਬਿੱਲੂ, ਹਰੀ ਮੱਲਪੁਰ, ਗੁੱਡੂ ਕਰੀਹਾ, ਅਰਜਨ ਕਾਉਂਕਿਆਂ, ਅੰਬੀ ਸ਼ੰਕਰ, ਹਰਬੰਸਾ ਢੰਡੋਵਾਲ, ਦੀਪ ਹਕੀਮਪੁਰ, ਅਜੈਬ ਚੀਮਾ, ਮੱਖਣ ਵੈਕਟੋਰੀਆ, ਮੇਜਰ ਤਲਵੰਡੀ ਫੱਤੂ, ਜੈਸੀ, ਬੈਂਸਾਂ ਵਾਲੇ ਸੋਖਾ ਤੇ ਸਰਦਾਰਾ (ਸਕੇ ਭਰਾ), ਗੁਰਜੀਤ ਦਾਦੂਵਾਲ ਸਣੇ ਹੋਰ ਨਾਮੀ ਖਿਡਾਰੀਆਂ ਨਾਲ ਮੈਚ ਖੇਡੇ। ਕੋਚ ਅਜੀਤ ਸਿੰਘ ਮਾਲੜੀ ਤੇ ਸਰਬਣ ਸਿੰਘ ਬੱਲ ਕੋਲੋਂ ਸ਼ਿੰਦੇ ਨੇ ਬੜਾ ਕੁਝ ਸਿਖਿਆ ਪਰ ਮੇਨ ਕੋਚ ਰੱਤੂ ਟਿੱਬਾ ਸੀ।

ਸ਼ਿੰਦੇ ਨੇ ਸ਼ੰਕਰੀਏ ਘੁੱਗੇ ਨਾਲ ਅਨੰਦਪੁਰ ਸਾਹਿਬ, ਪੰਜਾਬ ਚੈਂਪੀਅਨਸ਼ਿਪਾਂ ਤੇ ਪਿੰਡਾਂ ਦੇ ਓਪਨ ਮੈਚ ਵਾਹਵਾ ਖੇਡੇ ਅਤੇ ਘੁੱਗੇ ਤੇ ਪ੍ਰੀਤੇ ਨੂੰ ਚੰਗੇ ਇਨਸਾਨ ਤੇ ਤਕੜੇ ਖਿਡਾਰੀ ਮੰਨਿਆ। ਸ਼ੰਕਰੀਏ ਪਾਲੇ ਨਾਲ ਵੀ 'ਕੱਠਿਆਂ ਰਲ ਕੇ ਕੋਟਲੀ ਥਾਨ ਸਿੰਘ ਪੰਜਾਬ ਅਤੇ ਦਸੂਹੇ ਪੰਚਾਇਤੀ ਰਾਜ ਟੂਰਨਾਮੈਂਟ ਖੇਡੇ। ਇਨ੍ਹਾਂ ਮੈਚਾਂ ਵਿਚ ਕੋਈ ਨੌਕਰੀ ਕਰਦਾ ਖਿਡਾਰੀ ਨਹੀਂ ਸੀ ਖੇਡ ਸਕਦਾ, ਸਿਰਫ ਸਕੂਲਾਂ-ਕਾਲਜਾਂ ਦੇ ਖਿਡਾਰੀ ਹੀ ਖੇਡ ਸਕਦੇ ਸਨ।



**ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਖੇਡ ਮੇਲੇ 'ਚ ਇਕਬਾਲ ਸਿੰਘ ਜੱਬੋਵਾਲੀਏ ਦਾ ਸਨਮਾਨ ਕਰਦੇ ਹੋਏ ਸੁਰਿੰਦਰ (ਸ਼ਿੰਦਾ) ਸਿੰਘ ਅਟਵਾਲ, ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ**

ਦਸੂਹੇ ਚੈਂਪੀਅਨਸ਼ਿਪ ਮੁਕਾਬਲੇ 'ਚ ਜਲੰਧਰ ਨੇ ਹੁਸ਼ਿਆਰਪੁਰ ਨੂੰ ਹਰਾਇਆ। ਜਲੰਧਰ ਦੀ ਟੀਮ ਵਿਚ ਸ਼ਿੰਦਾ, ਪਾਲਾ ਸ਼ੰਕਰ, ਘੁੱਗਾ, ਮੋਹਣਾ ਕੋਚ, ਕੁਲਦੀਪ ਹਕੀਮਪੁਰ, ਧਰਮਾ ਤੇ ਦਾੜੀ ਸ਼ੰਕਰ ਖਿਡਾਰੀ ਸਨ ਜਦ ਕਿ ਹੁਸ਼ਿਆਰਪੁਰ ਦੀ ਟੀਮ ਵਿਚ ਰਾਵਲ ਮਾਣਕ ਢੇਰੀ ਤੇ ਮੂਨਕਾਂ ਵਾਲੇ ਤਾਰੀ ਜਿਹੇ ਨਾਮੀ ਖਿਡਾਰੀ ਸਨ।

ਤਲਵੰਡੀ ਫੱਤੂ ਵਾਲੇ ਚਮਕੌਰ ਨਾਲ ਪਿੰਡਾਂ ਦੇ ਓਪਨ ਮੈਚਾਂ ਤੋਂ ਲੈ ਕੇ ਚੈਂਪੀਅਨਸ਼ਿਪਾਂ ਖੇਡੀਆਂ। ਚਮਕੌਰ ਕਦੇ ਸ਼ਿੰਦੇ ਨਾਲ ਖੇਡਦਾ, ਕਦੇ ਵਿਰੋਧੀ ਟੀਮ ਵਿਚ। ਇਸੇ ਤਰ੍ਹਾਂ ਹੀ ਬੰਗਾ ਕਾਲਜ ਅਤੇ ਯੂਨੀਵਰਸਿਟੀ ਦੇ ਵਾਲੀਬਾਲ ਟਾਪ ਖਿਡਾਰੀ ਮਜਾਰੇ ਵਾਲੇ ਚਰਨੇ (ਚਰਨ ਗਿੱਲ) ਨੇ ਸ਼ਿੰਦੇ ਨੂੰ ਤਕੜਾ ਧਾਵੀ ਤੇ ਥੰਮ੍ਹ ਜਾਫੀ ਮੰਨਿਆ। ਚਰਨੇ ਨੇ ਉਹਦੇ ਨਾਲ ਖਾਲਸਾ ਸਕੂਲ 'ਚ ਪੜ੍ਹਾਈ ਕੀਤੀ ਤੇ ਐਸ.ਐਨ. ਕਾਲਜ ਵਿਚ ਵੀ ਦੋ ਕੁ ਸਾਲ 'ਕੱਠੇ ਰਹੇ। ਔੜ, ਬੈਂਸਾਂ, ਕਰਨਾਣਾ, ਮਾਹਿਲ ਗਹਿਲਾਂ ਅਤੇ ਹੋਰ ਪਿੰਡਾਂ 'ਚ ਮੈਚ ਚਲਦੇ ਰਹੇ।

ਪਿੰਡਾਂ ਦੇ ਖੇਡ ਮੇਲਿਆਂ ਵਿਚ ਮੈਂ (ਲੇਖਕ) ਵੀ ਉਹਦੇ ਮੈਚ ਵੇਖੇ। ਬੜਾ ਤਕੜਾ ਧਾਵੀ ਸੀ ਉਹ। ਮਾੜਾ ਮੋਟਾ ਜਾਫੀ ਤਾਂ ਮੂਹਰੇ ਨਹੀਂ ਸੀ ਖੜ੍ਹਦਾ। ਬੈਂਸੀਂ ਮੈਚਾਂ ਵਿਚ ਜ਼ਬਰਦਸਤ ਖੇਡ ਦਾ ਪ੍ਰਦਰਸ਼ਨ ਕੀਤਾ। 1970-71 ਤੋਂ ਭਰ ਜੁਆਨੀ ਤੋਂ ਉਹਨੂੰ ਖੇਡਦੇ ਨੂੰ ਅੱਜ ਤੱਕ ਵੇਖਦਾ ਆ ਰਿਹਾ ਹਾਂ।

ਗੁਰਜੀਤ ਪੁਰੇਵਾਲ ਤੇ ਸੁਰਿੰਦਰ ਅਟਵਾਲ ਸਕੂਲਾਂ ਤੋਂ ਲੈ ਕਾਲਜ ਤੱਕ 'ਕੱਠੇ ਖੇਡੇ। ਸ਼ਿੰਦਾ ਗੁਰਜੀਤ ਨਾਲੋਂ ਥੋੜ੍ਹਾ ਸੀਨੀਅਰ ਸੀ ਪਰ ਉਨ੍ਹਾਂ ਨੇ ਪੰਜਾਬ ਪੱਧਰ, ਅਨੰਦਪੁਰ ਸਾਹਿਬ, ਸ਼ੋਅ ਮੈਚ ਅਤੇ ਦੋਆਬੇ ਦੇ ਪਿੰਡਾਂ 'ਚ 'ਕੱਠਿਆਂ ਵਾਹਵਾ ਮੈਚ ਲਾਏ। ਬਹਿਰਾਮ ਅਤੇ ਹਕੀਮਪੁਰ ਦਾ ਤਕੜਾ ਸੈਟ ਸੀ ਉਸ ਵੇਲੇ। ਚਰਨ, ਮਲਕੀਤ ਤੇ ਗੁਰਜੀਤ-ਤਿੰਨੇ ਭਰਾ ਟਾਪ ਦੇ ਕਬੱਡੀ ਖਿਡਾਰੀ ਹੋਏ ਹਨ, ਸ਼ਿੰਦਾ ਤਿੰਨਾਂ ਨਾਲ ਖੇਡਿਆ। ਮਲਕੀਤ ਨਾਲ ਜਿਲ੍ਹਿਆਂ ਦੇ ਜਗਤਪੁਰ ਸਟੇਡੀਅਮ ਵਿਚ ਮੈਚ ਖੇਡੇ। ਮਲਕੀਤ ਉਸ ਵੇਲੇ ਕੈਨੇਡਾ ਤੋਂ ਗਿਆ ਸੀ।



**ਆਪਣੀ ਜਵਾਨੀ ਸਮੇਂ ਸ਼ਿੰਦਾ ਅਟਵਾਲ**

ਉਹਨੇ ਰਾਏਪੁਰ ਡੱਬਾ ਦੇ ਖਿਡਾਰੀਆਂ ਨੂੰ ਵੀ ਤਕੜੇ ਮੰਨਿਆ ਤੇ ਇਹ ਵੀ ਕਿਹਾ ਕਿ ਪਿੰਡਾਂ ਦੇ ਮੈਚਾਂ ਵਿਚ ਬਹਿਰਾਮ ਤੇ ਰਾਏਪੁਰ ਡੱਬਾ ਦੇ ਫਸਵੇਂ ਭੇੜ ਹੁੰਦੇ ਸਨ। ਕਰੀਹੇ ਮੈਚਾਂ ਵਿਚ ਤਕੜੇ ਰੇਡਰ ਸੋਧੀ ਕੋਚ ਦੇ ਭਰਾ ਜੈਲੇ ਨੂੰ ਬੜੇ ਜੋਰ ਨਾਲ ਰੋਕਿਆ। ਬੜੀ ਮੁਸ਼ਕਿਲ ਨਾਲ ਇਕ ਦੋ ਨੰਬਰਾਂ ਨਾਲ ਜਿੱਤ ਹਾਰ ਹੁੰਦੀ।

ਕਰੀਹੇ ਮੈਚਾਂ ਵਿਚ ਇਕ ਪਾਸੇ ਖਟਕੜਾਂ ਵਾਲਾ ਬਿੱਲੂ, ਗੁੱਡੂ ਕਰੀਹਾ, ਸ਼ਿੰਦਾ ਗਰਚਾ, ਸੁੱਚਾ ਤੇ ਹੋਰ ਖਿਡਾਰੀ ਸਨ ਜਦਕਿ ਦੂਜੇ ਪਾਸੇ ਸ਼ਿੰਦਾ, ਮੀਤਾ ਤੇ ਹੋਰ ਹਲਕੇ ਜਿਹੇ ਖਿਡਾਰੀ ਸਨ। ਇਹ ਮੈਚ ਵੀ ਬੜਾ ਫਸਿਆ।

ਖਾਲਸਾ ਕਾਲਜ ਵਿਚ ਉਸ ਵੇਲੇ ਕੁਲਦੀਪ ਹਰੀਪੁਰ ਤੇ ਧਰਮੇ ਵਰਗੇ ਤਕੜੇ ਖਿਡਾਰੀ ਸਨ। ਕਾਲਜ ਵਿਚ ਇਕ ਸਾਲ ਕਬੱਡੀ ਦੀਆਂ ਧੁੰਮਾਂ ਪਾ ਕੇ ਉਹ ਕੈਲੀਫੋਰਨੀਆ ਆ ਗਿਆ ਤੇ ਕਬੱਡੀ ਖੇਡੀ। ਕੁਝ ਸਾਲ ਖੇਡ ਮੈਦਾਨਾਂ 'ਚ ਕਬੱਡੀ ਦੇ ਜਲਵੇ ਵਿਖਾਏ। 1979 'ਚ ਕੈਨੇਡਾ ਖੇਡਣ ਗਿਆ। ਉਥੇ ਕੈਨੇਡਾ, ਇੰਡੀਆ ਤੇ ਇੰਗਲੈਂਡ ਦੀਆਂ ਟੀਮਾਂ ਖੇਡਣ ਗਈਆਂ ਹੋਈਆਂ ਸਨ। ਆਖਰੀ ਮੈਚ ਇੰਗਲੈਂਡ ਦੀ ਟੀਮ ਨਾਲ ਹੋਇਆ। ਜਿੱਤੀ ਤਾਂ ਇੰਗਲੈਂਡ ਦੀ ਟੀਮ ਪਰ ਬੈਸਟ ਰੇਡਰ ਸ਼ਿੰਦਾ ਐਲਾਨਿਆ ਗਿਆ।

1977 ਦੇ ਏੜ-ਗੇੜ ਵਿਚ ਕੈਲੀਫੋਰਨੀਆ ਵਿਚ ਕਾਮਰੇਡ ਮੈਚ ਕਰਵਾਉਂਦੇ ਸਨ। ਉਨ੍ਹਾਂ ਕੋਲ ਕਈ ਸਾਲ ਕਬੱਡੀ ਖੇਡੀ। ਫਿਰ ਨਾਮੀ ਖੇਡ ਪ੍ਰੋਮੋਟਰ ਜੌਹਨ ਸਿੰਘ ਗਿੱਲ ਨੇ ਮਿਲ ਕੇ 1979-80 ਤੋਂ ਯੂਬਾ ਸਿਟੀ ਮੈਚ ਕਰਾਉਣੇ ਸ਼ੁਰੂ ਕਰ ਦਿੱਤੇ। ਬੈਂਸ ਭਰਾਵਾਂ-ਦਿਲਬਾਗ ਸਿੰਘ ਅਤੇ ਦੀਦਾਰ ਸਿੰਘ ਨੇ ਬੜੀ ਮਦਦ ਕੀਤੀ। ਫਿਰ ਸੈਂਟਾ ਕਲਾਰਾ ਕਲੱਬ ਹੇਠ ਮੈਚ ਕਰਾਉਣੇ ਸ਼ੁਰੂ ਕਰ ਦਿੱਤੇ। ਇਹ ਕਲੱਬ ਵਧੀਆ ਖਿਡਾਰੀਆਂ ਨੂੰ ਖੇਡਣ ਦੇ ਮੌਕੇ ਦੇ ਰਿਹਾ ਸੀ। ਬਾਜੇਖਾਨੇ ਵਾਲੇ ਹਰਜੀਤ ਬਰਾੜ ਨੂੰ ਅਮਰੀਕਾ ਦਾ ਵੀਜ਼ਾ ਨਹੀਂ ਸੀ ਮਿਲਦਾ, ਕਲੱਬ ਨੇ ਕਾਫੀ ਨੱਠ-ਭੱਜ ਕਰਕੇ ਵੀਜ਼ਾ ਦਿਵਾਇਆ। ਬਲਵਿੰਦਰ ਫਿੱਡੂ ਨੂੰ ਵੀ ਪਹਿਲੀ ਵਾਰ ਇਸ ਕਲੱਬ ਵਾਲੇ ਹੀ ਲੈ ਕੇ ਆਏ ਸਨ।

ਸ਼ਿੰਦਾ ਉਠ ਰਹੇ ਨਵੇਂ ਖਿਡਾਰੀਆਂ ਲਈ ਮਾਰਗ ਦਰਸ਼ਕ ਹੈ। ਪੰਜਾਬ ਜਾ ਕੇ ਵੀ ਹਮੇਸ਼ਾ ਵੱਧ-ਚੜ੍ਹ ਕੇ ਹਿੱਸਾ ਪਾਉਂਦਾ ਹੈ-ਕਾਰਜ ਭਾਵੇਂ ਗੁਰੂ ਘਰਾਂ ਦੇ ਹੋਣ, ਲੋਕ ਭਲਾਈ, ਯੋਗਤਾ ਰੱਖਣ ਵਾਲੇ ਖਿਡਾਰੀਆਂ ਜਾਂ ਖੇਡਾਂ ਦੇ। ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਲਈ ਵੀ ਉਸ ਵੱਧ ਚੜ੍ਹ ਕੇ ਹਿੱਸਾ ਪਾਇਆ।

27 ਸਤੰਬਰ 1952 ਨੂੰ ਜਨਮੇ ਸ਼ਿੰਦੇ ਅਟਵਾਲ ਦਾ ਵਿਆਹ 23 ਨਵੰਬਰ 1973 ਨੂੰ ਹੋਇਆ। ਪਰਮਾਤਮਾ ਨੇ ਤਿੰਨ ਪੁੱਤਰ ਦਿੱਤੇ-ਕੋਮਲ, ਸੁਖ ਤੇ ਭਵੀ। ਤਿੰਨਾਂ ਨੇ ਕਬੱਡੀ ਖੇਡੀ। ਵੱਡਾ ਬੇਟਾ ਕੋਮਲ ਤਕੜਾ ਕਬੱਡੀ ਖਿਡਾਰੀ ਬਣਨਾ ਚਾਹੁੰਦਾ ਸੀ, ਪਰ ਸੱਟ ਲੱਗਣ ਕਰਕੇ ਬਣ ਨਾ ਸਕਿਆ। ਕੋਮਲ ਨੇ ਸੈਂਟਰਲ ਵੈਲੀ ਕਬੱਡੀ ਕਲੱਬ ਬਣਾਇਆ ਹੋਇਐ ਜਿਸ ਦਾ ਉਹ ਕੋਚ ਹੈ ਤੇ ਪ੍ਰਧਾਨ ਟਿਵਾਣਾ। ਬਾਬਾ ਪਿਆਰਾ ਸਿੰਘ ਜਦੋਂ ਕਿਤੇ ਅਮਰੀਕਾ ਗੇੜਾ ਮਾਰਨ ਆਉਂਦਾ ਤਾਂ ਪੋਤਿਆਂ ਨੂੰ ਕਬੱਡੀ ਖੇਡਦੇ ਵੇਖ ਕੇ ਖੁਸ਼ ਹੁੰਦਾ। ਪਿਤਾ ਜੀ ਚਾਰ ਕੁ ਸਾਲ ਪਹਿਲਾਂ ਇਸ ਦੁਨੀਆਂ ਤੋਂ ਤੁਰ ਗਏ ਤੇ ਪਿਤਾ ਤੋਂ ਸਾਲ ਕੁ ਬਾਅਦ ਮਾਤਾ ਜੀ ਵੀ ਚਲ ਵਸੇ। ਬਾਬਾ ਬੰਤਾ ਸਿੰਘ ਬਹੁਤ ਸਾਲ ਪਹਿਲਾਂ ਰੁਖਸਤ ਹੋ ਗਏ ਸਨ। ਬਜ਼ੁਰਗਾਂ ਦੀ ਦਿੱਤੀ ਚੰਗੀ ਸਿਖਿਆ ਕਰਕੇ ਅੱਜ ਸ਼ਿੰਦਾ ਖਿਡਾਰੀਆਂ ਦਾ ਖਿਆਲ ਰੱਖਣ ਦੇ ਨਾਲ ਨਾਲ ਖੇਡ ਮੇਲਿਆਂ 'ਚ ਵਧ-ਚੜ੍ਹ ਕੇ ਹਿੱਸਾ ਪਾ ਰਿਹਾ ਹੈ। ਉਹਦਾ ਦੂਜਾ ਭਰਾ ਰਵਿੰਦਰ ਵੀ ਆਪਣੇ ਸਮੇਂ ਚੰਗਾ ਖਿਡਾਰੀ ਰਿਹਾ ਹੈ।

ਉਹਦੀ ਯਾਰੀ-ਦੋਸਤੀ ਤੇ ਪਿਆਰ-ਮੁਹੱਬਤ ਦਾ ਬਹੁਤ ਵੱਡਾ ਦਾਇਰਾ ਹੈ। ਇਹ ਸਭ ਕੁਝ ਉਹਦੇ ਬੇਟੇ ਭਵੀ ਦੇ ਵਿਆਹ 'ਤੇ ਮਲੇਰਕੋਟਲੇ ਵੇਖਣ ਨੂੰ ਮਿਲਿਆ। ਵੱਡੇ ਵੱਡੇ ਅਫਸਰ, ਸਾਥੀ ਖਿਡਾਰੀ, ਮੇਲੀ ਮਿੱਤਰ ਪਹੁੰਚੇ ਹੋਏ ਸਨ। ਵਿਆਹ ਦੇ ਉਹ ਰੰਗ ਮੈਂ ਵੀ ਅੱਖੀਂ ਵੇਖੇ। ਉਹਦੇ ਪ੍ਰਸ਼ੰਸਕਾਂ ਦਾ ਦਾਇਰਾ ਵੀ ਬੜਾ ਵਿਸ਼ਾਲ ਹੈ, ਜਿਨ੍ਹਾਂ ਵਿਚ ਗੁਣਾਚੌਰੀਆ ਦੇਬਾ, ਪਹਿਲਵਾਨ ਬੁੱਧ ਸਿੰਘ, ਪਹਿਲਵਾਨ ਸੁਖਵੰਤ ਸਿੰਘ, ਰਾਏਪੁਰ ਡੱਬੀਆਂ ਸ਼ੇਰਗਿੱਲ ਬਾਬਾ ਗੁਰਮੀਤ ਸਿੰਘ, ਗੁਰਨਾਮ ਰਸੂਲਪੁਰ, ਦੇਸ ਰਾਜ ਮੰਗੂਵਾਲ, ਦਿਲਾਵਰ ਕਾਹਮਾ, ਓਲੰਪੀਅਨ ਹਾਕੀ ਖਿਡਾਰੀ ਸੁਰਿੰਦਰ ਸਿੰਘ ਸੋਢੀ ਤੇ ਆਪਣੇ ਸਮੇਂ ਦਾ ਪ੍ਰਸਿੱਧ ਵੇਟ ਲਿਫਟਰ ਤੇ ਕਬੱਡੀ ਖਿਡਾਰੀ ਆਈ.ਜੀ. ਰਿਟਾਇਰ ਹਰਭਜਨ ਸਿੰਘ ਭੱਜੀ ਸੰਧਵਾਂ (ਫਰਾਲਾ)।

ਸੁਰਿੰਦਰ ਸਿੰਘ ਅਟਵਾਲ ਕੈਲੀਫੋਰਨੀਆ 'ਚ ਹੁੰਦੇ ਕਬੱਡੀ ਮੇਲਿਆਂ 'ਚ ਹਮੇਸ਼ਾ ਉਤਸ਼ਾਹ ਨਾਲ ਹਿੱਸਾ ਲੈਂਦਾ ਹੈ ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦਾ ਪ੍ਰਧਾਨ ਹੈ। ਟਰੇਸੀ ਗੁਰੂ ਘਰ ਨਾਲ ਲੰਬੇ ਸਮੇਂ ਤੋਂ ਜੁੜਿਆ ਹੋਇਆ ਹੈ। ਗੁਰਦੁਆਰਾ ਸੈਨ ਹੋਜੇ ਨਾਲ ਜੁੜ ਕੇ ਵੀ ਪਹਿਲਿਆਂ 'ਚ ਮੈਚ ਕਰਵਾਉਂਦਾ ਰਿਹਾ। ਗਾਖਲ ਭਰਾ, ਗਿੱਲ ਭਰਾ (ਮਜ਼ਾਰੇ ਵਾਲਾ ਚਰਨਾ), ਪਾਲ ਸਹੋਤਾ, ਨਿੰਝਰ ਭਰਾ, ਟੁੱਟ ਭਰਾ ਅਤੇ ਹੋਰ ਸੱਜਣਾਂ ਦੇ ਸਹਿਯੋਗ ਨਾਲ ਮਾਂ ਖੇਡ ਕਬੱਡੀ ਨੂੰ ਬੇਗਾਨੀ ਧਰਤੀ 'ਤੇ ਪ੍ਰਫੁਲਿਤ ਕਰਨ ਦੇ ਰਾਹ ਤੁਰਿਆ ਹੋਇਆ ਹੈ।

ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ, ਬੇਅ ਏਰੀਆ ਸਪੋਰਟਸ ਕਲੱਬ, ਫਤਿਹ ਸਪੋਰਟਸ ਕਲੱਬ, ਸੈਂਟਾ ਕਲਾਰਾ ਸਪੋਰਟਸ ਕਲੱਬ, ਬਾਬਾ ਦੀਪ ਸਿੰਘ ਸਪੋਰਟਸ ਕਲੱਬ ਤੇ ਗਾਖਲ ਭਰਾਵਾਂ ਦੇ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਹਰ ਸਾਲ ਵਧੀਆ ਟੂਰਨਾਮੈਂਟ ਕਰਾਏ ਜਾਂਦੇ ਹਨ ਤੇ ਸ਼ਿੰਦਾ ਵੀ ਆਪਣਾ ਸਹਿਯੋਗ ਦੇਣ ਤੋਂ ਪਿੱਛੇ ਨਹੀਂ ਹਟਦਾ। ਪਿਛਲੇ ਸਾਲ ਗਾਖਲ ਭਰਾਵਾਂ ਦੇ ਕਬੱਡੀ ਮੇਲੇ 'ਤੇ ਸ਼ਿੰਦਾ ਅਟਵਾਲ ਸਵੇਰ ਤੋਂ ਲੈ ਸ਼ਾਮ ਤੱਕ ਅਮੋਲਕ ਸਿੰਘ ਗਾਖਲ ਨਾਲ ਪੱਬਾਂ ਭਰ ਗਰਾਊਂਡ ਵਿਚ ਰਿਹਾ। ਉਸ ਮੇਲੇ 'ਚ ਮੇਰਾ ਵੀ ਬੜਾ ਮਾਣ-ਤਾਣ ਕੀਤਾ ਗਿਆ।



**ਸਕੂਲ ਦੇ ਦਿਨਾਂ ਵਿਚ ਸ਼ਿੰਦਾ ਅਟਵਾਲ**

ਪਿਛਲੇ ਸਾਲਾਂ ਦੌਰਾਨ ਪੰਜਾਬ 'ਚ ਹੋਏ ਵਰਲਡ ਕਬੱਡੀ ਕੱਪਾਂ 'ਚ ਸ਼ਿੰਦਾ ਅਮਰੀਕਾ ਦੀ ਟੀਮ ਲੈ ਕੇ ਜਾਂਦਾ ਰਿਹਾ ਹੈ। ਪੰਜਾਬ 'ਚ ਹੁੰਦੇ ਕਬੱਡੀ ਕੱਪਾਂ 'ਚ ਵੀ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਹੈ ਤੇ ਖਿਡਾਰੀਆਂ ਦੀ ਹਰ ਸੰਭਵ ਮਦਦ ਕਰਦਾ ਹੈ। ਪ੍ਰੋ. ਮੱਖਣ ਸਿੰਘ ਹਕੀਮਪੁਰ ਖੇਡ ਮੇਲਿਆਂ 'ਚ ਸ਼ਿੰਦੇ ਦੀਆਂ ਬਾਤਾਂ ਜਰੂਰ ਪਾਉਂਦੇ।

ਸ਼ਿੰਦਾ ਅਟਵਾਲ ਪਰਮਾਤਮਾ ਦਾ ਸ਼ੁਕਰਗੁਜ਼ਾਰ ਹੈ ਕਿ ਸੱਚੇ ਪਾਤਸ਼ਾਹ ਨੇ ਬੜੀ ਇਜ਼ਤ ਬਣਾਈ ਰੱਖੀ, ਖੇਡਾਂ ਪੱਖੋਂ ਬੜਾ ਪਿਆਰ ਖੱਟਿਆ ਤੇ ਦਰਸ਼ਕਾਂ ਨੇ ਪਿਆਰ ਨਾਲ ਝੋਲੀਆਂ ਭਰੀਆਂ। ਉਹਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਜ਼ਿੰਦਗੀ 'ਚ ਕਦੇ ਐਨਾ ਪਿਆਰ ਮਿਲੇਗਾ। ਨਵੇਂ ਖਿਡਾਰੀਆਂ ਨੂੰ ਉਸ ਦੀ ਇਹੋ ਸਲਾਹ ਹੈ, ਨਸ਼ਿਆਂ ਤੋਂ ਬਚੋ ਤੇ ਚੰਗੀ ਤੇ ਸਾਫ ਸੁਥਰੀ ਖੇਡ ਖੇਡੋ।

ਖੇਡ ਸ਼ੌਕ ਜਿਨ੍ਹਾਂ ਨੂੰ ਲੱਗ ਜਾਂਦਾ,
ਕਦੇ ਨਾ ਕਾਸੇ ਦੀ ਪ੍ਰਵਾਹ ਕਰਦੇ।
ਖੇਡ ਮੈਦਾਨਾਂ ਦੇ ਸ਼ੇਰ ਬਣ ਕੇ,
'ਨ੍ਹੇਰੀਆਂ ਝੱਖੜਾਂ ਦੀ ਨਾ ਪ੍ਰਵਾਹ ਕਰਦੇ।
'ਜੱਬੋਵਾਲੀਆ' ਸਲਾਮ ਉਨ੍ਹਾਂ ਖਿਡਾਰੀਆਂ ਨੂੰ,
ਜ਼ਿੰਦਗੀ ਜੋ ਖੇਡਾਂ ਦੇ ਨਾਂ ਕਰਦੇ।



## ਦੁੱਖ ਪਰਦੇਸਾਂ ਦੇ

# ਕੈਨੇਡੀਅਨ ਭਵਜਲ 'ਚ ਗੋਤੇ ਖਾਂਦਾ-ਚਾਚਾ ਮਾਨਾ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਕੋਠੀ ਲੱਗੇ ਬਜੁਰਗਾਂ ਦੀ ਵਾਰਤਾ ਪਾਠਕ ਪ੍ਰਿੰ. ਬਾਜਵਾ ਦੀਆਂ ਲਿਖਤਾਂ ਵਿਚ ਪੜ੍ਹਦੇ ਆ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਕੋਠੀ ਲੱਗੇ ਚਾਚੇ ਮਾਨੇ ਦੀ ਵੇਦਨਾ ਪ੍ਰਿੰ. ਬਾਜਵਾ ਨੇ ਸੁਣਾਈ ਹੈ ਜੋ ਇਧਰ ਕੈਨੇਡਾ ਵਿਚ ਤਾਂ ਕਸੂਤਾ ਫਸਿਆ ਮਹਿਸੂਸ ਕਰਦਾ ਹੀ ਹੈ ਪਰ ਉਧਰ ਪੰਜਾਬ ਦੇ ਹਾਲਾਤ ਜਾਣ ਕੇ ਉਹ ਹੋਰ ਵੀ ਉਦਾਸਿਆ ਜਾਂਦਾ ਹੈ। -ਸੰਪਾਦਕ***

ਬਰੈਂਪਟਨ ਪਾਰਕ 'ਚ ਇੱਕ ਦਿਨ ਚਾਚਾ ਮਾਨਾ ਅਚਾਨਕ ਮਿਲ ਪਿਆ। ਮਿਲਿਆ ਬੜਾ ਹੁੱਭ ਕੇ ਪਰ ਚਿਹਰੇ 'ਤੇ ਪਹਿਲਾਂ ਵਾਲਾ ਜਲਾਲ ਨਹੀਂ ਸੀ। "ਹੋਰ ਹਾਲ-ਚਾਲ ਕਿਵੇਂ ਐ, ਓਦਰਿਆ ਜਿਹਾ ਲੱਗਦੈਂ!" ਮੈਂ ਉਸ ਨਾਲ ਗੱਲ ਛੇੜੀ।

"ਕੁਝ ਨਾ ਪੁੱਛ ਭਤੀਜ ਗੋਤੇ ਖਾ ਰਹੇ ਆਂ। ਕੀ ਆ ਇਹ ਕਨੇਡਾ, ਕਾਹਦੀ ਜ਼ਿੰਦਗੀ! ਮੌਜਾਂ ਕਰਦੇ ਸੀ ਉਥੇ, ਧੱਕੇ ਖਾ ਰਹੇ ਆਂ ਏਥੇ, ਕਨੇਡੀਅਨ ਭਵਜਲ 'ਚ ਡੁੱਬਕਣੀਆਂ ਖਾ ਰਏ ਆਂ।"



ਮੈਂ ਵਿਚੋਂ ਟੋਕਦਿਆਂ ਪੁੱਛਿਆ, "ਕਿਹੜੀ ਮਾਰ ਵਗ'ਗੀ! ਇਥੇ ਤੇਰਾ ਪਰਿਵਾਰ ਤਾਂ ਖਹਿਰੀਂ-ਮਹਿਰੀਂ ਸੁਣਦੇ ਆਂ, ਮੁੰਡੇ ਵੀ ਵਾਹਵਾ ਕੰਮੀਂ ਲੱਗੇ ਹੋਏ ਨੇ।"

**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

"ਕੀ ਦੱਸਾਂ ਭਤੀਜ, ਮਨ ਭਰਿਆ ਪਿਆ ਈ। ਕਸੂਤੇ ਫਸੇ ਪਏ ਆਂ-ਕਦੀ ਬਰਫਾਂ 'ਚ ਤੇ ਕਦੀ ਸਾਹ ਘੁੱਟਵੇਂ ਘਰੇਲੂ ਮਾਹੌਲ 'ਚ। ਸਹੀ ਆਂਹਦਾ ਸੀ ਪਿੰਡ ਆਲਾ ਠੇਕੇਦਾਰ ਰਣਜੀਤ ਸਿਉਂ, 'ਕਨੇਡਾ ਪੱਕਾ ਰਹਿਣ ਦੀ ਨਾ ਸੋਚੀਂ, ਮਿਲ-ਗਿਲ ਆਈਂ। ਆਪਣਾ ਜੁਗਾੜ ਨਾ ਛੱਡੀਂ। ਆਪਣੇ ਬੋਤ੍ਹ ਵਰਗੀ ਰੀਸ ਕਿਤੇ ਨਈਓਂ।' ਹੁਣ ਉਹਦੀਆਂ ਈ ਗੱਲਾਂ ਚੇਤੇ ਕਰ ਕਰ ਝੂਰੀਦੈ, ਦਿਨ ਰਾਤ।"

"ਨਾ ਆਖਰ ਕਿਹੜੀ ਸ਼ੈਅ ਦਾ ਸਾਇਆ ਪੈ ਗਿਐ? ਤੇਰਾ ਵੱਡਾ ਮੁੰਡਾ ਤਾਂ ਪੰਚਾਇਤੀ ਹੁੰਦਾ ਸੀ, ਗੱਲ ਨਿੱਤਰ ਕੇ ਕਹਿਣ ਵਾਲਾ ਸੁਣਦੇ ਹੁੰਦੇ ਸੀ, ਬੰਦਿਆਂ 'ਚ ਬਹਿਣ-ਖਲੋਣ ਵਾਲਾ।"

"ਬਾਹਲਾ ਈ ਪੁੱਛਦੈਂ ਤਾਂ ਲੈ ਸੁਣ।" ਚਾਚਾ ਮਾਨਾ ਜੁਲਾਹੀ ਦੇ ਗਲੋਟੇ ਵਾਂਗ ਸਿੱਧਾ ਈ ਉਧੜਨ ਲੱਗਾ, "ਰੰਗੀਂ ਵੱਸਦੇ ਨੂੰ ਏਥੇ ਆਉਣਾ ਪਿਆ। ਰਾਜ ਸੀ ਉਥੇ ਭਤੀਜ! ਪੂਰੀ ਸਪੈਦਪੋਸ਼ੀ ਸੀ। ਬਹੁਤਾ ਏਥੇ ਮਨ ਨਾ ਲੱਗਾ। ਛੋਟੇ ਮੁੰਡੇ ਨੂੰ ਏਥੇ ਸੈਟ ਕਰ 'ਕੇਰਾਂ ਮੁੜ ਗਿਆ ਸੀ, ਪਰ ਹੁਣ ਦੋ ਤਿੰਨ ਸਾਲ ਹੋਏ ਨੇ ਆਏ ਨੂੰ। ਅਸੀਂ ਤਾਂ ਆਉਂਦੇ ਨਈਂ ਸੀ, ਮੁੰਡੇ ਮੁੜ-ਮੁੜ ਫੋਨ ਖੜਕਾਈ ਜਾਣ, 'ਉਥੇ ਕੀ ਮੁੰਗੀ ਦਲਦੇ ਓਂ? ਆ ਜਾਓ ਏਧਰ। ਇਹ ਵੀ ਹੁਣ ਪੰਜਾਬ ਈ ਬਣਿਆ ਪਿਐ। ਉਸੇ ਤਰ੍ਹਾਂ ਦੀਆਂ ਏਥੇ ਮਹਿਫਿਲਾਂ, ਵਿਹਲੇ ਬਾਬੇ ਤਾਸ਼ਾਂ ਕੁੱਟਦੇ ਨੇ, ਮੈਪਲਾਂ ਹੇਠ ਖੁੰਡ ਕੌਂਸਲਾਂ ਚੰਗੀਆਂ ਜੰਮਦੀਆਂ ਨੇ।' ਸੋ ਬਾਈ ਆ ਗਏ।

ਪਰ ਮਾਰ ਲਿਆ ਏਥੇ ਦੀਆਂ ਬਰਫਾਂ ਨੇ। ਪਿਛਲੀਆਂ ਗਰਮੀਆਂ ਵਿਚ ਡਰਾਈਵਿੰਗ ਲਸੰਸ ਲੈ ਲਿਆ। ਲਸੰਸ ਲੈਣਾ ਕਿਹੜਾ ਸੌਖੈ? ਸਾਲਾ ਟੀਸੀ ਦਾ ਬੇਰ ਬਣ ਖਲੋਵੇ। ਹੀਲਾਂ ਕਢਾ'ਤੀਆਂ। ਏਨੇ ਸਾਲ ਗੱਡੀ ਵਾਹੀ ਉਥੇ ਪੰਜਾਬ 'ਚ, ਪਰ ਇਨ੍ਹਾਂ ਪਤੰਦਰਾਂ ਦੇ ਤੌਰ ਈ ਨਿਆਰੇ ਨੇ। ਤਿੰਨ-ਚਾਰ ਵਾਰ ਪਲਟੀਆਂ ਖਾਧੀਆਂ। ਆਖਿਰ ਮੋਰਚਾ ਮਾਰ ਈ ਲਿਆ। ਫਿਰ ਟੌਹਰ ਨਾਲ ਯਾਰਾਂ-ਬੇਲੀਆਂ ਨੂੰ ਦੱਸਣਾ, ਉਏ ਮੇਰੇ ਕੋਲ 'ਜੀ' ਡਰਾਈਵਿੰਗ ਲਸੰਸ ਜੇ।"

ਕੁਝ ਦਿਨਾਂ ਬਾਅਦ ਚਾਚਾ ਫਿਰ ਮਿਲ ਪਿਆ। "ਚਾਚਾ ਸੁਣਾ ਹੁਣ ਤਾਂ ਕੈਨੇਡਾ ਚੰਗਾ ਲੱਗਣ ਲੱਗ ਪਿਆ ਹੋਣੈਂ। ਹੁਣ ਤਾਂ ਗੱਡੀ ਐ ਤੇਰੇ ਕੋਲ। ਏਥੇ ਜਿਹਦੇ ਕੋਲ ਗੱਡੀ, ਉਹਨੂੰ ਲਾਟੀ ਖਾਂ ਸਮਝਿਆ ਜਾਂਦੈ।"

ਚਾਚਾ ਗੱਡੀ ਦੇ ਨਾਂ 'ਤੇ ਇਉਂ ਬੁੜ੍ਹਕਿਆ ਜਿਵੇਂ ਠੂਹੇਂ ਨੇ ਡੰਗ ਮਾਰਿਆ ਹੋਵੇ, "ਗੱਡੀ! ਭਤੀਜ ਗੱਡੀ ਕੀ ਲੈ ਲਈ, ਐਵੇਂ ਬਿਪਤਾ ਈ ਗਲ ਪਾ'ਲੀ। ਪੂਰਾ ਦੁਖੀ ਆਂ, ਲਾਚਾਰੀ ਦੇ ਦੌਰ 'ਚੋਂ ਲੰਘ ਰਿਹਾਂ। ਚਲੋ, ਏਥੇ ਨਾਲ ਕੁਝ ਨਿਭਣ ਲੱਗ ਈ ਪਏ ਸੀ, ਪਰ ਬੱਚਿਆਂ ਦੇ ਚਿਹਨ-ਚੱਕਰਾਂ ਨੇ ਸਾਨੂੰ ਬਿਆਸ ਦੇ ਹੜ੍ਹ 'ਚ ਡੋਬਿਆ ਪਿਆ ਈ। ਇਨ੍ਹਾਂ ਦੇ ਮਾਪੇ ਜੋ ਮਰਜ਼ੀ ਕਰਨ, ਕਰੀ ਜਾਣ। ਸਾਨੂੰ ਕੀ! ਇਹ ਵੀ ਜੋ ਮਰਜ਼ੀ ਕਰਨ, ਖਾਣ-ਪੀਣ, ਫਿਰਨ-ਤੁਰਨ, ਜਿਹਨੂੰ ਮਰਜ਼ੀ ਮਿਲਣ-ਗਿਲਣ, ਸਾਨੂੰ ਕੀਹ? ਸਾਡੀ ਕਿਹੜੀ ਲੱਤ ਭੱਜਦੀ ਐ! ਪਰ ਇਨ੍ਹਾਂ ਤੋਂ ਟੁੱਟ ਕੇ ਵੀ ਨਈਂ ਰਿਹਾ ਜਾਂਦੈ। ਸੋ ਇਨ੍ਹਾਂ ਦੇ ਪੈੜਿਆਂ ਨਾਲ ਵਾਹ ਪੈਣੋਂ ਕਿਵੇਂ ਬਚਿਆ ਜਾ ਸਕਦੈ। ਬੱਚੇ ਮਾਂ ਪਿਉ ਨਾਲ ਅੰਗਰੇਜ਼ੀ 'ਚ ਗੱਲਾਂ ਕਰਦੇ ਔਖਦੇ ਨੇ। ਇਉਂ ਜਾਪਦਾ ਇਹ ਤਾਂ ਦੋਗਲੇ ਵੱਛਿਆਂ ਵਾਂਗ 50% ਅੰਗਰੇਜ਼ ਬਣ ਗਏ ਜੇ। ਇਹ ਵੀ ਸਹਿ ਲਿਆ। ਸਾਨੂੰ ਕੀ! ਬੱਚੇ ਇੱਜਤ ਕਰਦੇ ਨੇ, ਖਾਣ-ਪੀਣ ਦੀ ਕੋਈ ਤੋਟ ਨਈਉਂ, ਭਤੀਜ! ਕਿਸੇ ਵੀ ਚੀਜ਼ ਦੀ ਥੁੜ ਨਈਉਂ। ਖ਼ੌਝ ਇੱਕ ਹੋਰ ਈ! ਇਨ੍ਹਾਂ ਨੂੰ ਸਕੂਲ ਛੱਡਣ ਤੇ ਲਿਆਉਣ ਦਾ। ਇਸ ਖ਼ੌਝ ਨੇ ਖ਼ੂਨ ਈ ਪੀਤਾ ਪਿਐ। ਕੀ ਦੱਸਾਂ...!" ਤੇ ਉਹ ਚੁੱਪ ਹੋ ਗਿਆ।

"ਇਹ ਤਾਂ ਚੰਗੈ, ਇਸ ਵਿਚ ਕੀ ਮਾੜੈ, ਤੂੰ ਵੀ ਤੁਰਦਾ-ਫਿਰਦਾ ਰਹਿਨਾਂ। ਤੈਨੂੰ ਕਿਹੜਾ ਉਨ੍ਹਾਂ ਨੂੰ ਕੰਧਾੜੇ ਚੁੱਕਣਾ ਪੈਂਦਾ? ਦੁਖੀ ਕਿਵੇਂ ਐਂ?"

ਗੱਲ ਕੱਟਦਿਆਂ ਚਾਚਾ ਗੁੱਸੇ 'ਚ ਬੋਲਿਆ, "ਵਖਤ ਨੂੰ ਫੜਿਆ ਆਂ। ਉਨ੍ਹਾਂ ਨਾਲ ਕਾਰ ਵਿਚਲੀਆਂ ਘੜੀਆਂ ਸਹਿਣੀਆਂ, ਭਤੀਜ ਬਲਾਈਂ ਅਸਹਿ ਹੋ ਜਾਂਦੀਆਂ ਨੇ। ਤੂੰ ਕਹਿਨਾਂ ਤੁਰਦਾ-ਫਿਰਦਾ ਰਹਿਨਾਂ, ਨਿਰਾ ਵਖਤ ਭੋਗਣਾ ਪੈਂਦਾ ਈ। ਸਹੁਰੇ ਕਾਰ ਵਿਚ ਬਹਿੰਦੇ ਈ ਅੰਗਰੇਜ਼ੀ ਸੰਗੀਤ ਦੀ ਕਿੱਲੀ ਦੱਬ ਦੇਂਦੇ ਨੇ, ਸਾਜਰੇ ਈ, ਉਹ ਵੀ ਉਚੀ ਸੁਰ 'ਚ। ਸਿਰ ਪਾੜਵੀਂ ਆਵਾਜ਼, ਨਾ ਕੁਝ ਪਿੜ-ਪੱਲੇ ਪੈਂਦਾ, ਕੰਨਾਂ 'ਚ ਰੂੰ ਵੀ ਨਈਂ ਦੇ ਹੁੰਦਾ ਤੇ ਸੁਣ ਵੀ ਨਈਂ ਹੁੰਦਾ। ਅਸੀਂ ਜਿਨ੍ਹਾਂ ਯਮਲਾ ਜੱਟ, ਆਲਮ ਲੁਹਾਰ, ਸੁਰਿੰਦਰ ਕੌਰ, ਹਰਚਰਨ ਗਰੇਵਾਲ, ਨਰਿੰਦਰ ਬੀਬਾ ਦੇ ਮਿੱਠੇ ਸੁਰ, ਅਰਥਾਂ ਭਰੇ ਗੀਤ ਸੁਣੇ ਹੋਏ ਹਨ, ਸਾਨੂੰ ਇਹ ਸਭ ਬੇਸੁਆਦਾ, ਬੇਅਰਥਾ ਸ਼ੋਰ-ਸ਼ਰਾਬਾ ਲੱਗਦੈ। ਪੇਂਜੇ ਦੇ ਰੂੰ ਵਾਂਗ ਰੂਹ ਪਿੰਜੀ ਜਾਂਦੀ ਐ। ਗੀਤ ਕਾਹਦੇ ਨੇ, ਪੀਪੇ 'ਚ ਰੋੜੇ ਖੜਕਦੇ ਨੇ। ਬੜੀ ਕੋਸ਼ਿਸ਼ ਕਰਦਾਂ ਸਮਝਣ ਲਈ, ਚੱਲ ਕੁਝ ਪਿੜ ਪੱਲੇ ਪਏ, ਦਿਲ ਤਾਂ ਕਰਦੈ ਨਾ ਈ ਸਮਝਾਂ ਪਰ ਫਿਰ ਚਿੱਤ ਕਰਦੈ ਸੁਣਾਂ, ਇਹ ਕਾਹਦੇ 'ਤੇ ਲਟਬੌਰੇ ਹੋਏ ਫਿਰਦੇ ਨੇ। ਮਾਹਟਰ ਮੋਹਨ ਲਾਲ ਦੀ ਪੜ੍ਹਾਈ ਅੰਗਰੇਜ਼ੀ ਸਾਰੀ ਦੀ ਸਾਰੀ ਝੋਕ ਦੇਨਾਂ, ਕਿਤੇ ਕਿਤੇ 'ਫੱਕ' 'ਫੱਕ', 'ਡਰਾਈ ਵੇਅ, ਫਰੀ ਵੇਅ', 'ਹੱਸੋ ਹੱਸੋ', 'ਕਿੱਸੋ ਕਿੱਸੋ'...ਕਿਤੇ ਕਿਤੇ ਇਹੋ ਜਿਹੇ ਕੋਈ ਬੋਲ ਪਿੜ ਪੱਲੇ ਪੈਂਦੇ ਨੇ। 'ਹਾਏ ਹਾਏ' ਈ ਹੋਈ ਜਾਂਦੀ ਆ। ਬਥੇਰਾ ਪੁੱਛਦਾਂ ਸਹੁਰਿਆਂ ਨੂੰ, ਇਹ ਕੀ ਬੋਲ ਨੇ? ਪਰ ਦੱਸਦੇ ਈ ਨਹੀਂ।"

ਚਾਚੇ ਨੇ ਰੋਣਹਾਕੀ ਆਵਾਜ਼ 'ਚ ਕਿਹਾ, "ਕਹਿੰਦੇ ਨੇ, ਬਾਬਾ! ਇਹ ਨਈਂ ਤੇਰੀ ਸਮਝ ਆ ਸਕਦੀ। ਸ਼ਰਾਰਤੀ ਜਿਹੇ ਹਾਸੇ ਨਾਲ ਟਾਲ ਦਿੰਦੇ ਨੇ।...ਮਨ 'ਚ ਚੀਸ ਉਠਦੀ ਐ, ਕਿੱਥੇ ਆ ਫਸੇ ਮਾੜੀ ਕਿਸਮਤ ਨੂੰ। ਅੰਦਰੋਂ ਹੌਕਾ ਜਿਹਾ ਉਠਦੈ, 'ਆਪੇ ਫਾਥੜੀਏ ਤੈਨੂੰ ਕੌਣ ਛਡਾਵੇ!' ਸੋਚਦਾ ਚੁੱਪ ਕਰ ਜਾਨਾਂ, ਹੋਰ ਚਾਰਾ ਵੀ ਕੋਈ ਨਈਂ।"

ਚਾਚੇ ਨੇ ਹੌਕਾ ਜਿਹਾ ਲਿਆ, "ਕਦੀ ਜਦੋਂ ਤੇਰੀ ਚਾਚੀ ਕੋਲ ਮਨ ਦੀ ਭੜਾਸ ਕੱਢਦਾਂ, ਅੱਗੋਂ ਤੀਰ ਵਰਗੇ ਜਵਾਬ, 'ਨਾ ਜੀ ਨਾ, ਆਪਾਂ ਇਨ੍ਹਾਂ ਦੇ ਚੁੱਲ੍ਹੇ 'ਤੇ ਆਂ, ਇਨ੍ਹਾਂ ਦੇ ਕੰਮ ਆਉਂਦੇ ਰਹੀਏ-ਔਖੇ ਹੋਈਏ ਭਾਵੇਂ ਸੌਖੇ। ਮੇਰਾ ਵੀ ਕੰਮ ਕਿਹੜਾ ਕਦੀ ਕਿਸੇ ਨੂੰ ਪਸੰਦ ਆਇਐ, ਨੁਕਸ ਈ ਨਿਕਲਦੇ ਨੇ। ਥੱਕ ਟੁੱਟ ਜਾਨੀਂ ਆਂ ਸਾਰਾ ਦਿਨ ਕਰਦੀ ਕਰਦੀ। ਕੰਮ ਤੋਂ ਆਈ ਨੂੰਹ ਕੋਲੋਂ ਕਦੀ ਨੀ ਸੁਣਿਐ, ਮੰਮੀ ਬਹਿ ਜਾਓ, ਹੁਣ ਮੈਂ ਆਪੇ ਕਰ ਲਊਂ। ਪਰ ਕਿੱਥੇ! ਹੁਣ ਸਾਡੀ ਕੋਈ ਉਮਰ ਐ, ਇਨ੍ਹਾਂ ਸੀਤੀ ਸਿਆਪਿਆਂ ਦੀ? ਪਿੰਡ ਕੰਮ ਕਰਨ ਲਈ ਦੋ ਤਿੰਨ ਮਾਈਆਂ ਰੱਖੀਦੀ ਹੁੰਦੀ ਸੀ, ਏਥੇ ਆਪ ਈ ਮਾਈ ਬਣੀ ਹੋਈ ਆਂ...।' ਉਹ ਅੱਗੋਂ ਆਪਣੀ ਰਾਮ ਕਹਾਣੀ ਛੋਹ ਧਰਦੀ ਐ।"

"ਵਾਪਸੀ 'ਤੇ ਸੋਚਾਂ ਦੇ ਹੜ੍ਹ 'ਚ ਗੋਤੇ ਖਾਂਦਾ ਆਉਨਾਂ। ਪਛਤਾਵੇ ਨਾਲ ਗੱਚ ਭਰ ਜਾਂਦੈ। ਕਾਹਨੂੰ ਲੈਣਾ ਸੀ ਲਸੰਸ, ਨਾ ਵੱਜਦੀ ਬੰਸਰੀ, ਨਾ ਰਾਧਾ ਨੱਚਦੀ। ਮਾਹਟਰ ਜਸਬੀਰ ਢਿੱਲੋਂ ਨੇ ਠੀਕ ਈ ਸਲਾਹ ਦਿੱਤੀ ਸੀ, ਚਾਚਾ ਨਾ ਲਈਂ ਲਸੰਸ, ਫਸ ਜਾਏਂਗਾ। ਇਨ੍ਹਾਂ ਝਮੇਲਿਆਂ ਕਰਕੇ ਈ ਮੈਂ ਅੱਧ-ਪਚੱਧਾ ਲੈ ਕੇ ਛੱਡ'ਤਾ ਈ, ਹੁਣ ਮੌਜ ਨਾਲ ਸਰਾਹਣੇ ਬਾਂਹ ਦੇ ਕੇ ਸੌਂਦੇ ਆਂ। ਉਹ ਜਾਣਨ ਜਾਂ ਇਹ ਜਾਣਨ-ਸਾਨੂੰ ਕੀ! ਅਸੀਂ ਲੰਮੀਆਂ ਤਾਣ ਪੈਨੇ ਆਂ।" ਚਾਚਾ ਜਿਵੇਂ ਖਿੱਲਰ ਹੀ ਪਿਆ।

"ਹਾਂ ਸੱਚ ਏਧਰ ਆਉਣ ਦਾ ਚੱਕਰ ਕਿਵੇਂ ਬਣਿਆ?"

"ਭਤੀਜ, ਤੈਨੂੰ ਪਤਾ ਈ ਐ, ਵੱਡਾ ਮੁੰਡਾ ਏਧਰ ਵਿਆਹਿਆ ਗਿਆ ਸੀ। ਸਭ ਤੋਂ ਵੱਡੀ ਕੁੜੀ ਉਥੇ ਈ ਵਿਆਹ'ਤੀ ਸੀ। ਛੋਟੇ ਮੁੰਡੇ ਨੂੰ ਉਥੇ ਈ ਸੈਟ ਕਰਨਾ ਚਾਹੁੰਦਾ ਸੀ, ਦੋਹਾਂ ਜਹਾਨਾਂ ਦੇ ਨਜ਼ਾਰੇ ਕਾਇਮ ਰੱਖਣ ਖਾਤਰ, ਪਰ ਉਹ ਵੀ ਜ਼ਿੱਦ ਫੜ੍ਹ ਬੈਠਾ, 'ਮੈਂ ਵੀ ਬਾਹਰ ਈ ਜਾਣੈ।' ਉਥੇ ਦੱਸ ਇਹਨੂੰ ਕਿਹੜੀ ਬਿੱਜ ਪੈਂਦੀ ਸੀ! ਵੱਡੇ ਨੇ ਕਾਗਜ਼ ਭਰ'ਤੇ, ਏਥੇ ਆ ਉਤਰੇ। ਹੁਣ ਉਹ ਭੱਜਾ ਫਿਰਦਾ ਈ ਟਰੱਕਾਂ 'ਤੇ, ਅਸੀਂ ਬਰਫਾਂ ਸਿੰਧਦੇ ਫਿਰਦੇ ਆਂ। 'ਪਰਦੇਸੀਂ ਸਾਡੇ ਆਲ੍ਹਣੇ, ਰੂਹ ਵੱਸਦੀ ਪੰਜਾਬ' ਵਾਲੀ ਗੱਲ ਬਣੀ ਪਈ ਏ।"

"ਵਾਹ ਚਾਚਾ! ਵਾਹ! ਸ਼ਿਅਰ ਕਿੱਥੋਂ ਸਿੱਖ ਗਿਐਂ?"

"ਓਏ ਇਹ ਵੀ ਏਥੇ ਇੱਕ ਦਿਨ ਮਾਹਟਰ ਨੇ ਕਲੱਬ 'ਚ ਸੁਣਾਇਆ ਸੀ, ਮਨ 'ਚ ਖੁੱਭ ਗਿਐ, ਹੋਰ ਮੈਂ ਕਿਧਰਲਾ ਸ਼ਾਇਰ ਆਂ।"

---

ਸਾਡੇ ਪਿੰਡ 'ਚ ਚਾਚਾ ਮਾਨਾ 'ਜਗਤ ਚਾਚਾ' ਈ ਬਣ ਚੁਕਾ ਸੀ। ਛੋਟੇ-ਵੱਡੇ ਸਾਰੇ ਈ ਉਸ ਨੂੰ ਚਾਚਾ ਕਹਿ ਕੇ ਬੁਲਾਉਂਦੇ। ਚਾਚੇ ਤੋਂ ਵੱਡੇ ਉਸ ਦੇ ਭਤੀਜੇ-ਭਤੀਜੀਆਂ ਵੀ ਚਾਚਾ ਈ ਕਹਿੰਦੀਆਂ। ਪਹਿਲੇ ਸਮਿਆਂ 'ਚ ਸਰਦੇ-ਪੁੱਜਦੇ ਘਰਾਣਿਆਂ ਦੇ ਮੁੰਡਿਆਂ ਦੇ ਵਿਆਹ ਮੁੱਛ ਫੁੱਟਦਿਆਂ ਈ ਹੋ ਜਾਇਆ ਕਰਦੇ ਸਨ। ਅੱਗੋਂ ਬਖਤਾਵਰ ਵੀ ਕੁੜੀਆਂ ਦੇ ਵਿਆਹ ਛੇਤੀ ਕਰ ਦਿੰਦੇ। 'ਕੀ ਕਰਨੈ ਘਰ ਬਿਠਾ ਕੇ, ਬਿਗਾਨਾ ਧਨ ਆਪਣੇ ਘਰ ਜਾਏ, ਅਸੀਂ ਸੁਰਖਰੂ ਹੋਈਏ।' ਇਉਂ ਚਾਚੇ ਦਾ ਵਿਆਹ ਛੋਟੀ ਉਮਰੇ ਈ ਹੋ ਗਿਆ ਸੀ। ਉਦੋਂ ਉਹ ਨੌਵੀਂ 'ਚ ਪੜ੍ਹਦਾ ਸੀ। ਅੱਗੋਂ ਬਹੁਤੇ ਸਿਆਣਾਂ ਵਾਲਿਆਂ ਦੇ ਮੁੰਡੇ ਕਿਹੜਾ ਪੜ੍ਹਦੇ ਸਨ। ਕਈ ਵਾਰੀ ਸੱਸਾਂ-ਨੂੰਹਾਂ ਨਾਲੋ ਨਾਲ, ਅੱਗੇ-ਪਿੱਛੇ ਜਵਾਕ ਜੰਮੀ ਜਾਂਦੀਆਂ। ਭੂਆ-ਭਤੀਜੀਆਂ, ਚਾਚੇ-ਭਤੀਜੇ ਹਾਣ ਦੇ ਹੁੰਦੇ। ਕਈ ਵਾਰੀ ਭਤੀਜੇ ਵੱਡੇ ਹੁੰਦੇ। ਇੰਜ ਚਾਚਾ ਮਾਨਾ ਵੀ ਜਗਤ ਚਾਚਾ ਬਣ ਗਿਆ। ਵੱਡੇ ਮਸ਼ਕਰੀ ਤੇ ਸਨੇਹ ਨਾਲ ਚਾਚਾ ਕਹਿੰਦੇ।

ਇਧਰ ਵਿਆਹ ਹੋ ਗਿਆ ਤੇ ਉਧਰੋਂ ਅੰਗਰੇਜ਼ੀ ਦੇ ਮਾਸਟਰ ਮੋਹਨ ਲਾਲ ਦੇ ਡਾਇਰੈਕਟ-ਇਨਡਾਇਰੈਕਟ ਅਤੇ ਹਿਸਾਬ ਦੇ ਮਾਸਟਰ ਦੀਵਾਨ ਸਿੰਘ ਦੇ ਡੰਡਿਆਂ ਨੇ ਚਾਚੇ ਮਾਨੇ ਨੂੰ ਸਕੂਲੋਂ ਭਜਾ ਦਿੱਤਾ। ਸਕੂਲੋਂ ਭੱਜੇ ਨੂੰ ਵੱਡੇ ਭਰਾ ਵਾਹੀ-ਜੋਤੀ ਵਿਚ ਪੰਜਾਲਣਾ ਚਾਹੁੰਦੇ ਸੀ, ਪਰ ਉਹ ਟਲਦਾ ਘਰ ਈ ਲੁਕਿਆ ਰਹਿੰਦਾ। ਨਿੱਤ ਦੇ ਕਲੇਸ਼ ਤੋਂ ਤੰਗ ਆਇਆ 'ਕੇਰਾਂ ਉਹ ਐਸਾ ਖਿਸਕਿਆ, ਕਲਕੱਤੇ ਰਹਿੰਦੇ ਘਰਾਂ 'ਚੋਂ ਲੱਗਦੇ ਤਾਏ ਦਲੀਪ ਸਿੰਘ ਦੇ ਚਰਨੀਂ ਜਾ ਲੱਗਾ। ਤਾਇਆ ਪਿਛਲੇ ਸਾਲ ਜਦੋਂ ਪਿੰਡ ਆਇਆ ਤਾਂ ਉਹ ਚਾਚੇ ਮਾਨੇ ਨੂੰ ਉਥੇ ਦੀਆਂ ਲਹਿਰਾਂ ਬਹਿਰਾਂ ਦੇ ਜਲਵੇ ਵਿਖਾ ਗਿਆ ਸੀ।

ਮਾਨ ਸਿੰਘ ਦਿਮਾਗੀ ਤੌਰ 'ਤੇ ਤਿੱਖਾ ਸੀ। ਚਹੁੰ-ਪੰਜਾਂ ਸਾਲਾਂ 'ਚ ਈ ਟੈਕਸੀ ਧੰਦੇ ਦੇ ਦਾਅ-ਪੇਚ ਸਿੱਖ ਗਿਆ। ਦਸਾਂ ਕੁ ਸਾਲਾਂ 'ਚ ਚਾਰ ਟੈਕਸੀਆਂ ਦਾ ਜਗਤ ਫਿੱਟ ਕਰ ਗਿਆ। ਚਾਦਰਾ/ਪਜਾਮਾ ਤਿਆਗ ਕੋਟ ਪੈਂਟ ਪਾਉਣ ਲੱਗ ਪਿਆ। ਪਿੱਛੇ ਪਿੰਡ ਵੀ ਘਰ-ਬਾਹਰ ਦੀ ਵਾਹਵਾ ਠੁੱਕ ਬੰਨ੍ਹ ਦਿੱਤੀ, ਕੈਨੇਡਾ ਵਾਲਿਆਂ ਵਾਂਗੂੰ। ਪਿੰਡ 'ਚ ਪਰਿਵਾਰ ਦੇ ਨਾਂ ਨਾਲ 'ਕਲਕੱਤੇ ਵਾਲੇ ਚਾਚੇ ਮਾਨੇ ਕੇ' ਅੱਲ ਪੈ ਗਈ।

ਹੁਣ ਚਾਚਾ ਮਾਨਾ ਬਰੈਂਪਟਨ ਸੀਨੀਅਰ ਕਲੱਬ 'ਚ ਕਦੀ ਕਦੀ ਮਿਲ ਪੈਂਦਾ। ਉਮਰ ਨੇ ਉਸ ਦੇ ਸਰੀਰ ਤੋਂ ਆਪਣਾ ਮੁੱਲ ਵਸੂਲ ਲਿਆ ਹੋਇਆ ਸੀ। ਪਰ ਗੱਲਬਾਤ ਵਿਚ ਹਾਲੀ ਪੂਰਾ ਕਾਇਮ ਹੈ। ਅਸੀਂ ਕੋਈ 15 ਸਾਲਾਂ ਬਾਅਦ ਮਿਲਣ ਲੱਗੇ ਆਂ। ਉਹ ਬਹੁਤਾ ਕਲਕੱਤੇ ਰਿਹਾ ਅਤੇ ਮੈਂ ਨੌਕਰੀ ਦੇ ਚੱਕਰਾਂ 'ਚ ਪਿੰਡੋਂ ਬਾਹਰ।

"ਗੱਡੀ ਦਾ ਜੁਗਾੜ ਬਣਾਉਣ ਦੀ ਕੀ ਲੋੜ ਪਈ ਸੀ?" ਇੱਕ ਦਿਨ ਮੈਂ ਵੱਡੀ ਮੁਸ਼ਕਿਲ ਦੀ ਜੜ੍ਹ ਬਾਰੇ ਜਾਣਨਾ ਚਾਹਿਆ।

"ਬਾਈ ਕੁਝ ਤਾਂ ਆਪਣੇ 'ਤੇ ਮਾਣ ਸੀ ਕਿ ਇਹ ਕਿਹੜੀ ਗੱਲ ਐ, ਗੱਡੀ ਰੱਖਾਂਗੇ ਤੇ ਟੌਹਰ ਨਾਲ ਰਹਾਂਗੇ। ਪਰ ਨਾਲੇ ਮੁੰਡੇ ਵੀ ਕਹਿਣ ਲੱਗ ਪਏ, 'ਡੈਡੀ ਅਸੀਂ ਚਾਰੇ ਤਾਂ ਜਾਬਾਂ ਦੀ ਭੱਜ-ਭਜਾਈ 'ਚ ਫਸੇ ਹੋਏ ਆਂ। ਬੱਚਿਆਂ ਨੂੰ ਸਕੂਲ, ਪਾਰਕ, ਖੇਡ ਮੈਦਾਨ 'ਚ ਛੱਡ/ਲੈ ਆਇਆ ਕਰੀਂ। ਤੁਸੀਂ ਵੀ ਏਧਰ ਉਧਰ ਜਾ ਆਇਆ ਕਰੋਗੇ।' ਸੋ ਬਾਈ ਇਹ ਵੀ ਮੋਰਚਾ ਮਾਰਨਾ ਪਿਆ ਤੇ ਕਾਰ ਵੀ ਲੈ ਲਈ।"

ਇੱਕ ਦਿਨ ਚਾਚਾ ਮੁੜ ਝੂਰਨ ਲੱਗ ਪਿਆ, "ਕੋਈ ਚਾਰਾ ਨਈਓਂ ਦਿਸਦਾ, ਸਿਤਮ ਦੀ ਹੱਦ ਹੋ ਗਈ ਆ। ਕੇਹੇ ਆਲਮ 'ਚੋਂ ਲੰਘ ਰਹੇ ਆਂ, ਏਥੇ ਭੰਗੜਾ ਸਿਖਾਉਂਦੇ ਆ ਪਰ ਬੋਲਦੇ ਸਹੁਰੀ ਦੇ ਅੰਗਰੇਜ਼ੀ ਆ, ਗੀਤ-ਸੰਗੀਤ ਤੇ ਨਾਚ ਪੰਜਾਬੀ ਹੁੰਦੈ, ਕੁਝ ਤਾਂ ਰਹਿਮ ਕਰੋ ਓਏ ਪਤੰਦਰੋ!

ਅੱਗੋਂ ਭੰਗੜਾ ਮਾਸਟਰ ਕਹਿੰਦਾ, 'ਅੰਕਲ, ਸਾਨੂੰ ਵੀ ਪੰਜਾਬੀ ਕਿਹੜੀ ਚੱਜ ਨਾਲ ਆਉਂਦੀ ਆ, ਬੱਸ ਭੰਗੜਾ ਈ ਪਾਉਨੇ ਆਂ ਤੇ ਸਿਖਾਉਨੇ ਆਂ।' ਇਉਂ ਲੱਗਾ ਭਤੀਜ, ਜਿਵੇਂ ਪੰਜਾਬੀ ਤਾਂ ਗਈ ਕਿ ਗਈ।

ਬੱਚਿਆਂ ਨੂੰ ਲੈ ਕੇ ਆਈਆਂ ਉਥੇ ਖੜ੍ਹੀਆਂ ਬੀਬੀਆਂ ਨਾਲ ਮੈਂ ਗੱਲੀਂ ਪੈ ਗਿਆ। 'ਪੰਜਾਬੀ ਬੋਲੀ ਤਾਂ ਇਨ੍ਹਾਂ ਨੇ ਕਿੱਥੇ ਬੋਲਣੀ ਏ! ਇਹ ਤਾਂ ਥੋੜ੍ਹੇ ਬਹੁਤੇ ਸਾਡੇ ਸ਼ੌਕ ਨੇ, ਇਹ ਤਾਂ ਬੱਧੇ ਰੁੱਧੇ ਈ ਆਉਂਦੇ ਨੇ, ਜਿਵੇਂ ਸਕੂਲ ਨੂੰ ਜਾਂਦੇ ਨੇ।'

ਵਿਚੋਂ ਇੱਕ ਹੋਰ ਨੇ ਕਿਹਾ, 'ਚਲੋ ਹੋਰ ਨਈਂ ਤਾਂ ਫਾਸਟ ਫੂਡ, ਚਾਕਲੇਟਾਂ ਤੇ ਸ਼ੌਂਕੀਨਾਂ ਦੀ ਥੋੜ੍ਹੀ ਬਹੁਤੀ ਕਸਰਤ ਤਾਂ ਹੋ ਈ ਜਾਂਦੀ ਐ।'

ਏਥੇ ਵੀ 'ਦੇਸੀ ਘੋੜੇ ਖੁਰਾਸਾਨੀ ਦੁਲੱਤੇ' ਵਾਲਾ ਹਾਲ ਏ। ਪੈਸਾ ਨਚਾਈ ਫਿਰਦੈ, ਇਹ ਕਾਹਨੂੰ ਟਿਕਣ ਦਿੰਦੈ ਬੰਦੇ ਨੂੰ! ਘਰ ਸੁੰਨੇ ਛੱਡ ਆਪ ਡਾਲਰਾਂ, ਘਰਾਂ ਤੇ ਵੱਡੀਆਂ ਕਾਰਾਂ ਖਾਤਰ ਕਈ ਕਈ ਘੰਟੇ ਘਰੋਂ ਗਾਇਬ, ਪਨੀਰੀ 'ਚ ਉਗੀ ਜਾਂਦੈ ਬੇਲੋੜਾ ਘਾਹ-ਫੂਸ, ਸੂੜ੍ਹੀ-ਸਲੂਟੀ। ਬੱਸ ਫਿਰ ਫਸਲ ਦੱਬੀ ਜਾਂਦੀ ਏ ਇਸ ਵਿਚ ਈ। ਪੱਲੇ ਫਿਰ ਕੀ ਪੈਣਾ? ਬੇਰੜਾ, ਅੱਖੜ, ਅਮੋੜ, ਮਨਮਤੀਏ, ਸਨਲ, ਕਾਂਗਰਸੀ ਘਾਹ ਦੇ ਬੀਆਂ ਨਾਲ ਭਰੀ ਹੋਈ ਔਲਾਦ। ਅਗਲੀ ਪੀੜ੍ਹੀ, ਬੱਸ ਗਈ ਸਮਝ।

**"ਫਿਰ ਸੋਚਦਾਂ ਅੱਗੇ ਦਸਾਂ ਸਾਲਾਂ 'ਚ ਪਤਾ ਨਈਂ ਪਿੰਡ 'ਚ ਕਿਹੜੇ ਰਾਜੇ ਦੀ ਪਰਜਾ ਹੋਣੀ ਏਂ। ਨਾ ਲੱਭਣੇ ਨੇ ਉਹ ਬੰਦੇ, ਕੁਝ ਮਰ ਖਪ ਗਏ ਹੋਣਗੇ। ਭਤੀਜੇ, ਪੋਤੇ ਬੱਗੇ ਕੁੱਕੜ ਬਣੇ ਬੇਪਛਾਣ ਹੋ ਜਾਣੇ ਨੇ, ਤੇ ਨਾ ਹੋਣੇ ਉਥੇ ਉਹ ਪਹੇ, ਢਾਣੀਆਂ, ਪਿੱਪਲ, ਬੋਹੜ, ਖੂਹ ਦੀਆਂ ਮੌਣਾਂ 'ਤੇ ਬੈਠੇ ਬਾਬਿਆਂ ਦੀਆਂ ਰੌਣਕਾਂ। ਤੀਜੇ ਸਾਲ ਪਿਛਲੀ ਵਾਰੀ ਜਦੋਂ ਗਿਆ ਸਾਂ, ਉਦੋਂ ਵੀ ਬਹੁਤਾ ਕੁਝ ਬਦਲ ਗਿਆ ਸੀ। ਤਰੱਕੀ ਦੇ ਵਰੋਲਿਆਂ ਨੇ ਕੋਈ ਬਰੋਟਾ ਰਹਿਣ ਈ ਨਈਂ ਸੀ ਦਿੱਤਾ, ਐਂ ਲੱਗਦੈ ਜਿਵੇਂ ਟਿੱਡੀ ਦਲ ਚੱਟ ਗਿਐ। ਦੂਰ ਦੂਰ ਤੱਕ ਕੋਈ ਵੱਡਾ ਦਰਖਤ ਨਈਂ ਸੀ ਦਿੱਸਦਾ, ਪਿੰਡ ਬੇਪਛਾਣ ਹੋ ਗਏ ਸਨ, ਸੜਕਾਂ ਪੱਕੀਆਂ ਚੌੜੀਆਂ, ਘਰ ਪੱਕੇ, ਰੰਗੇ-ਬਰੰਗੇ ਲੋਹੇ ਦੇ ਗੇਟ ਲੱਗ ਗਏ ਸਨ ਪਰ ਉਹ ਰੌਣਕਾਂ ਗਾਇਬ ਸਨ। ਮਹਿਸੂਸ ਹੁੰਦੈ, ਭਾਈਚਾਰਕ ਸਾਂਝਾਂ ਛਾਊਂ-ਮਾਊਂ ਹੋ ਗਈਆਂ, ਰਿਸ਼ਤੇ ਪਾਣੀ ਬਣ ਗਏ, ਤਾਈਆਂ-ਚਾਚੀਆਂ, ਤਾਏ-ਚਾਚਿਆਂ ਦੀਆਂ ਨਿੱਘੀਆਂ, ਮਿੱਠੀਆਂ ਗੱਲਾਂ, ਬੋਲ-ਚਾਲ ਕਿਤੇ ਕੰਨੀਂ ਨਹੀਂ ਪੈਂਦੇ।**

ਏਥੇ ਮੁੰਡਿਆਂ ਦੇ ਰੰਗ-ਢੰਗ ਈ ਨਿਆਰੇ ਨੇ। ਅੱਧੀ ਰਾਤ ਤੱਕ ਮੰਡੀਰਾਂ ਸੜਕਾਂ 'ਤੇ ਫਿਰੀ ਜਾਂਦੀਆਂ ਨੇ, ਦੇਰ ਰਾਤ ਟੀ.ਵੀ. ਵੇਖਦੇ, ਵੀਡੀਓ ਗੇਮਾਂ ਖੇਡਦੇ ਸਵੇਰ ਤੜਕੇ ਸੌਣਗੇ, ਜਦੋਂ ਜਾਗਣ ਦਾ ਵੇਲਾ ਹੁੰਦੈ। ਦੁਪਹਿਰ ਨੂੰ ਉਠਣਗੇ। ਹੈ ਨਾ ਉੱਲੂਆਂ ਵਾਲੇ ਤੌਰ ਤਰੀਕੇ?"

ਮਾਨੇ ਚਾਚੇ ਦੀਆਂ ਗੱਲਾਂ ਸੁਣਦਾ ਤੇ ਉਸ ਦਾ ਦੁੱਖ ਮਹਿਸੂਸ ਕਰਦਿਆਂ ਕਹਿਣਾ ਪੈਂਦਾ, "ਵੇਖ ਬਾਲਿਆ ਰੰਗ ਕਰਤਾਰ ਦੇ!" ਉਸ ਨੂੰ ਇਸ ਵਰਤਾਰੇ ਨਾਲ ਸਹਿਜ ਹੋਣ ਅਤੇ ਸਹਿਣ ਕਰਨ ਦੀ ਸਲਾਹ ਦਿੰਦਾ ਹਾਂ।

ਇੱਕ ਦਿਨ ਸਵੇਰੇ ਸਵੇਰੇ ਉਸ ਦੀ ਵੇਦਨਾ ਦਾ ਕਿੱਸਾ ਉਸ ਦੇ ਜ਼ਿਹਨ 'ਚ ਤਰਨ ਲੱਗ ਪਿਆ, "ਮਾਨਿਆ! ਭੱਜ ਚੱਲ ਏਥੋਂ। ਪਰ ਫਿਰ ਏਧਰੋਂ ਉਧਰੋਂ ਸੁਣੀਆਂ ਗੱਲਾਂ ਯਾਦ ਆ ਜਾਂਦੀਆਂ, 'ਚਾਚਾ! ਔਖੇ ਸੌਖੇ ਦਸ ਸਾਲ ਪੂਰੇ ਕਰ ਲੈ, ਪੈਨਸ਼ਨ ਲੱਗ ਜਾਊ।' ਬੇਵੱਸ ਹੋ ਫਿਰ ਸਭ ਕੁਝ ਭਾਣਾ ਸਮਝ ਚੁੱਪ ਕਰ ਜਾਨਾਂ।" ਏਦਾਂ ਦਾ ਪਾਠ ਬਹੁਤਾ ਉਹਦੀ ਘਰ ਵਾਲੀ ਸਵੇਰੇ-ਸ਼ਾਮ ਕਰਦੀ ਰਹਿੰਦੀ।

ਫਿਰ ਚਾਚਾ ਬੋਲਿਆ, "ਇਉਂ ਮਹਿਸੂਸ ਹੁੰਦੈ ਜਿਵੇਂ ਕਦੀ ਸੌਣ-ਭਾਦੋਂ ਦੇ ਭਾਰੀ ਮੀਂਹ ਪਿੱਛੋਂ ਪਿੰਡ ਦੇ ਗੁਰਦੁਆਰੇ ਵਾਲੇ ਵੱਡੇ ਛੱਪੜ ਦਾ ਪਾਣੀ ਨੱਕੋ-ਨੱਕ ਭਰ ਜਾਂਦਾ ਸੀ। ਉਸ ਵਿਚ ਛਾਲਾਂ ਮਾਰਦੇ, ਤਰਦੇ, ਚੁੱਭੀਆਂ ਮਾਰਦੇ, ਕਈ ਕਿਸਮ ਦੀਆਂ ਖੇਡਾਂ ਖੇਡਦੇ ਸੀ, ਤੇ ਜਦੋਂ ਕਦੀ ਕੋਈ ਡੂੰਘੇ ਡੁੰਮ੍ਹ 'ਚ ਚਲੇ ਜਾਂਦਾ, ਗੋਤੇ ਆਉਂਦੇ, ਹੁੱਥੂ ਆਉਂਦੇ, ਚਾਰ ਚੁਫੇਰੇ ਚੀਕਾਂ ਵੱਜਦੀਆਂ। ਉਪਰੋਂ ਪਲਮਦੇ ਬੋਹੜ ਦੇ ਦਾੜ੍ਹੇ ਨੂੰ ਉਛਲ ਉਛਲ ਫੜਨ ਲਈ ਤਰਲੋ-ਮੱਛੀ ਹੁੰਦੇ, ਕਦੀ ਹੇਠਾਂ ਜਾਂਦੇ, ਕਦੀ ਉਪਰ ਆਉਂਦੇ। ਰੌਲਾ ਪਾਉਂਦੇ, ਪੂਰੇ ਤਾਣ ਨਾਲ ਬੋਹੜ ਦੇ ਦਾਹੜੇ ਵੱਲ ਅਹੁਲਦੇ, ਪਰ ਉਹ ਹੱਥ ਨਾ ਆਉਂਦਾ। ਉਧਰ ਮੁੰਡੇ ਹੱਸਦੇ। ਕਈ ਵਾਰੀ ਮੈਨੂੰ ਭਤੀਜ ਉਹ ਦਾਹੜਾ ਕਨੇਡਾ ਦੀ ਪੈਨਸ਼ਨ ਵਰਗਾ ਈ ਜਾਪਦੈ। ਹਾਏ ਉਏ ਮੇਰਿਆ ਰੱਬਾ! ਕਦੋਂ ਪੂਰੇ ਹੋਣਗੇ ਦਸ ਸਾਲ, ਕਦੋਂ ਮਿਲੇਗੀ ਪੈਨਸ਼ਨ ਅਤੇ ਕਦੋਂ ਜਿੰਦ ਖਲਾਸੀ ਹੋਊ? ਪਿੰਡ ਜਾਣ ਜੋਗੇ ਹੋਵਾਂਗੇ...ਹਾਏ...!" ਅਤੇ ਨਾਲ ਉਸ ਨੇ ਇੱਕ ਡੂੰਘਾ ਹੌਕਾ ਭਰਿਆ!

"ਫਿਰ ਸੋਚਦਾਂ ਅੱਗੇ ਦਸਾਂ ਸਾਲਾਂ 'ਚ ਪਤਾ ਨਈਂ ਪਿੰਡ 'ਚ ਕਿਹੜੇ ਰਾਜੇ ਦੀ ਪਰਜਾ ਹੋਣੀ ਏਂ। ਨਾ ਲੱਭਣੇ ਨੇ ਉਹ ਬੰਦੇ, ਕੁਝ ਮਰ ਖਪ ਗਏ ਹੋਣਗੇ। ਭਤੀਜੇ, ਪੋਤੇ ਬੱਗੇ ਕੁੱਕੜ ਬਣੇ ਬੇਪਛਾਣ ਹੋ ਜਾਣੇ ਨੇ, ਤੇ ਨਾ ਹੋਣੇ ਉਥੇ ਉਹ ਪਹੇ, ਢਾਣੀਆਂ, ਪਿੱਪਲ, ਬੋਹੜ, ਖੂਹ ਦੀਆਂ ਮੌਣਾਂ 'ਤੇ ਬੈਠੇ ਬਾਬਿਆਂ ਦੀਆਂ ਰੌਣਕਾਂ। ਤੀਜੇ ਸਾਲ ਪਿਛਲੀ ਵਾਰੀ ਜਦੋਂ ਗਿਆ ਸਾਂ, ਉਦੋਂ ਵੀ ਬਹੁਤਾ ਕੁਝ ਬਦਲ ਗਿਆ ਸੀ। ਤਰੱਕੀ ਦੇ ਵਰੋਲਿਆਂ ਨੇ ਕੋਈ ਬਰੋਟਾ ਰਹਿਣ ਈ ਨਈਂ ਸੀ ਦਿੱਤਾ, ਐਂ ਲੱਗਦੈ ਜਿਵੇਂ ਟਿੱਡੀ ਦਲ ਚੱਟ ਗਿਐ। ਦੂਰ ਦੂਰ ਤੱਕ ਕੋਈ ਵੱਡਾ ਦਰਖਤ ਨਈਂ ਸੀ ਦਿੱਸਦਾ, ਪਿੰਡ ਬੇਪਛਾਣ ਹੋ ਗਏ ਸਨ, ਸੜਕਾਂ ਪੱਕੀਆਂ ਚੌੜੀਆਂ, ਘਰ ਪੱਕੇ, ਰੰਗੇ-ਬਰੰਗੇ ਲੋਹੇ ਦੇ ਗੇਟ ਲੱਗ ਗਏ ਸਨ ਪਰ ਉਹ ਰੌਣਕਾਂ ਗਾਇਬ ਸਨ। ਮਹਿਸੂਸ ਹੁੰਦੈ, ਭਾਈਚਾਰਕ ਸਾਂਝਾਂ ਛਾਊਂ-ਮਾਊਂ ਹੋ ਗਈਆਂ, ਰਿਸ਼ਤੇ ਪਾਣੀ ਬਣ ਗਏ, ਤਾਈਆਂ-ਚਾਚੀਆਂ, ਤਾਏ-ਚਾਚਿਆਂ ਦੀਆਂ ਨਿੱਘੀਆਂ, ਮਿੱਠੀਆਂ ਗੱਲਾਂ, ਬੋਲ-ਚਾਲ ਕਿਤੇ ਕੰਨੀਂ ਨਹੀਂ ਪੈਂਦੇ। ਚਾਰ ਚੁਫੇਰੇ ਪੈਸਾ ਈ ਪੈਸਾ, ਸਭ ਦਾ ਗੁਰ ਪੀਰ ਬਣ ਗਿਐ ਜਾਪਦੈ। ਗੁਰ ਪੀਰ ਕੀ, ਭੂਤ ਬਣ ਚੰਬੜਿਆ ਪਿਆ ਈ ਹਰ ਇੱਕ ਨੂੰ।" ਪਿੰਡ ਦੀਆਂ ਗੱਲਾਂ ਕਰਦਾ ਚਾਚਾ ਗੰਭੀਰ ਹੋ ਗਿਆ।

"ਏਥੇ ਪੈਨਸ਼ਨ ਉਡੀਕਦੇ ਕਈ ਮੇਰੇ ਵਰਗੇ ਚੱਲ ਵਸੇ ਨੇ। ਭਾਗਾਂ ਵਾਲੇ ਪੈਨਸ਼ਨ ਤੱਕ ਪਹੁੰਚਦੇ ਨੇ। ਪੈਨਸ਼ਨ ਦੇ ਚੋਗੇ ਭਰਨ ਲਈ ਧੀਆਂ-ਪੁੱਤਰ ਵੀ ਬਾਬਿਆਂ ਦੁਆਲੇ ਗਿਰਝਾਂ ਵਾਂਗ ਆ ਜੁੜਦੇ ਨੇ, ਤੇ ਚੁੰਝਾਂ ਤਿੱਖੀਆਂ ਕਰਨ ਲੱਗ ਪੈਂਦੇ ਨੇ। ਇਹ ਕਿੱਸੇ-ਕਹਾਣੀਆਂ ਕੰਨੀਂ ਪੈਂਦੀਆਂ ਨੇ।"

ਅਜਿਹੇ ਹਾਲਾਤ ਭਾਂਪਦਾ ਚਾਚਾ ਮਾਨਾ ਆਪਣੇ ਪਿੰਡ ਵਾਲੇ ਉਸ ਛੱਪੜ ਵਾਲੇ ਡੂੰਘੇ ਡੁੰਮ੍ਹ ਵਿਚ ਕਦੀ ਥੱਲੇ ਤੇ ਕਦੀ ਉਪਰ ਆਉਂਦਾ ਮਹਿਸੂਸ ਕਰਦੈ। ਅੱਖਾਂ ਅੱਗੇ ਤੇਜ਼ ਛੱਲਾਂ 'ਚ ਉਹਦਾ ਅੰਗਾ ਪਿੱਛਾ, ਸਭ ਕੁਝ ਰੁੜ੍ਹੀ ਜਾ ਰਿਹੈ ਲੱਗਦੈ, ਡੁੱਬੀ ਜਾ ਰਿਹੈ। ਉਹ ਪੂਰਾ ਤਾਣ ਲਾਉਂਦੈ, ਉਹਨੂੰ ਫੜਨ ਲਈ, ਉਹ ਮੁੜ ਮੁੜ ਹੰਭਲਾ ਮਾਰਦੈ, ਉਹ ਬੇਵੱਸ ਹੋਈ ਜਾ ਰਿਹੈ, ਡੂੰਘਾ ਪਾਣੀ ਉਹਨੂੰ ਥੱਲੇ ਲਈ ਜਾ ਰਿਹੈ। ਫਿਰ ਇੱਕ ਦਮ ਚੀਕ ਵਰਗੇ ਬੋਲ ਕੰਨੀਂ ਪਏ, "ਬਾਬਾ ਆ ਜਾ, ਆ ਜਾ, ਅਸੀਂ ਲੇਟ ਹੋ ਗਏ।" ਅਤੇ ਉਹ ਭੱਜ ਕੇ ਚਾਬੀ ਚੁੱਕ, ਜੁੱਤੀ ਅੜਾਉਂਦਾ ਗੱਡੀ ਵੱਲ ਭੱਜ ਉਠਿਆ।

# ਪੰਜਾਬ ਵਿਚ ਵਿਗੜਦੇ ਸਿੱਖ-ਈਸਾਈ ਸਬੰਧ

***ਡਾ. ਹਰਭਜਨ ਸਿੰਘ ਦੇਹਰਾਦੂਨ ਨੇ ਆਪਣੇ ਇਸ ਲੰਮੇ ਲੇਖ ਵਿਚ ਪੰਜਾਬ ਅੰਦਰ ਈਸਾਈਆਂ ਅਤੇ ਸਿੱਖਾਂ ਵਿਚਾਲੇ ਪੈਦਾ ਹੋਏ ਵਿਰੋਧ ਦਾ ਜ਼ਿਕਰ ਕਰਦਿਆਂ ਧਾਰਮਿਕ ਅਸਹਿਣਸ਼ੀਲਤਾ ਬਾਰੇ ਗੱਲ ਛੋਹੀ ਹੈ। ਇਸ ਵਿਚ ਧਰਮ ਬਦਲੀ ਦਾ ਮੁੱਦਾ ਮੁੱਖ ਰੂਪ ਵਿਚ ਵਿਚਾਰਿਆ ਗਿਆ ਹੈ। ਲੁਧਿਆਣਾ ਸ਼ਹਿਰ ਵਿਚ ਪਾਦਰੀ ਸੁਲਤਾਨ ਮਸੀਹ ਦੇ ਕਤਲ ਦੇ ਪ੍ਰਸੰਗ ਵਿਚ ਇਸ ਲੇਖ ਦੀਆਂ ਤਿੰਨ ਕਿਸ਼ਤਾਂ ਵਿਚੋਂ ਪਹਿਲੀ ਕਿਸ਼ਤ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

ਧਾਰਮਿਕ ਅਸਹਿਣਸ਼ੀਲਤਾ ਦੇ ਇਸ ਦੌਰ ਵਿਚ ਲੁਧਿਆਣਾ ਸ਼ਹਿਰ ਦੇ ਪਾਦਰੀ ਸੁਲਤਾਨ ਮਸੀਹ ਦਾ ਕਤਲ ਨਿਸ਼ਚੇ ਹੀ ਮੰਦਭਾਗਾ ਹੈ। ਇਸ ਤੋਂ ਪਹਿਲਾਂ ਵਾਪਰੀਆਂ ਕੁਝ ਘਟਨਾਵਾਂ ਕਾਰਨ ਸ਼ੱਕ ਦੀ ਸੂਈ ਸਿੱਖਾਂ ਅਤੇ ਈਸਾਈਆਂ ਵਿਚ ਵਧੇ ਤਣਾਅ ਉਤੇ ਵੀ ਕੇਂਦ੍ਰਿਤ ਹੋ ਸਕਦੀ ਹੈ। ਇਸ ਨੂੰ ਕਿਸੇ ਸਿਰ-ਫਿਰੇ ਦੀ ਕਰਤੂਤ ਕਹਿ ਕੇ ਵੀ ਟਾਲਿਆ ਜਾ ਸਕਦਾ ਹੈ, ਪਰ ਇਹ ਮੰਥਨ ਕਰਨਾ ਜ਼ਰੂਰੀ ਹੈ ਕਿ ਆਮ ਕਰ ਕੇ ਕੋਈ ਸਿੱਖ ਕਿਸੇ ਗੈਰ-ਧਰਮੀ ਉਤੇ ਉਦੋਂ ਹੀ ਹਮਲਾਵਰ ਹੁੰਦਾ ਹੈ, ਜਦੋਂ ਉਸ ਦੇ ਪੰਥ ਉਤੇ ਕੋਈ ਸਾਜ਼ਿਸ਼ੀ ਹਮਲਾ ਕਰਦਾ ਹੈ। ਗੁਰੂ ਨਾਨਕ ਦੀ ਦਿਤੀ ਧਾਰਮਿਕ ਸਹਿਣਸ਼ੀਲਤਾ ਸਿੱਖ ਕੇਵਲ ਔਖੇ ਹਾਲਾਤ ਵਿਚ ਹੀ ਛੱਡਦਾ ਹੈ। ਸਿੱਖ ਆਮ ਕਰ ਕੇ 'ਨਾ ਕੋ ਬੈਰੀ ਨਾਹਿ ਬਿਗਾਨਾ' ਦੇ ਸਿਧਾਂਤ 'ਤੇ ਪੱਕਾ ਰਹਿੰਦਿਆਂ ਹਰ ਧਾਰਮਿਕ ਭਾਈਚਾਰੇ ਦੇ ਵਿਸ਼ਵਾਸਾਂ ਦੀ ਕਦਰ ਕਰਦਾ ਹੈ ਅਤੇ ਹਰ ਬੰਦੇ ਨੂੰ ਆਪਣਾ ਭੈਣ-ਭਰਾ ਜਾਣਦਾ ਹੈ, ਤੇ ਜਾਣਨਾ ਚਾਹੀਦਾ ਵੀ ਹੈ। ਧਾਰਮਿਕ

**ਡਾ. ਹਰਭਜਨ ਸਿੰਘ ਦੇਹਰਾਦੂਨ**
ਫੋਨ: +91-99971-39539


ਕੱਟੜਤਾ ਸਿੱਖਾਂ ਦਾ ਸੁਭਾਅ ਨਹੀਂ, ਕਿਉਂਕਿ ਗੁਰੂ ਨਾਨਕ ਦੇਵ ਦਾ ਪੰਥ ਜਿਨ੍ਹਾਂ ਗੱਲਾਂ ਦੇ ਖਿਲਾਫ ਪੈਦਾ ਹੋਇਆ ਹੈ, ਉਨ੍ਹਾਂ ਵਿਚੋਂ ਧਾਰਮਿਕ ਕੱਟੜਤਾ ਮੁਖ ਹੈ। ਉਂਜ, ਇਹ ਗੱਲ ਵੀ ਹੈ ਕਿ ਜੋ ਲੋਕ ਧਾਰਮਿਕ ਸਹਿਣਸ਼ੀਲਤਾ ਦੇ ਮਾਰਗ ਉਤੇ ਚਲਦੇ ਹਨ, ਉਹ ਆਪਣੇ ਧਰਮ ਦਾ ਅਪਮਾਨ ਕਦੇ ਵੀ ਬਰਦਾਸ਼ਤ ਨਹੀਂ ਕਰਦੇ, ਕਿਉਂਕਿ ਉਨ੍ਹਾਂ ਕੋਲ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਦਾ ਧਰਮ ਸੂਤਰ ਹੁੰਦਾ ਹੈ। ਇਸ ਲਈ ਸਭ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਸਿੱਖ ਪੰਥ ਅਤੇ ਸਿਧਾਂਤਾਂ ਉਤੇ ਹੋਇਆ ਕੋਈ ਵੀ ਹਮਲਾ ਪੰਜਾਬ ਵਿਚ ਹਾਲਾਤ ਨੂੰ ਜ਼ਰੂਰ ਖਰਾਬ ਕਰ ਸਕਦਾ ਹੈ, ਜਿਵੇਂ ਪਹਿਲਾਂ ਸਿੱਖ-ਨਿਰੰਕਾਰੀ ਵਿਵਾਦ ਵੱਡੇ ਦੁਖਾਂਤ ਦਾ ਕਾਰਨ ਬਣ ਗਿਆ ਸੀ।

ਮੈਂ 2000 ਵਿਚ ਈਸਾਈ ਮਿਸ਼ਨਰੀਆਂ ਦਾ 'ਜੋਸ਼ੁਆ ਡਾਕੂਮੈਂਟ' ਪੜ੍ਹਿਆ ਸੀ ਜਿਸ ਵਿਚ ਭਾਰਤ ਦੀਆਂ ਸਾਰੀਆਂ ਜਾਤੀਆਂ ਦੀ ਗਿਣਤੀ, ਜਾਤੀ ਦਾ ਧਾਰਮਿਕ ਸਬੰਧ, ਸਬੰਧਿਤ ਲੋਕਾਂ ਦੀ ਵਸੋਂ ਦੇ ਖੇਤਰ, ਉਨ੍ਹਾਂ ਦਾ ਸਭਿਆਚਾਰ, ਉਨ੍ਹਾਂ ਦੀ ਭਾਸ਼ਾ, ਧਾਰਮਿਕ ਅਤੇ ਸਮਾਜਿਕ ਰਹੁ-ਰੀਤਾਂ ਦਾ ਸਾਰਾ ਡੈਟਾ ਦਿਤਾ ਗਿਆ ਸੀ। ਉਸ ਪ੍ਰਾਜੈਕਟ ਦਾ ਮੁਖ ਬਿੰਦੂ ਹੈ, 'ਅਪਹੁੰਚ ਲੋਕਾਂ ਤੀਕ ਪੁਜਣਾ', ਅਰਥਾਤ ਉਨ੍ਹਾਂ ਲੋਕਾਂ ਤੀਕ ਈਸਾਈਅਤ ਨੂੰ ਪਹੁੰਚਾਉਣਾ ਜਿਨ੍ਹਾਂ ਤੀਕ ਅਜੇ ਈਸਾਈ ਮਿਸ਼ਨਰੀ ਪਹੁੰਚਣ ਵਿਚ ਕਾਮਯਾਬ ਨਹੀਂ ਹੋਏ।

ਜੋਸ਼ੁਆ ਕੌਣ ਸੀ? ਜੋਸ਼ੁਆ ਮੂਸਾ ਤੋਂ ਬਾਅਦ ਯਹੂਦੀਆਂ ਦਾ ਪੈਗੰਬਰ ਸੀ। ਜਦੋਂ ਮੂਸਾ ਯਹੂਦੀਆਂ ਨੂੰ ਮਿਸਰ ਵਿਚੋਂ ਕੱਢ ਕੇ ਜਾਰਡਨ ਨਦੀ ਦੇ ਕੰਢੇ ਲੈ ਆਇਆ, ਤਾਂ ਉਸ ਨੇ 12 ਕਬੀਲਾ ਮੁਖੀਆਂ ਨੂੰ ਫਲਸਤੀਨ ਵਲ ਭੇਜਿਆ ਕਿ ਜਾਓ ਦੇਖੋ ਯਹੂਦੀਆਂ ਦੀ ਤੁਲਨਾ ਵਿਚ ਫਲਸਤੀਨੀ ਕਿਤਨੇ ਕੁ ਤਾਕਤਵਰ ਹਨ। ਯਹੂਦੀ ਫਲਸਤੀਨ ਦੀ ਧਰਤੀ 'ਤੇ ਫਤਿਹ ਪ੍ਰਾਪਤ ਕਰ ਸਕਣਗੇ ਜਾਂ ਨਹੀਂ? ਸਾਰੇ ਹਾਲਾਤ ਅੱਖੀਂ ਵੇਖ ਕੇ 40 ਦਿਨ ਬਾਅਦ ਪਰਤੇ 12 ਵਿਚੋਂ ਦਸ ਬੰਦਿਆਂ ਨੇ ਦੱਸਿਆ ਕਿ ਫਲਸਤੀਨੀ ਯਹੂਦੀਆਂ ਨਾਲੋਂ ਬਹੁਤ ਤਾਕਤਵਰ ਹਨ ਅਤੇ ਯਹੂਦੀਆਂ ਦਾ ਫਲਸਤੀਨ ਵਿਚ ਪ੍ਰਵੇਸ਼ ਅਸੰਭਵ ਹੈ। ਜੋਸ਼ੁਆ ਅਤੇ ਸਾਲੇਬ ਨੇ ਕਿਹਾ ਕਿ ਅਜਿਹਾ ਨਹੀਂ, ਅਸੀਂ ਜੇ ਦ੍ਰਿੜ੍ਹਤਾ ਸਹਿਤ ਮੁਕਾਬਲਾ ਕਰੀਏ, ਤਾਂ ਜਿੱਤ ਪ੍ਰਾਪਤ ਕਰ ਸਕਦੇ ਹਾਂ। ਮੂਸਾ ਨੇ ਅਕਾਲ ਚਲਾਣੇ ਤੋਂ ਪਹਿਲਾਂ ਜੋਸ਼ੁਆ ਨੂੰ ਯਹੂਦੀਆਂ ਦਾ ਆਗੂ ਐਲਾਨ ਕੇ ਕੌਮ ਨੂੰ ਫਲਸਤੀਨ ਲਿਜਾਣ ਦਾ ਨਿਸ਼ਾਨਾ ਦੇ ਦਿਤਾ। ਮੂਸਾ ਤੋਂ ਬਾਅਦ ਉਸ ਨੇ ਇਹ ਜ਼ਿੰਮੇਵਾਰੀ ਸਫਲਤਾ ਸਹਿਤ ਨਿਭਾਈ। ਸੋ ਜੋਸ਼ੁਆ ਅਜਿਤ ਕਿਲ੍ਹਿਆਂ ਨੂੰ ਜਿੱਤਣ ਦਾ ਪ੍ਰਤੀਕ ਹੈ।

ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਦੇ ਨਾਲ ਹੀ ਈਸਾਈ ਮਿਸ਼ਨਰੀਆਂ ਨੇ ਹਾਰੇ ਹੋਏ ਸਿੱਖਾਂ ਨੂੰ ਈਸਾਈ ਬਣਾਉਣ ਦੇ ਯਤਨ ਅਰੰਭ ਦਿਤੇ ਸਨ। ਉਹ ਕਪੂਰਥਲਾ ਦੇ ਮਹਾਰਾਜਾ ਹਰਨਾਮ ਸਿੰਘ ਨੂੰ ਵੀ ਈਸਾਈ ਬਣਾਉਣ ਵਿਚ ਸਫਲ ਹੋ ਗਏ ਸਨ। ਉਨ੍ਹਾਂ ਪੰਜਾਬ ਵਿਚ ਮਿਸ਼ਨ ਕਾਇਮ ਕਰ ਕੇ ਬਹੁਤ ਸਾਰੇ ਦਲਿਤ ਸਿੱਖਾਂ ਨੂੰ ਭਾਂਤ-ਭਾਂਤ ਦੇ ਲਾਲਚ ਦੇ ਕੇ ਈਸਾਈ ਬਣਾ ਲਿਆ। ਜਦੋਂ 5 ਚੰਗੇ ਘਰਾਂ ਦੇ ਬੱਚਿਆਂ ਨੇ ਈਸਾਈ ਬਣਨ ਦਾ ਐਲਾਨ ਕਰ ਦਿਤਾ, ਤਾਂ ਸਿੱਖ ਕੌਮ ਸੁਚੇਤ ਹੋ ਗਈ ਅਤੇ ਈਸਾਈਅਤ ਦੇ ਫੈਲਾਅ ਤੋਂ ਉਪਜੀ ਕੌਮੀ ਜਾਗ੍ਰਿਤੀ 'ਸਿੰਘ ਸਭਾ ਲਹਿਰ' ਦਾ ਮੁਖ ਕਾਰਨ ਬਣ ਗਈ। ਮਗਰੋਂ ਸਿੰਘ ਸਭਾ ਦਾ ਮੁਖ ਨਿਸ਼ਾਨਾ ਭਾਵੇਂ 'ਹਮ ਹਿੰਦੂ ਨਹੀਂ' ਦੀ ਚੇਤਨਾ ਦਾ ਪ੍ਰਸਾਰ ਹੋ ਗਿਆ, ਪਰ ਇਸ ਦੀ ਕਾਇਮੀ ਸਮੇਂ ਮੁਖ ਮੁੱਦਾ ਈਸਾਈਅਤ ਦਾ ਚੈਲੇਂਜ ਹੀ ਸੀ। ਈਸਾਈ ਮਿਸ਼ਨਰੀ ਹਾਲਾਂਕਿ ਲੋਕਾਂ ਨੂੰ ਆਰਥਿਕ ਲਾਲਚ ਦੇ ਕੇ ਆਪਣੇ ਧਰਮ ਵਲ ਉਤਸ਼ਾਹਿਤ ਕਰਦੇ ਹਨ, ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਜਦੋਂ ਕੋਈ ਧਰਮ ਬਦਲ ਲੈਂਦਾ ਹੈ, ਫਿਰ ਉਸ ਦੇ ਉਥਾਨ ਦੇ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕੀਤੇ ਜਾਂਦੇ, ਬਲਕਿ ਫਿਰ ਹੋਰ ਨਵੇਂ ਲੋਕਾਂ ਨੂੰ ਲਾਲਚ ਦੇਣ ਵਿਚ ਰੁਝ ਜਾਂਦੇ ਹਨ। ਛੋਟੇ ਹੁੰਦਿਆਂ ਜਦੋਂ ਅਸੀਂ ਪਿੰਡ ਰਹਿੰਦੇ ਸਾਂ ਤਾਂ ਵੇਖਦੇ ਸਾਂ ਕਿ ਪਿੰਡ ਵਿਚ ਸਭ ਤੋਂ ਗਰੀਬ ਈਸਾਈ ਪਰਿਵਾਰ ਹੁੰਦੇ ਸਨ। ਇਸਤਰੀਆਂ ਲੋਕਾਂ ਦਾ ਗੋਹਾ-ਕੂੜਾ ਸੁਟਦੀਆਂ ਸਨ ਅਤੇ ਪੁਰਖ ਖੇਤਾਂ ਦੇ ਕਾਮੇ ਹੁੰਦੇ ਸਨ। ਚਮਾਰਾਂ ਦੇ ਘਰ ਵੀ ਸਨ। ਉਹ ਗੁਰੂ ਘਰ ਨੂੰ ਮੰਨਣ ਵਾਲੇ ਸਨ। ਈਸਾਈਆਂ ਨਾਲੋਂ ਕਿਤੇ ਸੌਖੇ ਸਨ। ਰਾਜ ਸੱਤਾ ਦੇ ਆਸਰੇ ਵੀ ਈਸਾਈਆਂ ਨੂੰ ਸਿੱਖਾਂ ਦਾ ਧਰਮ ਪਰਿਵਰਤਨ ਕਰਨ ਵਿਚ ਕੋਈ ਵਿਸ਼ੇਸ਼ ਕਾਮਯਾਬੀ ਨਹੀਂ ਸੀ ਮਿਲੀ। ਇਸ ਲਈ 'ਜੋਸ਼ੁਆ ਪ੍ਰੋਗਰਾਮ' ਮੁਤਾਬਿਕ ਸਿੱਖੀ ਅਜੇ ਤੀਕ ਅਜਿਤ ਕਿਲ੍ਹਾ ਹੈ। ਇਸ ਨੂੰ ਈਸਾਈਅਤ ਵਿਚ ਲਿਆ ਕੇ ਅਜਿਤ ਕਿਲ੍ਹਾ ਤੋੜਨਾ ਹੀ 21ਵੀਂ ਸਦੀ ਦਾ ਮੁਖ ਈਸਾਈ ਟੀਚਾ ਹੈ। ਇਸ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਪਟਿਆਲਾ ਵਿਚ ਈਸਾਈ ਮਿਸ਼ਨ ਕਾਇਮ ਹੋ ਚੁਕਾ ਹੈ ਅਤੇ ਪਾਕਿਸਤਾਨ ਵਿਚ ਵਸਦੇ ਸਿੱਖਾਂ ਵਾਸਤੇ ਲਾਹੌਰ ਵਿਚ ਮਿਸ਼ਨ ਬਣਾਇਆ ਸੀ। ਧਰਮ ਪਰਿਵਰਤਨ ਦੀਆਂ ਸਰਗਰਮੀਆਂ ਸਿਖਰ ਉਤੇ ਪਹੁੰਚਾਉਣ ਵਾਸਤੇ ਕੇਰਲਾ ਦੇ 5 ਮਿਸ਼ਨਰੀ ਕੁਝ ਸਮਾਂ ਪਹਿਲਾਂ ਹੀ ਦਿੱਲੀ ਦੇ ਗੁਰਮਤਿ ਕਾਲਜ ਤੋਂ ਪੰਜਾਬੀ ਸਿੱਖ ਕੇ ਆਏ ਹਨ, ਪਰ ਕਾਲਜ ਦੇ ਸੰਚਾਲਕਾਂ ਨੂੰ ਉਨ੍ਹਾਂ ਨੇ ਆਪਣੇ ਮਿਸ਼ਨ ਬਾਬਤ ਉਦੋਂ ਹੀ ਦੱਸਿਆ, ਜਦੋਂ ਉਨ੍ਹਾਂ ਪੰਜਾਬੀ ਦਾ ਕੋਰਸ ਪੂਰਾ ਕਰ ਲਿਆ। ਇੰਟਰਨੈਟ ਉਤੇ 'ਜੋਸ਼ੁਆ ਪ੍ਰਾਜੈਕਟ' ਸਬੰਧੀ ਆਈਆਂ ਟਿਪਣੀਆਂ ਤੋਂ ਸਪਸ਼ਟ ਹੈ ਕਿ ਜਿਥੇ ਅੰਧ-ਵਿਸ਼ਵਾਸੀ ਸਮਝਿਆ ਜਾਣ ਵਾਲਾ ਹਿੰਦੂ ਸਮਾਜ ਇਸ ਈਸਾਈ ਪ੍ਰਾਜੈਕਟ ਤੋਂ ਸੁਚੇਤ ਹੈ, ਉਥੇ ਅਚੇਤਨ ਸਿੱਖ ਆਗੂ ਮੂਕ ਦਰਸ਼ਕ ਬਣੇ ਬੈਠੇ ਹਨ, ਬਲਕਿ ਸਭ ਰਾਜਨੀਤਿਕ ਪਾਰਟੀਆਂ ਦੇ ਸਿੱਖ ਵੋਟਾਂ ਵਾਸਤੇ ਕਿਸੇ ਨਾ ਕਿਸੇ ਤਰ੍ਹਾਂ ਈਸਾਈ ਮਿਸ਼ਨ ਨੂੰ ਹੀ ਉਤਸ਼ਾਹ ਦੇ ਰਹੇ ਹਨ।

ਭੋਪਾਲ ਦੇ ਸਰਕਾਰੀ ਟੈਲੀਫੋਨ ਵਿਭਾਗ ਵਿਚ ਇਕ ਸਰਦਾਰ ਜੀ ਵੱਡੇ ਅਫਸਰ ਬਣ ਕੇ ਆ ਗਏ। ਉਹ ਅੰਮ੍ਰਿਤਸਰ ਇਲਾਕੇ ਦੇ ਸਨ। ਦਾੜ੍ਹੀ ਕੇਸ ਵੀ ਸਨ ਅਤੇ ਦਸਤਾਰ ਵੀ ਸਜਾਉਂਦੇ ਸਨ। ਵਿਭਾਗ ਵਿਚ ਈਸਾਈ ਮਿਸ਼ਨਰੀ ਵਾਂਗ ਕੰਮ ਕਰਦਿਆਂ ਉਹ ਹੋਰ ਸਿੱਖ ਕਰਮਚਾਰੀਆਂ ਨੂੰ ਵੀ ਹੁਕਮ ਦੇਣ ਲੱਗੇ ਕਿ ਐਤਵਾਰ ਮੇਰੇ ਨਾਲ ਚਰਚ ਚਲਿਆ ਕਰੋ। ਸਿੱਖਾਂ ਨੂੰ ਪਤਾ ਲੱਗਿਆ। ਸ. ਭਗਵਾਨ ਸਿੰਘ, ਸ. ਤਾਰਾ ਸਿੰਘ, ਡਾ. ਸੁਦਰਸ਼ਨ ਸਿੰਘ, ਸ. ਈਸ਼ਰ ਸਿੰਘ, ਪ੍ਰਿੰਸੀਪਲ ਕੁਲਦੀਪ ਸਿੰਘ ਜੱਜ ਨਾਲ ਮੈਂ ਅਤੇ ਇਕ ਦੋ ਹੋਰ ਸਿੱਖ ਉਸ ਈਸਾਈ ਸਰਦਾਰ ਦੇ ਘਰ ਪਹੁੰਚੇ। ਹਾਲ-ਚਾਲ ਪੁਛਿਆ ਅਤੇ ਉਨ੍ਹਾਂ ਨੂੰ ਮਿਲਣ ਦਾ ਮਕਸਦ ਦਸਿਆ। ਅਸਾਂ ਚਿਤਾਵਨੀ ਦੇ ਰੂਪ ਵਿਚ ਕਹਿ ਦਿਤਾ ਕਿ ਸਿੱਖ ਹਰਗਿਜ਼ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਤੁਸੀਂ ਆਪਣੇ ਰੁਤਬੇ ਦੀ ਦੁਰਵਰਤੋਂ ਕਰ ਕੇ ਸਿੱਖਾਂ ਨੂੰ ਗੁੰਮਰਾਹ ਕਰੋ। ਗੱਲਾਂ ਗੱਲਾਂ ਵਿਚ ਅਸੀਂ ਪੁਛਿਆ ਕਿ ਅਜਿਹੀ ਕਿਹੜੀ ਗੱਲ ਹੈ ਜੋ ਸਿੱਖ ਧਰਮ ਵਿਚ ਨਹੀਂ ਅਤੇ ਤੁਹਾਨੂੰ ਈਸਾਈਅਤ ਵਿਚੋਂ ਮਿਲ ਗਈ ਹੈ? ਉਹ ਕਹਿਣ ਲੱਗੇ, 'ਪ੍ਰਭੂ ਯਿਸੂ' ਨੇ ਮਨੁਖਤਾ ਵਾਸਤੇ ਜੋ ਕੁਰਬਾਨੀ ਕੀਤੀ ਹੈ, ਉਹ ਹੋਰ ਕਿਸੇ ਮਹਾਨ ਪੁਰਖ ਨੇ ਨਹੀਂ ਕੀਤੀ। ਅਸਾਂ ਕਿਹਾ, ਗੁਰੂ ਗੋਬਿੰਦ ਸਿੰਘ ਦੇ ਛੋਟੇ-ਛੋਟੇ ਬੱਚਿਆਂ ਦੀ ਸ਼ਹਾਦਤ ਤੁਸੀਂ ਕਿਵੇਂ ਭੁਲ ਗਏ ਹੋ? ਈਸਾ ਦੀ ਕੁਰਬਾਨੀ ਦਾ ਪੰਜਾਬ ਨੂੰ ਕੀ ਲਾਭ? ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੇ ਤਾਂ ਇਥੋਂ, ਸਾਡੇ ਦੇਸ਼ ਵਿਚੋਂ, ਜ਼ੁਲਮ ਅਤੇ ਗੁਲਾਮੀ ਦੀ ਜੜ੍ਹ ਪੁਟ ਦਿਤੀ ਸੀ। ਕੀ ਉਹ ਲਾਸਾਨੀ ਸ਼ਹਾਦਤਾਂ ਮਨੁਖਤਾ ਵਾਸਤੇ ਨਹੀਂ ਸਨ? ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ।


*ਪਾਦਰੀ ਸੁਲਤਾਨ ਮਸੀਹ ਅਤੇ (ਸੱਜੇ) 'ਜੋਸ਼ੁਆ ਡਾਕੂਮੈਂਟ' ਦੀ ਝਲਕ।*

ਮੈਂ 1996 ਤੋਂ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਫਤਿਹਪੁਰ ਦਾ ਜਨਰਲ ਸਕੱਤਰ ਹਾਂ। ਦਲਿਤ ਭਾਈਚਾਰੇ ਵਿਚੋਂ ਇਕ ਨੌਜਵਾਨ ਨੂੰ ਸਕੂਲ ਵਿਚ ਕਲਰਕ ਨਿਯੁਕਤ ਕੀਤਾ ਹੋਇਆ ਸੀ। ਕੁਝ ਸਾਲ ਉਹ ਕੰਮ ਕਰਦਾ ਰਿਹਾ। ਕੋਈ ਨਾ ਕੋਈ ਤਕਲੀਫ ਹਰ ਬੰਦੇ ਨੂੰ ਹੁੰਦੀ ਹੈ। ਉਧਰ ਈਸਾਈਅਤ ਦੇ ਅਰੰਭ ਕਾਲ ਤੋਂ ਹੀ ਚਮਤਕਾਰਾਂ ਨਾਲ ਦੁਖ ਦੂਰ ਕਰਨ ਦੀਆਂ ਕਹਾਣੀਆਂ ਤੇ ਮਨੌਤਾਂ ਚਲੀਆਂ ਆਉਂਦੀਆਂ ਹਨ ਅਤੇ ਇਹ ਲੋਕਾਂ ਨੂੰ ਈਸਾਈਅਤ ਵਲ ਵਰਗਲਾਉਣ ਦਾ ਕਾਰਗਰ ਢੰਗ-ਤਰੀਕਾ ਹੈ। ਉਸ ਨੂੰ ਵੀ ਕਿਸੇ ਮਿਸ਼ਨਰੀ ਨੇ ਪ੍ਰਭਾਵਿਤ ਕਰ ਲਿਆ। ਉਸ ਨੂੰ ਬੰਗਲੌਰ ਲਿਜਾ ਕੇ ਬਾਈਬਲ ਪੜ੍ਹਾਈ ਅਤੇ ਈਸਾਈ ਧਰਮ ਵਿਚ ਪੱਕਾ ਕਰ ਲਿਆ। ਸਕੂਲ ਵਿਚ ਆ ਕੇ ਉਸ ਨੇ ਦੂਜੇ ਕਰਮਚਾਰੀਆਂ ਨੂੰ ਵੀ ਈਸਾਈ ਧਰਮ ਵਲ ਪ੍ਰੇਰਨਾ ਕਰਨਾ ਸ਼ੁਰੂ ਕਰ ਦਿਤਾ। ਕਾਰ ਸੇਵਾ ਦੁਆਰਾ ਬਣਾਇਆ ਸਿੱਖ ਸਕੂਲ ਸੀ। ਸਾਨੂੰ, ਭਾਵ ਪ੍ਰਬੰਧਕਾਂ ਨੂੰ ਪਤਾ ਲਗਿਆ ਤਾਂ ਚਿੰਤਾ ਹੋਣੀ ਸੁਭਾਵਿਕ ਸੀ। ਅਸਾਂ ਉਸ ਨੂੰ ਬੁਲਾ ਕੇ ਸਾਰੀ ਜਾਣਕਾਰੀ ਲਈ। ਪਤਾ ਲਗਿਆ ਕਿ ਇਸ ਦਾ ਦਿਮਾਗ ਪਲਟਾ ਦਿਤਾ ਗਿਆ ਹੈ। ਹਰ ਗੱਲ ਉਤੇ ਉਹ ਕਹੇ ਕਿ ਯਿਸੂ ਪ੍ਰਭੂ ਇਹ ਕਹਿੰਦੇ ਹਨ, ਅਹੁ ਕਹਿੰਦੇ ਹਨ। ਅਸਾਂ ਸਕੂਲ ਦੇ ਉਦੇਸ਼ ਨੂੰ ਵੇਖਦਿਆਂ ਉਸ ਨੂੰ ਨੌਕਰੀ ਤੋਂ ਹਟਾਉਣ ਦਾ ਨੋਟਿਸ ਦੇ ਦਿਤਾ। ਉਸ ਨੂੰ ਈਸਾਈਆਂ ਦੇ ਸਕੂਲ ਵਿਚ ਨੌਕਰੀ ਮਿਲ ਜਾਣੀ ਸੀ, ਮਿਲ ਗਈ; ਪਰ ਸਾਨੂੰ ਇਸ ਗੱਲ ਦਾ ਅਫਸੋਸ ਹੀ ਨਹੀਂ, ਡੂੰਘਾ ਦੁੱਖ ਸੀ ਕਿ ਗੁਰੂ ਨਾਨਕ ਦੇ ਸਰਵ-ਕਲਿਆਣਕਾਰੀ ਪੰਥ ਵਿਚੋਂ ਇਕ ਪਰਿਵਾਰ ਨੂੰ ਸਵਰਗ ਦੇ ਲਾਲਚ ਦੇ ਕੇ ਈਸਾਈ ਮਿਸ਼ਨਰੀ ਖੋਹ ਕੇ ਲੈ ਗਏ। ਜੇ ਉਸ ਸਮੇਂ ਕੋਈ ਮਿਸ਼ਨਰੀ ਸਾਹਮਣੇ ਹੁੰਦਾ, ਤਾਂ ਮੈਂ ਉਸ ਨੂੰ ਜ਼ਰੂਰ ਪੁੱਛਦਾ ਕਿ ਤੇਰੀ ਵਿਸ਼ੇਸ਼ ਕੌਮ ਲਈ ਸਵਰਗ ਰਾਖਵਾਂ ਰਖਣ ਵਾਲੀ ਵਿਚਾਰਧਾਰਾ ਗੁਰੂ ਨਾਨਕ ਦੀ ਸਭ ਕੌਮਾਂ ਲਈ ਸਵਰਗ ਦੇ ਦਰਵਾਜ਼ੇ ਖੋਲ੍ਹਣ ਵਾਲੀ ਵਿਚਾਰਧਾਰਾ ਤੋਂ ਕਿਵੇਂ ਉਤਮ ਹੋ ਸਕਦੀ ਹੈ?

***ਈਸਾ ਨੂੰ ਸਤਿਗੁਰੂ ਕਹਿਣਾ ਸ਼ੁਰੂ ਕਰ ਦਿੱਤਾ ਹੈ। ਈਸਾਈ ਲੋਕ ਈਸਾ ਨੂੰ ਯਿਸ਼ੂ ਪ੍ਰਭੂ ਕਹਿੰਦੇ ਹਨ, ਪਰ ਹੁਣ ਗੁਰੂ ਅਤੇ ਸਤਿਗੁਰੂ ਦਾ ਸਿੱਖ ਪਦ ਵਰਤ ਕੇ ਸਿੱਖਾਂ ਨੂੰ ਗੁੰਮਰਾਹ ਕਰਨ ਦੀ ਵਿਉਂਤਬੰਦੀ ਕੀਤੀ ਗਈ ਹੈ। ਹਿੰਦੂਆਂ ਨੂੰ ਗੁੰਮਰਾਹ ਕਰਨ ਵਾਸਤੇ ਈਸਾ ਨੂੰ 'ਓਮ' ਕਹਿਣ ਲੱਗ ਪਏ ਹਨ। 'ਸ੍ਰੀ ਅਸਿਕੇਤੁ ਜਗਤ ਕੇ ਈਸਾ' ਵਰਗੀਆਂ ਪੰਕਤੀਆਂ ਵਿਚ ਈਸ਼, ਬ੍ਰਹਮ ਵਾਸਤੇ ਆਏ 'ਈਸਾ' ਨੂੰ ਯਿਸ਼ੂ ਦਾ ਨਾਮ ਕਹਿ ਕੇ ਗੁਰਬਾਣੀ ਦੇ ਅਰਥ ਗਲਤ ਕੀਤੇ ਜਾ ਰਹੇ ਹਨ। ਸਿੱਖਾਂ ਲਈ ਪਵਿਤਰ 'ਵਾਹਿਗੁਰੂ' ਪਦ ਯਿਸ਼ੂ ਵਾਸਤੇ ਵਰਤਿਆ ਜਾ ਰਿਹਾ ਹੈ।***

ਥੋੜ੍ਹਾ ਸਮਾਂ ਪਹਿਲਾਂ ਮਲੇਸ਼ੀਆ ਦੀ ਇਸਲਾਮਿਕ ਸਰਕਾਰ ਨੇ ਗੈਰ-ਮੁਸਲਿਮ ਲੋਕਾਂ ਦੇ 'ਅਲਾਹ' ਕਹਿਣ ਉਤੇ ਪਾਬੰਦੀ ਲਗਾ ਦਿਤੀ, ਕਿਉਂਕਿ ਈਸਾਈ ਮਿਸ਼ਨਰੀ 'ਅਲਾਹ' ਨਾਮ ਨਾਲ ਮੁਸਲਿਮ ਲੋਕਾਂ ਨੂੰ ਗੁੰਮਰਾਹ ਕਰਦੇ ਸਨ। ਮੁਸੀਬਤ ਸਿੱਖਾਂ ਉਤੇ ਆਣ ਪਈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ 'ਅਲਾਹ' ਸ਼ਬਦ ਕਈ ਵਾਰ ਆਇਆ ਹੈ। ਉਹ ਪਾਠ ਕਿਵੇਂ ਕਰਨ? ਇਸ ਸਮਸਿਆ ਦਾ ਹੱਲ ਕੀ ਹੋਇਆ, ਮੈਂ ਨਹੀਂ ਜਾਣਦਾ, ਪਰ ਪਾਬੰਦੀ ਲੱਗਣ ਦਾ ਕਾਰਨ ਸਿਰਫ ਇਹ ਸੀ ਕਿ ਈਸਾਈ ਮਿਸ਼ਨਰੀ 'ਅਲਾਹ' ਦੇ ਨਾਮ ਦਾ ਗਲਤ ਇਸਤੇਮਾਲ ਕਰਦੇ ਸਨ। ਜੇ ਰੱਬ ਦਾ ਨਾਮ ਵੀ ਅਲਾਹ ਹੈ, ਸਵਰਗ ਵੀ ਇਕੋ ਜਿਹਾ ਹੈ, ਬਾਈਬਲ ਦੇ ਉਪਦੇਸ਼ ਨੂੰ ਵੀ ਕਲਿਮਾ ਹੀ ਕਹਿਣਾ ਹੈ, ਮੁਹੰਮਦ ਸਾਹਿਬ ਵਾਂਗ ਈਸਾ ਨੂੰ ਪੈਗੰਬਰ ਹੀ ਕਹਿਣਾ ਹੈ, ਨਾਂ ਵੀ ਉਹੋ ਰਹਿਣਾ ਹੈ, ਤਾਂ ਮੁਸਲਮਾਨ ਨੂੰ ਈਸਾਈ ਕਿਉਂ ਬਣਾਉਣਾ ਹੈ? ਮੁਸਲਮਾਨ ਹੀ ਰਹਿਣ ਦਿਤਾ ਜਾਵੇ, ਪਰ ਦੂਜੇ ਧਰਮ ਦੀਆਂ ਗੱਲਾਂ ਨੂੰ ਤੋੜ-ਮਰੋੜ ਕੇ ਈਸਾਈਅਤ ਦਾ ਪ੍ਰਚਾਰ ਕਰਨਾ, ਇਹ ਮਿਸ਼ਨਰੀਆਂ ਦਾ ਆਦਿ ਕਾਲ ਤੋਂ ਸੁਭਾਅ ਹੈ। ਇਹ ਯਹੂਦੀਆਂ ਦੀਆਂ ਧਰਮ ਪੋਥੀਆਂ ਦੀ ਦੁਰਵਰਤੋਂ ਸ਼ੁਰੂ ਤੋਂ ਹੀ ਕਰਦੇ ਰਹੇ ਹਨ। ਨਾਲੇ ਉਨ੍ਹਾਂ ਨੂੰ ਆਪਣੀਆਂ ਪੋਥੀਆਂ ਦੱਸਦੇ ਹਨ, ਨਾਲੇ ਉਨ੍ਹਾਂ ਨੂੰ ਤੁਛ ਦੱਸਣ ਵਾਸਤੇ 'ਓਲਡ ਟੈਸਟਾਮੈਂਟ' ਦਾ ਤੁਛ ਨਾਮ ਵੀ ਮਿਸ਼ਨਰੀਆਂ ਨੇ ਦਿਤਾ ਹੈ। ਯਹੂਦੀ ਤਾਂ 'ਓਲਡ ਟੈਸਟਾਮੈਂਟ' ਨਹੀਂ ਕਹਿੰਦੇ।

ਸਿੱਖਾਂ ਨੂੰ ਗੁੰਮਰਾਹ ਕਰਨ ਵਾਸਤੇ ਵੀ ਇਹੋ ਕੁਝ ਕੀਤਾ ਜਾ ਰਿਹਾ ਹੈ ਜੋ ਸਿੱਖਾਂ ਅਤੇ ਈਸਾਈਆਂ ਵਿਚ ਤਣਾਅ ਦਾ ਮੁੱਖ ਕਾਰਨ ਬਣ ਰਿਹਾ ਹੈ। ਈਸਾ ਨੂੰ ਸਤਿਗੁਰੂ ਕਹਿਣਾ ਸ਼ੁਰੂ ਕਰ ਦਿਤਾ ਹੈ। ਸਭ ਜਾਣਦੇ ਹਨ ਕਿ ਈਸਾਈ ਲੋਕ ਈਸਾ ਨੂੰ ਯਿਸ਼ੂ ਪ੍ਰਭੂ ਕਹਿੰਦੇ ਹਨ, ਪਰ ਵਿਆਪਕ ਚਾਲ ਅਧੀਨ ਹੁਣ ਗੁਰੂ ਅਤੇ ਸਤਿਗੁਰੂ ਦਾ ਸਿੱਖ ਪਦ ਵਰਤ ਕੇ ਸਿੱਖਾਂ ਨੂੰ ਗੁੰਮਰਾਹ ਕਰਨ ਦੀ ਵਿਉਂਤਬੰਦੀ ਕੀਤੀ ਗਈ ਹੈ। ਹਿੰਦੂਆਂ ਨੂੰ ਗੁੰਮਰਾਹ ਕਰਨ ਵਾਸਤੇ ਈਸਾ ਨੂੰ 'ਓਮ' ਕਹਿਣ ਲੱਗ ਪਏ ਹਨ। 'ਸ੍ਰੀ ਅਸਿਕੇਤੁ ਜਗਤ ਕੇ ਈਸਾ' ਵਰਗੀਆਂ ਪੰਕਤੀਆਂ ਵਿਚ ਈਸ਼, ਬ੍ਰਹਮ ਵਾਸਤੇ ਆਏ 'ਈਸਾ' ਨੂੰ ਯਿਸ਼ੂ ਦਾ ਨਾਮ ਕਹਿ ਕੇ ਗੁਰਬਾਣੀ ਦੇ ਅਰਥ ਗਲਤ ਕੀਤੇ ਜਾ ਰਹੇ ਹਨ। 'ਖਾਲਸਾ' ਸ਼ਬਦ ਈਸਾਈਆਂ ਵਾਸਤੇ ਵਰਤ ਕੇ ਅਸਲ 'ਖਾਲਿਸ' ਈਸਾ ਅਤੇ ਈਸਾਈਆਂ ਨੂੰ ਦੱਸਿਆ ਜਾ ਰਿਹਾ ਹੈ। ਸਿੱਖਾਂ ਲਈ ਪਵਿਤਰ 'ਵਾਹਿਗੁਰੂ' ਪਦ ਯਿਸ਼ੂ ਵਾਸਤੇ ਵਰਤਿਆ ਜਾ ਰਿਹਾ ਹੈ। ਸਿੱਖ ਅਜਿਹੀ ਕ੍ਰਿਸ਼ਟ ਵਿਆਖਿਆ ਨੂੰ ਕਿਵੇਂ ਬਰਦਾਸ਼ਤ ਕਰਨਗੇ, ਜੋ ਸਿਰਫ ਉਨ੍ਹਾਂ ਦੇ ਪੰਥ ਦੀਆਂ ਜੜ੍ਹਾਂ ਕੱਟਣ ਵਾਸਤੇ ਹੈ। ਗੁਰਬਾਣੀ, ਸਤਿਸੰਗ, ਸੰਗਤ, ਸਿਮਰਨ, ਕੀਰਤਨ, ਅਰਦਾਸ ਸਾਰੀ ਸਿੱਖ ਸ਼ਬਦਾਵਲੀ ਦੀ ਕੁਵਰਤੋਂ ਦੁਆਰਾ ਭੋਲੇ-ਭਾਲੇ ਸਿੱਖਾਂ ਉਤੇ ਈਸਾਈਅਤ ਦਾ ਜਾਲ ਪਾਇਆ ਜਾਵੇਗਾ, ਤਾਂ ਝਗੜਾ ਹੋਵੇਗਾ ਹੀ।

'ਜੋਸ਼ੁਆ ਪ੍ਰਾਜੈਕਟ' ਅਧੀਨ ਫਿਲਮਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਦੋ ਦੇ ਨਾਮ ਹਨ: Sikh Contextual Gathering ਅਤੇ Sikh Punjabi Music Video. ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਸਿੱਖਾਂ ਦੇ ਧਰਮ ਪਰਿਵਰਤਨ ਉਤੇ ਕੇਂਦ੍ਰਿਤ ਹਨ। ਨੰਬਰ 2 ਫਿਲਮ ਦੇ ਅਰੰਭ ਵਿਚ ਹੀ ਨੀਲੀ ਪਗੜੀ ਅਤੇ ਸਾਬਤ ਦਾੜ੍ਹੀ ਵਾਲਾ ਆਟੋ-ਚਾਲਕ ਸਿੱਖ ਦਿਖਾਇਆ ਹੈ। ਨੌਜਵਾਨਾਂ ਨੂੰ ਆਕਰਸ਼ਿਤ ਕਰਨ ਵਾਸਤੇ ਇਕ ਪਾਸੇ ਸਿੱਖ ਵੇਸ਼-ਭੂਸ਼ਾ ਵਾਲੇ ਦਾੜ੍ਹੀ-ਕੇਸਧਾਰੀ ਨੌਜਵਾਨਾਂ ਦਾ ਭੰਗੜਾ ਅਤੇ ਸਿੱਖ ਦਿਸਦੀਆਂ ਬੀਬੀਆਂ ਦਾ ਨਾਚ-ਨੁਮਾ ਗਿੱਧਾ ਹੈ। ਇਕ ਪਗੜੀਧਾਰ ਦਾ ਗੀਤ ਹੈ- ਅੱਖਾਂ ਦਿਲ ਦੀਆਂ, ਦਿਲ ਦੀਆਂ ਖੋਲ੍ਹ ਬੰਦਿਆ। ਜਿਹਨੂੰ ਲੱਭਦਾ ਹੈਂ ਰੱਬ ਤੇਰੇ ਕੋਲ ਬੰਦਿਆ।... ਖਾਲਿਸ ਲੋਕਾਂ ਦਾ ਰੱਬ ਯਾਰ ਏ।... ਦਰਸ਼ਨ ਕਰਨ ਨਸੀਬਾਂ ਵਾਲੇ।... ਪੜ੍ਹ ਲੈ ਬਾਣੀ ਸਿਮਰਨ ਕਰ ਲੈ। ਸਤਿਗੁਰ ਇਸ ਦਾ ਪਲੜਾ ਫੜ ਲੈ।

ਵਿਚ ਕਾਲੀਆਂ ਪੱਗਾਂ ਬੰਨ੍ਹੀ ਦਾੜ੍ਹੀ ਕੇਸਾਂ ਵਾਲੇ ਭੇਖੀ ਸਿੱਖ ਬਿਠਾਏ ਹੋਏ ਹਨ। ਦਰਸ਼ਨ ਕਰਨ ਵਾਲੀਆਂ ਲਾਈਨਾਂ ਵਿਚ ਨੀਲੇ ਰੰਗ ਦੀਆਂ ਟਕਸਾਲੀ ਪੱਗਾਂ ਵਾਲੇ ਕੇਸਾਧਾਰੀ ਦਿਖਾਏ ਹਨ। ਇਕ ਮੋਨਾ ਨਸ਼ੈਲਾ ਬੰਦਾ ਦਰਸਾਇਆ ਹੈ ਜਿਸ ਨੂੰ ਇਕ ਤਰੀਕੇ ਨਾਲ ਸਿੱਖ ਦਰਸਾਉਣ ਦੀ ਕੁਚੇਸ਼ਟਾ ਹੈ ਕਿ ਸਿੱਖ ਇਹੋ ਜਿਹੇ ਹੁੰਦੇ ਹਨ, ਜਦੋਂ ਕਿ ਈਸਾਈ ਧਾਰਮਿਕ ਅਤੇ ਪਵਿਤਰ ਜੀਵਨ ਜੀਣ ਵਾਲੇ ਹਨ। ਇਹ ਸਿੱਖ ਧਰਮ ਵਿਚ ਸਿਧੀ ਦਖਲ-ਅੰਦਾਜ਼ੀ ਹੈ। ਸ਼ਕਲਾਂ ਸਿੱਖ, ਸ਼ਬਦਾਵਲੀ ਸਿੱਖਾਂ ਦੀ, ਫਿਲਮ ਦਾ ਨਾਮ ਸਤਿਗੁਰੂ ਯਿਸ਼ੂ। ਸਿੱਖ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ?

ਦੂਜੀ ਫਿਲਮ ਦਾ ਨਾਮ ਹੈ 'ਸਤਿਗੁਰੂ ਯਿਸ਼ੂ ਦਾ ਸਤਿਸੰਗ।' ਅਰੰਭ ਵਿਚ ਕੇਸਾਧਾਰੀ ਸਿੱਖ ਅਤੇ ਪਟਕੇ ਸਜਾਏ ਉਨ੍ਹਾਂ ਦੇ ਬਾਲ ਦਿਖਾਏ ਹਨ। ਗੋਸ਼ਟੀ ਵਿਚ ਭਾਗ ਲੈਣ ਵਾਲੇ ਸਾਰੇ ਮੋਨੇ ਹਨ ਜਿਨ੍ਹਾਂ ਨੂੰ ਸਿੱਖ ਧਰਮ ਉਤੇ ਹਮਲੇ ਵਾਸਤੇ ਦਸਤਾਰਾਂ ਸਜਾਈਆਂ ਹੋਈਆਂ ਹਨ। ਇਕ ਬੰਦੇ ਦਾ ਨਾਮ ਗੁਰਨਾਮ ਸਿੰਘ ਹੈ। ਇਕ ਰਣਜੀਤ, ਇਕ ਮੋਨਾ ਜਸਵਿੰਦਰ ਸਿੰਘ ਅਤੇ ਇਕ ਪੂਰਨ ਕੇਸਾਧਾਰੀ ਕਾਲੀ ਪਗੜੀ ਵਾਲਾ ਦਲਜੀਤ ਸਿੰਘ, ਜਿਨ੍ਹਾਂ ਨੂੰ ਈਸਾਈਅਤ ਦਾ ਪ੍ਰਚਾਰ ਕਰਦੇ ਦਿਖਾਇਆ ਹੈ। ਇਨ੍ਹਾਂ ਸਿੱਖ ਨਾਂਵਾਂ ਦਾ ਈਸਾਈ ਧਰਮ ਨਾਲ ਕੀ ਸਬੰਧ ਹੈ? ਜੇ ਇਹ ਈਸਾਈ ਹਨ, ਤਾਂ ਜਾਨਸਨ, ਡੇਵਿਡ, ਜੌਹਨ, ਸਾਈਮਨ ਅੰਗਰੇਜ਼ਾਂ ਵਾਲੇ ਨਾਮ ਰੱਖਣ। ਇਹ ਕੇਵਲ ਛਲ-ਕਪਟ ਦੁਆਰਾ ਭੋਲੇ-ਭਾਲੇ ਸਿੱਖਾਂ ਨੂੰ ਈਸਾਈਅਤ ਦੇ ਕੂੜ-ਜਾਲ ਵਿਚ ਫਸਾਉਣ ਦਾ ਯਤਨ ਹੈ। ਫਿਲਮ 'ਚ ਸਤਿਗੁਰੂ ਯਿਸ਼ੂ ਦੇ ਚੇਲਿਆਂ ਦੇ ਪੰਜਾਬ ਵਿਚ ਫੈਲਾਅ ਦੀ ਗੱਲ ਕੀਤੀ ਗਈ ਹੈ। ਹਰ ਮੁਹੱਲੇ ਵਿਚ ਈਸਾਈ ਸਤਿਸੰਗ ਕਰ ਕੇ ਸਿੱਖਾਂ ਨੂੰ ਈਸਾਈ ਬਣਾਉਣ ਦੀ ਗੱਲ ਹੋ ਰਹੀ ਹੈ। ਗੁਰਨਾਮ ਕਹਿ ਰਿਹਾ ਹੈ, ਆਓ ਅਸੀਂ ਭਾਈ ਬਲਬੀਰ ਜੀ ਤੋਂ ਸ਼ਬਦ ਕੀਰਤਨ ਸ੍ਰਵਣ ਕਰੀਏ। ਹੁਣ ਦਸੋ, ਕੀ ਇਹ ਭਾਸ਼ਾ ਈਸਾਈਆਂ ਵਾਲੀ ਹੈ? ਅੱਗੇ ਫਿਰ ਉਹੀ ਬਿਮਾਰੀਆਂ ਠੀਕ ਕਰਨ ਦਾ ਸ਼ੋਸ਼ਾ ਹੈ। ਗੁਰਨਾਮ ਸਿੰਘ ਖੜ੍ਹਾ ਹੋ ਕੇ ਇਕ ਬੀਬੀ ਦੇ ਸਿਰ ਉਤੇ ਹਥ ਧਰ ਕੇ ਉਸ ਦੀ ਬਿਮਾਰੀ ਦੂਰ ਕਰਨ ਦਾ ਢੌਂਗ ਕਰਦਾ ਹੈ। ਸਾਰਾ ਕੁਝ ਸਿੱਖਾਂ ਨੂੰ ਗੁੰਮਰਾਹ ਕਰਨ ਵਾਲਾ ਹੈ। ਸਿੱਖਾਂ ਨੂੰ ਇਸ ਉਤੇ ਇਤਰਾਜ਼ ਨਾ ਹੋਵੇ, ਇਹ ਕਿਵੇਂ ਸੰਭਵ ਹੈ? ਮੈਂ ਇਸ ਗੱਲ ਦਾ ਵੀ ਪੱਖੀ ਨਹੀਂ ਕਿ ਈਸਾਈ ਕਿਸੇ ਸੰਜਮ ਵਿਚ ਆਪਣੇ ਧਰਮ ਦਾ ਪ੍ਰਚਾਰ ਕਰਦੇ ਰਹਿਣ। ਈਸਾਈ ਧਰਮ ਦਾ ਪ੍ਰਚਾਰ ਸਿੱਖਾਂ ਅਤੇ ਪੰਜਾਬ ਵਿਚ ਕਰਨਾ ਹੈ ਤਾਂ ਸਿੱਧ ਕਰਨਾ ਹੋਵੇਗਾ ਕਿ ਈਸਾਈ ਧਰਮ ਸਿੱਖ ਪੰਥ ਤੋਂ ਕਿਵੇਂ ਉਤਮ ਹੈ? ਦੱਸਣਾ ਪਵੇਗਾ ਕਿ ਪੰਜਾਬੀਆਂ ਅਤੇ ਮਾਨਵਤਾ ਵਾਸਤੇ ਈਸਾ ਦੀ ਕੁਰਬਾਨੀ, ਗੁਰੂ ਸਾਹਿਬਾਨ ਦੀਆਂ ਮਹਾਨ ਕੁਰਬਾਨੀਆਂ ਤੋਂ ਕਿਵੇਂ ਉਤਮ ਹੈ ਅਤੇ ਬਾਈਬਲ ਦੇ ਬਚਨ ਗੁਰਬਾਣੀ ਤੋਂ ਕਿਉਂ ਉਤਮ ਹਨ?

(ਚਲਦਾ)

# ਧਰਮ


ਧਰਮ ਅਜਿਹਾ ਸ਼ਬਦ ਹੈ ਜਿਸ ਦਾ ਭਾਵ ਹਰ ਸਦੀ, ਹਰ ਮੁਲਕ 'ਚ ਬਦਲ ਜਾਂਦਾ ਹੈ। ਇਸ ਦਾ ਅਰਥ ਹਰ ਬੰਦਾ ਵੱਖਰੀ ਤਰ੍ਹਾਂ ਕਰਦਾ ਹੈ। ਹੋਰ ਬੋਲੀਆਂ ਵਿਚ ਵੀ ਇਸ ਦੇ ਅਰਥ ਬਦਲ ਜਾਂਦੇ ਨੇ। ਧਰਮ ਸੱਚ, ਨਿਆਂ, ਮਨੁੱਖਤਾ, ਪਰਮਾਤਮਾ ਦੇ ਹੁਕਮ ਦੀ ਪਾਲਣਾ ਕਰਨਾ, ਸਾਫ ਪਵਿੱਤਰ ਨੀਤ, ਪਰਮਾਤਮਾ ਦਾ ਨਾਮ ਜਪਣਾ ਹੈ। ਧਰਮ ਕੋਈ ਅਸਥਾਈ ਵਸਤੂ ਨਹੀਂ ਹੈ, ਇਹ ਤਾਂ ਸਦਾ ਰਹਿਣ ਵਾਲਾ ਸਿਧਾਂਤ ਹੈ। ਜਦੋਂ ਤੱਕ ਦੁਨੀਆਂ ਰਹੇਗੀ, ਧਰਮ ਰਹੇਗਾ।

ਧਰਮ ਦੇ ਕੋਸ਼-ਗਤ ਅਰਥਾਂ ਬਾਰੇ ਜਾਹਨ ਮਕੈਨਜ਼ੀ ਲਿਖਦਾ ਹੈ, "ਹੁਣ ਇਹ ਸਾਰੇ ਸ਼ਬਦ 'ਧਰਮ' ਦਾ ਕੁਝ ਅੰਸ਼ ਹੀ ਪ੍ਰਗਟ ਕਰਦੇ ਹਨ,

**ਸੁਰਜੀਤ ਸਿੰਘ ਪੰਛੀ**
ਫੋਨ: 661-827-8256

ਪਰ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਧਰਮ ਦੇ ਸਮਾਨ-ਅਰਥੀ ਦੇ ਤੌਰ 'ਤੇ ਵਰਤਣਾ ਬਹੁਤ ਵੱਡੀ ਭੁੱਲ ਹੈ।" ਇਸ ਅਨੁਸਾਰ ਰਿਲੀਜ਼ਨ ਸ਼ਬਦ ਨੂੰ ਧਰਮ ਦਾ ਸਮਾਨ-ਅਰਥ ਨਹੀਂ ਮੰਨਿਆ ਜਾ ਸਕਦਾ।

ਆਮ ਲੋਕ ਸੋਚਦੇ ਹਨ ਕਿ ਧਰਮ ਸ਼ਬਦ ਹਿੰਦੂ ਤੇ ਸਿੱਖ, ਮਜ਼ਹਬ ਸ਼ਬਦ ਮੁਸਲਮਾਨ ਅਤੇ ਰਿਲੀਜ਼ਨ ਸ਼ਬਦ ਨੂੰ ਇਸਾਈ ਤੇ ਯਹੂਦੀ ਵਰਤਦੇ ਹਨ, ਪਰ ਇਨ੍ਹਾਂ ਸ਼ਬਦਾਂ ਦੇ ਅਰਥ ਇਕ ਹੀ ਹਨ। ਅਜਿਹਾ ਨਹੀਂ ਹੈ। ਮਜ਼ਹਬ ਅਤੇ ਰਿਲੀਜ਼ਨ ਦੇ ਅਰਥ ਇਕ ਹੀ ਹਨ, ਪਰ ਧਰਮ ਦੇ ਅਰਥ ਇਨ੍ਹਾਂ ਨਾਲੋਂ ਵੱਖਰੇ ਹਨ। ਮਜ਼ਹਬ ਤੇ ਰਿਲੀਜ਼ਨ ਕਿਸੇ ਸਭਿਆਚਾਰ ਦੀ ਅੰਦਰੂਨੀ ਅਤੇ ਬਾਹਰੀ ਜੀਵਨ ਸ਼ੈਲੀ ਨੂੰ ਪ੍ਰਗਟਾਉਂਦੇ ਹਨ। ਜਿਵੇਂ ਮਜ਼ਹਬੀ ਮਨੁੱਖ (ਕਿਸੇ ਮਜ਼ਹਬ ਨੂੰ ਮੰਨਣ ਵਾਲਾ) ਦਾ ਰਹਿਣ-ਸਹਿਣ, ਭੋਜਨ, ਪਹਿਰਾਵਾ, ਜੀਵਨ-ਸੰਸਕਾਰ ਆਪਣੇ ਨਿਸਚੇ ਵਾਲੇ ਰੱਬ ਦੀ ਅਰਾਧਨਾ ਆਦਿ ਜੋ ਸਮਾਜ ਨਾਲੋਂ ਉਸ ਦੀ ਵੱਖਰੀ ਹੋਂਦ ਦਾ ਪ੍ਰਗਟਾਵਾ ਕਰਦੇ ਹਨ, ਪਰ ਧਰਮ ਸਮੁੱਚੀ ਮਾਨਵਤਾ ਦੇ ਭਲੇ ਵਾਲੇ ਗੁਣ ਅਪਨਾਉਣਾ ਹੈ। ਧਰਮ ਦਾ ਮਜ਼ਹਬ ਵਾਂਗ ਬਾਹਰੀ ਭੇਖ ਨਹੀਂ ਹੁੰਦਾ, ਜਿਵੇਂ ਸੱਚ ਬੋਲਣਾ, ਇਮਾਨਦਾਰੀ, ਸੁਕ੍ਰਿਤ, ਸਰਬੱਤ ਦਾ ਭਲਾ, ਲੋੜਵੰਦ ਦੀ ਸਹਾਇਤਾ, ਸਭ ਨੂੰ ਬਰਾਬਰ ਸਮਝਣਾ ਆਦਿ ਗੁਣ ਕਿਸੇ ਦੇਸ ਜਾਂ ਮਜ਼ਹਬ ਲਈ ਨਹੀਂ ਹੁੰਦੇ, ਪੂਰੀ ਦੁਨੀਆਂ ਦੇ ਲੋਕਾਂ ਲਈ ਹੁੰਦੇ ਹਨ। ਜਾਤ-ਪਾਤ, ਛੂਤ-ਛਾਤ, ਉਚ-ਨੀਚ, ਰੰਗ-ਨਸਲ ਆਦਿ ਨੂੰ ਮਿਟਾ ਕੇ ਪਰਮਾਤਮਾ ਦੀ ਜੋਤਿ ਹੋਣ ਕਾਰਨ ਸਭ ਨੂੰ ਬਰਾਬਰ ਸਮਝਿਆ ਜਾਂਦਾ ਹੈ। ਗੁਰੂ ਨਾਨਕ ਦਾ ਧਰਮ-ਮਾਰਗ ਮਜ਼ਹਬਾਂ ਤੋਂ ਉਚਾ ਉਠ ਕੇ ਸਰਬ ਸਾਂਝੇ ਧਰਮ ਦਾ ਮਾਰਗ ਹੈ, ਪਰ ਅੱਜ ਕੱਲ੍ਹ ਇਸ



ਵਿਚ ਪਰਿਵਰਤਨ ਹੋ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਧਰਮ ਸ਼ਬਦ ਸਭ ਤੋਂ ਪਹਿਲਾਂ ਜਪੁਜੀ ਸਾਹਿਬ ਵਿਚ ਆਇਆ ਹੈ:

ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥
(ਜਪੁਜੀ ਸਾਹਿਬ)

ਅਰਥਾਤ ਅਕਾਲ ਪੁਰਖ ਨੂੰ ਮੰਨਣ ਵਾਲੇ ਮਨੁੱਖ ਦਾ ਧਰਮ ਨਾਲ ਸਿੱਧਾ ਜੋੜ ਬਣ ਜਾਂਦਾ ਹੈ। ਉਹ ਫਿਰ ਦੁਨੀਆਂ ਦੇ ਵੱਖੋ-ਵੱਖਰੇ ਮਜ਼ਹਬਾਂ ਦੇ ਦੱਸੇ ਰਸਤਿਆਂ 'ਤੇ ਨਹੀਂ ਤੁਰਦਾ; ਭਾਵ ਉਸ ਦੇ ਅੰਦਰ ਕੋਈ ਵੱਖਰਾਪਣ ਨਹੀਂ ਰਹਿੰਦਾ।

ਸਿੱਖ ਧਰਮ ਵਿਚ 'ਧਰਮ' ਦਾ ਸੰਕਲਪ ਬਹੁਤ ਵਿਆਪਕ ਅਤੇ ਇਸ ਦੇ ਅਰਥ ਵੀ ਵਿਸ਼ਾਲ ਹਨ। ਧਰਮ ਨੂੰ ਬ੍ਰਹਿਮੰਡ ਵਿਚ ਸੰਗਠਨ ਕਾਇਮ ਕਰਨ ਵਾਲਾ ਨਿਯਮ ਮੰਨਿਆ ਗਿਆ ਹੈ। ਇਸ ਨਿਯਮ ਨੂੰ ਜਾਣਨ ਵਾਲਾ ਬੰਦਾ ਅੰਧਵਿਸ਼ਵਾਸੀ ਨਹੀਂ ਹੁੰਦਾ। ਹਰ ਸਮੱਸਿਆ ਦੀ ਬਿਬੇਕ ਬੁੱਧੀ ਨਾਲ ਪਰਖ ਕਰਨ ਦੇ ਯੋਗ ਹੋ ਜਾਂਦਾ ਹੈ।

ਧਰਮ ਸ੍ਰਿਸ਼ਟੀ ਨੂੰ ਨਿਯਮਿਤ ਰੂਪ ਵਿਚ ਚਲਾਉਣ ਵਾਲਾ ਭੌਤਿਕ ਨਿਯਮ ਹੈ ਅਤੇ ਸਮਾਜਕ ਹਾਲਾਤ ਦਾ ਸੰਤੁਲਨ ਰੱਖਣ ਵਾਲਾ ਧੁਰਾ ਵੀ ਹੈ। ਇਨ੍ਹਾਂ ਦਾ ਸੰਬੰਧ ਧਰਮ ਦੇ ਦੋ ਪੱਖਾਂ ਦਇਆ ਤੇ ਸੰਤੋਖ ਦੇ ਨੈਤਿਕ ਗੁਣਾਂ ਨਾਲ ਹੈ। ਦੋਵੇਂ ਸਿੱਖ ਧਰਮ ਦੇ ਅਤਿ ਲੋੜੀਂਦੇ ਗੁਣ ਮੰਨੇ ਗਏ ਹਨ।

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
(ਜਪੁਜੀ ਸਾਹਿਬ)

ਜਿਹੜਾ ਬੰਦਾ ਦਇਆ ਦੇ ਗੁਣਾਂ ਨੂੰ ਅਪਨਾ ਕੇ ਦਇਆਵਾਨ ਹੋ ਜਾਂਦਾ ਹੈ, ਉਹ ਦੂਜਿਆਂ ਦੇ ਹੱਕਾਂ ਦਾ ਪੂਰਾ ਧਿਆਨ ਰੱਖਦਾ ਹੈ। ਉਹ ਸੰਤੋਖੀ ਵੀ ਹੋ ਜਾਂਦਾ ਹੈ। ਇਸ ਤਰ੍ਹਾਂ ਸਮਾਜ ਵਿਚ ਸੰਤੁਲਨ ਬਣਿਆ ਰਹਿੰਦਾ ਹੈ। ਗੁਰੂ ਨਾਨਕ ਅਨੁਸਾਰ, ਇਕ ਅਕਾਲ ਪੁਰਖ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ ਤੇ ਉਹ ਇਕੋ ਹੀ ਜੁਗਾਂ ਜੁਗਾਂ ਵਿਚ ਵਰਤਦਾ ਆਇਆ ਹੈ ਅਤੇ ਜੁਗਾਂ ਦੇ ਧਰਮ ਵੀ ਇਕੋ ਦਾ ਨਾਮ-ਸਿਮਰਨ ਹਨ। ਗੁਰੂ ਜੀ ਦੀ ਸਿੱਖਿਆ ਅਨੁਸਾਰ, ਧਰਮ ਸਮੇਂ ਦੇ ਨਾਲ ਬਦਲਦਾ ਨਹੀਂ ਹੈ। ਗੁਰੂ ਰਾਮਦਾਸ ਅਨੁਸਾਰ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਉਸ ਨਾਲ ਇਕ ਸੁਰ ਹੋਣ ਵਿਚ ਸਾਰੇ ਕਰਮ-ਧਰਮ ਆ ਜਾਂਦੇ ਹਨ:

ਸਭਿ ਕਰਮ ਧਰਮ ਹਰਿ ਨਾਮੁ ਜਪਾਹਾ॥
(ਜੈਤਸਰੀ ਮਹਲਾ 4 ਪੰਨਾ 699)

ਗੁਰੂ ਗੋਬਿੰਦ ਸਿੰਘ ਨੇ ਵੀ ਕੇਵਲ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ:

ਕਲ ਮੈ ਏਕੁ ਨਾਮ ਕਿਰਪਾਨਿਧ
ਜਾਹਿ ਜਪੈ ਗਤਿ ਪਾਵੈ।
ਅਉਰ ਧਰਮ ਤਾਂ ਕੈ ਸਮਿ ਨਾਹਿਨ
ਇਹ ਬਿਧਿ ਬੇਦੁ ਬਤਾਵੈ।
(ਗੁਰੂ ਗੋਬਿੰਦ ਸਿੰਘ)

ਗੁਰਬਾਣੀ ਅਨੁਸਾਰ, ਧਰਮ ਦਾ ਉਦੇਸ਼ ਆਪਣੇ ਮੂਲ ਆਪੇ, ਅਰਥਾਤ ਅੰਤਰ-ਆਤਮਾ ਵਿਚ ਵਸਦੀ ਪਰਮਾਤਮਾ ਦੀ ਜੋਤ ਨੂੰ ਪਛਾਣ ਕੇ ਉਸ ਵਿਚ ਅਭੇਦ ਹੋਣਾ ਹੈ, ਭਾਵ ਇਕ-ਮਿੱਕ ਹੋਣਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਨੇ ਧਰਮ ਮਾਰਗ ਦਰਸਾਇਆ ਹੈ ਜਿਸ ਨੂੰ ਭਾਈ ਗੁਰਦਾਸ ਨੇ 'ਗਾਡੀ ਰਾਹ' ਕਿਹਾ ਹੈ। ਇਸ ਨੂੰ ਸਿੱਖੀ ਮਾਰਗ, ਗੁਰਮਤਿ ਮਾਰਗ, ਸਹਿਜ ਮਾਰਗ, ਨਾਮ ਮਾਰਗ, ਸ਼ਬਦ-ਸੁਰਤਿ ਮਾਰਗ ਆਦਿ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਦੂਜੇ ਧਰਮਾਂ ਨਾਲੋਂ ਵਖਰੇਵਾਂ ਇਹ ਹੈ ਕਿ ਇਹ ਦੂਜੇ ਧਰਮਾਂ ਵਾਂਗ ਘਰ ਤਿਆਗਣ ਲਈ ਨਹੀਂ ਕਹਿੰਦਾ, ਗ੍ਰਿਹਸਥ ਜੀਵਨ ਵਿਚ ਵਿਚਰਦਿਆਂ ਹੀ ਪਰਮਾਤਮਾ ਵਿਚ ਅਭੇਦ ਹੋਣਾ ਹੈ।

ਜਦੋਂ ਰਾਜਨੀਤੀ ਕਿਸੇ ਮਜ਼ਹਬ ਨਾਲ ਜੁੜੇਗੀ ਤਾਂ ਉਹ ਆਪਣੇ ਮਜ਼ਹਬ ਦਾ ਭਲਾ ਸੋਚੇਗੀ ਅਤੇ ਦੂਜੇ ਮਜ਼ਹਬਾਂ ਨੂੰ ਖਤਮ ਕਰਨ ਨੂੰ ਆਪਣਾ ਧਰਮ ਸਮਝੇਗੀ ਜਿਵੇਂ ਔਰੰਗਜ਼ੇਬ ਨੇ ਕੀਤਾ। ਇਸ ਤਰ੍ਹਾਂ ਸਰਬੱਤ ਦੇ ਭਲੇ ਦੀ ਗੱਲ ਲੋਪ ਹੋ ਜਾਂਦੀ ਹੈ। ਸਿੱਖ ਅਕਸਰ ਧਰਮ ਅਤੇ ਰਾਜਨੀਤੀ ਨੂੰ ਇਕੱਠਾ ਰੱਖਣ ਦੀ ਗੱਲ ਕਰਦਿਆਂ ਬੇਸਮਝੀ ਨਾਲ ਰਾਜਨੀਤੀ ਨੂੰ ਮਜ਼ਹਬ ਨਾਲ ਜੋੜ ਬੈਠਦੇ ਹਨ।

ਸੱਯਦ ਮੁਹੰਮਦ ਲਤੀਫ ਆਪਣੀ ਪੁਸਤਕ 'ਪੰਜਾਬ ਦਾ ਇਤਿਹਾਸ' ਵਿਚ ਲਿਖਦੇ ਹਨ, "ਹਿੰਦੂਆਂ ਤੇ ਮੁਸਲਮਾਨਾਂ ਦੇ ਵਿਚਕਾਰ ਈਰਖਾ ਅਤੇ ਘ੍ਰਿਣਾ ਉਨ੍ਹਾਂ ਦਿਨਾਂ (ਔਰੰਗਜ਼ੇਬ ਦੇ ਸਮੇਂ) ਵਿਚ ਹੱਦੋਂ ਵਧ ਗਈ ਸੀ ਅਤੇ ਗੈਰ ਮੁਸਲਮਾਨ ਆਬਾਦੀ ਤੇ ਮੁਸਲਮਾਨ ਸ਼ਾਸਕਾਂ ਦੁਆਰਾ ਅਤਿਆਚਾਰ ਕੀਤੇ ਜਾਂਦੇ ਸਨ।" ਗੁਰੂ ਨਾਨਕ ਦੇਵ ਲਿਖਦੇ ਹਨ:

ਰਾਜੇ ਸੀਹ ਮੁਕਦਮ ਕੁਤੇ॥
(ਪੰਨਾ 1288 ਮਹਲਾ 1)

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
(ਆਸਾ ਦੀ ਵਾਰ ਮਹਲਾ 1 ਪੰਨਾ 145)

ਵੱਡੇ-ਵੱਡੇ ਮਜ਼ਹਬਾਂ ਦੇ ਪੈਰੋਕਾਰ ਧਰਮ ਦੀ ਘਾਟ ਕਾਰਨ ਇਕ ਦੂਜੇ ਦੇ ਵੈਰੀ ਬਣ ਜਾਂਦੇ ਹਨ। ਜੇ ਰਾਜਨੀਤਕ ਆਗੂਆਂ ਵਿਚ ਮਨੁੱਖਤਾ ਵਾਲੇ ਧਾਰਮਿਕ ਗੁਣ ਨਹੀਂ ਹਨ, ਤਾਂ ਦੇਰ-ਸਵੇਰ ਪਰਜਾ ਵਿਚ ਬੇਚੈਨੀ ਅਤੇ ਵਿਦਰੋਹ ਪੈਦਾ ਹੋਣਗੇ ਜਿਸ ਨਾਲ ਉਸ ਰਾਜ ਦਾ ਪਤਨ ਹੋ ਜਾਵੇਗਾ। ਰਾਜ ਨੂੰ ਧਰਮ 'ਤੇ ਭਾਰੂ ਨਹੀਂ ਹੋਣਾ ਚਾਹੀਦਾ, ਸਗੋਂ ਧਰਮ ਦਾ ਕੁੰਡਾ ਰਾਜ ਦੇ ਸਿਰ 'ਤੇ ਹੋਣਾ ਚਾਹੀਦਾ ਹੈ। ਜੇ ਰਾਜਨੀਤੀ ਧਰਮ ਦੇ ਹੇਠ ਹੋਵੇਗੀ ਤਾਂ ਹੀ ਸਰਬੱਤ ਦੇ ਭਲੇ ਬਾਰੇ ਸੋਚੇਗੀ। ਮਜ਼ਹਬੀ ਸਿਆਸਤ ਭਲੇ ਦੀ ਥਾਂ ਨੁਕਸਾਨ ਬਹੁਤਾ ਕਰਦੀ ਹੈ।

ਗੁਰਬਾਣੀ ਅਨੁਸਾਰ, ਸਭ ਤਰ੍ਹਾਂ ਦੇ ਲੋਕਾਂ ਵਿਚ ਇਕ ਜੋਤਿ ਅਤੇ ਅਕਾਲ ਪੁਰਖ ਦੀ ਹੋਂਦ ਕਾਰਨ ਬਰਾਬਰ ਹਨ:

ਬਿਰਖੈ ਹੇਠਿ ਸਭਿ ਜੰਤ ਇਕਠੇ॥
ਇਕਿ ਤਤੇ ਇਕਿ ਬੋਲਨਿ ਮਿਠੇ॥
(ਮਾਰੂ ਮਹਲਾ 5 ਪੰਨਾ 1019)

## ਰੱਖੜੀ ਕਿ ਕਾਂਟਿਆਂ ਦੀ ਚਮਕ

ਰੱਖੜੀ ਦਾ ਤਿਉਹਾਰ ਹੋਣ ਕਰਕੇ ਸ਼ਾਮੋ ਆਪਣੇ ਪੇਕੇ ਪਿੰਡ ਆਪਣੇ ਵੀਰ ਸੁਰਿੰਦਰ ਦੇ ਰੱਖੜੀ ਬੰਨ੍ਹਣ ਆਈ ਹੋਈ ਸੀ। ਰੱਖੜੀ ਬੰਨ੍ਹਣ ਤੋਂ ਬਾਅਦ ਜਦ ਸੁਰਿੰਦਰ ਆਪਣੀ ਭੈਣ ਨੂੰ ਸ਼ਗਨ ਵਜੋਂ ਪੈਸੇ ਦੇਣ ਲੱਗਾ ਤਾਂ ਉਸ ਦੀ ਘਰਵਾਲੀ ਚਰਨੋ ਨੇ ਉਸ ਨੂੰ ਰੋਕ ਦਿੱਤਾ ਤੇ ਕਹਿ ਦਿੱਤਾ ਕਿ ਪੈਸਿਆਂ ਦੀ ਕੀ ਲੋੜ ਏ! ਬਸ ਪਿਆਰ ਹੋਣਾ ਚਾਹੀਦਾ ਏ ਰਿਸ਼ਤਿਆ 'ਚ। ਉਹ ਉਸ ਲਈ ਸੂਟ ਖਰੀਦ ਕੇ ਲਿਆਈ ਹੋਈ ਏ।



ਸੁਰਿੰਦਰ ਚਾਹੁੰਦਾ ਹੋਇਆ ਵੀ ਬੇਬੱਸ ਹੋ ਗਿਆ। ਹੁਣ ਜਦੋਂ ਸੁਰਿੰਦਰ ਆਪਣੀ ਘਰਵਾਲੀ ਨੂੰ ਸਹੁਰੇ ਪਿੰਡ ਰੱਖੜੀ ਬੰਨ੍ਹਣ ਲਈ ਲੈ ਕੇ ਗਿਆ ਤਾਂ ਚਰਨੋ ਨੇ ਆਪਣੇ ਭਰਾ ਕੋਲੋਂ ਨਗਦੀ ਤੇ ਸੋਨੇ ਦੇ ਕਾਂਟੇ ਇਹ ਕਹਿੰਦੀ ਨੇ ਫੜ ਲਏ ਕਿ ਅਜਿਹਾ ਗੂੜਾ ਪਿਆਰ ਭੈਣ-ਭਰਾ 'ਚ ਹੋਣਾ ਚਾਹੀਦਾ ਹੈ ਤੇ ਹਰ ਭੈਣ ਨੂੰ ਅਜਿਹਾ ਭਰਾ ਮਿਲੇ। ਸੁਰਿੰਦਰ ਨੂੰ ਹੁਣ ਇਹ ਸਮਝ ਨਹੀਂ ਸੀ ਆ ਰਹੀ ਕਿ ਇਸ ਪਿਆਰ ਦੀ ਚਮਕ ਰੱਖੜੀ ਦਾ ਧਾਗਾ ਹੈ ਜਾਂ ਸੋਨੇ ਦੇ ਕਾਂਟਿਆਂ ਦੀ ਚਮਕ! ਜੋ ਉਸ ਨੇ ਆਪ ਮੰਗ ਕੇ ਲਏ ਸੀ।

*-ਸਤਵਿੰਦਰ ਥਾਂਦੀ ਦੌਲਤਪੁਰੀਆ ਇੰਡੀਆਨਾ।*

---

## ਰੱਖੜੀ

ਪਿੰਡ ਵਿਚ ਮੱਧਵਰਗੀ ਪਰਿਵਾਰ ਦੇ ਮੁਖਤਿਆਰ ਸਿੰਘ ਉਰਫ ਮੱਖਣ ਦੇ ਚਾਰ ਬੱਚੇ ਸਨ ਜਿਨ੍ਹਾਂ ਵਿਚੋਂ ਤਿੰਨ ਮੁੰਡੇ ਤੇ ਇੱਕ ਕੁੜੀ ਸੀ। ਕੁੜੀ ਮਹਿੰਦਰ ਛੋਟੇ ਤੋਂ ਵੱਡੀ ਸੀ। ਵੱਡੇ ਮੁੰਡੇ ਦਾ ਨਾਮ ਜਗਦੇਵ ਸੀ ਜੋ ਬਾਪੂ ਦੇ ਛੋਟੀ ਉਮਰ 'ਚ ਹੀ ਤੁਰ ਜਾਣ ਕਾਰਨ ਪੜ੍ਹ ਨਾ ਸਕਿਆ ਤੇ ਮਾਂ ਦੀ ਬਿਮਾਰੀ ਕਾਰਨ ਘਰ ਦੀ ਜਮੀਨ ਗਹਿਣੇ ਪੈ ਗਈ। ਘਰ ਦਾ ਖਰਚ ਮਿਹਨਤ ਮਜ਼ਦੂਰੀ ਨਾਲ ਚਲਾਉਂਦਾ ਚਲਾਉਂਦਾ ਜਗਦੇਵ ਤੋਂ ਜੱਗਾ ਬਣ ਗਿਆ ਪਰ ਉਸ ਨੇ ਆਪਣੇ ਛੋਟੇ ਭਰਾਵਾਂ-ਮਨਜੀਤ ਤੇ ਰਣਜੀਤ ਨੂੰ ਪੜ੍ਹਾ-ਲਿਖਾ ਕੇ ਅਧਿਆਪਕ ਦੀ ਨੌਕਰੀ 'ਤੇ ਲਵਾ ਦਿੱਤਾ ਤੇ ਭੈਣ ਦਾ ਵਿਆਹ ਵੀ ਬਿਜਲੀ ਅਫਸਰ ਨਾਲ ਕਰ ਦਿੱਤਾ। ਤਿੰਨੇ ਬੜੇ ਖੁਸ਼। ਤਿੰਨੇ ਬਾਲ ਬੱਚਿਆਂ ਵਾਲੇ ਹੋ ਗਏ ਤੇ ਘਰੇਲੂ ਕਾਰਨਾਂ ਕਰਕੇ ਜੱਗੇ ਤੋਂ ਅੱਡ ਹੋ ਕੇ ਚੰਗੀਆਂ ਕੋਠੀਆਂ ਪਾ ਲਈਆਂ ਪਰ ਜੱਗੇ ਦੇ ਹੱਡ ਥੱਕ ਗਏ। ਘਰ ਵੀ ਉਹੀ ਹੀ ਸੀ, ਪੁਰਾਣਾ। ਬੱਚੇ ਵੀ ਹਾਲੇ ਪੜ੍ਹਦੇ ਹੀ ਸਨ।

ਰੱਖੜੀ ਦੇ ਤਿਉਹਾਰ 'ਤੇ ਜੱਗੇ ਤੇ ਉਸ ਦੇ ਪਰਿਵਾਰ ਨੂੰ ਭੈਣ ਮਹਿੰਦਰ ਦੇ ਆਉਣ ਦੀ ਪੂਰੀ ਉਡੀਕ ਸੀ ਕਿ ਉਹ ਇਸ ਵਾਰ ਰੱਖੜੀ ਲੈ ਕੇ ਜ਼ਰੂਰ ਆਵੇਗੀ। ਇਸ ਵਾਰ ਜੱਗੇ ਨੇ ਉਸ ਲਈ ਹੱਥੀ ਸੂਟ ਖਰੀਦ ਕੇ ਲਿਆਂਦਾ ਸੀ। ਪਰ ਜਦੋਂ ਸਵੇਰੇ 7 ਕੁ ਵਜੇ ਜੱਗਾ ਖੇਤ ਵੱਲ ਪਾਣੀ ਦੀ ਵਾਰੀ 'ਤੇ ਜਾ ਰਿਹਾ ਸੀ ਤਾਂ ਮਨਜੀਤ ਨੇ ਗੱਡੀ ਸਟਾਰਟ ਕਰ ਕੇ ਬਾਹਰ ਕੱਢੀ ਤਾਂ ਜੱਗੇ ਵੱਲ ਦੇਖ ਕੇ ਕਿਹਾ ਬਾਈ ਭੈਣ ਵੱਲ ਚੱਲਿਆਂ, ਰਾਤੀ ਉਨ੍ਹਾਂ ਫੋਨ ਕਰਿਆ ਸੀ ਕਿ ਉਹ ਇਸ ਵਾਰ ਨਹੀਂ ਆ ਸਕਦੀ। ਇਸੇ ਲਈ ਮੈਨੂੰ ਤੇ ਰਣਜੀਤ ਨੂੰ ਕਿਹਾ ਸੀ ਕਿ ਉਹ ਰੱਖੜੀ ਬੰਨ੍ਹਾ ਜਾਣ। ਜੇ ਕੋਈ ਸੁਨੇਹਾ ਹੈ ਤਾਂ ਦੇ ਦਿਆਂਗੇ।

ਜੱਗੇ ਨੂੰ ਇਹ ਗੱਲ ਸੁਣ ਕੇ ਲੱਗਾ ਜਿਵੇਂ ਮੂੰਹ ਵਿਚ ਕੁਝ ਅੜ ਗਿਆ ਹੋਵੇ ਤੇ ਮਹਿਸੂਸ ਹੋਇਆ ਜਿਵੇਂ ਗਰੀਬੀ ਨੇ ਉਸ ਦੀ ਸੰਘੀ ਘੁੱਟ ਲਈ ਹੋਵੇ। ਕਦੇ ਉਹ ਗੱਡੀ ਵੱਲ ਦੇਖ ਰਿਹਾ ਸੀ, ਕਦੇ ਰਬਤਾਂ ਨਾਲ ਜੋੜੇ ਆਪਣੇ ਮੋਬਾਇਲ ਵੱਲ। ਕਦੇ ਉਹ ਉਨ੍ਹਾਂ ਲਈ ਬਰਬਾਦ ਕੀਤੀ ਆਪਣੀ ਜ਼ਿੰਦਗੀ ਬਾਰੇ ਸੋਚਦਾ ਤੇ ਕਦੇ ਉਸ ਨੂੰ ਆਪਣੀ ਭੈਣ 'ਤੇ ਗੁੱਸਾ ਚੜ੍ਹਦਾ ਤੇ ਕਦੇ ਛੋਟੇ ਭਰਾਵਾਂ 'ਤੇ, ਜੋ ਬਿਨਾ ਦੱਸੇ ਹੀ ਚੱਲੇ ਸਨ ਰੱਖੜੀ ਬੰਨਵਾਉਣ ਲਈ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

## ਧਾਇਓ ਰੇ ਮਨ ਦਹ ਦਿਸ ਧਾਇਓ

**ਗੁਰਬਾਣੀ ਗਿਆਨ**

**ਟੋਡੀ ਮਹਲਾ ੫ ਘਰੁ ੨ ਚਉਪਦੇ**
**ੴ ਸਤਿਗੁਰ ਪ੍ਰਸਾਦਿ॥**
ਧਾਇਓ ਰੇ ਮਨ ਦਹ ਦਿਸ ਧਾਇਓ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ
ਤਿਨਿ ਪ੍ਰਭਿ ਆਪਿ ਭੁਲਾਇਓ॥ ਰਹਾਉ॥
ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ
ਇਕੁ ਮੁਹਤੁ ਨ ਇਹੁ ਮਨੁ ਲਾਇਓ॥
ਬਿਗਸਿਓ ਪੇਖਿ ਰੰਗੁ ਕਸੁੰਭ ਕੋ
ਪਰ ਗ੍ਰਿਹ ਜੋਹਨਿ ਜਾਇਓ॥੧॥
ਚਰਨ ਕਮਲ ਸਿਉ ਭਾਉ ਨ ਕੀਨੋ
ਨਹ ਸਤ ਪੁਰਖੁ ਮਨਾਇਓ॥
ਧਾਵਤ ਕਉ ਧਾਵਹਿ ਬਹੁ ਭਾਤੀ
ਜਿਉ ਤੇਲੀ ਬਲਦੁ ਭ੍ਰਮਾਇਓ॥੨॥
ਨਾਮ ਦਾਨੁ ਇਸਨਾਨੁ ਨ ਕੀਓ
ਇਕ ਨਿਮਖ ਨ ਕੀਰਤਿ ਗਾਇਓ॥
ਨਾਨਾ ਝੂਠਿ ਲਾਇ ਮਨੁ ਤੋਖਿਓ
ਨਹ ਬੂਝਿਓ ਅਪਨਾਇਓ॥੩॥
ਪਰਉਪਕਾਰ ਨ ਕਬਹੂ ਕੀਏ
ਨਹੀ ਸਤਿਗੁਰੁ ਸੇਵਿ ਧਿਆਇਓ॥
ਪੰਚ ਦੂਤ ਰਚਿ ਸੰਗਤਿ ਗੋਸਟਿ
ਮਤਵਾਰੋ ਮਦ ਮਾਇਓ॥੪॥
ਕਰਉ ਬੇਨੰਤੀ ਸਾਧਸੰਗਤਿ ਹਰਿ
ਭਗਤਿ ਵਛਲ ਸੁਣਿ ਆਇਓ॥
ਨਾਨਕ ਭਾਗਿ ਪਰਿਓ ਹਰਿ ਪਾਛੈ
ਰਾਖੁ ਲਾਜ ਅਪੁਨਾਇਓ॥੫॥

ਗੁਰ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਮਨੁੱਖ ਨੂੰ ਉਪਦੇਸ਼ ਕਰਦੇ ਹਨ, ਧਾਇਓ ਰੇ ਮਨ ਦਹ ਦਿਸ ਧਾਇਓ, ਹੇ ਮਨ! ਇਹ ਜੀਵ ਦਹਦਿਸ ਭਾਵ ਦਸੀਂ ਪਾਸੀਂ ਦੌੜਦਾ ਫਿਰਦਾ ਹੈ; ਮਾਇਆ ਮਗਨ ਸੁਆਦਿ ਲੋਭਿ ਮੋਹਿਓ, ਲੋਭ ਦੇ ਮੋਹ ਵਿਚ ਮੋਹਿਆ ਰਹਿੰਦਾ ਹੈ, ਪਰ ਹੇ ਭਾਈ ਇਸ ਜੀਵ ਵਿਚਾਰੇ ਦੇ ਵੀ ਕੀ ਵੱਸ ਵਿਚ ਹੈ, ਤਿਨਿ ਪ੍ਰਭਿ ਆਪਿ ਭੁਲਾਇਓ, ਉਸ ਪਰਮਾਤਮਾ ਪ੍ਰਭੂ ਨੇ ਆਪ ਹੀ ਇਸ ਨੂੰ ਕੁਰਾਹੇ ਪਾ ਰੱਖਿਆ ਹੈ।

ਧਾਇਓ ਰੇ ਮਨ ਦਹ ਦਿਸ ਧਾਇਓ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ
ਤਿਨਿ ਪ੍ਰਭਿ ਆਪਿ ਭੁਲਾਇਓ॥ ਰਹਾਉ॥
ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ
ਇਕੁ ਮੁਹਤੁ ਨ ਇਹੁ ਮਨੁ ਲਾਇਓ॥
ਬਿਗਸਿਓ ਪੇਖਿ ਰੰਗੁ ਕਸੁੰਭ ਕੋ
ਪਰ ਗ੍ਰਿਹ ਜੋਹਨਿ ਜਾਇਓ॥੧॥

ਸਤਿਗੁਰੂ ਪਿਤਾ ਆਖਦੇ ਹਨ, ਭਾਈ ਇਹ ਮਨੁਖ ਪ੍ਰਭੂ ਦੀ ਸਿਫਤ ਸਾਲਾਹ ਦੀਆਂ ਗੱਲਾਂ ਨਾਲ ਅਤੇ ਸਾਧ ਸੰਗਤਿ ਨਾਲ ਇੱਕ ਪਲ ਵਾਸਤੇ ਵੀ ਆਪਣੇ ਇਸ ਮਨ ਨੂੰ ਨਹੀਂ ਜੋੜਦਾ; ਕਸੁੰਭੜੇ ਦੇ ਕੱਚੇ ਰੰਗ 'ਤੇ ਮਨ ਲਾ ਲੈਣਾ, ਜਿਵੇਂ ਹੀ ਦੁਨਿਆਵੀ ਚੀਜ਼ਾਂ ਦੇ ਕਸੁੰਭੇ ਵਰਗੇ ਰੰਗ ਵੇਖ ਕੇ ਖੁਸ਼ ਹੁੰਦਾ ਹੈ ਅਤੇ ਵਾਸ਼ਨਾ ਅਧੀਨ ਹੋਇਆ ਪਰਾਏ ਘਰ ਤੱਕਣ ਤੁਰ ਪੈਂਦਾ ਹੈ।

ਚਰਨ ਕਮਲ ਸਿਉ ਭਾਉ ਨ ਕੀਨੋ
ਨਹ ਸਤ ਪੁਰਖੁ ਮਨਾਇਓ॥
ਧਾਵਤ ਕਉ ਧਾਵਹਿ ਬਹੁ ਭਾਤੀ
ਜਿਉ ਤੇਲੀ ਬਲਦੁ ਭ੍ਰਮਾਇਓ॥੨॥

ਹੇ ਮਨ ਤੂੰ ਉਸ ਮਿਹਰਵਾਨ ਪ੍ਰਭੂ ਦੇ ਚਰਨਾਂ ਨਾਲ ਜ਼ਰਾ ਵੀ ਪਿਆਰ ਨਹੀਂ ਪਾਇਆ ਅਤੇ ਗੁਰੂ ਨੂੰ ਵੀ ਪ੍ਰਸੰਨ ਨਹੀਂ ਕੀਤਾ; ਨਾਸਵੰਤ ਪਦਾਰਥਾਂ ਦੀ ਖਾਤਰ ਤੂੰ ਦਿਨ ਰਾਤ ਦੌੜਿਆ ਫਿਰਦਾ ਹੈਂ, ਜਿਵੇਂ ਤੇਲੀ ਦਾ ਬਲਦ ਕੋਹਲੂ ਅੱਗੇ ਜੁਪ ਕੇ ਉਸ ਦੇ ਦੁਆਲੇ ਆਪਣੇ ਆਪ ਹੀ ਤੁਰਿਆ ਰਹਿੰਦਾ ਹੈ ਅਤੇ ਉਸ ਦਾ ਪੈਂਡਾ ਕਦੇ ਮੁਕਦਾ ਨਹੀਂ, ਇਵੇਂ ਹੀ ਹੇ ਜੀਵ, ਦੁਨਿਆਵੀ ਪਦਾਰਥਾਂ ਦੀ ਤੇਰੀ ਭਟਕਣਾ ਵੀ ਕਦੇ ਮੁੱਕਦੀ ਨਹੀਂ।

ਨਾਮ ਦਾਨੁ ਇਸਨਾਨੁ ਨ ਕੀਓ
ਇਕ ਨਿਮਖ ਨ ਕੀਰਤਿ ਗਾਇਓ॥
ਨਾਨਾ ਝੂਠਿ ਲਾਇ ਮਨੁ ਤੋਖਿਓ
ਨਹ ਬੂਝਿਓ ਅਪਨਾਇਓ॥੩॥

ਗੁਰਦੇਵ ਜੀ ਆਖਦੇ ਹਨ, ਹੇ ਮਨ ਮਾਇਆ ਦੇ ਸੁਆਦ ਵਿਚ ਮਸਤ ਹੋਇਆ ਮਨੁਖ ਪ੍ਰਭੂ ਦਾ ਨਾਮ ਨਹੀਂ ਜਪਦਾ, ਦਾਨ, ਸੇਵਾ ਨਹੀਂ ਕਰਦਾ, ਆਪਣੇ ਜੀਵਨ ਨੂੰ ਪਵਿਤਰ ਨਹੀਂ ਬਣਾਉਂਦਾ ਅਤੇ ਪਲ ਭਰ ਵੀ ਉਸ ਪ੍ਰਭੂ ਦੀ ਕੀਰਤੀ ਭਾਵ ਗੁਣ ਨਹੀਂ ਗਾਉਂਦਾ; ਨਾਸਵੰਤ ਜਗਤ ਵਿਚ ਆਪਣੇ ਮਨ ਨੂੰ ਜੋੜ ਕੇ ਸੰਤੁਸ਼ਟ ਰਹਿੰਦਾ ਹੈ ਅਤੇ ਆਪਣੇ ਅਸਲ ਮਕਸਦ ਨੂੰ ਨਹੀਂ ਪਛਾਣਦਾ।

ਪਰਉਪਕਾਰ ਨ ਕਬਹੂ ਕੀਏ
ਨਹੀ ਸਤਿਗੁਰੁ ਸੇਵਿ ਧਿਆਇਓ॥
ਪੰਚ ਦੂਤ ਰਚਿ ਸੰਗਤਿ ਗੋਸਟਿ
ਮਤਵਾਰੋ ਮਦ ਮਾਇਓ॥੪॥

ਸਤਿਗੁਰੂ ਪਾਤਸ਼ਾਹ ਆਖਦੇ ਹਨ, ਹੇ ਮਨ, ਮਾਇਆ ਦੇ ਮੋਹ ਵਿਚ ਮਗਨ ਹੋਇਆ ਮਨੁਖ ਕਦੇ ਹੋਰਨਾਂ ਦੀ ਸੇਵਾ ਜਾਂ ਭਲਾਈ ਦੇ ਕੰਮ ਨਹੀਂ ਕਰਦਾ ਅਤੇ ਗੁਰੂ ਦੀ ਸ਼ਰਨ ਵਿਚ ਪੈ ਕੇ ਉਸ ਮਿਹਰਵਾਨ ਪ੍ਰਭੂ ਦਾ ਸਿਮਰਨ ਵੀ ਨਹੀਂ ਕਰਦਾ; ਪਰ ਪੰਚ ਦੂਤ-ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ, ਇਨ੍ਹਾਂ ਪੰਜਾਂ ਵੈਰੀਆਂ ਨਾਲ ਸਾਥ ਬਣਾਈ ਰਖਦਾ ਹੈ ਅਤੇ ਮਾਇਆ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ।

ਕਰਉ ਬੇਨੰਤੀ ਸਾਧਸੰਗਤਿ ਹਰਿ
ਭਗਤਿ ਵਛਲ ਸੁਣਿ ਆਇਓ॥
ਨਾਨਕ ਭਾਗਿ ਪਰਿਓ ਹਰਿ ਪਾਛੈ
ਰਾਖੁ ਲਾਜ ਅਪੁਨਾਇਓ॥੫॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਇਹ ਨਾਨਕ ਆਖਦਾ ਹੈ ਮੈਂ ਤਾਂ ਸਾਧ ਸੰਗਤਿ ਵਿਚ ਜਾ ਕੇ ਬੇਨਤੀ ਕਰਦਾ ਹਾਂ, ਹੇ ਮਿਹਰਵਾਨ ਹਰੀ ਪ੍ਰਭ ਜੀਓ ਮੈਂ ਤਾਂ ਇਹ ਸੁਣ ਕੇ ਤੇਰੀ ਸ਼ਰਨ ਵਿਚ ਆਇਆ ਹਾਂ ਕਿ ਤੂੰ ਭਗਤੀ ਨਾਲ ਪਿਆਰ ਕਰਨ ਵਾਲਾ ਹੈਂ; ਇਸ ਲਈ ਹਰੀ ਪਰਮਾਤਮਾ ਜੀਓ ਮੈਂ ਦੌੜ ਕੇ ਤੇਰੇ ਦਰ 'ਤੇ ਆ ਪਿਆ ਹਾਂ ਅਤੇ ਬੇਨਤੀ ਕਰਦਾ ਹਾਂ, ਹੇ ਪ੍ਰਭੂ! ਮੈਨੂੰ ਆਪਣਾ ਬਣਾ ਕੇ ਮੇਰੀ ਇੱਜਤ ਰੱਖ ਲਓ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

**ਪਰਦੇਸ ਪੁੱਜਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ**

## ਸ਼ੌਰਟ ਕੱਟ ਵਾਇਆ ਲੌਂਗ ਰੂਟ-4



ਅਮਰੀਕ ਸਿੰਘ ਬਲ
ਫੋਨ: 34602835897

### ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਵੱਲੋਂ ਤੁਰੰਤ ਦਿੱਲੀ ਪੁੱਜਣ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜਦੋਂ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ ਕਿ ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਰ ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਅਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ, ਉਹ ਵੀ ਲੁਕ-ਛੁਪ ਕੇ ਅਤੇ ਬਹੁਤ ਘੱਟ ਮਿਲਦੇ ਪਾਣੀ ਅਤੇ ਰੋਟੀ ਦੇ ਸਹਾਰੇ। ਹੁਣ ਪੜ੍ਹੋ ਇਸ ਤੋਂ ਅੱਗੇ...*

# ਪਰਛਾਵਿਆਂ ਦਾ ਖੌਫ

**ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਉਹਨੇ ਜਿਸ ਤਰ੍ਹਾਂ ਸ਼ਬਦਾਂ ਅਤੇ ਘਟਨਾਵਾਂ ਦੀ ਤਫਸੀਲ ਰਾਹੀਂ ਪਿੜ ਬੰਨ੍ਹਿਆ ਹੈ, ਉਹ ਲਾਮਿਸਾਲ ਹੈ। ਇਹ ਘਟਨਾਵਾਂ ਮੂੰਹ-ਜ਼ੋਰ ਅਤੇ ਅੱਥਰੀਆਂ ਹਨ, ਪਰ ਨਾਲ ਹੀ ਪਰਵਾਜ਼ ਭਰਨ ਲਈ ਤਾਂਘਦੀ ਜ਼ਿੰਦਗੀ ਦੇ ਪੈਰੀਂ ਪਹਾੜ ਬੱਝਣ ਦਾ ਦਰਦ ਵੀ ਹੰਢਾਅ ਰਹੀਆਂ ਹਨ... ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਚੌਥੀ ਕਿਸ਼ਤ ਹਾਜ਼ਰ ਹੈ। -ਸੰਪਾਦਕ**

ਅਸੀਂ ਆਪਣੇ ਕਦੇ ਵੀ ਨਾ ਖ਼ਤਮ ਹੋਣ ਵਾਲੇ ਜਾਪਦੇ ਸਫ਼ਰ ਦੇ ਤੀਜੇ ਦਿਨ ਵਿਚ ਦਾਖਿਲ ਹੋ ਚੁੱਕੇ ਸਾਂ। ਮੂੰਹ-ਹਨੇਰੇ ਤੋਂ ਹੀ ਜੀਪਾਂ ਉਸੇ ਰਫ਼ਤਾਰ ਨਾਲ ਰੇਗਿਸਤਾਨ ਦੇ ਰੇਤ ਭਰੇ ਸੀਨੇ ਨੂੰ ਚੀਰਦੀਆਂ ਅੱਗੜ-ਪਿੱਛੜ ਦੌੜ ਰਹੀਆਂ ਸਨ। ਇਕਾ-ਦੁੱਕਾ ਜ਼ਿੱਦੀ ਮੁੰਡੇ ਕੁਝ ਸੁਖਾਲੀ ਥਾਂ ਦੇ ਕਬਜ਼ੇ ਲਈ ਹੋਰਾਂ ਨਾਲ ਬਹਿਸ ਰਹੇ ਸਨ, ਪਰ ਨੈਤਿਕਤਾ ਤੇ ਬਰਾਬਰੀ ਦੇ ਆਧਾਰ 'ਤੇ ਬੁਲੰਦ ਆਵਾਜ਼ਾਂ ਕਾਰਨ ਸੀਟਾਂ ਦੂਜਿਆਂ ਨਾਲ ਵਟਾਉਂਦੇ ਰਹਿਣ ਲਈ ਰਜ਼ਾਮੰਦ ਹੋ ਗਏ। ਅਗਰ ਅਸੀਂ ਹਮਸਫ਼ਰ ਹਾਂ, ਤਾਂ ਔਖ ਤੇ ਕਸ਼ਟ ਸਭ ਨੂੰ ਬਰਾਬਰ ਸਹਿਣੇ ਚਾਹੀਦੇ ਨੇ!

ਵਿਗਿਆਨਿਕ-ਇਤਿਹਾਸਕ ਤੱਥ ਸ਼ਾਹਦੀ ਭਰਦੇ ਨੇ ਕਿ ਇਸ ਮਹਾਂਦੀਪ ਦੇ ਕੋਨਿਆਂ ਵਿਚੋਂ ਹੀ ਚੌਪਾਏ ਤੋਂ ਦੋ ਪੈਰਾਂ 'ਤੇ ਖੜੋਣਾ ਸਿਖ ਕੇ, ਮਾਨਵ ਜਾਤੀ ਵਿਚ ਰਸਮੀ ਪ੍ਰਵੇਸ਼ ਤੋਂ ਬਾਅਦ ਇਨਸਾਨ ਗ੍ਰਹਿ ਦੇ ਕੋਨੇ-ਕੋਨੇ ਵਿਚ ਖਿਲਰ ਗਏ ਸਨ। ਕੀ ਖ਼ਬਰ, ਲੱਖਾਂ ਸਾਲ ਪਹਿਲਾਂ ਸਾਡੇ ਪੁਰਖੇ ਇਨ੍ਹਾਂ ਥਾਂਵਾਂ ਤੋਂ ਗੁਜ਼ਰ ਕੇ ਹੀ ਮੌਜੂਦਾ ਵਿਰਾਸਤੀ ਮੁਲਕ ਭਾਰਤ ਤਕ ਪਹੁੰਚੇ ਹੋਣ! ਖ਼ਬਰੇ ਹਜ਼ਾਰਾਂ ਸਦੀਆਂ ਬਾਅਦ ਅਸੀਂ ਆਪਣੇ ਮੂਲ-ਜੱਦੀ ਇਲਾਕਿਆਂ ਵਿਚ ਰੁਲਦੇ ਫਿਰਦੇ ਹੋਈਏ! ਕੀ ਪਤਾ ਇਤਿਹਾਸ ਹਜ਼ਾਰਾਂ-ਲੱਖਾਂ ਦਹਾਕਿਆਂ ਤੋਂ ਅੱਖਾਂ 'ਤੇ ਹੱਥ ਦੀ ਛਾਂ ਬਣਾਈ ਤਿੱਖੜ ਦੁਪਿਹਰਾਂ ਵਿਚ ਆਪਣੇ ਆਦਿ-ਪੁੱਤਰਾਂ ਨੂੰ ਉਨ੍ਹਾਂ ਦੇ ਮੌਜੂਦਾ ਵੰਸ਼ਜਾਂ ਦੇ ਰੂਪ ਵਿਚ ਦੇਖਣ ਲਈ ਪੱਬਾਂ-ਭਾਰ ਖੜ੍ਹਾ ਹੋਵੇ, ਪਰ ਇਥੇ ਭੂਗੋਲ ਨੇ ਇਸ ਯੁੱਗਾਂ ਲੰਮੇ ਸਮੇਂ 'ਚ ਪਲਸੇਟੇ ਮਾਰ-ਮਾਰ ਕੇ ਆਪਣਾ ਵਜੂਦ ਕੁਝ ਦਾ ਕੁਝ ਬਣਾ ਛੱਡਿਆ ਸੀ। ਆਦਿ-ਪੁਰਖਾਂ ਦੇ ਵੰਸ਼ਜਾਂ ਲਈ ਇਥੇ ਸਿਰਫ਼ ਰੇਤ ਹੀ ਸੀ, ਸਿਰਫ਼ ਤਪਦੀ-ਸੜਦੀ ਰੇਤ... ਜ਼ਿੰਦਗੀਆਂ ਨੂੰ ਚੂਸਦੀ, ਅਰਥਹੀਣ ਰੇਤ ਹੀ ਰੇਤ।

ਸੂਰਜ ਪੂਰੀ ਵਾਹ ਨਾਲ ਸਾਡੇ ਸਿਰਾਂ ਉਤੇ ਅੱਗ ਵਰ੍ਹਾ ਰਿਹਾ ਸੀ। ਉਸ ਦੇ ਰੰਗ ਵਿਚ ਰੰਗਿਆ ਰੇਤ ਦਾ ਕਣ-ਕਣ ਵੀ ਉਸੇ ਦਾ ਅਤਿ-ਸੂਖ਼ਮ ਰੂਪ ਧਾਰੀ ਬੈਠਾ ਸੀ। ਸਫ਼ਰ ਦੇ ਪਹਿਲੇ ਰੋਜ਼ ਤਾਂ ਸ਼ਾਇਦ ਕੁਝ ਬੱਦਲਾਂ ਨੂੰ ਸਾਡੇ ਅਤੇ ਧਰਤੀ ਦੀ ਦੁਰਗਤ 'ਤੇ ਤਰਸ ਆਇਆ ਤੇ ਉਹ ਹਿੱਕ ਤਾਣ ਕੇ ਸੂਰਜ ਸਾਹਮਣੇ ਖਲੋਂਦੇ ਰਹੇ। ਆਪਣੇ ਪਿਆਰ ਤੇ ਦਿਆਲਤਾ ਨੂੰ ਮੀਂਹ ਦੀਆਂ ਅੰਮ੍ਰਿਤ ਰੂਪੀ ਬੂੰਦਾਂ ਨਾਲ ਸਾਨੂੰ ਅਤੇ ਸੀਮਿਤ ਜਿਹੀ ਧਰਤੀ ਨੂੰ ਸਰੋਬਾਰ ਕਰਦੇ ਰਹੇ ਸਨ, ਪਰ ਸੂਰਜ ਦੇ ਜਾਹੋ-ਜਲਾਲ ਅੱਗੇ ਲੰਮਾ ਸਮਾਂ ਨਾ ਅੜੇ। ਉਸ ਤੋਂ ਬਾਅਦ ਕਿਸੇ ਬੱਦਲ ਦਾ ਨਾਮੋ-ਨਿਸ਼ਾਨ ਨਹੀਂ ਸੀ ਮਿਲਿਆ। ਸ਼ਾਇਦ 'ਸਹਾਰਾ' ਵਿਚ ਪੈਂਦੀ ਅਜਿਹੀ ਔਸਤਨ ਸਾਲਾਨਾ ਅਤਿ-ਦੁਰਲਭ ਤੇ ਇਕ-ਅਧ ਵਾਛੜ ਇਸ ਸਾਲ ਦਾ ਕੋਟਾ ਪੂਰਾ ਕਰ ਗਈ ਸੀ। ਅੱਜ ਤਾਂ ਜਿਵੇਂ ਸੂਰਜ ਕਿਸੇ ਜ਼ਾਤੀ ਵਜ੍ਹਾ ਕਰ ਕੇ ਕੁਝ ਜ਼ਿਆਦਾ ਹੀ ਕਰੋਪ ਹੋ ਰਿਹਾ ਸੀ। ਸ਼ਾਇਦ ਸਾਨੂੰ ਅਜ਼ਮਾਉਣਾ ਚਾਹੁੰਦਾ ਸੀ, ਜਾਂ ਸ਼ਾਇਦ ਖ਼ੁਦ ਨੂੰ ਅਜ਼ਮਾਉਣਾ ਚਾਹੁੰਦਾ ਸੀ!

ਗੱਡੀਆਂ ਦੀਆਂ ਪਹਿਲੀਆਂ, ਪੁਰਾਣੀਆਂ ਲੀਹਾਂ 'ਤੇ ਜੀਪਾਂ ਰਵਾਂ ਸਨ। ਡੌਂਕਰਾਂ ਨੂੰ ਦੂਰ ਭੇਡਾਂ ਦਾ ਇੱਜੜ ਦਿਸਿਆ ਤਾਂ ਉਧਰ ਹੋ ਤੁਰੇ। ਯਕੀਨਨ ਉਰ੍ਹੇ-ਪਰ੍ਹੇ ਕਿਤੇ ਰਿਹਾਇਸ਼ ਹੋਵੇਗੀ! ਆਜੜੀ ਤੋਂ ਭੇਡ ਖਰੀਦੀ ਤੇ ਜਿਬਹ ਕਰ ਕੇ ਉਪਰਲੀ ਚਮੜੀ ਉਤਾਰ ਦਿੱਤੀ ਗਈ। ਕਿਸੇ ਨੇ ਗਿਆਨ ਵਿਚ ਵਾਧਾ ਕੀਤਾ- "ਸਫ਼ਰ ਵਾਸਤੇ ਬਲੀ ਦਿੱਤੀ ਹੈ...।" ਭੇਡ ਦਾ ਸਰੀਰ ਉਸ ਬਿੱਕਰ ਦੇ ਪੈਰਾਂ ਵਿਚ ਰੱਖ ਦਿੱਤਾ ਜੋ ਸਵੇਰੇ ਸ਼ਾਮ ਪਾਠ-ਅਰਦਾਸ ਕਰਦਾ ਹੁੰਦਾ ਸੀ। ਉਹ ਤ੍ਰਬਕ ਕੇ ਉਛਲਿਆ, ਫਿਰ ਰੋਣ-ਹਾਕਾ ਹੋ ਕੇ ਨੱਕ-ਮੂੰਹ ਦੁਆਲੇ ਕੱਪੜਾ ਲਪੇਟ ਲਿਆ। ਕੁਝ ਮੁੰਡਿਆਂ ਦੇ ਚਿਹਰਿਆਂ 'ਤੇ ਹਾਸਾ ਬਿਖਰ ਗਿਆ, ਸ਼ਾਇਦ ਬਿੱਕਰ ਦੀ ਹਾਸੋ-ਹੀਣੀ ਹਾਲਤ 'ਤੇ, ਜਾਂ ਸ਼ਾਇਦ ਇਹ ਸੋਚ ਕੇ ਕਿ ਭੇਡ ਦਾ ਗੋਸ਼ਤ ਉਧੇੜਨ ਵਿਚ ਉਨ੍ਹਾਂ ਦੇ ਲਾਲ੍ਹਾਂ ਛੱਡਦੇ ਦੰਦਾਂ ਦੀ ਵੀ ਸੇਵਾ ਲਈ ਜਾਵੇਗੀ।

ਬਲਜੀਤ ਨਾਮੀ ਸਿੱਖ ਮੁੰਡੇ ਦੇ ਕੇਸ ਉਥੇ ਕੱਟ ਕੇ ਦੱਬ ਦਿੱਤੇ ਗਏ ਸਨ। ਗਰਮੀ ਤੇ ਧੁੱਪ ਨਾਲ ਉਸ ਦੀ ਮੱਤ ਵੱਜੀ ਹੋਈ ਸੀ। ਗਰੁਪ ਚੱਲਣ ਤੋਂ ਦੋ ਕੁ ਘੰਟੇ ਪਹਿਲਾਂ ਹੀ ਉਹ ਅਤੇ ਮੋਹਕਮ (ਭਵਿਖ ਦਾ ਦੋਸਤ) ਮਾਲੀ ਪਹੁੰਚੇ ਸਨ, ਸੋ ਉਥੇ ਕੇਸ ਕਟਵਾਉਣ ਦਾ ਸਮਾਂ ਨਹੀਂ ਸੀ ਮਿਲਿਆ। ਉਸ ਨੇ ਵੀ ਆਪਣੇ ਹੋਣ ਦੀ ਕੀਮਤ ਸ਼ੁਰੂਆਤੀ ਕਿਸ਼ਤ ਦੇ ਇਸ ਰੂਪ ਵਿਚ ਇਥੇ ਚੁਕਾ ਦਿੱਤੀ ਸੀ। ਗੱਡੀਆਂ ਫਿਰ ਆਪਣੀ ਆਈ 'ਤੇ ਆ ਗਈਆਂ ਸਨ।

ਸਵੇਰੇ ਦੋ-ਦੋ ਬਿਸਕੁਟ ਤੇ ਚਾਰ-ਚਾਰ ਘੁੱਟਾਂ ਪਾਣੀ ਮਿਲਿਆ ਸੀ। ਦੂਜੀ ਵਾਰ ਹੁਣ ਥੋੜ੍ਹਾ-ਥੋੜ੍ਹਾ ਪਾਣੀ ਦਿੱਤਾ ਗਿਆ। ਚੌਲ ਅੱਜ ਨਹੀਂ ਸੀ ਮਿਲੇ। ਥੋੜ੍ਹਾ ਜਿਹਾ ਪਾਣੀ ਮੂੰਹ ਗਿੱਲਾ ਤਾਂ ਜ਼ਰੂਰ ਕਰਦਾ, ਪਰ ਪਿਆਸ ਹੋਰ ਭੜਕਾ ਦਿੰਦਾ ਸੀ। ਡੌਂਕਰਾਂ ਨੇ ਅੱਗੇ ਆਪਣੇ ਖਾਣ-ਪੀਣ ਦਾ ਅਲੱਗ ਤੇ ਬਿਹਤਰ ਇੰਤਜ਼ਾਮ ਕਰ ਰੱਖਿਆ ਸੀ। ਪਹਿਲੇ ਰੋਜ਼ ਬਿਸਕੁਟਾਂ ਅਤੇ ਸੁੱਕੇ ਦੁੱਧ ਦੇ ਪੈਕਟ ਮਿਲੇ ਸਨ। ਕੁਝ ਚੁਸਤ-ਚਲਾਕ ਮੁੰਡਿਆਂ ਨੇ ਕੁਝ ਪੈਕਟ ਚੋਰੀ ਛੁਪਾ ਲਏ ਤੇ ਬਾਕੀ ਬਚੇ-ਖੁਚੇ ਵੰਡ ਕੇ ਖਾ-ਪੀ ਲਏ। ਚੌਲ ਅਗਰ ਬਣਦੇ ਤਾਂ ਮੁਸ਼ਕਿਲ ਨਾਲ ਸਭ ਦੇ ਹਿੱਸੇ ਇੰਨੇ ਕੁ ਆਉਂਦੇ ਕਿ ਜਿਊਂਦੇ ਰਹਿ ਸਕਦੇ। ਅੱਜ ਸ਼ਾਇਦ ਦਿਨ ਭਰ ਡੌਂਕਰਾਂ ਨੂੰ ਉਹ ਦੇਣੇ ਵੀ ਯਾਦ ਨਹੀਂ ਰਹੇ।

ਦੁਪਿਹਰ ਤੋਂ ਹੀ ਕਾਰਵਾਂ ਸਿਧਰ-ਪਧਰ ਚਲ ਪਿਆ ਸੀ। ਉਚੇ-ਨੀਵੇਂ ਟੀਲੇ-ਪਹਾੜ ਕਾਫੀ ਪਿੱਛੇ ਰਹਿ ਗਏ ਸਨ। ਗੱਡੀਆਂ ਕਦੇ ਕਿਤੇ ਹੀ ਉਛਾਲ ਭਰਦੀਆਂ। ਇਹ ਸ਼ਾਮ ਅਤੇ ਦੁਪਿਹਰ ਦੇ ਮਿਲਾਪ ਵਾਲੇ ਪਲ ਸਨ ਜਦੋਂ ਇਕ ਦਮ ਜੀਪਾਂ ਦੀ ਰਫ਼ਤਾਰ ਵਿਚ ਭਿਆਨਕ ਕਿਸਮ ਦਾ ਬਦਲਾਓ ਆਇਆ। ਸਾਡੇ ਵਾਲੀ ਜੀਪ ਦੂਜੀਆਂ ਤੋਂ ਕੁਝ ਅੱਗੇ ਸੀ, ਦੂਜੀ ਸਾਥੋਂ ਪੰਜਾਹ ਕੁ ਮੀਟਰ ਪਿੱਛੇ ਹੋਵੇਗੀ ਤੇ ਤੀਜੀ ਸਾਡੇ ਖੱਬੇ ਪਾਸੇ ਕਾਫੀ ਪਰ੍ਹੇ ਤੇ ਥੋੜ੍ਹੀ ਪਿੱਛੇ। ਅਚਾਨਕ ਪਿਛਲੀਆਂ ਜੀਪਾਂ ਦੇ ਹਾਰਨ ਵੱਜੇ। ਅਸੀਂ ਸਾਰੇ ਉਂਘਲਾਉਂਦੇ ਜਿਹੇ, ਆਪਣੇ-ਆਪ 'ਚ ਗੁੰਮ ਅੱਗੇ-ਪਿੱਛੇ ਦੇਖਣ ਲੱਗੇ। ਸਾਡੇ ਡਰਾਇਵਰ ਨੇ ਇਕ ਵਾਰ ਪਿੱਛੇ ਦੇਖਿਆ ਤੇ ਫਿਰ ਪੂਰੀ ਰੇਸ ਦੱਬ ਦਿੱਤੀ। ਅਸੀਂ ਸਾਰੇ ਜਣੇ ਝਟਕੇ ਨਾਲ ਇਧਰ-ਉਧਰ ਡਿੱਗ ਪਏ ਤੇ ਫਿਰ ਫੁਰਤੀ ਨਾਲ ਜੀਪ ਦੇ ਕੋਨੇ-ਖੂੰਜੇ ਫੜ ਕੇ ਜ਼ਮੀਨ 'ਤੇ ਡਿੱਗਣ ਤੋਂ ਬਚਾਅ ਕੀਤਾ। ਬੜੀ ਹੌਲਨਾਕ ਜਿਹੀ ਹਲਚਲ ਮਚ ਗਈ ਸੀ।

ਮੈਂ ਪਿੱਛੇ ਨਿਗ੍ਹਾ ਦੌੜਾਈ, ਦੂਰ-ਦੂਰ ਤਕ ਤਿੰਨਾਂ ਗੱਡੀਆਂ ਦੇ ਪਹੀਆਂ ਨਾਲ ਉਡਦੇ ਰੇਤ ਦੇ ਗੁਬਾਰ ਨਜ਼ਰ ਆ ਰਹੇ ਸਨ। ਪਤਾ ਨਹੀਂ ਕੀ ਮਾਜਰਾ ਸੀ! ਸਾਡਾ ਡੌਂਕਰ ਵਾਰ-ਵਾਰ ਪਿੱਛੇ ਕਿਤੇ ਦੇਖਦਾ ਤੇ ਰੇਸ ਵਾਲਾ ਪੈਰ ਹੋਰ ਨੱਪੀ ਜਾਂਦਾ। ਤਿੰਨੇ ਜੀਪਾਂ ਅੰਨ੍ਹੇਵਾਹ ਦੌੜ ਰਹੀਆਂ ਸਨ। ਕਿਤੇ ਜੀਪ ਉਛਲਦੀ-ਡਿੱਗਦੀ ਤਾਂ ਸਾਡੇ ਜਿਸਮ ਇਕ ਫੁੱਟ ਉਤਾਂਹ ਉਛਲ ਕੇ ਡਰੰਮਾਂ ਅਤੇ ਜੀਪ ਦੇ ਖੂੰਜਿਆਂ ਨਾਲ ਟਕਰਾਉਂਦੇ ਤਾਂ ਆਪ-ਮੁਹਾਰੇ ਚੀਕਾਂ ਨਿਕਲ ਜਾਂਦੀਆਂ।

ਇਹ ਖ਼ੌਫ਼ਨਾਕ ਵਕਤ ਦੇ ਉਹ ਨਾਮੁਰਾਦ ਪਲ ਸਨ ਜਿਹੜੇ ਸਾਧਾਰਨ ਜੀਵਨ ਵਿਚ ਇਕ ਦੋ ਵਾਰ ਹੀ ਆਉਂਦੇ ਨੇ। ਇਕ-ਦੂਜੇ ਦੇ ਚਿਹਰਿਆਂ 'ਤੇ ਭੈਅ ਨਾਲ ਫੈਲਦੇ ਜਾਂਦੇ ਨੈਣ-ਨਕਸ਼ ਦੇਖ ਕੇ ਅੰਦਰ ਕੰਬ-ਕੰਬ ਜਾਂਦਾ ਸੀ। ਅੱਖਾਂ ਪਾਟਣੀਆਂ ਆ ਗਈਆਂ। ਇਹ ਤਾਂ ਪੱਕਾ ਸੀ, ਕੋਈ ਡਿੱਗ ਜਾਂਦਾ ਤਾਂ ਗੱਡੀਆਂ ਉਸ ਖ਼ਾਤਿਰ ਨਹੀਂ ਸੀ ਰੁਕਣੀਆਂ। ਦੂਜੇ, ਡਿੱਗ ਕੇ ਉਹ ਜਿਊਂਦਾ ਰਹਿ ਜਾਂਦਾ, ਇਸ ਵਿਚ ਵੀ ਸ਼ੱਕ ਸੀ। ਉਸ ਵੇਲੇ ਸਾਡੇ ਪੂਰੇ ਵਜੂਦ ਅੰਦਰ ਮੌਤ ਤੋਂ ਵੀ ਪਰ੍ਹੇ ਦਾ ਕੋਈ ਖ਼ੌਫ਼ ਪਸਰਿਆ ਹੋਇਆ ਸੀ। ਭੈਅ ਅਤੇ ਦਰਦ ਭਰੀਆਂ ਚੀਕਾਂ ਨਿਕਲਦੀਆਂ ਗਈਆਂ, ਕੁਝ ਜਣੇ ਰੋ ਵੀ ਰਹੇ ਸਨ। ਹਾਲਾਤ ਦੇ ਖ਼ਤਰਨਾਕ ਮੋੜ ਕੱਟਣ ਦਾ ਕਾਰਨ ਸਮਝ ਤੋਂ ਪਰ੍ਹੇ ਸੀ।

ਕੋਈ ਟੋਆ-ਟਿੱਬਾ ਆਉਂਦਾ ਤਾਂ ਜੀਪ ਉਛਲ ਕੇ ਥੱਲੇ ਡਿੱਗਦੀ, ਪਰ ਰਫ਼ਤਾਰ ਵਿਚ ਕੋਈ ਕਮੀ ਨਹੀਂ। ਮੈਂ ਇਕ ਹੱਥ ਰੱਸੇ ਨੂੰ ਪਾਇਆ ਸੀ, ਦੂਜਾ ਕਿਸੇ ਦੇ ਲੱਕ ਨੂੰ। ਜੀਪ ਦੇ ਸਿਰੇ 'ਤੇ ਲਿਟਿਆ-ਲਮਕਿਆ, ਦੰਦ ਕੱਸੀ, ਫਟੇ ਨੇਤਰਾਂ ਨਾਲ, ਡਿੱਗਣ ਦੇ ਡਰ ਨਾਲ ਭੈਅਭੀਤ, ਜ਼ਿੰਦਗੀ-ਮੌਤ ਵਿਚਕਾਰਲੇ ਉਨ੍ਹਾਂ ਘਾਤਕ, ਹਿੰਸਕ ਪਲਾਂ ਨੂੰ ਖ਼ੁਦ 'ਤੇ ਝੱਲ ਰਿਹਾ ਸਾਂ ਜੋ ਮੈਨੂੰ ਮੇਰੇ ਆਖ਼ਰੀ ਬਚੇ-ਖੁਚੇ ਪਲ ਲੱਗਦੇ ਸਨ। ਸਾਰਾ ਜਿਸਮ ਸੁੰਨ ਸੀ, ਚਿਹਰੇ ਦਾ ਰੰਗ ਨੁਚੜਦਾ ਗਿਆ ਸੀ। ਅੱਖਾਂ ਵਿਚੋਂ ਬੇਵਸੀ ਭਰੇ ਹੰਝੂ ਛਲਕ ਆਏ... ਪਤਾ ਨਹੀਂ ਉਛਲ ਕੇ ਲੋਹੇ ਨਾਲ ਟਕਰਾਉਣ ਦੇ ਦਰਦ ਨਾਲ, ਪਤਾ ਨਹੀਂ ਭੈਅ ਦੀ ਵਾਛੜ ਨਾਲ ਜਾਂ ਸ਼ਾਇਦ ਦੋਹਾਂ ਕਾਰਨ।

ਸਮੂਹਿਕ ਚੀਕਾਂ-ਗਾਲ੍ਹਾਂ, ਰੋਣੇ ਵਿਚ ਰੱਬ ਦਾ ਨਾਂ ਵੀ ਸੁਣਾਈ ਦੇ ਜਾਂਦਾ। ਜਾਨਾਂ ਮੁੱਠੀ ਵਿਚ ਸਨ। ਬੜਾ ਹਲਕਾ ਜਿਹਾ ਫਾਸਲਾ ਰਹਿ ਗਿਆ ਸੀ ਜ਼ਿੰਦਗੀ ਤੇ ਮੌਤ ਦਰਮਿਆਨ। ਲਗਾਤਾਰ ਘੰਟਾ ਪੌਣਾ ਘੰਟਾ ਜੀਪਾਂ ਅੰਧਾਧੁੰਦ ਭੱਜਦੀਆਂ ਰਹੀਆਂ, ਪਰ ਕਿਉਂ? ਇਸ ਦਾ ਜਵਾਬ ਘੱਟੋ-ਘੱਟ ਸਾਡੇ ਕੋਲ ਨਹੀਂ ਸੀ। ਹਵਾ, ਤੂਫ਼ਾਨ ਵਾਂਗ ਮਹਿਸੂਸ ਹੁੰਦੀ ਸੀ। ਪਿੱਛੇ ਦੂਰ-ਦੂਰ ਤਕ ਅਸਮਾਨ ਛੂੰਹਦੇ ਰੇਤ ਦੇ ਗੁਬਾਰ ਸਨ। ਦੂਰ ਕਿਤੇ ਤਰ੍ਹਾਂ-ਤਰ੍ਹਾਂ ਦੀਆਂ ਖਣਕਦੀਆਂ ਰਲੀਆਂ-ਮਿਲੀਆਂ ਹਲਕੀਆਂ ਅਸਪਸ਼ਟ ਆਵਾਜ਼ਾਂ ਕੰਨਾਂ ਤੀਕਰ ਪਹੁੰਚਦੀਆਂ ਲੱਗਦੀਆਂ। ਅਲੱਗ-ਅਲੱਗ ਤਰ੍ਹਾਂ ਦਾ ਚੀਕ-ਚਿਹਾੜਾ ਜੋ ਤੇਜ਼ ਹਵਾਵਾਂ ਅਤੇ ਜੀਪਾਂ ਦੇ ਰੌਲੇ ਵਿਚ ਦਬਿਆ-ਦਬਿਆ ਸੁਣਾਈ ਦਿੰਦਾ ਸੀ।

ਸਿਰਾਂ 'ਤੇ ਲਪਕਦੀ ਮੌਤ ਦੇ ਭੈਅ ਅੱਗੇ ਦਿਮਾਗ ਸੋਚਣ-ਸਮਝਣ ਦੀ ਤਾਕਤ ਗੁਆ ਜਿਵੇਂ ਚੁੱਕਿਆ ਸੀ। ਐਸੇ ਜਾਨਲੇਵਾ ਹਾਲਾਤ ਵਿਚ ਜ਼ਮੀਨ ਉਚੀ-ਨੀਵੀਂ ਤੇ ਪਥਰੀਲੀ ਹੁੰਦੀ ਤਾਂ ਇਸ ਵਿਚ ਸ਼ੱਕ ਨਹੀਂ ਸੀ, ਜੀਪਾਂ ਪਲਟਦੀਆਂ ਹੀ ਪਲਟਦੀਆਂ ਜਾਂ ਫਿਰ ਘੱਟੋ-ਘੱਟ ਪੰਜ-ਸੱਤ ਜਣੇ ਪੂਰੀ ਗਤੀ ਨਾਲ ਡਿੱਗ ਕੇ ਮਰਦੇ ਹੀ ਮਰਦੇ। ਬਚਾਅ ਇਸੇ ਕਰ ਰਿਹਾ ਕਿ ਇਲਾਕਾ ਥੋੜ੍ਹਾ ਪੱਧਰਾ-ਮੈਦਾਨੀ ਸੀ।

ਉਦੋਂ ਸ਼ਾਮ ਨੂੰ ਰਾਤ ਦੇ ਹੱਥਾਂ ਵਿਚ ਸੌਂਪ ਕੇ ਸੂਰਜ ਇਸ ਵਾਅਦੇ ਨਾਲ, ਕਿ ਕੱਲ੍ਹ ਫਿਰ ਆਵਾਂਗਾ, ਧਰਤੀ ਨੂੰ ਅਲਵਿਦਾ ਕਹਿ ਚਲਿਆ ਸੀ। ਜਾਂਦੇ-ਜਾਂਦੇ ਆਪਣਾ ਲੁਭਾਵਣਾ ਜਿਹਾ ਸੁਰਖ਼ ਭੇਸ ਦਿਖਾਉਂਦਾ ਗਿਆ, ਜਿਵੇਂ ਸੰਧੂਰੀ-ਭਗਵੇਂ ਵਸਤਰ ਪਾਈ ਕੋਈ ਮਾਯਾਵੀ ਦੇਵਤਾ ਦਿਸਹੱਦੇ ਤੋਂ ਪਰ੍ਹੇ ਉਤਰ ਰਿਹਾ ਹੋਵੇ। ਸਮੁੱਚਾ ਰੇਗਿਸਤਾਨ ਸੰਧੂਰਮਈ ਹੋਇਆ ਜਾਪਦਾ ਸੀ।

ਹੁਣ ਜੀਪਾਂ ਸਾਧਾਰਨ ਗਤੀ ਨਾਲ ਚੱਲ ਰਹੀਆਂ ਸਨ। ਹੁਣ ਸਭ ਦੇ ਸਾਹ ਜੀਪਾਂ ਦੇ ਪਹੀਆਂ ਦੀ ਆਮ ਚਾਲ ਵਾਂਗ ਚੱਲ ਰਹੇ ਸਨ। ਸ਼ਾਇਦ ਅਸੀਂ ਕਿਸੇ ਅਦਿਖ ਖ਼ਤਰੇ ਤੋਂ ਦੂਰ ਆ ਗਏ ਸਾਂ। ਤਰ੍ਹਾਂ-ਤਰ੍ਹਾਂ ਦੇ ਸਵਾਲ ਅਜੇ ਵੀ ਜ਼ਿਹਨਾਂ 'ਚ ਘੁੰਮ ਰਹੇ ਸਨ। ਹਨੇਰਾ ਹੋਰ ਗਹਿਰਾ ਗਿਆ ਤਾਂ ਗੱਡੀਆਂ ਦੀਆਂ ਹੈੱਡ-ਲਾਈਟਾਂ ਜਗ ਪਈਆਂ। ਦੂਰ-ਦੂਰ ਤਕ ਰਸਤਾ ਰੌਸ਼ਨ ਹੁੰਦਾ ਗਿਆ।

ਡਰ ਜ਼ਿਆਦਾ ਖ਼ੌਫ਼ਨਾਕ ਹੈ ਜਾਂ ਮੌਤ? ਇਹ ਲੰਮੇ-ਚੌੜੇ ਵਿਸ਼ਲੇਸ਼ਣ ਜਾਂ ਗਹਿਰੇ ਤਰਕਾਂ-ਵਿਤਰਕਾਂ ਦਾ ਮੁੱਦਾ ਹੋ ਸਕਦਾ ਹੈ। ਸਾਡੇ ਤਜਰਬੇ ਤੋਂ ਸਿੱਧ ਹੋਇਆ ਸੀ ਕਿ ਡਰ ਜ਼ਿਆਦਾ ਭਿਆਨਕ ਸੀ, ਪਰ ਇਹ ਡਰ ਵੀ ਸ਼ਾਇਦ ਮੌਤ ਦਾ ਹੀ ਸੀ। ਸ਼ਾਇਦ ਹਰ ਡਰ ਦੇ ਅਖੀਰ 'ਤੇ ਮੌਤ ਹੀ ਖੜ੍ਹੀ ਹੁੰਦੀ ਹੈ। ਕਾਫੀ ਇੰਤਜ਼ਾਰ ਤੋਂ ਬਾਅਦ ਸਾਡੇ ਕਾਰਵਾਂ ਰੂਪੀ ਜਹਾਜ਼ ਨੇ ਰੇਤ ਦੇ ਸਮੁੰਦਰ ਵਿਚ ਲੰਗਰ ਸੁੱਟ ਦਿੱਤੇ। ਅਸੀਂ ਚੈਨ ਦੇ ਮੀਲਾਂ ਲੰਮੇ ਸਾਹ ਲੈਂਦਿਆਂ ਜੀਪਾਂ 'ਚੋਂ ਛਾਲਾਂ ਮਾਰ ਕੇ ਦੂਜੇ ਮੁੰਡਿਆਂ ਨਾਲ ਜਾ ਜੁੜੇ। ਮੁੰਡੇ ਡੌਂਕਰਾਂ ਨੂੰ ਧੜੀ-ਧੜੀ ਦੀਆਂ ਗਾਲ੍ਹਾਂ ਨਾਲ ਨਵਾਜ ਰਹੇ ਸਨ। ਅਸੀਂ ਸਾਰੇ ਸਵਾਲਾਂ-ਜਵਾਬਾਂ ਵਿਚ ਰੁਝ ਗਏ। ਡੌਂਕਰ ਵੀ ਇਕ ਪਾਸੇ ਜੁੜੇ ਖੜ੍ਹੇ ਗੱਲਬਾਤ ਕਰ ਰਹੇ ਸਨ।

ਕੋਈ ਮੌਤ ਤੋਂ ਬਚਾਅ ਲਈ ਰੱਬ ਦਾ ਸ਼ੁਕਰ ਕਰ ਰਿਹਾ ਸੀ, ਕੋਈ ਖੋਟੇ ਵਕਤ ਨੂੰ ਕੋਸਦਾ, ਲੱਗੀਆਂ ਸੱਟਾਂ ਨੂੰ ਰੋ ਰਿਹਾ ਸੀ। ਕੋਈ ਡੌਂਕਰਾਂ ਨੂੰ ਬਦ-ਦੁਆਵਾਂ ਦਿੰਦਾ ਗਿਆ, ਕੋਈ ਏਜੰਟਾਂ ਨੂੰ ਗਾਲ੍ਹਾਂ ਕੱਢ ਰਿਹਾ ਸੀ। ਕੋਈ ਖਾਣੇ-ਪਾਣੀ ਦੀ ਦੁਹਾਈ ਦਿੰਦਾ ਰਿਹਾ ਤੇ ਕੋਈ ਰੇਤ ਵਿਚ ਗੁੰਮ-ਸੁੰਮ ਲਿਟਿਆ, ਤਾਰਿਆਂ 'ਤੇ ਨਜ਼ਰ ਟਿਕਾਈ ਪਤਾ ਨਹੀਂ ਕਿਹੜੀਆਂ ਸੋਚਾਂ ਦੀ ਭੀੜ ਵਿਚ ਉਲਝ ਗਿਆ ਸੀ! ਚਿਹਰਿਆਂ 'ਤੇ ਅਜੇ ਵੀ ਭੈਅ ਅਤੇ ਅਸਚਰਜਤਾ ਦੇ ਰਲਵੇਂ ਹਾਵ-ਭਾਵ ਸਨ।

ਚੌਲ ਬਣਨ ਲੱਗ ਪਏ ਸਨ। ਇਕ ਪਾਸੇ ਡੌਂਕਰ ਅੱਗ 'ਤੇ ਭੇਡ ਭੁੰਨ ਰਹੇ ਸਨ। ਹਿੱਸੇ ਆਉਂਦਾ ਥੋੜ੍ਹਾ-ਥੋੜ੍ਹਾ ਪਾਣੀ ਸਭ ਨੂੰ ਮਿਲਿਆ। ਪਿਆਸ ਦੀ ਹਾਲਤ ਬਦਤਰ ਹਾਲਤ ਸੀ।

ਸਭ ਰੇਤ ਦੇ ਵਿਛੌਣੇ 'ਤੇ ਲੰਮੇ ਪਏ ਸੀ। ਸਰੀਰ ਥੱਕ-ਟੁੱਟ ਕੇ ਚੂਰ-ਚੂਰ ਸਨ। ਸਾਰਾ ਜਿਸਮ ਫੋੜੇ ਵਾਂਗ ਦੁਖ ਰਿਹਾ ਸੀ। ਮੁੰਡਿਆਂ 'ਚ ਖੁਸਰ-ਫੁਸਰ ਹੋ ਰਹੀ ਸੀ... ਜੀਪਾਂ ਇੱਦਾਂ ਕਿਉਂ ਦੌੜਾਈਆਂ? ਆਖਿਰ ਹੈਰਾਨੀ-ਪਰੇਸ਼ਾਨੀ ਭਰਿਆ 'ਡਰਾਉਣਾ' ਕਾਰਨ ਕੰਨਾਂ-ਮੂੰਹਾਂ ਦਾ ਸਫ਼ਰ ਤੈਅ ਕਰਦਾ ਮੇਰੇ ਤਕ ਵੀ ਪਹੁੰਚਿਆ।...

ਸੋਨੀ ਤੇ ਭਾਨਾ ਜੋ ਪਿਛਲੀ ਜੀਪ ਦੇ ਪਿਛਲੇ ਪਾਸੇ ਬੈਠੇ ਸਨ, ਉਨ੍ਹਾਂ ਦੇ ਲਫ਼ਜ਼ਾਂ ਵਿਚ ਸਾਰਾ ਵਾਕਿਆ ਇੰਜ ਗੁਜ਼ਰਿਆ: "ਅਸੀਂ ਮੂੰਹ-ਸਿਰ ਲਪੇਟੀ, ਟਾਇਰਾਂ ਨਾਲ ਪਿੱਛੇ ਉਡਦੀ ਰੇਤ ਨਾਲ ਖੇਡ ਰਹੇ ਸਾਂ, ਜਦੋਂ ਸਾਡੇ ਡਰਾਇਵਰ ਨੇ ਹੌਰਨ ਮਾਰੇ। ਫਿਰ ਅਗਲੀਆਂ ਜੀਪਾਂ ਵਾਲਿਆਂ ਨੂੰ ਤਾਕੀ ਵਿਚੋਂ ਹੱਥ ਕੱਢ ਕੇ ਇਕ ਪਾਸੇ ਨੂੰ ਇਸ਼ਾਰਾ ਕੀਤਾ। ਫਿਰ ਜੀਪਾਂ ਦੀ ਰਫ਼ਤਾਰ ਤੇਜ਼ ਹੋ ਗਈ। ਸਾਰੇ ਜਣੇ ਮਸੀਂ ਸੰਭਲੇ। ਅਸੀਂ ਡਿਗਦਿਆਂ-ਢਹਿੰਦਿਆਂ,



*ਸੰਸਾਰ ਦੇ ਸਭ ਤੋਂ ਵੱਡੇ ਅਤੇ ਮਾਰੂ ਮਾਰੂਥਲ ਸਹਾਰਾ ਵਿਚ ਲੰਘਦੇ ਵਕਤ ਉਡਦੀ ਧੂੜ ਦੀ ਝਲਕ।*

ਇਸ਼ਾਰੇ ਵਾਲੀ ਦਿਸ਼ਾ ਵੱਲ ਗਹੁ ਨਾਲ ਦੇਖਿਆ, ਮਹਿਸੂਸ ਹੋਇਆ ਕਿ ਕਾਫੀ ਦੂਰ ਝੌਲੇ ਜਿਹੇ ਪਰਛਾਵਿਆਂ ਦਾ ਇਕੱਠ ਜਿਹਾ ਲਰਜ਼ ਰਿਹਾ ਸੀ। ਰੇਤ ਦੇ ਉਡਦੇ ਗੁਬਾਰਾਂ 'ਚ ਕਦੇ ਗੁੰਮਦੇ, ਕਦੇ ਝਲਕਦੇ ਉਨ੍ਹਾਂ ਮਹੀਨ ਧੁੰਦਲੇ ਆਕਾਰਾਂ ਨੂੰ ਅੱਖਾਂ ਉਘਾੜਦੇ-ਮਲਦੇ, ਭੈਅਭੀਤ ਤੇ ਦੰਗ ਹੋਏ ਸਮਝਣ ਦੀ ਕੋਸ਼ਿਸ਼ ਕਰਦੇ ਰਹੇ ਕਿ ਉਹ ਸਨ ਕੀ?...

ਫਿਰ ਲੱਗਿਆ, ਉਹ ਧੁੰਦਲਾ ਜਿਹਾ ਸਿਆਹ ਬੱਦਲਾਂ ਵਰਗਾ ਝੁੰਡ, ਕਰੀਬ ਆ ਰਿਹਾ ਸੀ। ਤਰ੍ਹਾਂ-ਤਰ੍ਹਾਂ ਦੇ ਡਰਾਉਣੇ ਖ਼ਿਆਲ ਦਿਲ 'ਚੋਂ ਉਠ ਰਹੇ ਸਨ, ਦਿਲ ਬੈਠ ਰਿਹਾ ਸੀ। ਫਿਰ ਇਕ ਵੱਡ-ਆਕਾਰੀ ਪਰਛਾਵਾਂ ਝੁੰਡ ਨਾਲੋਂ ਨਿਖੜ ਕੇ ਤੇਜ਼ੀ ਨਾਲ ਸਾਡੇ ਵੱਲ ਵਧਣ ਲੱਗਾ; ਜਿਵੇਂ ਕੋਈ ਕਾਲਾ ਲਬਾਦਾ ਪਹਿਨੀ ਧੁੰਦਲੇ ਜਿਹੇ ਊਠ ਦੇ ਆਕਾਰ 'ਤੇ ਬੈਠਾ ਹੋਵੇ, ਉਸ ਦੀ ਰਫ਼ਤਾਰ ਨਾਮੁਮਕਿਨ ਹੱਦ ਤਕ ਤਿੱਖੀ ਹੁੰਦੀ ਗਈ। ਜੀਪਾਂ ਖ਼ਤਰਨਾਕ ਗਤੀ ਨਾਲ ਦੌੜ ਰਹੀਆਂ ਸਨ, ਫਿਰ ਵੀ ਉਹ ਪਾਰਦਰਸ਼ੀ ਜਿਹਾ ਪਰਛਾਵਾਂ ਹਵਾ ਵਿਚ ਉਡਦਾ ਹੌਲੀ-ਹੌਲੀ ਨਜ਼ਦੀਕ ਆ ਰਿਹਾ ਸੀ।...

ਬਾਕੀ ਮੁੰਡੇ ਹੋਰ ਪਾਸਿਆਂ ਨੂੰ ਮੂੰਹ ਕਰੀ, ਡਿਗਦੇ-ਸੰਭਲਦੇ, ਜੀਪ ਨੂੰ ਮਜ਼ਬੂਤੀ ਨਾਲ ਚਿੰਬੜੇ, ਜੀਣ-ਮਰਨ ਦੀ ਕਸ਼ਮਕਸ਼ ਵਿਚ ਉਲਝੇ ਹੋਏ ਸਨ। ਸਾਡੇ ਮੂੰਹ ਪਿਛਲੇ ਪਾਸੇ ਹੋਣ ਕਰ ਕੇ ਸਾਡੇ ਸਾਹਮਣੇ ਉਹ ਅਦਭੁਤ, ਪਰ ਦਿਲ ਦੀਆਂ ਧੜਕਣਾਂ ਬੰਦ ਕਰ ਦੇਣ ਵਾਲਾ ਡਰਾਉਣਾ ਨਜ਼ਾਰਾ ਵਾਪਰ ਰਿਹਾ ਸੀ।... ਪਿੱਛੇ ਉਡਦੀ ਰੇਤ ਵਿਚ ਗਹੁ ਨਾਲ ਦੇਖਣ ਨਾਲ ਹੀ ਉਹ ਪਰਛਾਈਆਂ ਨਜ਼ਰ ਆਉਂਦੀਆਂ ਸਨ; ਉਹ ਵੀ ਕਦੇ ਧੁੰਦਲਾ ਜਾਂਦੀਆਂ, ਕਦੇ ਲੋਪ ਹੋ ਜਾਂਦੀਆਂ, ਕਦੇ ਇਕ ਦਮ ਕਰੀਬ ਆ ਜਾਂਦੀਆਂ। ਇਕ ਵਾਰ ਸਾਨੂੰ ਲੱਗਿਆ ਕਿ ਪਰਛਾਵਾਂ ਸਾਡੇ ਇੰਨਾ ਕਰੀਬ ਆ

(ਬਾਕੀ ਅਗਲੇ ਸਫੇ 'ਤੇ)

# ਪੰਜਾਬੀ ਨੇੜੇ ਅਤੇ ਅੰਗਰੇਜ਼ੀ ਨੀਅਰ

**ਸ਼ਬਦ ਝਰੋਖਾ**



ਬਲਜੀਤ ਬਾਸੀ

*ਫੋਨ: 734-259-9353*

'ਦਸਮ ਗ੍ਰੰਥ' ਦੀ ਰਚਨਾਕਾਰਿਤਾ ਬਾਰੇ ਸਿੱਖਾਂ ਵਿਚ ਜ਼ਬਰਦਸਤ ਵਾਦ-ਵਿਵਾਦ ਹੈ। ਮੁਖ ਤੌਰ 'ਤੇ ਸਿੱਖ ਵਿਦਵਾਨ ਦੋ ਧੜਿਆਂ ਵਿਚ ਵੰਡੇ ਹੋਏ ਹਨ। ਇਕ ਧੜੇ ਦਾ ਮੱਤ ਹੈ ਕਿ 'ਦਸਮ ਗ੍ਰੰਥ' ਜਾਂ ਘੱਟੋ ਘੱਟ ਇਸ ਦੇ ਕੁਝ ਅੰਸ਼ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਹੋ ਸਕਦੀ ਕਿਉਂਕਿ ਉਨ੍ਹਾਂ ਵਿਚ ਬੇਹੱਦ ਅਸ਼ਲੀਲ ਤੱਤ ਹਨ। ਦੂਜਾ ਧੜਾ ਗੁਰੂ ਦੀ ਕ੍ਰਿਤ 'ਤੇ ਕਿਸੇ ਪ੍ਰਕਾਰ ਦਾ ਸ਼ੱਕ ਕਰਨ ਨੂੰ ਪਾਪ ਸਮਝਦਿਆਂ ਸਮੁੱਚੇ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਮੰਨਦਾ ਹੈ। ਦੋਵਾਂ ਧੜਿਆਂ ਦੇ ਵਿਦਵਾਨ ਆਪਣੀਆਂ ਲਿਖਤਾਂ ਵਿਚ ਆਪਣੀਆਂ ਦਲੀਲਾਂ ਦੇ ਨਾਲ ਨਾਲ ਵਿਰੋਧੀਆਂ ਉਤੇ ਘਟੀਆ ਕਿਸਮ ਦੇ ਵਿਅੰਗ ਕੱਸਦਿਆਂ ਦੂਜਿਆਂ ਨੂੰ ਥੱਲੇ ਲਾਉਣ ਦੀ ਕੋਸ਼ਿਸ ਵਿਚ ਰਹਿੰਦੇ ਹਨ ਅਤੇ ਖੁਦ ਨੂੰ 'ਜੀਨੀਅਸ' ਸਮਝਦੇ ਹਨ। ਅਫਸੋਸ ਕਿ ਆਪਣੇ ਆਪ ਨੂੰ ਸਿੱਖ ਵਿਦਵਤਾ ਅਤੇ ਸਭਿਆਚਾਰ ਦੇ ਧੁਰੰਤਰ ਸਮਝਦੇ ਇਹ ਲੋਕ ਆਪਣੀ ਹਉਮੈ ਪੁਗਾਉਣ ਖਾਤਿਰ ਦੂਜਿਆਂ ਦੀਆਂ ਪੱਗਾਂ ਉਛਾਲਣ ਲਈ ਕਾਹਲੇ ਪਏ ਰਹਿੰਦੇ ਹਨ।

ਪਿਛਲੇ ਦਿਨੀਂ ਅਜਿਹਾ ਇਕ ਵਾਦ-ਵਿਵਾਦ ਪੜ੍ਹਨ ਨੂੰ ਮਿਲਿਆ। 'ਦਸਮ ਗ੍ਰੰਥ' ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਾ ਮੰਨਣ ਵਾਲੇ ਇਕ ਵਿਦਵਾਨ ਦਾ ਕਹਿਣਾ ਸੀ ਕਿ ਇਹ ਗ੍ਰੰਥ ਅੰਗਰੇਜ਼ਾਂ ਨੇ ਸਿੱਖ ਮਤ ਵਿਚ ਘਚੋਲਾ ਪਾਉਣ ਲਈ ਆਪ ਲਿਖਵਾਇਆ ਹੈ। ਉਨ੍ਹਾਂ ਆਪਣੀ ਦਲੀਲ ਦੀ ਪੁਸ਼ਟੀ ਲਈ ਰਾਮਾਵਤਾਰ ਦੀ ਇਕ ਤੁਕ ਪੇਸ਼ ਕੀਤੀ ਜਿਸ ਵਿਚ ਉਨ੍ਹਾਂ ਅਨੁਸਾਰ ਇਕ ਅੰਗਰੇਜ਼ੀ ਸ਼ਬਦ ਮੌਜੂਦ ਹੈ। ਇਹ ਤੁਕ ਹੈ, "ਏਕ ਮਾਰਗ ਦੂਰ ਹੈ ਇਕ ਨੀਅਰ ਹੈ ਸੁਨਿ ਰਾਮ॥ ਰਾਹ ਮਾਰਤ ਰਾਛਮੀ ਜਿਹ ਤਾਰਕਾ ਗਨਿ ਨਾਮ॥"

ਪਾਠਕ ਸਮਝ ਗਏ ਹੋਣਗੇ ਕਿ ਇਹ ਸ਼ਬਦ ਨੀਅਰ ਹੈ। ਤੁਕ ਵਿਚ 'ਨੀਅਰ' ਦਾ ਅਰਥ ਨੇੜੇ, ਨਜ਼ਦੀਕ ਸਹੀ ਸਾਬਿਤ ਹੁੰਦਾ ਹੈ, ਖਾਸ ਤੌਰ 'ਤੇ ਜਦ ਇਸ ਨੂੰ ਤੁਕ ਵਿਚ ਟਕਰਾਵੇਂ ਰੂਪ ਵਿਚ ਵਰਤੇ ਗਏ ਸ਼ਬਦ 'ਦੂਰ' ਨਾਲ ਮਿਲਾ ਕੇ ਸਮਝੀਏ ਤਾਂ। ਇਸ ਸ਼ਬਦ ਉਤੇ ਹੋਰ ਵਿਦਵਾਨਾਂ ਨੇ ਵੀ ਉਂਗਲੀ ਧਰੀ ਹੈ। ਸਾਡਾ ਮਨਸ਼ਾ 'ਦਸਮ ਗ੍ਰੰਥ' ਦੇ ਰਚਨਾਕਾਰਿਤਾ ਬਾਰੇ ਛਿੜੇ ਵਿਵਾਦ ਵਿਚ ਕਿਸੇ ਧਿਰ ਦਾ ਪੱਖ ਪੂਰਨਾ ਨਹੀਂ ਬਲਕਿ 'ਨੀਅਰ' ਸ਼ਬਦ ਬਾਰੇ ਚਰਚਾ ਛੇੜਨਾ ਹੈ।

ਇਕ ਹੋਰ ਵਿਦਵਾਨ ਡਾ. ਹਰਭਜਨ ਸਿੰਘ ਜੋ ਕਿ 'ਦਸਮ ਗ੍ਰੰਥ' ਨੂੰ ਗੁਰੂ ਸਾਹਿਬ ਦੀ ਰਚਨਾ ਮੰਨਦਾ ਹੈ, ਨੇ ਬੜੇ ਠੋਕਵੇਂ ਰੂਪ ਵਿਚ ਆਪਣੀਆਂ ਦਲੀਲਾਂ ਪੇਸ਼ ਕਰਦਿਆਂ ਇਹ ਸਾਬਤ ਕੀਤਾ ਹੈ ਕਿ ਤੁਕ ਵਿਚ ਆਇਆ 'ਨੀਅਰ' ਸ਼ਬਦ ਸੰਸਕ੍ਰਿਤ ਪਿਛੋਕੜ ਦਾ ਹੈ ਅਤੇ ਇਸ ਦਾ ਅਰਥ ਅੰਗਰੇਜ਼ੀ ਨੀਅਰ (Near) ਦੀ ਤਰ੍ਹਾਂ ਨੇੜੇ, ਨਜ਼ਦੀਕ ਹੀ ਹੈ। ਪਾਠਕਾਂ ਦੀ ਦਿਲਚਸਪੀ ਲਈ ਢੁਕਵੀਂ ਟੂਕ ਪੇਸ਼ ਕੀਤੀ ਜਾਂਦੀ ਹੈ,

'ਨੀਅਰ' ਸ਼ਬਦ ਭਾਰਤੀ ਸਾਹਿਤ ਵਿਚ ਦਸਮ ਗ੍ਰੰਥ ਦੀ ਸਿਰਜਣਾ ਤੋਂ ਪਹਿਲਾਂ ਇਸੇ ਰੂਪ ਅਤੇ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ। ਹਿੰਦੀ ਮਾਨਕ ਕੋਸ਼ ਵਿਚ ਰਾਮ ਚੰਦ੍ਰ ਵਰਮਾ ਲਿਖਦਾ ਹੈ, ਨਿਯਰ: (ਸੰਸਕ੍ਰਿਤ ਨਿਕਟ, ਪ੍ਰਾਕ੍ਰਿਤ ਨਿਅੜ੍ਰ) ਸਮੀਪ, ਪਾਸ, ਨਜ਼ਦੀਕ। ਨਿਯਰਾਈ (ਹਿੰਦੀ) ਨਿਯਰ+ਆਈ=ਨਜ਼ਦੀਕ ਆਈ ਅਰਥਾਤ ਨਿਕਟਤਾ। ਨਿਯਰੇ: ਨਿਯਰ (ਨਜ਼ਦੀਕ)। ਨਿਯਰਾਨਾ: ਨੇੜੇ ਆਉਣਾ। ਸ਼੍ਰੀ ਉਦਯ ਚੰਦ ਜੈਨ ਪ੍ਰਾਕ੍ਰਿਤ ਹਿੰਦੀ ਸ਼ਬਦ ਕੋਸ਼ ਵਿਚ ਲਿਖਦੇ ਹਨ, ਣਿਅਡ: ਪਾਸ, ਸਮੀਪ। ਪ੍ਰਾਕ੍ਰਿਤ ਵਿਚ 'ਨੰਨੇ' ਵਾਸਤੇ 'ਣਾਣਾ' ਵਰਣ ਹੀ ਵਰਤੀਂਦਾ ਹੈ। 'ੜ' ਜਿਸ ਵਾਸਤੇ ਇਥੇ 'ਡ' ਆਇਆ ਹੈ, ਬਹੁਤ ਥਾਂਵਾਂ 'ਤੇ 'ਰਾਰੇ' ਵਿਚ ਬਦਲ ਜਾਂਦਾ ਹੈ, ਜਿਵੇਂ ਕੌੜਾ ਅਤੇ ਕੌਰਾ, ਲੜਕਾ ਅਤੇ ਲਰਕਾ, ਗਉੜੀ ਅਤੇ ਗਵਰੀ ਆਦਿ। ਇਸ ਤਰ੍ਹਾਂ ਪ੍ਰਾਕ੍ਰਿਤ 'ਣਿਅਡ' ਅਸਲ ਵਿਚ ਨਿਯਰ ਤੋਂ ਬਿਲਕੁਲ ਹੀ ਭਿੰਨ ਨਹੀਂ ਹੈ। ਅਪਭ੍ਰੰਸ਼ ਹਿੰਦੀ ਸ਼ਬਦ ਕੋਸ਼ ਵਿਚ ਡਾ. ਨਰੇਸ਼ ਕੁਮਾਰ 'ਨਿਅਰ' ਸ਼ਬਦ ਦੀ ਵਰਤੋਂ ਕਰ ਕੇ ਇਸ ਦੇ ਅਰਥ ਸਮੀਪ, ਨਿਕਟ, ਨੇੜੇ ਆਦਿ ਦੱਸਦੇ ਹਨ। ਆਪ ਜੀ ਦੇ ਵਿਦਿਤ ਹੋਣ ਵਾਸਤੇ ਉਹ 'ਕੀਰਤਿਲਤਾ' ਗ੍ਰੰਥ ਦਾ ਪ੍ਰਮਾਣ ਵੀ ਪ੍ਰਸਤੁਤ ਕਰਦੇ ਹਨ- ਦੁਟਠ ਦੈਵ ਮਹੁ ਨਿਅਰ ਆਇਅ (ਕੀਰਤਿਲਤਾ 4. 222)। ਬਹੁਤੇ ਹੈਰਾਨ ਹੋਣ ਦੀ ਜ਼ਰੂਰਤ ਨਹੀਂ, ਵਿਦਵਾਨਾਂ ਦੀ ਮਾਨਤਾ ਹੈ ਕਿ ਸੰਸਕ੍ਰਿਤ ਅਤੇ ਅੰਗਰੇਜ਼ੀ ਦੀ ਸ਼ਬਦਾਵਲੀ ਵਿਚ 60 ਪ੍ਰਤੀਸ਼ਤ ਸ਼ਬਦਾਂ ਦੀ ਸਾਂਝ ਹੈ। ਇਸੇ ਕਾਰਨ ਸੰਸਕ੍ਰਿਤ ਨੂੰ ਭਾਰਤੀ-ਯੋਰਪੀਅਨ ਭਾਸ਼ਾ ਦਾ ਹੀ ਨਾਮ ਦਿੱਤਾ ਜਾਂਦਾ ਹੈ।



ਨੀਅਰ ਸ਼ਬਦ ਦੇ ਪਿਛੋਕੜ ਅਤੇ ਇਸ ਤੋਂ ਬਣੇ ਹਿੰਦੀ, ਪੰਜਾਬੀ ਆਦਿ ਦੇ ਹੋਰ ਸ਼ਬਦਾਂ ਬਾਰੇ ਜੋ ਕੁਝ ਹਰਭਜਨ ਸਿੰਘ ਨੇ ਕਿਹਾ ਹੈ, ਮੈਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਬਲਕਿ ਇਸ ਲੰਮੀ ਚੌੜੀ ਟੂਕ ਦੇਣ ਦਾ ਮੇਰਾ ਇਕ ਮਕਸਦ ਇਹ ਵੀ ਹੈ ਕਿ ਡਾਕਟਰ ਸਾਹਿਬ ਨੂੰ ਬਣਦਾ ਕਰੈਡਿਟ ਦਿੱਤਾ ਜਾਵੇ ਅਤੇ ਨਾਲ ਦੀ ਨਾਲ ਖੁਦ ਇਸ ਦੀ ਬਹੁਤੀ ਵਿਆਖਿਆ ਦੇਣ ਤੋਂ ਬਚ ਜਾਵਾਂ। ਪਰ ਟੂਕ ਦੇ ਅਖੀਰ ਵਿਚ ਇਹ ਕਹਿ ਕੇ ਕਿ 'ਸੰਸਕ੍ਰਿਤ ਅਤੇ ਅੰਗਰੇਜ਼ੀ ਦੀ ਸ਼ਬਦਾਵਲੀ ਵਿਚ 60 ਪ੍ਰਤੀਸ਼ਤ ਸ਼ਬਦਾਂ ਦੀ ਸਾਂਝ ਹੈ, ਜਿਸ ਕਾਰਨ ਸੰਸਕ੍ਰਿਤ ਨੂੰ ਭਾਰਤੀ-ਯੂਰਪੀਅਨ ਭਾਸ਼ਾ ਦਾ ਹੀ ਨਾਮ ਦਿੱਤਾ ਜਾਂਦਾ ਹੈ' ਸ਼ੱਕ ਪੈਦਾ ਕਰ ਦਿੱਤਾ ਹੈ ਕਿ ਡਾਕਟਰ ਸਾਹਿਬ ਖੁਦ ਇਸ ਸੰਸਕ੍ਰਿਤ ਪਿਛੋਕੜ ਵਾਲੇ ਸ਼ਬਦ ਨੂੰ ਅੰਗਰੇਜ਼ੀ ਨੀਅਰ ਦਾ ਸੁਜਾਤੀ ਸਮਝਦੇ ਹਨ। ਇਹ ਭੁਲੇਖਾ ਬਹੁਤਿਆਂ ਵਿਚ ਹੈ। ਭਾਈ ਕਾਹਨ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿਚ ਵੀ ਇਸ ਦਾ ਸੰਕੇਤ ਹੈ। ਕੋਸ਼ ਵਿਚ ਨੀਅਰ ਦਾ ਇੰਦਰਾਜ ਇਸ ਤਰ੍ਹਾਂ ਦਿੱਤਾ ਹੈ: ਨੀਅਰ ਕ੍ਰਿ. ਵਿ- ਨੇੜੇ ਨਜ਼ਦੀਕ. ਦੇਖੋ, ਅੰ. Near. "ਏਕ ਮਾਰਗ ਦੂਰ ਹੈ, ਇਕ ਨੀਅਰ ਹੈ, ਸੁਨ ਰਾਮ!" (ਰਾਮਾਵ)।

ਇਹ ਭੁਲੇਖਾ ਹਿੰਦੀ ਦੇ ਵਿਦਵਾਨਾਂ ਵਿਚ ਵੀ ਹੈ। ਕਬੀਰ ਦੇ ਦੋਹੇ 'ਨਿੰਦਕ ਨਿਅਰੇ ਰਾਖੀਏ ਆਂਗਨ ਕੁਟੀ ਛਬਾਏ' ਨੂੰ ਲੈ ਕੇ ਇਸ ਸਮਾਨਤਾ 'ਤੇ ਚਰਚਾ ਹੁੰਦੀ ਰਹਿੰਦੀ ਹੈ। ਇਹ ਦੋਹਾ ਗੁਰੂ ਗ੍ਰੰਥ ਵਿਚ ਨਹੀਂ ਹੈ ਪਰ ਇਸ ਸ਼ਬਦ ਦੀ ਵਰਤੋਂ ਵਾਲਾ ਇਕ ਹੋਰ ਦੋਹਾ ਜ਼ਰੂਰ ਹੈ, "ਜਾ ਕਾਰਣਿ ਜਗੁ ਢੂਢਿਓ ਨੇਰਉ ਪਾਇਓ ਤਾਹ" ਅਰਥਾਤ ਮੈਂ ਉਸ ਨੂੰ ਪਾਉਣ ਖਾਤਰ ਸਾਰਾ ਸੰਸਾਰ ਲੱਭਿਆ ਪਰ ਮੈਂ ਉਸ ਨੂੰ ਆਪਣੇ ਨੇੜੇ ਹੀ ਪਾਇਆ।

ਇਸ ਚਰਚਾ ਨੂੰ ਹੋਰ ਅੱਗੇ ਲਿਜਾਣ ਤੋਂ ਪਹਿਲਾਂ ਗੁਰੂ ਗ੍ਰੰਥ ਵਿਚ ਨੀਅਰ ਸ਼ਬਦ ਦੇ ਹੋਰ ਰੁਪਾਂਤਰ ਵਾਚ ਲਈਏ। ਨੇਰ, ਨੇਰਿ, 'ਸਾਧੂਸੰਗ ਕੈ ਨਾਹੀ ਨੇਰ॥' (ਗੁਰੂ ਨਾਨਕ ਦੇਵ); ਨੇਰਹੂ, 'ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ॥' (ਗੁਰੂ ਅਰਜਨ ਦੇਵ); ਨੇਰੋ, ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ॥' (ਗੁਰੂ ਅਰਜਨ ਦੇਵ)। ਨੇੜ, ਨੇੜਾ, ਨੇੜੇ, ਨੇੜੈ, 'ਜਿਸ ਬੁਝਾਏ ਆਪਿ ਨੇੜਾ ਤਿਸ ਹੇ॥' (ਗੁਰੂ ਅਰਜਨ ਦੇਵ)।

ਜਿਵੇਂ ਉਪਰ ਦੱਸਿਆ ਜਾ ਚੁਕਾ ਹੈ, ਇਹ ਸਾਰੇ ਸ਼ਬਦ ਸੰਸਕ੍ਰਿਤ 'ਨਿਕਟ' ਤੋਂ ਵਿਉਤਪਤ ਹੋਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਨਿਕਟ ਤੇ ਇਸ ਦੇ ਰੁਪਾਂਤਰ ਵੀ ਮਿਲਦੇ ਹਨ ਜਿਵੇਂ ਨਿਕਟ, ਨਿਕਟਿ, ਨਿਕਟਾਇਓ, ਨਿਕਟਾਨੀ, ਨਿਕਟੀ, ਨਿਕਟੇ। ਕੁਝ ਮਿਸਾਲਾਂ ਹਨ, 'ਹੈ ਨਿਕਟੇ ਘਰੁ ਭੇਦੁ ਨ ਪਾਇਆ॥', 'ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ॥' (ਗੁਰੂ ਅਰਜਨ ਦੇਵ)। ਆਪਣੇ ਆਪ ਵਿਚ ਨਿਕਟ ਸ਼ਬਦ ਬਣਿਆ ਹੈ, ਨਿ+ਕਟ ਤੋਂ। 'ਨਿ' ਅਗੇਤਰ ਵਿਚ ਕੋਲ ਆਉਣ ਦਾ ਭਾਵ ਹੈ ਤੇ 'ਕਟ' ਧਾਤੂ ਵਿਚ ਜਾਣ, ਸਪਸ਼ਟ ਕਰਨ ਦਾ ਭਾਵ ਹੈ। ਸੋ, ਨਿਕਟ ਸ਼ਬਦ 'ਚ ਕੋਲ ਆਉਣ ਦਾ ਭਾਵ ਉਜਾਗਰ ਹੁੰਦਾ ਹੈ।

ਵਿਦਵਾਨਾਂ ਅਨੁਸਾਰ ਨਿਕਟ ਤੋਂ ਹੀ ਸਿੱਖ ਧਰਮ ਅਤੇ ਇਸ ਦੀ ਰਹਿਤ ਲਈ ਵਰਤਿਆ ਜਾਂਦਾ ਆਮ ਸ਼ਬਦ 'ਨਿਆਰਾ' ਬਣਿਆ ਹੈ ਜਿਵੇਂ 'ਜਬ ਲਗ ਖਾਲਸਾ ਰਹੇ ਨਿਆਰਾ ਤਬ ਲਗ ਤੇਜ ਦਿਉਂ ਮੈਂ ਸਾਰਾ।' ਨਿਆਰਾ ਸ਼ਬਦ ਦੇ ਅਰਥ ਹਨ-ਅਲੱਗ, ਵੱਖਰਾ, ਨਿਰਾਲਾ ਆਦਿ। ਗੁਰੂ ਤੇਗ ਬਹਾਦਰ ਨੇ ਇਹ ਸ਼ਬਦ ਵਰਤਿਆ ਹੈ, 'ਹਰਖ ਸੋਗ ਤੇ ਰਹੈ ਨਿਆਰਉ॥', 'ਨਾਨ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥' ਹਿੰਦੀ ਵਿਚ ਇਹ ਉਕਤੀ ਵਰਤੀ ਜਾਂਦੀ ਹੈ, 'ਮਥਰਾ ਤੀਨ ਲੋਕ ਸੇ ਨਿਆਰੀ।' ਹਿੰਦੀ 'ਚੋਂ ਆਇਆ ਇਕ ਅਖਾਣ ਦੇਖੋ, 'ਨਿਆਰਾ ਪੂਤ ਪੜੌਸੀ ਬਰਾਬਰ' ਅਰਥਾਤ ਪੁੱਤ ਨੂੰ ਵੱਖ ਕਰ ਦੇਣ ਪਿਛੋਂ ਪਿਉ ਦਾ ਪੁਤ ਨਾਲ ਹਿਤ ਘਟ ਜਾਂਦਾ ਹੈ। ਇਕ ਲੋਕ ਗੀਤ ਹੈ, 'ਕਰ ਦੇ ਸਾਸ ਚੁੱਲਹਾ ਨਿਆਰਾ, ਅਬ ਤੋ ਸੰਗ ਨਾ ਹੋਏ ਗੁਜਾਰਾ।' ਇਸ ਸ਼ਬਦ ਦਾ ਵਿਕਾਸ ਕੁਝ ਇਸ ਤਰ੍ਹਾਂ ਹੈ: ਸੰਸਕ੍ਰਿਤ ਨਿਨਿਰਕਟ> ਪ੍ਰਾ ਨਿਨਿਅੜ, ਨਿਨਿਅਰ> ਨਿਨਆਰ> ਨਿਆਰ। ਮੋਟੇ ਤੌਰ 'ਤੇ ਸ਼ਬਦ ਦੇ ਸ਼ੁਰੂ ਵਿਚ ਲੱਗਾ ਇਕ ਹੋਰ 'ਨਿ' ਨਾਂਹ ਦਾ ਸੂਚਕ ਹੈ। ਸੋ, ਸ਼ਬਦ 'ਚੋਂ ਨਿਕਟ ਤੋਂ ਉਲਟ ਅਰਥਾਤ ਦੂਰ, ਅਲੱਗ, ਵੱਖ ਆਦਿ ਹੋਣ ਦਾ ਭਾਵ ਉਜਾਗਰ ਹੁੰਦਾ ਹੈ। ਸੁਨਿਆਰ ਦੀ ਸੁਆਹ ਜਾਂ ਨਦੀ ਆਦਿ ਦੀ ਰੇਤ ਵਿਚੋਂ ਸੋਨਾ-ਚਾਂਦੀ ਵੱਖ ਕਰਨ ਦੀ ਕ੍ਰਿਆ ਨੂੰ ਨਿਆਰਨਾ ਕਿਹਾ ਜਾਂਦਾ ਹੈ। ਸਮਝਿਆ ਜਾਂਦਾ ਹੈ ਕਿ ਇਹ ਸ਼ਬਦ ਨਿਤਾਰਨਾ ਤੋਂ ਬਣਿਆ ਪਰ ਖਿਆਲ ਹੈ ਕਿ ਇਹ ਇਸੇ ਨਿਆਰ ਤੋਂ ਬਣਿਆ ਹੈ। ਸੋਨਾ-ਚਾਂਦੀ ਨਿਆਰਨ ਵਾਲੇ ਨੂੰ ਨਿਆਰੀਆ ਕਿਹਾ ਜਾਂਦਾ ਹੈ।

ਅਸੀਂ ਗੱਲ ਕਰਨੀ ਸੀ ਕਿ ਚਰਚਾ ਵਿਚ ਆਏ ਸੰਸਕ੍ਰਿਤ, ਪੰਜਾਬੀ ਆਦਿ ਭਾਸ਼ਾਵਾਂ ਦੇ ਸ਼ਬਦ ਨੀਅਰ/ਨਿਅਰ/ਨੇਰ/ਨੇੜੇ/ਨਿਕਟ ਆਦਿ ਦਾ ਅੰਗਰੇਜ਼ੀ ਸ਼ਬਦ ਨੀਅਰ (Near) ਨਾਲ ਕੋਈ ਵੀ ਸੁਜਾਤੀ ਸਬੰਧ ਨਹੀਂ ਹੈ। ਨੇੜੇ ਨੇੜੇ ਲਗਦੇ ਦੋਨੋਂ ਸ਼ਬਦ ਅਸਲ ਵਿਚ ਦੂਰ ਦੂਰ ਹਨ। ਅਰਥ ਅਤੇ ਧੁਨੀ ਦੀ ਮੁਕੰਮਲ ਸਮਾਨਤਾ ਦੀ ਇਹ ਇਕ ਅਦੁੱਤੀ ਮਿਸਾਲ ਹੈ। ਨਿਰੁਕਤਕਾਰਾਂ ਅਨੁਸਾਰ ਅੰਗਰੇਜ਼ੀ ਨੀਅਰ ਦੇ ਸੁਜਾਤੀ ਸ਼ਬਦ ਕੇਵਲ ਜਰਮੈਨਿਕ ਭਾਸ਼ਾਵਾਂ ਜਿਵੇਂ ਜਰਮਨ, ਅੰਗਰੇਜ਼ੀ, ਸੈਕਸਨ, ਫਰੀਜ਼ੀਅਨ ਆਦਿ ਵਿਚ ਮਿਲਦੇ ਹਨ, ਹੋਰ ਕਿਸੇ ਭਾਰੋਪੀ ਭਾਸ਼ਾ ਵਿਚ ਨਹੀਂ। ਪੁਰਾਣੀ ਅੰਗਰੇਜ਼ੀ ਵਿਚ Neah ਸ਼ਬਦ ਹੈ, ਪੁਰਾਣੀ ਸੈਕਸਨ ਵਿਚ Nah, ਪੁਰਾਣੀ ਫਰੀਜ਼ੀਅਨ ਵਿਚ Nei, ਡੱਚ ਵਿਚ Na ਅਤੇ ਜਰਮਨ ਵਿਚ Nah ਸ਼ਬਦ ਬਣੇ। ਇਸੇ ਤੋਂ ਅੰਗਰੇਜ਼ੀ ਸ਼ਬਦ Nigh ਬਣਿਆ ਜਿਸ ਵਿਚ ਨੇੜੇ ਹੋਣ ਦਾ ਭਾਵ ਹੈ। ਇਸ Nigh ਤੋਂ ਦੂਜੀ ਅਤੇ ਤੀਜੀ ਡਿਗਰੀ ਦੇ ਸ਼ਬਦ ਬਣੇ Near (ਹੋਰ ਨੇੜੇ) ਅਤੇ Next (ਸਭ ਤੋਂ ਨੇੜੇ)। ਅੰਗਰੇਜ਼ੀ ਸ਼ਬਦ Neighbor (ਗੁਆਂਢੀ) ਵੀ ਅਸਲ ਵਿਚ ਇਸੇ ਨਾਲ ਸਬੰਧਤ ਹੈ। ਇਸ ਦਾ ਨਿਖੇੜਾ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ, Nigh+Gebur. Gebur ਸ਼ਬਦ ਦਾ ਪੁਰਾਣੀ ਅੰਗਰੇਜ਼ੀ ਵਿਚ ਅਰਥ ਹੁੰਦਾ ਸੀ-ਰਿਹਾਇਸ਼, ਘਰ। ਇਹ ਵਿਗੜ ਵਿਗੜ ਕੇ ਬੋਰ ਬਣ ਗਿਆ। ਸਾਡਾ ਨਿਕਟਵਰਤੀ ਸ਼ਬਦ ਇਥੇ ਢੁਕਦਾ ਹੈ।

# ਪਰਛਾਵਿਆਂ ਦਾ ਖ਼ੌਫ

***(ਪਿਛਲੇ ਸਫੇ ਦੀ ਬਾਕੀ)***

ਗਿਆ ਕਿ ਅਗਲੇ ਹੀ ਪਲ ਕਲਾਵੇ ਵਿਚ ਲੈ ਲਵੇਗਾ। ਭੈਅ ਨਾਲ ਲੇਰਾਂ ਨਿਕਲ ਗਈਆਂ। ਅਸੀਂ ਉਛਲ ਕੇ ਅਗਲੇ ਮੁੰਡਿਆਂ 'ਤੇ ਜਾ ਚੜ੍ਹੇ। ਡਰ ਨਾਲ ਪਲਕਾਂ ਬੰਦ ਕਰ ਕੇ ਉਚੀ-ਉਚੀ 'ਸਤਿਨਾਮ-ਵਾਹਿਗੁਰੂ' ਜਪਣ ਲੱਗੇ। ਮੂਧੇ-ਮੂੰਹ ਅੱਖਾਂ ਮੀਟੀ ਕਿਸੇ ਅਣਹੋਣੀ ਦਾ ਡਰ ਸਹਿੰਦੇ ਰਹੇ। ਕੰਨਾਂ ਵਿਚ ਅਸਪਸ਼ਟ ਆਵਾਜ਼ਾਂ-ਚੀਕਾਂ, ਖਣਕਦੀਆਂ-ਸਨਸਨਾਉਂਦੀਆਂ ਚੀਜ਼ਾਂ ਜਿਹਾ ਅਤਿ-ਮਹੀਨ ਸ਼ੋਰ ਗੂੰਜਦਾ ਰਿਹਾ। ਜੀਪਾਂ ਹਰ ਮੁਮਕਿਨ ਰਫ਼ਤਾਰ ਨਾਲ ਹਵਾ ਨੂੰ ਚੀਰਦੀਆਂ ਉਡ ਰਹੀਆਂ ਸਨ। ਬੜਾ ਚਿਰ ਸਾਡਾ ਹਿਆਂ ਨਹੀਂ ਪਿਆ ਕਿ ਅੱਖਾਂ ਖੋਲ੍ਹ ਕੇ ਪਿੱਛੇ ਦੇਖਦੇ। ਹੌਲੀ-ਹੌਲੀ ਦੂਰੋਂ ਉਠਦਾ ਸ਼ੋਰ ਖ਼ਮੋਸ਼ ਹੁੰਦਾ ਗਿਆ।

ਕਾਫੀ ਦੇਰ ਬਾਅਦ ਦਿਲ ਵੱਡਾ ਕਰ ਕੇ ਪਿੱਛੇ ਦੇਖਿਆ ਤਾਂ ਰੇਤ ਦੇ ਸਿਵਾ ਹੋਰ ਕੁਝ ਨਹੀਂ ਸੀ। ਪਰਛਾਵੇਂ ਕਿਤੇ ਦੂਰ ਰਹਿ ਗਏ ਸਨ। ਰੇਤ ਵਿਚ ਸਭ ਕੁਝ ਗੁੰਮ ਗਿਆ ਸੀ। ਸਾਡੇ ਸਾਹਾਂ 'ਚ ਸਾਹ ਅਜੇ ਵੀ ਨਹੀਂ ਸੀ ਰਲ ਰਹੇ। ਖ਼ੌਫ ਨਾਲ ਪਥਰਾਏ, ਰੱਬ ਦਾ ਨਾਂ ਧਿਆਈ ਜਾਂਦੇ ਸਾਂ। ਹੌਲੀ-ਹੌਲੀ ਦਿਲ ਟਿਕਾਣੇ ਆਉਂਦਾ ਗਿਆ।

ਜੀਪਾਂ ਦੀ ਸਪੀਡ ਹਾਲੇ ਵੀ ਘੱਟ ਹੋਣ ਦਾ ਨਾਂ ਨਹੀਂ ਸੀ ਲੈ ਰਹੀ। ਡੌਂਕਰਾਂ ਦੀ ਸੋਚ ਵੀ ਸ਼ਾਇਦ ਇਹੀ ਹੋਵੇਗੀ ਕਿ ਇਥੋਂ ਜਿੰਨੀ ਦੂਰ ਨਿਕਲ ਜਾਈਏ, ਚੰਗਾ ਸੀ। ਅਸੀਂ ਕੰਬਦੇ-ਥਰਥਰਾਉਂਦੇ ਉਸ ਭਿਆਨਕ ਹਾਦਸੇ ਬਾਰੇ ਸੋਚ ਰਹੇ ਸਾਂ ਜੋ ਬਹੁਤ ਕਰੀਬ ਤੋਂ ਗੁਜ਼ਰ ਗਿਆ ਸੀ। ਡੌਂਕਰਾਂ ਦੀ ਡਰਾਇਵਰੀ ਵੀ ਬੇਮਿਸਾਲ ਸੀ। ਅਜੇ ਵੀ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਇਹ ਸੁਫ਼ਨੇ ਵਾਂਗ ਕੁਝ ਸੀ, ਕੋਈ ਛਲਾਵਾ ਸੀ ਜਾਂ ਨਜ਼ਰਾਂ ਦਾ ਭਰਮ ਸੀ!"

ਸੋਨੀ ਤੇ ਭਾਨੇ ਦੇ ਸ਼ਬਦ ਖ਼ੌਫ ਬਣ ਕੇ ਸਾਡੇ ਅੰਦਰ ਪਸਰਦੇ ਗਏ। ਅਸੀਂ ਅੱਖਾਂ ਫੈਲਾਉਂਦੇ, ਮੂੰਹ ਅੱਡੀ ਉਨ੍ਹਾਂ ਦੀਆਂ ਅਜਬ-ਗਜ਼ਬ ਗੱਲਾਂ ਸੁਣਦੇ ਰਹੇ। ਕੁਝ ਉਨ੍ਹਾਂ ਦਾ ਮਜ਼ਾਕ ਉਡਾਉਣ ਲੱਗੇ। ਦੋਨੋਂ ਜਣੇ ਸਹੁੰਆਂ ਖਾਂਦੇ ਯਕੀਨ ਦਿਵਾ ਰਹੇ ਸਨ ਕਿ ਇਕ-ਇਕ ਅੱਖਰ ਸੱਚ ਸੀ!

ਬੰਟੀ ਨਾਂ ਦੇ ਮੁੰਡੇ ਨੂੰ ਥੋੜ੍ਹੀ-ਬਹੁਤ ਅਰਬੀ ਆਉਂਦੀ ਸੀ ਜਿਸ ਦੀ ਬਿਨਾਅ 'ਤੇ ਉਹ ਡੌਂਕਰਾਂ ਨਾਲ ਜਾ ਭਿੜਿਆ। ਆਖਿਰ ਪੂਰੇ ਇਕ-ਡੇਢ ਪਹਿਰ ਦੀ ਡਾਢੀ ਭਿਆਨਕਤਾ ਵਿਚ ਗੁੰਮ ਵੱਡੇ ਰਹੱਸਮਈ ਪ੍ਰਸ਼ਨ ਦਾ ਹੱਲ ਉਸ ਨੇ ਅਨੁਵਾਦ ਦੀ ਸੂਰਤ ਵਿਚ ਸਾਡੇ ਸਾਹਮਣੇ ਰੱਖਿਆ: "ਇਹ ਵੀਰਾਨ ਇਲਾਕੇ ਅਜਿਹੇ ਹੀ ਸਨ। ਸਦੀਆਂ ਪਹਿਲਾਂ ਇਥੇ ਪਤਾ ਨਹੀਂ ਕਿਹੜੇ-ਕਿਹੜੇ ਹਾਦਸੇ ਗੁਜ਼ਰਦੇ ਰਹੇ ਸਨ। ਲੜਾਈਆਂ-ਜੰਗਾਂ ਵਿਚ ਸੈਂਕੜੇ ਲੋਕ, ਜੀਆ-ਜੰਤ ਮਰਦੇ ਖਪਦੇ ਰਹੇ ਨੇ। ਉਹੀ ਰੂਹਾਂ ਭਟਕਦੀਆਂ ਰਹਿੰਦੀਆਂ ਨੇ। ਇਨ੍ਹਾਂ ਉਜਾੜਾਂ ਵਿਚ ਪਰਛਾਵਿਆਂ ਦਾ ਰਾਜ ਏ।"

ਸਾਡੇ ਚਿਹਰਿਆਂ ਤੋਂ ਅਵਿਸ਼ਵਾਸ ਦੇ ਭਾਵ ਨਾ ਗਏ, ਪਰ ਬੇਇਤਬਾਰੀ ਦੀ ਵਜ੍ਹਾ ਵੀ ਕੋਈ ਨਹੀਂ ਸੀ ਸਮਝ ਆਉਂਦੀ। ਜੀਪਾਂ ਕਿਉਂ ਇੰਜ ਦੌੜਾਈਆਂ, ਹੋਰ ਕੋਈ ਕਾਰਨ ਸਪਸ਼ਟ ਨਹੀਂ ਸੀ। ਹੁਣ ਨਵਾਂ ਡਰ ਆਲੇ-ਦੁਆਲੇ ਫੈਲ ਰਿਹਾ ਸੀ, ਜਾਂ ਕਹਿ ਲਓ, ਸਾਡੇ ਦਿਲਾਂ 'ਚ ਉਤਰ ਰਿਹਾ ਸੀ।

ਸਭ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਡੌਂਕਰ ਵੀ ਆਪਣੇ ਢੰਗ ਨਾਲ ਰੱਬ ਅੱਗੇ ਨਮਾਜ਼ ਪੜ੍ਹ ਰਹੇ ਸਨ। ਫਿਰ ਇਕ-ਇਕ ਮੁੱਠੀ ਉਬਲੇ ਚੌਲ ਵੰਡੇ ਗਏ। ਚੌਲ ਮੇਰੇ ਸੰਘੋਂ ਥੱਲੇ ਮਸੀਂ ਦੋ ਕੁ ਕੌਰ ਉਤਰੇ। ਸਫ਼ਰ ਦੇ ਝਟਕਿਆਂ ਨਾਲ ਜਿਵੇਂ ਪੇਟ ਦੀਆਂ ਨਾੜਾਂ ਦੇ ਗੁੱਛੇ ਜਿਹੇ ਬੱਝ ਗਏ ਸਨ। ਦੋ ਕੁ ਬਿਸਕੁਟ ਬੜੇ ਜ਼ੋਰ ਨਾਲ ਖਾਧੇ। ਪਾਣੀ ਜ਼ਰੂਰ ਤਸੱਲੀਬਖਸ਼ ਮਿਲ ਗਿਆ ਸੀ। ਸਰੀਰ ਨੂੰ ਕੁਝ ਆਸਰਾ ਹੋ ਗਿਆ ਸੀ। ਕੁਝ ਮੁੰਡਿਆਂ ਨੇ ਡੌਂਕਰਾਂ ਤੋਂ ਮਿਲਿਆ ਅੱਧ-ਭੁੱਜਿਆ ਗੋਸ਼ਤ ਵੀ ਲੈ ਕੇ ਖਾਧਾ।

ਰੇਤ ਵਿਚ ਪਲਸੇਟੇ ਮਾਰਦਿਆਂ, ਜ਼ਿੰਦਗੀ ਨਾਲ ਹੋ ਰਹੇ ਵਕਤ ਦੇ ਬੇਰਹਿਮ ਵਤੀਰੇ ਬਾਰੇ ਸੋਚਣ ਲੱਗਾ। ਜ਼ਿੰਦਗੀ 'ਚ ਨਾਕਾਮ ਹੋਣਾ ਜਿਵੇਂ ਸਾਡੇ ਖ਼ਿਲਾਫ਼ ਸਾਡਾ ਸੰਗੀਨ ਜੁਰਮ ਠਹਿਰਾ ਦਿੱਤਾ ਗਿਆ ਸੀ ਅਤੇ ਵਕਤ ਸਾਨੂੰ ਇਸ ਗੁਨਾਹ ਦੇ ਇਵਜ਼ ਵਿਚ ਹਰ ਕਿਸਮ ਦੀ ਜਾਇਜ਼-ਨਾਜਾਇਜ਼ ਸਜ਼ਾ ਦੇਣ 'ਤੇ ਤੁਲਿਆ ਹੋਇਆ ਸੀ।

ਘਰ-ਪਰਿਵਾਰ ਦੀਆਂ ਯਾਦਾਂ ਨੇ ਨੈਣਾਂ ਵਿਚ ਹੰਝੂ ਭਰ ਦਿੱਤੇ। ਅੱਗੇ ਯੂਰਪ ਪਹੁੰਚਣ ਬਾਰੇ ਹੁਣ ਕੁਝ ਵੀ ਦਿਮਾਗ 'ਚ ਨਹੀਂ ਸੀ ਆਉਂਦਾ। ਇਸ ਤੇਜ਼ ਰਫ਼ਤਾਰ, ਬੇਰਹਿਮ-ਜ਼ਾਲਿਮ ਸਫ਼ਰ ਨੇ ਦਿਮਾਗ ਦੀ ਸੋਚ ਸ਼ਕਤੀ ਨੂੰ ਕੁਚਲ ਦਿੱਤਾ ਸੀ। ਕਿਥੇ ਫਸ ਗਏ ਹਾਂ... ਕਾਸ਼! ਇਧਰ ਨਾ ਆਉਂਦੇ।

ਅੱਜ ਦੀ ਰਾਤ ਸਾਡੀਆਂ ਅੰਧਾ-ਧੁੰਦ ਮੁਸ਼ਕਿਲਾਂ, ਤਾਬੜ-ਤੋੜ ਮੁਸੀਬਤਾਂ ਵਿਚ ਇਕ ਹੋਰ ਨਵੇਂ ਫਿਕਰ ਦਾ ਇਜ਼ਾਫ਼ਾ ਹੋ ਗਿਆ ਸੀ... ਪਰਛਾਵਿਆਂ ਦਾ ਖ਼ੌਫ਼। ਹਨੇਰੇ ਵਿਚ ਲੱਗਦਾ ਸੀ ਜਿਵੇਂ ਸਾਏ ਸਾਡੇ ਆਲੇ-ਦੁਆਲੇ ਘੁੰਮ ਰਹੇ ਹੋਣ। ਬਚਿੱਤਰ ਤਰ੍ਹਾਂ ਦਾ ਡਰ ਦਿਲਾਂ ਵਿਚ ਮਹਿਸੂਸ ਕਰਦੇ ਸਭ ਸੌਣ ਦੀ ਕੋਸ਼ਿਸ਼ ਕਰ ਰਹੇ ਸਨ। ਹਵਾਵਾਂ ਵਿਚ ਕੁਝ ਮਾਤਮੀ ਸਰਸਰਾਹਟ ਦਾ ਅਹਿਸਾਸ... ਇਨ੍ਹਾਂ ਉਜਾੜਾਂ ਦੀ ਵੀਰਾਨਗੀ ਦਾ ਇਕਲਾਪਾ... ਅਵਚੇਤਨ ਮਨ ਦੀ ਕਿਸੇ ਨਵੇਂ ਹਾਦਸੇ ਬਾਰੇ ਬੌਖ਼ਲਾਹਟ... ਸਭ ਕੁਝ ਮਨਹੂਸੀਅਤ ਵਧਾਉਂਦੇ, ਰਲ-ਮਿਲ ਕੇ ਰੂਹ ਨੂੰ ਝੰਜੋੜ ਜਾਂਦੇ ਸਨ।

ਥੱਕੇ-ਟੁੱਟੇ ਸਰੀਰ ਘੜੀ-ਮੁੜੀ ਭੈਅ ਦੀ ਹਲਕੀ ਜਿਹੀ ਦਸਤਕ ਨਾਲ ਹੀ ਟੁੱਟਦੀ ਨੀਂਦ ਨੂੰ ਫਿਰ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕਰਦੇ ਰਹੇ। ਚੌਗਿਰਦੇ ਵਿਚ ਦੂਰ ਤਕ ਫੈਲੀ ਕੁਦਰਤ ਦੀ ਭੇਤਭਰੀ ਖਾਮੋਸ਼ੀ ਇਸ ਵਿਸ਼ਾਲ ਵੀਰਾਨੇ ਦੇ ਰਹੱਸਮਈ ਮਾਹੌਲ ਨੂੰ ਹੋਰ ਗੁੰਝਲਦਾਰ ਕਰੀ ਜਾਂਦੀ ਸੀ। ਨਜ਼ਰਾਂ ਦੀਆਂ ਹੱਦਾਂ ਤੋਂ ਦੁਰੇਡੇ, ਖ਼ਬਰੇ ਕੀ-ਕੀ ਰਹੱਸ ਸਾਡੀਆਂ ਅਕਲਾਂ 'ਤੇ ਮੁਸਕਰਾਉਂਦੇ ਖੜ੍ਹੇ ਸਨ। 'ਰੇਤ ਦਾ ਸਮੁੰਦਰ' ਫਿਲਹਾਲ ਬਿਲਕੁਲ ਖਾਮੋਸ਼ ਸੀ... ਫ਼ਿਜ਼ਾ ਬਿਲਕੁਲ ਚੁੱਪ! ਤੇ ਰਹੱਸ ਹੋਰ ਵੀ ਗਹਿਰਾਉਂਦੇ ਜਾਪਦੇ ਸਨ। ***(ਚੱਲਦਾ)***

## ਇਹ ਕੁੜੀਆਂ

ਇਹ ਕੁੜੀਆਂ ਰੁੱਖਾਂ ਵਰਗੀਆਂ ਨੇ
ਧੁੱਪਾਂ ਝੱਲ ਸਾਨੂੰ ਛਾਂਵਾਂ ਕਰਦੀਆਂ ਨੇ।
ਇਨ੍ਹਾਂ ਦੀ ਮੰਜ਼ਿਲ ਸੱਖਣੀ ਏ
ਪਰ ਸਾਨੂੰ ਰਾਹਵਾਂ ਕਰਦੀਆਂ ਨੇ।
ਆਪਣੇ ਲਈ ਕੁਝ ਵੀ ਮੰਗਦੀਆਂ ਨਾ
ਸਾਡੇ ਲਈ ਦੁਆਵਾਂ ਕਰਦੀਆਂ ਨੇ।
ਇਹ ਸਭ ਦੀਆਂ ਰੌਣਕਾਂ ਨੇ
ਤਾਹੀਂ ਦੋ ਘਰਾਂ ਦੀਆਂ ਜਾਈਆਂ ਨੇ।
ਕੁੜੀਆਂ ਰੱਬ ਦੀਆਂ ਮੂਰਤਾਂ ਨੇ
ਬਸ ਜ਼ਿੰਦਗੀ ਭੁਗਤਣ ਆਈਆਂ ਨੇ।

ਇਨ੍ਹਾਂ ਦੇ ਸੁਪਨੇ ਨਹੀਂ ਹੁੰਦੇ
ਇਨ੍ਹਾਂ ਦੀਆਂ ਨੀਂਦਾਂ ਕੱਚੀਆਂ ਨੇ।
ਸਾਰਾ ਦਿਨ ਕੰਮ ਕਰਦੀਆਂ ਨੇ
ਫਿਰ ਵੀ ਕਦੇ ਨਾ ਥੱਕੀਆਂ ਨੇ।
ਸਾਡੀਆਂ ਖੁਸ਼ੀਆਂ ਦੇ ਵੱਟੇ
ਪੈਰੀਂ ਬੰਨ ਘੁੰਗਰੂ ਨੱਚੀਆਂ ਨੇ।
ਇਨ੍ਹਾਂ ਦੀਆਂ ਅਧੂਰੀਆਂ ਸੱਧਰਾਂ ਨੇ,
ਪਰ ਇਹ ਦਿਲ ਦੀਆਂ ਸੱਚੀਆਂ ਨੇ।
ਮਾਪਿਆਂ ਦੀਆਂ ਰੀਝਾਂ ਦੇ ਬਦਲੇ
ਇਨ੍ਹਾਂ ਨੇ ਮਹਿੰਦੀਆਂ ਲਾਈਆਂ ਨੇ।

ਇਨ੍ਹਾਂ ਦੇ ਵੀਰੇ ਤਖਤਾਂ ਦੇ ਰਾਜੇ ਨੇ
ਤੇ ਭਾਬੋਆਂ ਰਾਣੀਆਂ ਵਰਗੀਆਂ ਨੇ।
ਇਨ੍ਹਾਂ ਦੀਆਂ ਅੱਖਾਂ 'ਚ ਸਮੁੰਦਰ ਨੇ
ਵਹਿੰਦੇ ਹੋਏ ਪਾਣੀਆਂ ਵਰਗੀਆਂ ਨੇ।
ਇਨ੍ਹਾਂ ਨੂੰ ਸਮਝਣਾ ਔਖਾ ਏ
ਉਲਝੀਆਂ ਤਾਣੀਆਂ ਵਰਗੀਆਂ ਨੇ।
ਜ਼ਿੰਦਗੀ ਦੇ ਸਾਰ ਜਿਹੀਆਂ
ਮਿਨੀ ਕਹਾਣੀਆਂ ਵਰਗੀਆਂ ਨੇ।
ਵਾਲ ਖਿਲਰੇ ਨੇ, ਸ਼ੌਕ ਦੀਆਂ
ਨਾ ਕਦੇ ਕੰਘੀਆਂ ਵਾਹੀਆਂ ਨੇ।

ਕੱਚ ਦੀਆਂ ਵੰਗਾਂ ਤਾਂ ਟੁੱਟੀਆਂ
ਮਿਲ ਗਏ ਚੂੜੇ ਤੇ ਗਾਨੇ ਨੇ।
ਬਾਬਲ ਦੀ ਇੱਜਤ ਰੱਖਣ ਲਈ
ਸੁਹਰਿਆਂ ਦੇ ਝੱਲਦੀਆਂ ਤਾਅਨੇ ਨੇ।
ਭਾਵੇਂ ਇਹ ਥੱਕ ਜਾਂਦੀਆਂ ਨੇ
ਪਰ ਨਾ ਲੱਭਦੀਆਂ ਬਹਾਨੇ ਨੇ।
ਕਿਸੇ ਖੁੱਲ੍ਹੀ ਸਤਰ ਜਿਹੀਆਂ
ਜੋ ਕਦੇ ਨਾ ਕਿਸੇ ਨੇ ਗਾਈਆਂ ਨੇ।

ਇਨ੍ਹਾਂ ਦੇ ਦੇਣੇ ਨਹੀਂ ਦੇ ਸਕਦੇ
ਭਾਵੇਂ ਸੱਤ ਜਨਮਾਂ ਨੂੰ ਵਾਰ ਦੇਈਏ।
ਹਕੂਮਤਾਂ ਤੋਹਮਤਾਂ ਨੂੰ ਛੱਡ ਕੇ
'ਆਲੀਕੇ' ਦਿਲ ਤੋਂ ਪਿਆਰ ਦੇਈਏ।
ਇਨ੍ਹਾਂ ਦੇ ਗਲਾਂ ਨੂੰ ਜ਼ਹਿਰਾਂ, ਰੱਸੇ ਨਈਂ,
ਬਸ ਮਿਲ ਕੇ ਬਾਹਵਾਂ ਦਾ ਹਾਰ ਦੇਈਏ।
ਇਨ੍ਹਾਂ ਬਿਨ ਦੁਨੀਆਂ ਚੱਲਣੀ ਨਹੀਂ
'ਬਲਜਿੰਦਰ' ਜਿਹੇ ਭਰਨ ਗਵਾਈਆਂ ਨੇ।
ਕੁੜੀਆਂ ਰੱਬ ਦੀਆਂ ਮੂਰਤਾਂ ਨੇ
ਬਸ ਜ਼ਿੰਦਗੀ ਭੁਗਤਣ ਆਈਆਂ ਨੇ।

***-ਬਲਜਿੰਦਰ ਆਲੀਕੇ***
***ਫੋਨ: 91-94645-62678***

## ਸਿਆਸਤ

ਜ਼ਿੰਦਾਬਾਦ ਮੁਰਦਾਬਾਦ ਕਰੀ ਜਾਓ
ਉਹ ਹੱਸੀ ਜਾਵੇ, ਤੁਸੀਂ ਮਰੀ ਜਾਓ।
ਮੰਗ ਪੱਤਰ ਉਸ ਅੱਗੇ ਧਰੀ ਜਾਓ
ਪੱਗ-ਚੁੰਨੀ ਪੜਵਾ ਅੰਦਰ ਵੜੀ ਜਾਓ।
ਕਦੀ ਕਦੀ ਬੋਟੀ ਸੁੱਟੇ, ਲੜੀ ਜਾਓ
ਟਾਹਲੀ ਦੀ ਹੈ ਪੱਕੀ ਕੁਰਸੀ, ਜਰੀ ਜਾਓ।
ਪੰਜ ਸਾਲ ਦੀ ਹੈ ਗਾਰੰਟੀ, ਸੜੀ ਜਾਓ
ਲਾਈਨਾਂ ਵਿਚ ਸਵਾਗਤ ਲਈ ਖੜੀ ਜਾਓ।
ਜਾਤ-ਪਾਤ ਊਚ-ਨੀਚ ਘੜੀ ਜਾਓ
ਇਹ ਦੋਸ਼ੀ, ਉਹ ਦੋਸ਼ੀ ਮੜ੍ਹੀ ਜਾਓ।
ਵੋਟਾਂ ਵੇਲੇ ਜੋ ਦੇਵੇ, ਫੜੀ ਜਾਓ
ਪੰਜ ਸਾਲ ਮੁਰਦਾਬਾਦ ਕਰੀ ਜਾਓ।

***-ਦਿਲਜੋਧ ਸਿੰਘ, ਵਿਸਕਾਨਸਿਨ***
***E-mail: diljodh@yahoo.com***

# ਆਪਣੇ ਕੁੱਤੇ ਦੀ ਸਿਫਤ

**ਕੁੱਤੇ ਨੂੰ ਬੰਦੇ ਦਾ ਬਹੁਤ ਵਫਾਦਾਰ ਜਾਨਵਰ ਗਿਣਿਆ ਜਾਂਦਾ ਹੈ। ਕੁੱਤਾ ਬੰਦੇ ਦਾ ਪਿਆਰ ਵੀ ਲੈਂਦਾ ਹੈ ਤੇ ਬੰਦੇ ਨੂੰ ਪਿਆਰ ਵੀ ਕਰਦਾ ਹੈ। ਕਈ ਘਰਾਂ ਦੀ ਤਾਂ ਰੌਣਕ ਹੀ ਕੁੱਤਾ ਬਣ ਜਾਂਦਾ ਹੈ। ਅਮਰੀਕਾ ਜਿਹੇ ਮੁਲਕਾਂ ਵਿਚ ਤਾਂ ਕਈ ਲੋਕ ਬੱਚੇ ਪੈਦਾ ਕਰਨ ਤੇ ਸਾਂਭਣ ਨਾਲੋਂ ਕੁੱਤੇ ਨੂੰ ਰੱਖ ਕੇ ਤਸੱਲੀ ਭਾਲਦੇ ਹਨ। ਕੁੱਤਾ ਅੱਜ ਸਟੇਟਸ ਸਿੰਬਲ ਵੀ ਬਣਿਆ ਹੋਇਆ ਹੈ। ਕੁੱਤਿਆਂ ਦੇ ਗਲੀਂ ਪਟੇ ਵੀ ਗਹਿਣਿਆਂ ਦੀ ਤਰ੍ਹਾਂ ਪਾਏ ਹੁੰਦੇ ਹਨ। ਉਨ੍ਹਾਂ ਲਈ ਭੋਜਨ ਵੀ ਭਾਂਤ-ਸੁਭਾਂਤੇ ਪਰੋਸੇ ਜਾਂਦੇ ਹਨ। ਉਨ੍ਹਾਂ ਲਈ ਵੱਡੇ ਵੱਡੇ ਸਟੋਰ ਹਨ। ਕਈ ਲੋਕਾਂ ਨੇ ਤਾਂ ਕਈ ਕਈ ਨਸਲਾਂ ਦੇ ਕਈ ਕਈ ਕੁੱਤੇ ਰੱਖੇ ਹੁੰਦੇ ਹਨ। ਲੋਕਾਂ ਨੂੰ ਕੁੱਤਿਆਂ ਨੂੰ ਲੈ ਕੇ ਸ਼ੇਖੀਆਂ ਮਾਰਦਿਆਂ ਵੀ ਦੇਖਿਆ ਜਾ ਸਕਦਾ ਹੈ। ਇਸ ਲੇਖ ਵਿਚ ਲੇਖਕ ਵਾਸਦੇਵ ਸਿੰਘ ਪਰਹਾਰ ਨੇ ਇਹੋ ਸਭ ਬਿਆਨਿਆ ਹੈ। -ਸੰਪਾਦਕ**

ਅੱਜ ਕੱਲ੍ਹ ਵਧੀਆ ਨਸਲ ਦਾ ਕੁੱਤਾ ਸਟੇਟਸ ਸਿੰਬਲ ਸਮਝਿਆ ਜਾਂਦਾ ਹੈ। ਸਵੇਰੇ ਸਵੇਰੇ ਕੁੱਤੇ ਦੇ ਗਲ ਸੰਗਲੀ ਪਾ ਕੇ ਸੈਰ ਨੂੰ ਜਾਣਾ ਆਪਣੇ ਆਪ ਨੂੰ ਖਾਸ ਬੰਦਿਆਂ ਵਿਚ ਸ਼ੁਮਾਰ ਕਰਨਾ ਸਮਝਿਆ ਜਾਂਦਾ ਹੈ। ਹੱਥ ਵਿਚ ਵਧੀਆ ਲੱਕੜ ਤੇ ਹਾਥੀ ਦੰਦ ਦੀ ਜੜਤ ਵਾਲੀ ਖੂੰਡੀ ਵੀ ਫੜਨੀ ਪੈਂਦੀ ਹੈ, ਭਾਵੇਂ ਬੰਦਾ ਜੁਆਨ ਹੀ ਹੋਵੇ ਤਾਂ ਕਿ ਆਪਣੇ ਕੁੱਤੇ ਨੂੰ ਲੰਡਰ ਕੁੱਤਿਆਂ ਦੇ ਸਵਾਗਤ ਤੋਂ ਬਚਾਇਆ ਜਾ ਸਕੇ। ਲੰਡਰ ਕੁੱਤੇ ਕਿਸੇ ਇਕ ਘਰ ਨਹੀਂ, ਸਾਰੇ ਮੁਹੱਲੇ ਨੂੰ ਹੀ ਆਪਣਾ ਘਰ ਸਮਝਦੇ ਹਨ। ਇਹ ਰਹਿੰਦੇ ਵੀ ਦੋ ਚਾਰ ਇਕੱਠੇ ਹੀ ਹਨ ਤੇ ਪਾਲਤੂ ਕੁੱਤਿਆਂ ਨੂੰ ਉਹ ਮਾਲਕਾਂ ਦੇ ਗੁਲਾਮ ਜਾਂ ਮਾਲਕਾਂ ਦੇ ਬੂਟ-ਚਾਟੜੇ ਸਮਝਦੇ ਹਨ ਅਤੇ ਆਪਣੇ ਆਪ ਨੂੰ ਆਜ਼ਾਦ ਤੇ

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਖੁਦਮੁਖਤਾਰ।

ਪਾਲਤੂ ਕੁੱਤਿਆਂ ਦਾ ਆਪਣੇ ਮਾਲਕ ਨਾਲ ਚਲਣਾ ਉਨ੍ਹਾਂ ਨੂੰ ਬੜਾ ਭੈੜਾ ਲਗਦਾ ਹੈ ਤੇ ਉਸ ਨੂੰ ਦੇਖ ਕੇ ਉਹ ਆਪਣੀ ਬੋਲੀ ਵਿਚ ਤਾਅਨੇ ਮਿਹਣੇ ਮਾਰਦੇ ਤੇ ਧੌਲ-ਧੱਫਾ ਵੀ ਕਰਦੇ ਹਨ। ਜੇ ਪਾਲਤੂ ਕੁੱਤਾ ਛੋਟੇ ਕੱਦ ਦੀ ਨਸਲ ਦਾ ਹੋਵੇ ਤਾਂ ਮਾਲਕ ਇਨ੍ਹਾਂ ਆਜ਼ਾਦ ਸ਼ਹਿਜ਼ਾਦਿਆਂ ਤੋਂ ਬਚਾਉਣ ਲਈ ਉਸ ਨੂੰ ਕੁੱਛੜ ਚੁੱਕ ਕੇ ਸਿਰ 'ਤੇ ਹੱਥ ਫੇਰ ਕੇ ਕਹਿੰਦੇ ਹਨ, "ਬਸ ਚੁੱਪ ਕਰ ਟੌਮੀ, ਇਨ੍ਹਾਂ ਘਟੀਆ ਕੁੱਤਿਆਂ ਨਾਲ ਨਹੀਂ ਜ਼ਬਾਨ ਲੜਾਈਦੀ। ਇਨ੍ਹਾਂ ਬਦਮਾਸ਼ਾਂ ਦੀ ਆਪਣੀ ਤਾਂ ਕੋਈ ਇੱਜਤ ਨਹੀਂ ਤੇ ਦੂਜਿਆਂ ਦੀ ਇੱਜਤ ਲਾਹੁਣੀ ਇਹ ਆਪਣਾ ਹੱਕ ਸਮਝਦੇ ਹਨ।"

ਕੁੱਤੇ ਦੇ ਮਾਲਕ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਕੋਲ ਆਪਣੇ ਕੁੱਤੇ ਦੀਆਂ ਸਿਫਤਾਂ ਕਰਨ 'ਤੇ ਇੰਨਾ ਸਮਾਂ ਲਾ ਦਿੰਦੇ ਹਨ ਕਿ ਉਨ੍ਹਾਂ ਨੂੰ ਬਿਜਲੀ ਕੱਟ, ਮਹਿੰਗਾਈ ਅਤੇ ਕੋਲਾ ਖਾਨਾਂ ਦੀ ਅਲਾਟਮੈਂਟ ਵਰਗੇ ਭਖਦੇ ਮਸਲਿਆਂ 'ਤੇ ਬਹਿਸ ਕਰਨ ਲਈ ਸਮਾਂ ਹੀ ਨਹੀਂ ਬਚਦਾ। ਮਹਿਮਾਨ ਆਏ 'ਤੇ ਕੁੱਤੇ ਨੇ ਤਾਂ ਭੌਂਕਣਾ ਹੀ ਹੁੰਦਾ ਹੈ, ਮਾਲਕ ਉਸ ਨੂੰ ਚੁੱਪ ਕਰਾਉਣ ਤੋਂ ਬਾਅਦ ਮਹਿਮਾਨ ਨਾਲ ਪੋਲਾ ਜਿਹਾ ਹੱਥ ਮਿਲਾ ਕੇ ਬੈਠਣ ਸਾਰ ਆਪਣੇ ਕੁੱਤੇ ਦੀ ਤਾਰੀਫ ਦੇ ਪੁਲ ਬੰਨ੍ਹਣ ਲੱਗ ਪੈਂਦੇ ਹਨ, "ਇਹ ਸਵੇਰੇ ਗੇਟ ਤੋਂ ਅਖਬਾਰ ਚੁੱਕ ਕੇ ਲਿਆ ਕੇ ਮੇਰੇ ਮੇਜ਼ 'ਤੇ ਰੱਖ ਦਿੰਦਾ ਹੈ, ਸਵੇਰੇ ਨੂੰ ਸੈਰ ਜਾਣ ਲਈ ਮੇਰੇ ਨਾਲੋਂ ਵੀ ਕਾਹਲਾ ਵਗਦਾ ਹੈ, ਮੂੰਹ ਵਿਚ ਸੰਗਲੀ ਪਾ ਕੇ ਮੇਰੇ ਕੋਲ ਲਿਆਉਂਦਾ ਹੈ ਕਿ ਮੇਰੇ ਪਟੇ ਨਾਲ ਇਸ ਦੀ ਹੁੱਕ ਫਸਾਓ, ਜੇ ਮੈਂ ਨਾ ਉਠਾਂ ਤਾਂ ਮੇਰੇ ਹੱਥੋਂ ਅਖਬਾਰ ਮੂੰਹ ਨਾਲ ਖਿਚ ਕੇ ਪਰ੍ਹੇ ਸੁੱਟ ਦਿੰਦਾ ਹੈ, ਮੇਰਾ ਪਜਾਮਾ ਫੜ ਕੇ ਖਿਚਦਾ ਹੈ, ਇਸ ਨੂੰ ਮੇਰੇ ਖਾਸ ਦੋਸਤਾਂ ਤੇ ਰਿਸ਼ਤੇਦਾਰਾਂ ਦੀ ਪਛਾਣ ਹੈ, ਇਹ ਉਨ੍ਹਾਂ ਨੂੰ ਨਹੀਂ ਭੌਂਕਦਾ।"

ਜਦੋਂ ਕੋਈ ਕੁੱਤੇ ਦੀ ਤਾਰੀਫ ਕਰਨੋਂ ਨਾ ਹੀ ਹਟੇ ਤਾਂ ਕਈ ਚਤਰ ਬੁੱਧੀ ਵਾਲੇ ਨਹਿਲੇ 'ਤੇ ਦਹਿਲਾ ਮਾਰਦੇ ਹਨ, "ਤੁਹਾਡਾ ਕੁੱਤਾ ਤਾਂ ਗੇਟ ਤੋਂ ਹੀ ਅਖਬਾਰ ਲਿਆਉਂਦਾ ਹੈ, ਮੇਰਾ ਕੁੱਤਾ ਬੱਸ ਸਟੈਂਡ ਦੇ ਸਟਾਲ ਤੋਂ ਜਿਹੜੀ ਅਖਬਾਰ ਮੈਂ ਬੋਲ ਕੇ ਕਹਾਂ, ਲੈ ਆਉਂਦਾ ਹੈ। ਤਿੰਨ ਰੁਪਏ ਪਲਾਸਟਿਕ ਦੇ ਬੈਗ ਵਿਚ ਪਾ ਕੇ ਮੈਂ ਇਸ ਨੂੰ ਫੜਾ ਦਿੰਦਾ ਹਾਂ ਤੇ ਇਹ ਅਖਬਾਰ ਵਾਲੇ ਅੱਗੇ ਜਾ ਕੇ ਉਹ ਬੈਗ ਰੱਖ ਦਿੰਦਾ ਹੈ, ਉਹ ਪੈਸੇ ਕੱਢ ਲੈਂਦਾ ਹੈ ਤੇ ਜਿਸ ਅਖਬਾਰ 'ਤੇ ਇਹ ਮੂੰਹ ਰੱਖ ਦੇਵੇ, ਇਸ ਨੂੰ ਫੜਾ ਦਿੰਦਾ ਹੈ।

ਜੱਟ ਵੀ ਆਪਣੇ ਕੁੱਤੇ ਦੀ ਤਾਰੀਫ ਕੀਤੇ ਬਿਨਾ ਨਹੀਂ ਰਹਿ ਸਕਦੇ ਤੇ ਦੋਸਤਾਂ ਨੂੰ ਦੱਸਦੇ ਹਨ, "ਰਾਤੀਂ ਭੋਲੂ ਭੌਂਕੀ ਜਾਵੇ ਤਾਂ ਮੈਂ ਉਠ ਕੇ ਦੇਖਿਆ, ਮੱਝ ਸੰਗਲ ਤੁੜਾ ਕੇ ਵਾੜੇ ਤੋਂ ਬਾਹਰ ਨੂੰ ਜਾਣ ਲੱਗੀ ਸੀ। ਇਸ ਨੇ ਘੇਰ ਲਈ, ਮੋੜ ਕੇ ਉਸ ਦੀ ਖੁਰਲੀ 'ਤੇ ਲਿਆਇਆ ਤੇ ਭੌਂਕ ਭੌਂਕ ਕੇ ਮੈਨੂੰ ਜਗਾਇਆ।"

ਉਸ ਦਾ ਦੋਸਤ ਕਹਿੰਦਾ, "ਬੰਤਾ ਸਿਆਂ, ਇਸ 'ਤੇ ਬਹੁਤਾ ਇਤਬਾਰ ਨਾ ਕਰੀਂ, ਅੱਜ ਕੱਲ੍ਹ ਚੋਰਾਂ ਨੂੰ ਕੁੱਤੇ ਚੁੱਪ ਕਰਾਉਣੇ ਆ ਗਏ ਆ। ਪਹਿਲਾਂ ਤਾਂ ਉਹ ਥੋੜ੍ਹਾ ਮੀਟ ਸੁੱਟ ਕੇ ਚੁੱਪ ਕਰਾ ਦਿੰਦੇ ਸੀ, ਅੱਜ ਕੱਲ੍ਹ ਨਵਾਂ ਤਰੀਕਾ ਚੋਰਾਂ ਲੱਭ ਲਿਆ ਹੈ। ਕਿਸੇ ਸਾਹੇ ਆਈ ਕੁੱਤੀ ਦੇ ਸਰੀਰ ਨਾਲ ਲੀਰ ਪੂੰਝ ਕੇ ਉਸ ਨੂੰ ਡੱਬੇ ਵਿਚ ਪਾ ਰੱਖਦੇ ਹਨ। ਬਸ, ਉਹ ਡੱਬਾ ਕੁੱਤੇ ਵੱਲ ਸੁੱਟ ਦਿੰਦੇ ਹਨ। ਸੁੰਘ ਕੇ ਕੁੱਤਾ ਐਸਾ ਮਸਤ ਹੁੰਦਾ ਹੈ ਕਿ ਪੁੱਛੋ ਹੀ ਨਾ, ਭੌਂਕਣਾ ਭੁੱਲ ਜਾਂਦਾ ਹੈ ਅਤੇ ਚੋਰਾਂ ਦੇ ਮਗਰ ਮਗਰ ਫਿਰਦਾ ਹੈ ਕਿ ਮੈਨੂੰ ਛੇਤੀਂ ਉਸ ਕੁੱਤੀ ਕੋਲ ਲੈ ਚਲੋ।"

ਰਿਸ਼ਵਤਖੋਰ ਅਫਸਰਾਂ ਅਤੇ ਨਾਜਾਇਜ਼ ਧੰਦੇ ਨਾਲ ਪੈਸਾ ਕਮਾਉਣ ਵਾਲਿਆਂ ਦੀਆਂ ਪਤਨੀਆਂ ਜਦੋਂ ਕਿਸੇ ਕਿੱਟੀ ਪਾਰਟੀ 'ਤੇ ਇਕੱਠੀਆਂ ਹੋਣ ਤਾਂ ਆਪਣੇ ਪਤੀ ਨਾਲੋਂ ਵੱਧ ਸਿਫਤਾਂ ਆਪਣੇ ਡੌਗੀ ਦੀਆਂ ਕਰਦੀਆਂ ਹਨ।

"ਇਸ ਤੋਂ ਬਿਨਾ ਤਾਂ ਮੇਰਾ ਦਿਲ ਹੀ ਨਹੀਂ ਲਗਦਾ, ਇਹ ਵੀ ਮੇਰੇ ਬੈੱਡ 'ਤੇ ਹੀ ਸੌਂਦਾ ਏ, ਡੰਗਰ ਡਾਕਟਰ ਨਾਲ ਮੈਂ ਮਹੀਨਾ ਕੀਤਾ ਹੋਇਐ ਕਿ ਰੋਜ਼ ਸਵੇਰੇ ਆ ਕੇ ਇਸ ਨੂੰ ਦੇਖ ਜਾਇਆ ਕਰੇ। ਦੇਖੋ ਨਾ ਮਿਸਿਜ਼ ਭਾਟੀਆ, ਅਜਿਹਾ ਕੁੱਤਾ ਰੱਖਣਾ ਕੋਈ ਸੌਖੀ ਗੱਲ ਏ, ਮਿਸਿਜ਼ ਸ਼ਰਮਾ ਵਰਗੀਆਂ ਕੰਜੂਸਾਂ ਨੇ ਕੀ ਕੁੱਤਾ ਰੱਖਣਾ!" ਮਿਸਿਜ਼ ਵਾਲੀਆ ਤਾਸ਼ ਖੇਡਦੀ ਮਿਸਿਜ਼ ਦੀਵਾਨ ਨੂੰ ਕਹਿੰਦੀ ਹੈ।

ਮਿਸਿਜ਼ ਭਾਟੀਆ ਵੀ ਮਿਸਿਜ਼ ਵਾਲੀਆ ਦੀ ਹਾਂ ਵਿਚ ਹਾਂ ਮਿਲਾਉਂਦੀ ਹੈ, "ਤੁਸੀਂ ਠੀਕ ਹੀ ਕਿਹਾ ਏ, ਮਿਸਿਜ਼ ਵਾਲੀਆ, ਇਸ ਸ਼ਰਮਾ ਪੰਡਤਾਣੀ ਨੂੰ ਕੀ ਪਤਾ, ਕੁੱਤੇ ਦਾ ਕੀ ਫਾਇਦਾ ਹੈ। ਇਨ੍ਹਾਂ ਦੇ ਬਜ਼ੁਰਗ ਤਾਂ ਜੇ ਕੁੱਤਾ ਚੌਂਕੇ ਵਿਚ ਵੜ ਜਾਏ ਤਾਂ ਚੌਂਕਾ ਲਿੱਪੇ ਪੋਚੇ ਬਿਨਾ ਉਥੇ ਖਾਣਾ ਨਹੀਂ ਬਣਾਉਣ ਦਿੰਦੇ ਸਨ। ਤੁਸੀਂ ਦੇਖਿਆ ਹੀ ਹੈ ਕਿ ਇਹ ਸਾਡੇ ਨਾਲ ਹੱਥ ਨਹੀਂ ਮਿਲਾਉਂਦੀ ਕਿ ਸਾਡੇ ਹੱਥਾਂ ਤੋਂ ਕੁੱਤਿਆਂ ਦਾ ਮੁਸ਼ਕ ਆਉਂਦਾ ਏ, ਦੂਰੋਂ ਹੀ ਹੱਥ ਜੋੜ ਕੇ ਨਮਸਤੇ ਕਰ ਦਿੰਦੀ ਏ।"

---

ਅਖਬਾਰਾਂ ਦੇ ਪੱਤਰ ਪ੍ਰੇਰਕਾਂ ਦਾ ਵੱਖਰਾ ਹੀ ਸਮਾਜ ਹੁੰਦਾ ਹੈ। ਉਹ ਕਦੇ ਕਦੇ ਸ਼ਹਿਰ ਦੇ ਕਿਸੇ ਮਹਿੰਗੇ ਰੈਸਟੋਰੈਂਟ ਜਾਂ ਹੋਟਲ ਵਿਚ ਇਕੱਠੇ ਹੁੰਦੇ ਹਨ ਜਿਥੇ ਬਹੁਤੀ ਭੀੜ ਨਾ ਹੋਵੇ। ਜੇ ਕੋਈ ਸਾਮੀ ਫਸੀ ਹੋਵੇ ਤਾਂ ਵਧੀਆ ਵਿਸਕੀ ਨਾਲ ਮੁਰਗਾ-ਮੱਛੀ ਵੀ ਛਕ ਲੈਂਦੇ ਨੇ; ਨਹੀਂ ਤਾਂ ਕਾਫੀ ਦਾ ਕੱਪ ਲੈ ਕੇ ਦੋ ਤਿੰਨ ਘੰਟੇ ਗੱਪਾਂ ਮਾਰਦੇ ਰਹਿੰਦੇ ਹਨ। ਇਕ ਦਿਨ ਦੋ ਦੋ ਪੈਗ ਪੀ ਕੇ ਥੋੜ੍ਹੇ ਬੋਲਣ ਜੋਗੇ ਹੋ ਗਏ ਤਾਂ ਧਾਲੀਵਾਲ ਆਪਣੇ ਨਾਲ ਦੀ ਕੁਰਸੀ ਵਾਲੇ ਨੂੰ ਕਹਿਣ ਲੱਗਾ, "ਗਿੱਲ ਸਾਹਿਬ, ਅੱਜ ਤਾਂ ਕਿਸੇ ਪਰਵਾਸੀ ਭਾਰਤੀ ਦੀ ਖਬਰ ਲੀ ਲਗਦੀ ਏ।" ਅਗਿਓਂ ਗਿੱਲ ਹੱਸ ਕੇ ਬੋਲਿਆ, "ਨਹੀਂ ਯਾਰ, ਅੱਜ ਤਾਂ ਰੇਤੇ ਦੇ ਠੇਕੇਦਾਰ ਵੱਲੋਂ ਪਾਰਟੀ ਹੈ, ਖਬਰ ਨਾ ਲਾਉਣ ਦੀ।"

ਧਾਲੀਵਾਲ ਬੋਲਿਆ, "ਗਿੱਲ ਸਾਹਿਬ, ਕਿਸੇ ਮੁੰਡੇ ਨੇ ਮੂੰਹ ਨਾਲ ਵਜਾਉਣ ਵਾਲਾ ਵਾਜਾ ਖਰੀਦਿਆ। ਦੇਰ ਰਾਤ ਤੱਕ ਉਹ ਉਚੀ ਉਚੀ ਵਜਾਈ ਜਾਇਆ ਕਰੇ। ਗੁਆਂਢ ਰਹਿੰਦਾ ਪ੍ਰੋਫੈਸਰ ਬੜਾ ਤੰਗ ਹੋਇਆ ਕਰੇ। ਇਕ ਦਿਨ ਉਸ ਮੁੰਡੇ ਕੋਲੋਂ ਕੋਈ ਹੋਰ ਮੁੰਡਾ ਉਹ ਵਾਜਾ ਖਰੀਦਣ ਆਇਆ। ਵਾਜੇ ਵਾਲਾ ਮੁੰਡਾ ਖਰੀਦਦਾਰ ਨੂੰ ਪੁੱਛਣ ਲੱਗਾ, "ਦਸ ਬਈ ਮਿੱਤਰਾ, ਕੀ ਦਿੰਦਾ ਏਂ ਇਸ ਵਾਜੇ ਦਾ?" ਉਹ ਬੋਲਿਆ, "ਸੌ ਰੁਪਿਆ।" ਵਾਜੇ ਵਾਲਾ ਬੋਲਿਆ, "ਬਸ ਇਕ ਸੌ! ਸਾਡਾ ਗੁਆਂਢੀ ਪ੍ਰੋਫੈਸਰ ਮੈਨੂੰ ਪੰਜ ਸੌ ਰੁਪਏ ਦਿੰਦਾ ਏ, ਉਹ ਵੀ ਵਾਜਾ ਨਾ ਵਜਾਉਣ ਦਾ। ਉਹ ਕਹਿੰਦਾ ਏ, ਵਾਜਾ ਤੂੰ ਆਪਣੇ ਕੋਲ ਰੱਖ, ਪਰ ਨਾ ਵਜਾਉਣ ਦਾ ਪੰਜ ਸੌ ਰੁਪਏ ਲੈ ਲਾ। ਸੋ ਭਾਈ, ਕੋਈ ਕੋਈ ਖਬਰ ਨਾ ਲਾਉਣ ਦਾ ਵੀ ਮੁੱਲ ਵੱਧ ਪੈ ਜਾਂਦਾ ਹੈ।"

ਲਤੀਫਾ ਸੁਣ ਕੇ ਪੱਤਰਕਾਰ ਖੂਬ ਹੱਸੇ। ਸ਼ਰਾਬ ਪੀਂਦਿਆਂ ਲਤੀਫੇ ਤਾਂ ਦਿਮਾਗ ਵਿਚੋਂ ਮੀਂਹ ਵਾਂਗ ਵਰ੍ਹਦੇ ਨੇ। ਚਲਦੀ ਚਲਦੀ ਗੱਲ ਕੁੱਤਿਆਂ ਬਾਰੇ ਆ ਗਈ। ਭਾਰਦਵਾਜ ਬੋਲਿਆ, "ਗੱਲ ਸੁਣੋ ਯਾਰ, ਹਰ ਕੋਈ ਆਪਣੇ ਕੁੱਤੇ ਦੀ ਤਾਰੀਫ ਕਰਨੋਂ ਕਿਉਂ ਨਹੀਂ ਰਹਿ ਸਕਦਾ? ਸਾਡਾ ਮਹਾਂ ਕੰਜੂਸ ਗੁਆਂਢੀ ਗੁਪਤਾ ਕੱਲ੍ਹ ਮੈਨੂੰ ਗੇਟ ਕੋਲ ਮਿਲ ਪਿਆ, ਕਹਿਣ ਲੱਗਾ, "ਇਹ ਕੁੱਤਾ ਕਾਹਦਾ, ਇਹ ਤਾਂ ਬੰਦਾ ਏ। ਮੈਂ ਇਸ ਦੇ ਗਲ ਵਿਚ ਲਫਾਫੇ 'ਚ ਪੰਜਾਹਾਂ ਦਾ ਨੋਟ ਪਾ ਕੇ ਆਖਦਾਂ, 'ਕਾਲੂ, ਜਾਹ ਜਾ ਕੇ ਨੁੱਕੜ ਵਾਲੀ ਦੁਕਾਨ ਤੋਂ ਸਿਗਰਟਾਂ ਵਾਲੀ ਡੱਬੀ ਲਿਆ।' ਇਹ ਦੁਕਾਨ 'ਤੇ ਜਾ ਕੇ ਦੁਕਾਨਦਾਰ ਕੋਲ ਖੜ੍ਹ ਜਾਂਦਾ ਹੈ। ਉਹ ਲਫਾਫੇ ਵਿਚੋਂ ਨੋਟ ਕੱਢ ਸਿਗਰਟ ਦੀ ਡੱਬੀ ਪਾ ਦਿੰਦਾ ਏ।

ਇਕ ਦਿਨ ਮੈਂ ਲਫਾਫੇ ਵਿਚ ਪੰਜ ਸੌ ਦਾ ਨੋਟ ਪਾ ਦਿੱਤਾ। ਇਹ ਕਾਫੀ ਦੇਰ ਨਾ ਮੁੜਿਆ ਤਾਂ ਮੈਂ ਭਾਲਣ ਮਗਰ ਗਿਆ। ਦੁਕਾਨਦਾਰ ਤੋਂ ਪੁੱਛਿਆ ਕਿ ਕਾਲੂ ਸਿਗਰਟ ਲੈ ਗਿਆ ਏ ਤਾਂ ਉਸ ਦੱਸਿਆ ਕਿ ਮੈਂ ਸਿਗਰਟਾਂ ਦੀ ਡੱਬੀ ਅਤੇ ਸਾਢੇ ਚਾਰ ਸੌ ਰੁਪਏ ਵੀ ਲਫਾਫੇ 'ਚ ਪਾ ਦਿੱਤੇ ਸੀ। ਅੱਗੇ ਬਾਜ਼ਾਰ ਵੱਲ ਗਿਆ ਤਾਂ ਕਾਲੂ ਢਾਬੇ ਸਾਹਮਣੇ ਬੈਠਾ ਚਿਕਨ ਖਾ ਰਿਹਾ ਸੀ। ਮੈਨੂੰ ਦੇਖ ਪਲੇਟ ਚੱਟ ਕੇ ਉਠ ਖੜ੍ਹਿਆ। ਮੈਂ ਕਿਹਾ, 'ਕਾਲੂ ਪੁੱਤਰ, ਅੱਗੇ ਤਾਂ ਕਦੇ ਤੂੰ ਇਸ ਤਰ੍ਹਾਂ ਨਹੀਂ ਕੀਤਾ, ਅੱਜ ਕਾਹਤੇ?' ਮੈਨੂੰ ਲੱਗਾ ਜਿਵੇਂ ਕਹਿ ਰਿਹਾ ਹੋਵੇ, ਅੱਗੇ ਕਦੇ ਤੁਸੀਂ ਪੰਜ ਸੌ ਦਾ ਨੋਟ ਹੀ ਨਹੀਂ ਸੀ ਦਿੱਤਾ।"

ਹਾਸਾ ਮੱਚਣ ਪਿਛੋਂ ਗੱਲ ਫੇਰ ਧਾਲੀਵਾਲ ਨੇ ਬੋਚ ਲਈ, "1975 ਵਿਚ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਤਾਂ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪ੍ਰੈਸ' ਵਿਚ ਉਦੋਂ ਲਤੀਫਾ ਛਪਿਆ ਸੀ, ਜਦੋਂ ਬਾਬੂ ਜਗਜੀਵਨ ਰਾਮ ਕਾਂਗਰਸ ਪਾਰਟੀ ਛੱਡ ਗਿਆ ਸੀ। ਪਾਰਕ ਵਿਚ ਲੰਡਰ ਕੁੱਤੀ ਨੇ ਪੰਜ ਕਤੂਰੇ ਦਿੱਤੇ, ਬਹੁਤ ਸੋਹਣੇ। ਕੋਈ ਅਮੀਰ ਜੋੜਾ ਪਾਰਕ ਵਿਚ ਸੈਰ ਕਰ ਰਿਹਾ ਸੀ। ਉਨ੍ਹਾਂ ਨਾਲ ਪੰਜ-ਛੇ ਸਾਲ ਦਾ ਮੁੰਡਾ ਸੀ। ਮੁੰਡੇ ਨੇ ਇਕ ਕਤੂਰਾ ਚੁੱਕ ਲਿਆ ਤੇ ਜ਼ਿਦ ਕਰ ਕੇ ਕਾਰ ਵਿਚ ਆਪਣੇ ਨਾਲ ਲੈ ਗਿਆ। ਰੋਜ਼ ਸ਼ਾਮ ਨੂੰ ਉਹ ਕਾਰ ਵਿਚ ਸੈਰ ਕਰਾਉਣ ਕਤੂਰੇ ਨੂੰ ਨਾਲ ਲੈ ਜਾਇਆ ਕਰਨ। ਉਹ ਕਾਰ ਵਿਚ ਬੈਠਾ ਰਹਿੰਦਾ। ਉਸ ਨੂੰ ਖਾਣ ਪੀਣ ਨੂੰ ਵਧੀਆ ਮਿਲਦਾ, ਮਾਲਕ ਉਸ ਨੂੰ ਸਾਫ ਸੁਥਰਾ ਰਖਦੇ। ਉਸ ਦੇ ਸਾਥੀ ਕਤੂਰੇ ਉਸ ਵੱਲ ਦੇਖ ਦੇਖ ਸੋਚਦੇ ਕਿ ਇਹਦੀ ਕਿਸਮਤ ਕਿੰਨੀ ਚੰਗੀ ਏ! ਕੁਝ ਦਿਨ ਬਾਅਦ ਉਹ ਘਰੋਂ ਭੱਜ ਕੇ ਉਨ੍ਹਾਂ ਕੋਲ ਆ ਗਿਆ। ਨਾਲ ਦੇ ਕਹਿਣ ਲੱਗੇ, 'ਤੇਰੇ ਮਾਲਕ ਤੈਨੂੰ ਖਾਣ ਨੂੰ ਵਧੀਆ ਦਿੰਦੇ ਸੀ, ਸਾਫ ਸੁਥਰਾ ਰਖਦੇ ਸੀ, ਫੇਰ ਕਾਹਤੋਂ ਭੱਜ ਆਇਆਂ?'

ਕਤੂਰਾ ਬੋਲਿਆ, 'ਹੋਰ ਤਾਂ ਸਭ ਕੁਝ ਵਧੀਆ ਸੀ, ਪਰ ਉਹ ਭੌਂਕਣ ਨਹੀਂ ਸੀ ਦਿੰਦੇ, ਖਾਣਾ ਖਾਣ ਤੋਂ ਬਾਅਦ ਮੇਰੇ ਮੂੰਹ 'ਤੇ ਚਮੜੇ ਦੀ ਜਾਲੀ ਪਾ ਦਿੰਦੇ ਸੀ। ਭਲਾ ਸਾਨੂੰ ਕੁੱਤਿਆਂ ਨੂੰ ਜੇ ਭੌਂਕਣ ਲਈ ਵੀ ਮਾਲਕਾਂ ਤੋਂ ਪੁੱਛਣਾ ਪਵੇ ਤਾਂ ਇਹ ਕਾਹਦੀ ਜ਼ਿੰਦਗੀ! ਇਹ ਤਾਂ ਸਾਡੇ ਬੁਨਿਆਦੀ ਹੱਕਾਂ ਦਾ ਗਲਾ ਘੁੱਟਣ ਵਾਲੀ ਗੱਲ ਹੋਈ। ਅਜਿਹੀ ਗੁਲਾਮਾਂ ਵਾਲੀ ਜ਼ਿੰਦਗੀ ਛੱਡ ਕੇ ਮੈਂ ਤੁਹਾਡੇ ਵਾਂਗ ਆਜ਼ਾਦ ਜੀਵਨ ਦੀ ਭੁੱਖ ਨੂੰ ਠੀਕ ਸਮਝਦਾ ਹਾਂ। ਇਸ ਲਈ ਮੈਂ ਉਹ ਗੁਲਾਮੀ ਵਾਲੀ ਜ਼ਿੰਦਗੀ ਤੋਂ ਭੱਜ ਆਇਆ ਹਾਂ।'"



---

ਬਚਪਨ ਵੇਲੇ ਹਰ ਇਕ ਪਿੰਡ ਦੀ ਅੱਧੀ ਕੁ ਜ਼ਮੀਨ ਹੀ ਵਾਹੀਯੋਗ ਹੁੰਦੀ ਸੀ। ਬਾਕੀ ਅੱਧੀ ਵਿਚ ਪਿੰਡ ਦਾ ਮਾਲ ਡੰਗਰ ਚਰਦਾ ਸੀ। ਇਸ ਬੇਅਬਾਦ ਜ਼ਮੀਨ ਵਿਚ ਝੂਲੇ, ਝਿੜੀਆਂ ਆਮ ਸਨ ਜਿਨ੍ਹਾਂ ਵਿਚ ਜੰਗਲੀ ਜਾਨਵਰ-ਸਹੇ, ਹਿਰਨ, ਗਿੱਦੜ, ਲੂੰਬੜ, ਬਘਿਆੜ ਆਦਿ ਆਮ ਹੀ ਹੁੰਦੇ। ਹਰ ਪਿੰਡ ਵਿਚ ਕੁਝ ਸ਼ਿਕਾਰੀ ਵੀ ਹੁੰਦੇ ਜਿਨ੍ਹਾਂ ਨੇ ਸ਼ਿਕਾਰੀ ਕੁੱਤੇ ਪਾਲੇ ਹੁੰਦੇ। ਸ਼ਿਕਾਰੀ ਕੁੱਤਿਆਂ ਦਾ ਕੱਦ ਉਚਾ ਅਤੇ ਸਰੀਰ ਪਤਲਾ ਹੁੰਦਾ। ਉਨ੍ਹਾਂ ਇਕ ਦੋ ਖੰਦੇ ਕੁੱਤੇ ਵੀ ਰੱਖੇ ਹੁੰਦੇ ਜੋ ਸ਼ਿਕਾਰ ਦੀ ਪੈੜ ਸੁੰਘ ਸੁੰਘ ਕੇ ਉਸ ਤੱਕ ਪਹੁੰਚ ਕੇ ਉਸ ਨੂੰ ਭਜਾ ਲੈਂਦੇ। ਸ਼ਿਕਾਰੀ ਕੁੱਤੇ ਤੇਜ਼ ਦੌੜ ਕੇ ਸ਼ਿਕਾਰ ਫੜ ਲੈਂਦੇ। ਸਾਡੇ ਪਿੰਡ ਦੇ ਅਮਲੀ ਨੇ ਵੀ ਸ਼ਿਕਾਰੀ ਕੁੱਤੀ ਰੱਖੀ ਹੋਈ ਸੀ। ਉਹ ਸੱਥ ਵਿਚ ਬੈਠਾ ਕੁੱਤੀ ਦੇ ਬਾਪ, ਦਾਦੇ, ਨਾਨੇ, ਨਾਨੀ ਦਾ ਪਿਛੋਕੜ ਮਹਾਰਾਜਾ ਪਟਿਆਲਾ, ਜੀਂਦ ਅਤੇ ਕਪੂਰਥਲਾ ਦੇ ਕੁੱਤਿਆਂ ਨਾਲ ਜੋੜ ਦਿੰਦਾ। ਕਿਸੇ ਨੇ ਹਾਸੇ ਵਿਚ ਕੇਰਾਂ ਆਖ ਦਿੱਤਾ, "ਅਮਲੀਆ ਤੇਰੀ ਕੁੱਤੀ ਤਾਂ ਸ਼ਿਕਾਰ ਨਿਕਲਣ ਵੇਲੇ ਕਾਫੀ ਪਿਛੇ ਰਹਿ ਗਈ ਸੀ।" ਉਹ ਕਹਿੰਦਾ, "ਭਾਈ, ਇਹ ਮੇਰਾ ਹੀ ਕਸੂਰ ਸੀ, ਮੈਥੋਂ ਰੱਸੀ ਛੱਡਣ ਵਿਚ ਦੇਰ ਹੋ ਗਈ ਸੀ। ਕੁੱਤੀ ਤਾਂ ਗੋਲੀ ਆਂਗਰ ਭੱਜੀ ਸੀ।"

ਸਾਨੂੰ ਨਿਆਣਿਆਂ ਨੂੰ ਉਹ ਜਾਨਵਰਾਂ ਦੇ ਪੈਰਾਂ ਦੇ ਨਿਸ਼ਾਨ ਦਿਖਾਉਂਦਾ। ਅਸੀਂ ਵੀ ਪਿੰਡ ਦਾ ਜੋ ਵੀ ਲੰਡਰ ਕੁੱਤਾ-ਕੁੱਤੀ ਮਿਲਦਾ, ਉਹਦੇ ਗਲ ਟੁੱਟੇ ਹੋਏ ਮੰਜੇ ਦੇ ਬਾਣ ਦੀ ਰੱਸੀ ਪਾ ਕੇ ਸ਼ਿਕਾਰੀਆਂ ਨਾਲ ਹੋ ਤੁਰਦੇ। ਸ਼ਿਕਾਰੀ ਵੀ ਸਾਨੂੰ ਨਾਲ ਲਿਜਾ ਕੇ ਖੁਸ਼ ਸਨ, ਕਿਉਂਕਿ ਬਹੁਤੇ ਬੰਦਿਆਂ ਦਾ ਰੌਲਾ ਸੁਣ ਕੇ ਸ਼ਿਕਾਰ ਨਿਕਲ ਭੱਜਦਾ ਸੀ। ਝਾੜਾਂ 'ਤੇ ਡੰਡੇ ਮਾਰ ਮਾਰ ਹੜਾਤ ਹੜਾਤ ਕਰਨ ਨੂੰ ਸ਼ਿਕਾਰੀ ਆਖਦੇ।

ਕੁੱਤਿਆਂ ਦੀ ਜ਼ਬਾਨੀ ਜੇ ਆਪਣੇ ਮਾਲਕਾਂ ਦੀ ਸਿਫਤ ਸੁਣਨੀ ਹੋਵੇ ਤਾਂ ਉਹ ਇਸ ਤਰ੍ਹਾਂ ਦੀ ਹੋਵੇਗੀ, "ਮੇਰਾ ਮਾਲਕ ਮੈਨੂੰ ਬਹੁਤ ਪਿਆਰ ਨਾਲ ਰੱਖਦਾ ਹੈ। ਸਵੇਰ ਨੂੰ ਜਦੋਂ ਮੈਂ ਚਾਹਾਂ, ਮੈਨੂੰ ਸੈਰ ਕਰਾਉਣ ਲੈ ਕੇ ਜਾਂਦਾ ਹੈ। ਜੇ ਉਹ ਆਪਣੀ ਮਰਜ਼ੀ ਨਾਲ ਜਿਥੇ ਮਰਜ਼ੀ ਰੁਕ ਕੇ ਆਪਣੇ ਦੋਸਤਾਂ ਨਾਲ ਗੱਲਾਂ ਕਰਨ ਲਗ ਪੈਂਦਾ ਹੈ ਤਾਂ ਮੈਂ ਸੰਗਲੀ ਖਿਚ ਕੇ ਉਸ ਨੂੰ ਤੋਰ ਲੈਂਦਾ ਹਾਂ। ਮੈਂ ਵੀ ਹਰ ਖੰਬੇ 'ਤੇ ਲੱਤ ਚੁੱਕ ਕੇ ਪਿਸ਼ਾਬ ਕਰਦਾਂ ਤਾਂ ਉਸ ਨੂੰ ਰੁਕਣਾ ਪੈਂਦਾ ਹੈ। ਜੇ ਕਿਸੇ ਦਿਨ ਮਾਲਕਣ ਹੋਵੇ ਤਾਂ ਜਦੋਂ ਮੈਂ ਪਿਸ਼ਾਬ ਕਰਨ ਲੱਗਾਂ ਤਾਂ ਉਹ ਦੂਜੇ ਪਾਸੇ ਮੂੰਹ ਫੇਰ ਕੇ ਗਾਲ੍ਹਾਂ ਕੱਢਦੀ ਹੈ, 'ਦਾਦੇ ਮਗੌਣੇ ਨੂੰ ਇਹ ਬੜੀ ਭੈੜੀ ਆਦਤ ਏ, ਥਾਂ ਥਾਂ 'ਤੇ ਤਿਪ-ਤਿਪ ਮੂਤਣ ਦੀ। ਇਕ ਵਾਰ ਨੀ ਮਰ ਹੁੰਦਾ। ਸ਼ਰਮ ਦਾ ਘਾਟਾ।' ਕਦੇ ਕਦੇ ਖਿਝ ਕੇ ਪੋਲੀਆਂ ਪੋਲੀਆਂ ਸੋਟੀਆਂ ਵੀ ਮਾਰ ਦਿੰਦੀ ਏ।

ਜੇ ਕਦੇ ਮੈਂ ਰੁੱਸ ਜਾਵਾਂ ਤਾਂ ਮਾਲਕ ਮਿੰਨਤਾਂ ਕਰ ਕਰ ਕੇ ਬਿਸਕੁਟ ਖਾਣ ਨੂੰ ਦਿੰਦਾ ਹੈ। ਜਿੰਨਾ ਚਿਰ ਮੈਂ ਮੰਨ ਨਾ ਜਾਵਾਂ, ਮਾਲਕ ਬੇਚੈਨ ਰਹਿੰਦਾ ਹੈ। ਮਾਲਕ ਮੈਥੋਂ ਹਰ ਵਕਤ ਡਰਦਾ ਰਹਿੰਦਾ ਹੈ ਕਿ ਜੇ ਮੈਂ ਇਸ ਨੂੰ ਨਾਰਾਜ਼ ਕੀਤਾ ਤਾਂ ਇਹ ਘਰੋਂ ਭੱਜ ਜਾਵੇਗਾ। ਮਾਲਕ ਤਾਂ ਇਕ ਦਿਨ ਵੀ ਮੇਰੇ ਬਗੈਰ ਨਹੀਂ ਰਹਿ ਸਕਦਾ। ਕਈ ਕੁੱਤੇ ਘਰੋਂ ਭੱਜ ਜਾਣ ਤਾਂ ਮਾਲਕ ਉਨ੍ਹਾਂ ਦੀ ਫੋਟੋ ਅਖਬਾਰ ਵਿਚ ਛਪਵਾ ਕੇ ਵਾਪਸ ਲਿਆਉਣ ਵਾਲੇ ਨੂੰ ਕੁਝ ਰਕਮ ਨਕਦ ਇਨਾਮ ਦੀ ਵੀ ਰੱਖ ਦਿੰਦੇ ਹਨ। ਸਾਡੀ ਕੁੱਤਿਆਂ ਦੀ ਇਕ ਭੈੜੀ ਵਾਦੀ ਹੈ ਕਿ ਅਸੀਂ ਆਪਣੇ ਭਾਈਵੰਦਾਂ ਨਾਲ ਮਿਲ ਕੇ ਨਹੀਂ ਰਹਿ ਸਕਦੇ। ਸਾਡੀ ਕੋਈ ਜਨਰਲ ਬਾਡੀ ਮੀਟਿੰਗ ਹੀ ਨਹੀਂ ਹੋ ਸਕਦੀ ਜਿਸ ਵਿਚ ਅਸੀਂ ਆਪਣੀ ਇਨਸਾਨ ਹੱਥੋਂ ਹੁੰਦੀ ਦੁਰਦਸ਼ਾ 'ਤੇ ਵਿਚਾਰ ਕਰ ਸਕੀਏ। ਆਪਣੀ ਕਿਸਮਤ ਦੇ ਅਸੀਂ ਆਪ ਜ਼ਿੰਮੇਵਾਰ ਹਾਂ ਜੋ ਇਨਸਾਨਾਂ ਤੋਂ ਡੰਡੇ ਖਾਂਦੇ ਫਿਰਦੇ ਹਾਂ। ਆਖਰ ਕਦੋਂ ਤੱਕ ਢਿੱਡ ਭਰਨ ਲਈ ਅਸੀਂ ਇਸ ਤਰ੍ਹਾਂ ਇਨਸਾਨਾਂ 'ਤੇ ਨਿਰਭਰ ਰਹਾਂਗੇ। ਸੋ ਭਰਾਵੋ, ਜਾਗੋ ਤੇ ਕਿਸੇ ਸਾਂਝੇ ਪਲੇਟਫਾਰਮ 'ਤੇ ਇਕੱਠੇ ਹੋ ਕੇ ਕੁੱਤਾ ਭਲਾਈ ਦੇ ਕੰਮਾਂ 'ਤੇ ਵਿਚਾਰ ਕਰੋ। ਬੰਦੇ ਗੱਲ ਗੱਲ 'ਤੇ ਸਾਨੂੰ ਬੇਇੱਜਤ ਕਰਦੇ ਹਨ। ਜੇ ਇਕ ਬੰਦੇ ਨੇ ਦੂਜੇ ਨਾਲ ਕੁਪੱਤ ਕੀਤੀ ਹੋਵੇ ਤਾਂ ਸਾਥੀਆਂ ਨੂੰ ਆਖਦਾ ਹੈ, 'ਮੈਂ ਉਸ ਨਾਲ ਬੜੀ ਕੁੱਤੇਖਾਣੀ ਕੀਤੀ ਏ।' ਜੇ ਕੋਈ ਬੋਲਦਾ ਠੀਕ ਨਾ ਲੱਗੇ ਤਾਂ ਕਹਿੰਦੇ ਹਨ, 'ਐਵੇਂ ਕਿਉਂ ਕੁੱਤੇ ਆਂਗਰ ਭੌਂਕੀ ਜਾਨਾਂ ਏਂ?' ਬੰਦਿਆਂ ਦੀ ਲੜਾਈ ਵਿਚ ਸਾਨੂੰ ਬੇਜ਼ਬਾਨਾਂ ਨੂੰ ਐਵੇਂ ਘੜੀਸਦੇ ਹਨ। ਆਪਣੇ ਨਾਲ ਹੋ ਰਹੇ ਅਨਿਆਂ ਅਤੇ ਜਬਰ ਜ਼ੁਲਮ ਖਿਲਾਫ ਇਕ ਆਵਾਜ਼ ਵਿਚ ਅੱਧੀ ਰਾਤ ਨੂੰ ਰੋ ਕੇ ਅਸਮਾਨ ਸਿਰ 'ਤੇ ਚੁੱਕ ਕੇ ਜਾਬਰ ਬੰਦਿਆਂ ਨੂੰ ਚੈਨ ਨਾਲ ਨਹੀਂ ਸੌਣ ਦੇਣਾ ਚਾਹੀਦਾ।"

## ਸੁਪਨੇ ਸੁਖਬੀਰ ਦੇ

ਸੁਖਬੀਰ ਆਖਦਾ ਆਪਣੇ ਵਰਕਰਾਂ ਨੂੰ
ਐਵੇਂ ਬੈਠੋ ਨਾ ਕਰਕੇ ਕੰਡ ਭਾਈ।
ਦਸ ਸਾਲ ਆਪਾਂ ਤਾਂ 'ਸੇਵਾ' ਕੀਤੀ
ਐਵੇਂ ਅਖਬਾਰ, ਟੀ.ਵੀ. ਪਾਉਣ ਡੰਡ ਭਾਈ।
ਅਗਲੀਆਂ ਚੋਣਾਂ ਦੇ ਵਿਚ ਜਿੱਤਾਂਗੇ ਫਿਰ
ਬਾਕੀ ਛੱਜ ਵਿਚ ਦੇਵਾਂਗੇ ਛੰਡ ਭਾਈ।
ਨਾ ਝਾੜੂ, ਨਾ ਪੰਜੇ ਨੂੰ ਜਿੱਤਣ ਦੇਣਾ
ਪੈਣ ਦੇਣੀ ਨਹੀਂ ਕਲੇਜੇ ਠੰਡ ਭਾਈ।
ਚੋਣ ਖਰਚੇ ਦਾ ਕਰੋ ਨਾ ਫਿਕਰ ਭੋਰਾ
ਕਾਰਪੋਰੇਟਾਂ ਤੋਂ ਲਵਾਂਗੇ ਫੰਡ ਭਾਈ।
ਬਣੂੰ ਮੰਤਰੀ ਬੀਬੀ ਜਿੱਤ ਕੇ ਐਮ.ਪੀ.
ਜਿਵੇਂ ਫਿਰੋਜ਼ਪੁਰੋਂ ਜਿੱਤਿਆ ਸੀ ਮੰਡ ਭਾਈ।
ਟੀ.ਵੀ. ਵਿਚ 'ਸਿੱਧੂਆ' ਠੋਕ ਤਾਲੀ
ਨਿੱਤ ਦਿਨ ਨਾ ਸਾਨੂੰ ਭੰਡ ਭਾਈ।
ਏਧਰ ਦੋਵੇਂ ਗਵਾਂਢੀ ਨੇ ਬਣੇ ਦੁਸ਼ਮਣ
'ਮਹੇਸ਼', 'ਖੁੱਡੀਆਂ' ਨੇ ਪੇਲਦੇ ਡੰਡ ਭਾਈ।
ਕਰਜ਼ਾ ਚੜ੍ਹਿਆ ਜਦ ਮਿਰਜ਼ੇ ਜੱਟ ਉਤੇ
ਫਾਂਸੀ ਲਟਕਿਆ ਰੋਹੀ ਦੇ ਜੰਡ ਭਾਈ।
ਖਿਸਕ 'ਲੰਬੀ' ਤੋਂ ਅਮਰੀਕਾ ਜਾ ਬੈਠਾ
'ਗਿੱਲ' ਲਾਹੀ ਜਾਂਦਾ ਸਾਡੀ ਝੰਡ ਭਾਈ।

*-ਜੁਗਰਾਜ ਗਿੱਲ*
*ਫੋਨ: 704-257-6693*

---

## ਸੋਚਾਂ ਹੀ ਸੋਚਾਂ ਵਿਚ

ਹਰਫ ਗਮਾਂ ਦੇ ਲਿਖਦਾ ਰਹਿੰਨਾਂ
ਪਰ ਮੂੰਹ ਤੋਂ ਕੁਝ ਨਾ ਕਹਿੰਨਾਂ।
ਦੇਖਣ-ਸੁਣਨ ਲਈ ਭਾਵੇਂ ਅੱਖਾਂ ਕੰਨ ਨੇ
ਤੱਕ ਪਾਪ, ਸੁਣ ਚੀਖਾਂ ਦੋਵੇਂ ਬੰਦ ਨੇ।
ਰਾਤ ਦੀ ਕਾਲੀ ਕੁੱਖ 'ਚੋਂ ਜਨਮੀ
ਸੋਨ-ਸਵੇਰ ਹੋ ਰਹੀ ਹੈ ਮਨਫੀ।
ਰਾਖੇ ਧਰਮ ਦੇ ਕੰਮ ਕਰਨ ਪਏ ਪੁੱਠੇ
ਧਰਮ ਨੂੰ ਧੱਕ ਕੇ ਲਾ'ਤਾ ਗੁੱਠੇ।

ਚਾਰੇ ਪਾਸੇ ਗੁੰਡਾਗਰਦੀ ਹੁਲਤਬਾਜ਼ੀ
ਇਨਸਾਨੀਅਤ ਦੀ ਪਾ'ਤੀ ਪੁੱਠੀ ਬਾਜ਼ੀ।
ਸਿਸਕਦੀਆਂ, ਭੁਸਕਦੀਆਂ ਵਾਂਗ ਹਵਾਵਾਂ
ਬਿਖੜੀਆਂ ਬਿਫਰੀਆਂ ਸੁੰਨੀਆਂ ਰਾਹਵਾਂ।
ਕਿਧਰੋਂ ਵੀ ਕੋਈ ਆਸ ਨਾ ਬਾਕੀ
ਦਿਲ ਕਰਦਾ ਹੋ ਜਾਵਾਂ ਆਕੀ।
ਦੇਰੀ ਨਾ ਢਾਹ 'ਨੂਰਪੁਰੀ' ਉਠ ਖੜ੍ਹ
ਸੱਚ, ਇਨਸਾਫ ਤੇ ਹੱਕ ਲਈ ਲੜ।

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*

# ਅਲਵਿਦਾ ਬਣ ਜਾਂਦੇ ਨੇ ਲੋਕ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਗਿਲਾ ਕੀਤਾ ਸੀ ਕਿ ਸਿਵੇ ਦੇ ਦਗਦੇ ਕੋਲਿਆਂ 'ਤੇ ਆਪਣਾ ਟੁੱਕਰ ਸੇਕਣ ਵਾਲੇ ਲੋਕ ਇਹ ਭੁੱਲ ਹੀ ਜਾਂਦੇ ਨੇ ਕਿ ਸਿਵੇ ਦੀ ਅਗਨੀ ਵਿਚ ਸਭ ਕੁਝ ਨੂੰ ਫਨਾਹ ਕਰਨ ਦੀ ਤਾਕਤ ਹੁੰਦੀ ਏ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਆਪਣੀ ਕਲਮ ਦੀ ਕਾਰਕਰਦਗੀ ਅਤੇ ਪਾਠਕਾਂ ਦੇ ਹੁੰਗਾਰੇ ਦੀ ਬਾਤ ਪਾਈ ਹੈ, "ਇਨ੍ਹਾਂ ਅੱਖਰਾਂ ਨੇ ਬੜਾ ਕੁਝ ਦਿੱਤਾ ਏ। ਕਦੇ ਮਿਲਦੀ ਏ ਮਾਂਵਾਂ ਦੀ ਅਸੀਸ ਅਤੇ ਕਦੇ ਮਿਲਦਾ ਏ ਬਾਪ ਵਰਗੇ ਪਾਠਕਾਂ ਦਾ ਥਾਪੜਾ। ਕਦੇ ਨੌਜਵਾਨ ਵਰਗ ਵਲੋਂ ਇਕ ਸਾਰਥਿਕ ਹੁੰਗਾਰਾ ਅਤੇ ਕਦੇ ਧੀਆਂ ਵਰਗੀ ਕਿਸੇ ਕੁੜੀ ਵਲੋਂ ਕਲਮ ਨੂੰ ਕਲਮ-ਸਾਧਨਾ ਦੀ ਕਾਮਨਾ।" ਉਨ੍ਹਾਂ ਪਾਠਕਾਂ ਪ੍ਰਤੀ ਅਹਿਸਾਨਮੰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ, "ਕਲਮ ਰਿਣੀ ਏ ਤੁਹਾਡੀਆਂ ਭਾਵਨਾਵਾਂ ਦੀ, ਤੁਹਾਡੇ ਮਨਾਂ 'ਚ ਪਲਰਦੇ ਚਾਵਾਂ ਦੀ, ਤੁਹਾਡੇ ਦਿਲ ਵਿਚ ਪਨਪੇ ਪ੍ਰਭਾਵਾਂ ਦੀ ਅਤੇ ਚਾਨਣ ਵੰਡਦੀਆਂ ਰਾਹਾਂ ਦੀ।" ਸ਼ਾਲਾ! ਉਨ੍ਹਾਂ ਦੀ ਕਲਮ ਇਸੇ ਤਰ੍ਹਾਂ ਅੱਖਰ ਉਲੀਕਦੀ ਰਹੇ ਤੇ ਪਾਠਕਾਂ ਨੂੰ ਆਪਣੀ ਅਹਿਸਾਨਮੰਦ ਬਣਾਉਂਦੀ ਰਹੇ। -ਸੰਪਾਦਕ**

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਵਕਤ ਇਕ ਰੰਗ ਮੰਚ। ਕਈ ਤਰ੍ਹਾਂ ਦੇ ਕਿਰਦਾਰ ਇਸ ਰੰਗ ਮੰਚ 'ਤੇ ਆਉਂਦੇ। ਹਰ ਵਿਅਕਤੀ ਦਾ ਆਪਣਾ ਆਪਣਾ ਰੋਲ। ਆਪਣੀ ਸਮਰੱਥਾ ਅਨੁਸਾਰ ਰੋਲ ਚੁਣਦਾ ਅਤੇ ਆਪਣਾ ਰੋਲ ਅਦਾ ਕਰਦਾ ਏ। ਇਹ ਰੋਲ ਕਈ ਤਰ੍ਹਾਂ ਦੀਆਂ ਪਰਤਾਂ ਫਰੋਲਦਾ। ਕਈ ਤਰ੍ਹਾਂ ਦੇ ਪ੍ਰਸ਼ਨ ਦਰਸ਼ਕਾਂ ਦੇ ਸੋਚ ਧਰਾਤਲ ਵਿਚ ਧਰਦਾ। ਲੋਕਾਂ ਦੀ ਸੋਚ ਇਨ੍ਹਾਂ ਪ੍ਰਸ਼ਨਾਂ ਦੇ ਉਤਰਾਂ ਵਿਚ ਨਿਖਰਦੀ ਅਤੇ ਇਨ੍ਹਾਂ ਦਾ ਸਾਰਥਕ ਹੱਲ ਤਲਾਸ਼ਣ ਦੀ ਪ੍ਰੀਕ੍ਰਿਆ ਵਿਚ ਰੁੱਝ ਜਾਂਦੀ।

ਹਰ ਵਿਅਕਤੀ ਦੀ ਆਪਣੀ ਸਮਰੱਥਾ, ਆਪਣੀ ਯੋਗਤਾ ਅਤੇ ਇਸ ਨਾਲ ਉਹ ਆਪਣਾ ਰੋਲ ਪੂਰਨ ਕਾਮਯਾਬੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਦਾ ਪਰ ਕਈ ਵਾਰ ਕਿਸੇ ਵਿਅਕਤੀ ਦੀ ਕਾਰ-ਕਰਦਗੀ ਕਿਸੇ ਨੂੰ ਨਾ ਭਾਉਂਦੀ ਪਰ ਕਈਆਂ ਨੂੰ ਇਹ ਚੰਗੀ ਲਗਦੀ। ਹਰ ਇਕ ਦੀ ਆਪੋ-ਆਪਣੀ ਪਸੰਦ, ਆਪੋ-ਆਪਣੀ ਨਾ-ਪਸੰਦ।

ਜਦ ਇਕ ਵਿਅਕਤੀ ਕੋਈ ਕਿਰਦਾਰ ਨਿਭਾਉਂਦਾ ਏ ਤਾਂ ਉਹ ਕੁਝ ਨਵੀਆਂ ਰਾਹਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕਰਦਾ ਏ, ਕਿਸੇ ਨਵੀਂ ਸੋਚ ਦੇ ਫੈਲਾਅ ਦਾ ਆਧਾਰ ਵੀ ਬਣਦੀ, ਕਿਸੇ ਨਵੀਨਤਮ ਦਿਸਹੱਦਿਆਂ ਦਾ ਸਿਰਨਾਵਾਂ ਸਮੇਂ ਦੀ ਮਸਤਕ ਵਿਚ ਧਰਦੀ ਅਤੇ ਕਿਸੇ ਦੀ ਤਕਦੀਰ ਵੀ ਬਣਦੀ।

ਸਮਾਂ ਕਦੇ ਰੁਕਦਾ ਨਹੀਂ ਅਤੇ ਚਲਦੇ ਵਕਤ ਵਿਚ ਹਰ ਸ਼ਖਸ ਆਪਣੇ ਨਕਸ਼ ਨਿਹਾਰਨ ਦੇ ਨਾਲ ਨਾਲ ਸਮਾਜਿਕ ਨਖਸ਼ਾਂ ਨੂੰ ਨਿਖਾਰਨ ਦੇ ਯਤਨ ਵੀ ਕਰਦਾ। ਇਨ੍ਹਾਂ ਨਕਸ਼ਾਂ ਵਿਚ ਕਈ ਸੁਪਨੇ ਜਨਮ ਲੈਂਦੇ ਅਤੇ ਇਨ੍ਹਾਂ ਸੁਪਨਿਆਂ ਦੀ ਪੂਰਤੀ ਕਈਆਂ ਦਾ ਕਰਮ ਬਣ ਜਾਂਦੀ।

> ***ਅੱਖਰਾਂ ਨਾਲ ਪ੍ਰਤੀਬੱਧਤਾ ਨਾਲ ਆਪਣੀ ਸਾਂਝ ਨਿਭਾਉਣਾ, ਇਕ ਨਿਮਾਣਾ ਜਿਹਾ ਕਰਮ। ਇਨ੍ਹਾਂ ਦੇ ਅਰਥਾਂ ਨੂੰ ਆਪਣੀ ਕਰਮ-ਸਾਧਨਾ ਬਣਾਉਣਾ, ਮੇਰਾ ਧਰਮ। ਇਨ੍ਹਾਂ ਹਰਫਾਂ ਨੂੰ ਸਮਾਜਿਕ ਫਿਜ਼ਾ ਦੇ ਨਾਮ ਕਰਨਾ, ਤੁੱਛ ਜਿਹੀ ਕੋਸ਼ਿਸ਼ ਅਤੇ ਇਸ ਕੋਸ਼ਿਸ਼ ਦੇ ਨਾਮ ਏ ਨਾਚੀਜ਼ ਕਲਮ ਦਾ ਸਫਰ। ਬੜਾ ਕੁਝ ਸਿਖਿਆ ਏ, ਤੁਹਾਡੇ ਮੋਹ ਤੋਂ। ਤੁਹਾਡੇ ਮੋਹ ਦਾ ਸਦਾ ਰਹਾਂਗਾ ਰਿਣੀ ਅਤੇ ਤੁਹਾਡੀ ਅਪਣੱਤ ਮੇਰਾ ਉਮਰ ਭਰ ਦਾ ਸਰਮਾਇਆ।***

ਕੁਝ ਲੋਕ ਬੋਲਾਂ ਸੰਗ ਆਪਣੀ ਹੋਂਦ ਇਸ ਰੰਗਮੰਚ ਦੇ ਨਾਮ ਕਰਦੇ, ਇਨ੍ਹਾਂ ਬੋਲਾਂ ਵਿਚ ਜੀਵਨ ਦੇ ਸੁੱਚੇ ਅਰਥ ਧਰਦੇ ਅਤੇ ਇਕ ਨਵੀਂ ਚੇਤਨਾ ਸਰੋਤਿਆਂ ਦੀ ਚੇਤਨਾ ਵਿਚ ਧਰਦੇ। ਇਹ ਬੋਲ ਫਿਜ਼ਾ ਵਿਚ ਗੂੰਜਦੇ ਅਤੇ ਇਸ 'ਚੋਂ ਪਨਪਦੀ ਆਜ਼ਾਨ-ਰੂਪੀ ਲੋਚਾ, ਜਿੰਦ ਨੂੰ ਉਮਰ ਦਾ ਵਰ ਦਿੰਦੀ। ਇਸ ਜੀਵਨ ਲੋਚਾ ਨਾਲ ਜੀਵਨ ਦੇ ਅਰਥ ਬਦਲ ਜਾਂਦੇ, ਤਬਦੀਲ ਹੋ ਜਾਂਦੀਆਂ ਤਕਦੀਰਾਂ ਅਤੇ ਕਈ ਪ੍ਰਤੀਰੂਪਾਂ ਵਿਚ ਸਾਹਮਣੇ ਆਉਂਦੀਆਂ ਅੱਖਾਂ ਨੂੰ ਭਾਉਂਦੀਆਂ ਤਸਵੀਰਾਂ।

ਕੁਝ ਲੋਕ ਅੱਖਰਾਂ ਦਾ ਵਣਜ ਕਰਦੇ। ਇਨ੍ਹਾਂ ਵਿਚ ਸੁਪਨੇ ਧਰਦੇ। ਇਨ੍ਹਾਂ ਦੀ ਪੂਰਤੀ ਲਈ ਪੂਰਨ ਤਨਦੇਹੀ ਨਾਲ ਪ੍ਰਤੀਬੱਧ ਹੁੰਦੇ ਅਤੇ ਇਸ 'ਚੋਂ ਪ੍ਰਾਪਤ ਸਫਲਤਾ ਨੂੰ ਸਮਿਆਂ ਦੀ ਤਲੀ 'ਤੇ ਧਰਦੇ। ਸਮਾਂ ਉਨ੍ਹਾਂ ਦਾ ਸ਼ੁਕਰ-ਗੁਜ਼ਾਰ ਹੁੰਦਾ। ਇਨ੍ਹਾਂ ਅੱਖਰਾਂ ਨਾਲ ਆਪਣਾ ਰਿਸ਼ਤਾ ਜੋੜਨ ਵਾਲੇ ਬਹੁਤ ਘੱਟ ਲੋਕ ਜੋ ਇਨ੍ਹਾਂ ਦਾ ਹੁੰਗਾਰਾ ਭਰਦੇ ਅਤੇ ਉਨ੍ਹਾਂ ਦੇ ਮਨ ਵਿਚ ਅਜਿਹੇ ਅੱਖਰ-ਵਣਜਾਰਿਆਂ ਨੂੰ ਮਿਲਣ ਲਈ ਮੋਹ ਉਗਦਾ।

ਕੁਝ ਸਮੇਂ ਤੋਂ ਅੱਖਰਾਂ ਵਿਚ ਜ਼ਿੰਦਗੀ ਦਾ ਰੰਗ ਭਰਨ ਦੀ ਨਿਮਾਣੀ ਜਿਹੀ ਪ੍ਰੀਕ੍ਰਿਆ ਵਿਚ ਰੁਝਿਆ ਹੋਇਆ ਹਾਂ। ਪੰਜਾਬੀ ਪਿਆਰਿਆਂ ਦੀ ਮਾਨਸਿਕ ਚੋਗ ਦੀ ਪੂਰਤੀ ਲਈ ਇਕ ਨਿੱਕੀ ਜਿਹੀ ਕੋਸ਼ਿਸ਼ ਹੈ ਅਤੇ ਇਸ ਨਾਲ ਉਨ੍ਹਾਂ ਪੰਜਾਬੀ ਪਿਆਰਿਆਂ ਦਾ ਭਰਵਾਂ ਹੁੰਗਾਰਾ ਹੈ, ਮੇਰਾ ਹਾਸਲ। ਬਹੁਤ ਘੱਟ ਲੋਕਾਂ ਨੂੰ ਮਿਲਦਾ ਏ ਅਜਿਹਾ ਮੋਹ। ਇਕ ਅਪਣੱਤ। ਅਣਜਾਣੇ ਹੁੰਦੇ ਹੋਏ ਵੀ ਆਪਣੇਪਨ ਦਾ ਅਹਿਸਾਸ। ਕਦੇ ਵੀ ਨਾ ਮਿਲੇ ਹੋਣ ਕਾਰਨ, ਨਿੱਤ ਮਿਲਣ ਵਰਗੀ ਇਕ ਅਜੀਬ ਸੁੱਖਦ-ਭਾਵਨਾ।

ਇਨ੍ਹਾਂ ਅੱਖਰਾਂ ਨੇ ਬੜਾ ਕੁਝ ਦਿੱਤਾ ਏ। ਕਦੇ ਮਿਲਦੀ ਏ ਮਾਂਵਾਂ ਦੀ ਅਸੀਸ ਅਤੇ ਕਦੇ ਮਿਲਦਾ ਏ ਬਾਪ ਵਰਗੇ ਪਾਠਕਾਂ ਦਾ ਥਾਪੜਾ। ਕਦੇ ਨੌਜਵਾਨ ਵਰਗ ਵਲੋਂ ਇਕ ਸਾਰਥਿਕ ਹੁੰਗਾਰਾ ਅਤੇ ਕਦੇ ਧੀਆਂ ਵਰਗੀ ਕਿਸੇ ਕੁੜੀ ਵਲੋਂ ਕਲਮ ਨੂੰ ਕਲਮ-ਸਾਧਨਾ ਦੀ ਕਾਮਨਾ। ਬਹੁਤ ਕੁਝ ਮਿਲ ਰਿਹਾ ਏ ਅਤੇ ਮਿਲਦਾ ਰਹੇਗਾ। ਸਭ ਦਾ ਹੁੰਗਾਰਾ ਇਕ ਹਾਸਲ ਅਤੇ ਇਸ ਹਾਸਲ ਦੇ ਨਾਮ 'ਤੇ ਹੀ ਆਪਣੀ ਰੁਖਸਤਗੀ ਦਾ ਸੁਨੇਹਾ ਤੁਹਾਡੀ ਤਲੀ 'ਤੇ ਧਰਨਾ ਚਾਹੁੰਦਾ ਹਾਂ। ਵਕਤ ਮਿਲਿਆ ਤਾਂ ਫਿਰ ਕਦੇ ਇਸ ਅੱਖਰੀ ਸਾਂਝ ਦਾ ਨਸੀਬਾ, ਕੋਰੇ ਵਰਕਿਆਂ ਦੇ ਨਾਮ ਕਰਾਂਗਾ। ਕਲਮ ਰਿਣੀ ਏ ਤੁਹਾਡੀਆਂ ਭਾਵਨਾਵਾਂ ਦੀ, ਤੁਹਾਡੇ ਮਨਾਂ 'ਚ ਪਲਰਦੇ ਚਾਵਾਂ ਦੀ, ਤੁਹਾਡੇ ਦਿਲ ਵਿਚ ਪਨਪੇ ਪ੍ਰਭਾਵਾਂ ਦੀ ਅਤੇ ਚਾਨਣ ਵੰਡਦੀਆਂ ਰਾਹਾਂ ਦੀ। ਉਂਗਲ ਫੜ ਕੇ ਰਸਤੇ ਪਾਉਣ ਵਾਲੇ ਲੋਕ ਹੀ ਕਿਸੇ ਦਾ ਰਹਿਬਰ ਬਣਨ ਦਾ ਕਰਮ ਨਿਭਾ ਸਕਦੇ ਨੇ ਅਤੇ ਸਭ ਪਾਠਕ ਮੇਰੇ ਰਹਿਬਰ ਨੇ।

ਮੈਂ ਤਾਂ ਸਿਰਫ ਕਲਮ-ਕਰਮੀ। ਮਨ ਦੇ ਭਾਵਾਂ ਦੀ ਜ਼ੁਬਾਨ। ਕਿਸੇ ਸੋਚ ਨੂੰ ਹਰਫ। ਕਿਸੇ ਵਿਚਾਰਧਾਰਾ ਨੂੰ ਵਹਾਅ। ਕਿਸੇ ਚੁੱਪ ਨੂੰ ਤੋੜਨ ਦਾ ਕਾਰਜ। ਕਿਸੇ ਵਕਤ ਦੀ ਵੱਖੀ ਵਿਚ ਹੋ ਰਹੀ ਪੀੜ ਨੂੰ ਦੱਸਣਾ। ਕਿਸੇ ਦੀ ਧੁੱਖਦੀ ਸੋਚ ਵਿਚ ਸ਼ਫਾਫ ਹਾਸਿਆਂ ਦਾ ਵੰਡਾਰਾ ਅਤੇ ਕਿਸੇ ਦੇ ਵਿਹੜੇ ਵਿਚ ਇਕ ਦੀਵਾ ਡੰਗਣਾ। ਕਿਸੇ ਦੇ ਬਨੇਰੇ 'ਤੇ ਬੋਲਦੇ ਕਾਂਵਾਂ ਦਾ ਸੁਨੇਹਾ। ਕਿਸੇ ਘਰ ਦੀਆਂ ਪੌੜੀਆਂ ਤੋਂ ਉਤਰਦੀ ਸਰਘੀ। ਕਿਸੇ ਕਮਰੇ ਵਿਚ ਮਿੱਠ-ਬੋਲੜੇ ਬੋਲਾਂ ਦੀ ਗੁਫਤਗੂ। ਕਿਸੇ ਚੌਂਕੇ ਵਿਚ ਨਿੱਕੇ ਨਿੱਕੇ ਹਾਸੇ ਅਤੇ ਠੱਠਿਆਂ ਦਾ ਫੈਲ ਰਿਹਾ ਪਾਸਾਰਾ। ਕਿਸੇ ਦੀ ਚੇਤਨਾ ਨੂੰ ਸੁੱਚੀ ਸੋਚ ਦਾ ਜਾਗ। ਕਿਸੇ ਪਰਿੰਦੇ ਦੇ ਨਾਵੇਂ ਉਚੇ ਅੰਬਰਾਂ ਦੀ ਪਰਵਾਜ਼।



ਇਹ ਅੱਖਰ ਤੁਹਾਡੇ ਕਰਜ਼ਦਾਰ। ਤੁਹਾਡੇ ਸਮੁੱਚ ਦੇ ਰਾਜ਼ਦਾਰ। ਤੁਹਾਡੇ ਵਿਅਕਤੀਤਵ ਨਾਲ ਰਚਾਉਂਦੇ ਸੰਵਾਦ ਅਤੇ ਇਸ 'ਚੋਂ ਹੁੰਦਾ ਕਿਸੇ ਮਾਨਵੀ ਬਿਰਤੀ ਦਾ ਸੰਚਾਰ। ਦਰਅਸਲ ਇਹ ਅੱਖਰ ਤਾਂ ਮੇਰੇ ਹੈ ਨਹੀਂ। ਇਹ ਤਾਂ ਇਕ ਆਵੇਸ਼ ਹੈ ਜੋ ਵਰਕੇ 'ਤੇ ਫੈਲ ਰਿਹਾ ਏ। ਇਕ ਕਰਜ਼-ਉਤਾਰਨ ਦੀ ਤਲਬ ਏ ਇਸ ਜ਼ਿੰਦਗੀ ਦਾ।

ਕੁਝ ਲੋਕ ਉਮਰ ਭਰ ਹੀ ਕਰਜ਼ਈ ਰਹਿੰਦੇ। ਕਦੇ ਉਹ ਹਰਫਾਂ ਦਾ ਕਰਜ਼ ਉਤਾਰਦੇ, ਕਦੇ ਗਿਆਨ ਦਾ ਕਰਜ਼ ਲਾਹੁਣ ਦੀ ਡਿਊਟੀ ਅਤੇ ਕਦੇ ਉਸ ਦੇ ਫਰਜ਼ਾਂ ਵਿਚ, ਸਮਾਜਿਕ-ਦੇਣ ਦਾ ਕਰਜ਼ਾ ਆਪਣਾ ਮੁਹਾਂਦਰਾ ਲਿਸ਼ਕੋਰਦਾ। ਪਰ ਬਹੁਤ ਹੀ ਚੰਗਾ ਲੱਗਦਾ ਏ, ਕਿਸੇ ਦਾ ਦੇਣਦਾਰ ਬਣ ਕੇ ਜਿਉਣਾ। ਕਿਸੇ ਨੂੰ ਦੇਣ ਵਾਲੇ ਲੋਕ ਕਦੇ ਭੁੱਖੇ ਨਹੀਂ ਮਰ ਸਕਦੇ। ਉਨ੍ਹਾਂ ਦਾ ਰੱਜ, ਉਨ੍ਹਾਂ ਦੀ ਦੇਣ ਵਿਚ ਹੀ ਹੁੰਦਾ ਏ ਅਤੇ ਇਹ ਹੀ ਬਣਦਾ ਏ ਉਨ੍ਹਾਂ ਦੇ ਸਕੂਨ ਦਾ ਧਰਾਤਲ।

ਬੜੀ ਚੰਗੀ ਲੱਗਦੀ ਏ ਹਰਫ-ਦੀਵਾਨਿਆਂ ਦੀ ਮੁਹੱਬਤੀ ਤਾਂਘ, ਰਚਨਾ ਨੂੰ ਵਿਸਮਾਦੀ ਲੋਰ ਨਾਲ ਮਾਨਣਾ, ਇਸ 'ਚੋਂ ਚਾਨਣ ਢੂੰਡੇਂਦੀਆਂ ਪੈੜਾਂ ਨੂੰ ਭਾਲਣਾ, ਇਨ੍ਹਾਂ ਪੈੜਾਂ ਨੂੰ ਆਪਣੇ ਸੁਰਖ ਸੋਚ-ਸਰਵਰ ਵਿਚ ਹੰਗਾਲਣਾ ਅਤੇ ਫਿਰ ਕਿਸੇ ਟੀਚੇ ਦੇ ਸਿਰਨਾਵੇਂ ਨੂੰ ਆਪਣੀਆਂ ਰਾਹਾਂ ਵਿਚ ਵਿਸਤਾਰਨਾ।

ਇਹ ਹਰਫ ਜਦ ਕਿਸੇ ਦੀ ਨਿਰਛੱਲ ਸੋਚ ਵਿਚ ਇਕ ਜਾਗ ਲਾਉਂਦੇ, ਕਿਸੇ ਦੇ ਸੀਨੇ ਵਿਚ ਇਕ ਤੜਫ ਉਪਜਾਉਂਦੇ, ਕਿਸੇ ਦੇ ਪੈਰਾਂ ਦੇ ਨਾਮ ਇਕ ਸਫਰ ਲਾਉਂਦੇ, ਕਿਸੇ ਦੇ ਮਸਤਕ ਵਿਚ ਤਾਂਘ ਦਾ ਦੀਪ ਜਗਾਉਂਦੇ ਤਾਂ ਹਰਫਾਂ ਦੀ ਜਾਤ ਆਪਣੀ ਹੋਂਦ 'ਤੇ ਮਾਣ ਕਰਦੀ।

ਹਰਫਾਂ ਦਾ ਸਾਥ, ਇਕ ਨਿਰੰਤਰ ਘਾਲਣਾ। ਇਕ ਸਿਰੜੀ ਸਾਧਨਾ। ਇਕ ਸੰਤੋਖੀ ਸੰਵੇਦਨਾ। ਇਕ ਸੰਜਮੀ ਸਾਰਥਿਕਤਾ। ਇਕ ਸੁਹਜਮਈ ਸੱਚ। ਇਕ ਸਿਤਮਗਰੀ ਸਫਰ ਅਤੇ ਸਮਿਆਂ ਦੀ ਦਾਸਤਾਨ।

ਹਰਫਾਂ ਦਾ ਨਿੱਘ ਮਾਨਣ ਦੀ ਤਮੰਨਾ ਮਨ ਵਿਚ ਪਾਲਣ ਵਾਲੇ ਲੋਕ ਫੱਕਰਪੁਣੇ ਦੀ ਫਿਲਾਸਫੀ, ਸੂਲਾਂ 'ਤੇ ਚਲਣ ਦਾ ਕਸਬ, ਧਾਰ 'ਤੇ ਤੁਰਨ ਦੀ ਲੋਚਾ ਅਤੇ ਗੁੰਮਨਾਮੀ ਦੀ ਜੂਨ ਹੰਢਾ ਰਹੀ ਹੋਸ਼।

ਵਿਰਲੇ ਲੋਕ ਹੁੰਦੇ ਨੇ ਜਿਨ੍ਹਾਂ ਦੇ ਸੀਨੇ ਵਿਚ ਇਨ੍ਹਾਂ ਸ਼ਬਦਾਂ ਲਈ ਚਾਅ, ਇਸ ਵਿਚ ਫੈਲਦੇ ਅਰਥਾਂ ਲਈ ਉਮਾਹ ਅਤੇ ਇਨ੍ਹਾਂ ਦੀ ਹਿੱਕ ਵਿਚ ਦਗਦੇ ਚੰਗਿਆੜਿਆਂ ਲਈ ਸ਼ੁਦਾਅ ਹੁੰਦਾ। ਅਜਿਹੇ ਲੋਕਾਂ ਦੀ ਦਰਿਆ-ਦਿਲੀ ਅਤੇ ਜੀਵਨ ਹੱਠ 'ਤੇ ਕੁਰਬਾਨ ਜਾਣ ਨੂੰ ਜੀ ਕਰਦਾ ਏ।

ਅੱਖਰਾਂ ਨਾਲ ਪ੍ਰਤੀਬੱਧਤਾ ਨਾਲ ਆਪਣੀ ਸਾਂਝ ਨਿਭਾਉਣਾ, ਇਕ ਨਿਮਾਣਾ ਜਿਹਾ ਕਰਮ। ਇਨ੍ਹਾਂ ਦੇ ਅਰਥਾਂ ਨੂੰ ਕਰਮ ਸਾਧਨਾ ਬਣਾਉਣਾ, ਮੇਰਾ ਧਰਮ। ਇਨ੍ਹਾਂ ਹਰਫਾਂ ਨੂੰ ਸਮਾਜਿਕ ਫਿਜ਼ਾ ਦੇ ਨਾਮ ਕਰਨਾ, ਤੁੱਛ ਜਿਹੀ ਕੋਸ਼ਿਸ਼ ਅਤੇ ਇਸ ਕੋਸ਼ਿਸ਼ ਦੇ ਨਾਮ ਏ ਨਾਚੀਜ਼ ਕਲਮ ਦਾ ਸਫਰ। ਬੜਾ ਕੁਝ ਸਿਖਿਆ ਏ, ਤੁਹਾਡੇ ਮੋਹ ਤੋਂ। ਤੁਹਾਡੇ ਮੋਹ ਦਾ ਸਦਾ ਰਹਾਂਗਾ ਰਿਣੀ ਤੇ ਤੁਹਾਡੀ ਅਪਣੱਤ ਮੇਰਾ ਉਮਰ ਭਰ ਦਾ ਸਰਮਾਇਆ।

ਅਲਵਿਦਾ ਕਹਿਣਾ ਬੜਾ ਔਖਾ ਹੁੰਦਾ ਏ ਪਰ ਆਖਰ ਨੂੰ ਤਾਂ ਅਲਵਿਦਾ ਕਹਿ ਕੇ ਹੀ ਇਕ ਯਾਤਰੀ ਆਪਣੇ ਸਫਰ ਦੀ ਨਿਰੰਤਰਤਾ ਵਿਚ ਵਾਧਾ ਕਰਦਾ ਏ। ਨਿਰੰਤਰਤਾ, ਜੋ ਇਸ ਜੱਗ ਦੀ ਰੀਤ ਏ ਅਤੇ ਮੈਂ ਵੀ ਇਸ ਰੀਤ ਨੂੰ ਨਿਭਾਉਣ ਵਾਲਾ ਇਕ ਅਦਨਾ ਮਨੁੱਖ, ਤੁਹਾਡੇ ਭਾਵਾਂ ਦਾ ਸਦੀਵੀ ਕਦਰਦਾਨ।

ਦੁਆ ਜਰੂਰ ਕਰਨੀ ਕਿ ਮੇਰੀ ਕਲਮ ਨੂੰ ਹਰਫਾਂ ਦਾ ਦਾਨ ਮਿਲੇ। ਇਹਦੇ ਵਿਚ ਸੁੱਚੇ ਅਤੇ ਡੂੰਘੇ ਅਰਥਾਂ ਦਾ ਵਰਦਾਨ ਮਿਲੇ। ਜਿੰਦ-ਸਫਾ ਕਦੇ ਵੀ ਕੋਰੇ ਵਰਕੇ ਦੀ ਜੂਨ ਨਾ ਹੰਢਾਵੇ ਅਤੇ ਨਾ ਹੀ ਕਦੇ ਇਸ ਦੀ ਝੋਲੀ ਨੂੰ ਸੱਖਣਾ ਕਰੇ।

ਅਸੀਸ ਜਰੂਰ ਦੇਣੀ ਕਿ ਜੀਵਨ ਦਾ ਸੁੱਚਮ ਤੁਹਾਡੇ ਨਾਂ ਕਰਦਾ ਰਹਾਂ, ਕਦਰਾਂ ਕੀਮਤਾਂ ਦੀ ਦੱਸ ਪਾਉਂਦਾ ਰਹਾਂ, ਆਪਣੇ ਵਿਰਸੇ ਪ੍ਰਤੀ ਚੇਤਨਾ ਦਾ ਜਾਗ ਲਾਉਂਦਾ ਰਹਾਂ ਅਤੇ ਆਪਣੇ ਸਭਿਆਚਾਰ ਦੀ ਵਿਲੱਖਣਤਾ ਬਾਰੇ ਸੁਚੇਤ ਕਰਦਾ ਰਹਾਂ।

ਇਨ੍ਹਾਂ ਹਰਫਾਂ ਦਾ ਮਾਣ ਕਰਨ ਵਾਲੇ ਲੋਕ ਮੇਰੀਆਂ ਸੋਚਾਂ ਦੇ ਸਦੀਵੀ ਪਾਤਰ ਅਤੇ ਇਹ ਪਾਤਰ ਮੇਰਾ ਹਾਸਲ, ਮੇਰਾ ਸੁਖਨ, ਮੇਰਾ ਸ਼ਰਫ ਅਤੇ ਇਕ ਮਾਣਮੱਤੀ ਪ੍ਰਾਪਤੀ।

ਜਿਉਂਦੇ ਰਹਿਣ ਮੇਰੀ ਕਲਮ ਦੇ ਪਾਤਰ, ਚਿਰਸੰਜੀਵ ਰਹੇ ਇਨ੍ਹਾਂ ਦੇ ਨੈਣਾਂ ਵਿਚ ਜਗਦੀ ਲੋਅ, ਸਦਾ ਸਲਾਮਤ ਰਹੇ ਇਨ੍ਹਾਂ ਵਿਚ ਰਮ ਚੁਕੀ ਤਾਜ਼ਗੀ, ਰੁਮਕਦੀ ਰਹੇ ਇਨ੍ਹਾਂ ਵਿਚ ਕਾਵਿਕਤਾ, ਤਰਲਤਾ ਦੇ ਰਾਹੀਂ ਪਈ ਰਹੇ ਇਸ ਦੀ ਰਵਾਨਗੀ ਅਤੇ ਅਟੁੱਟ ਰਹੇ ਇਸ ਦੀ ਨਿਰੰਤਰਤਾ।

ਅਲਵਿਦਾ ਬਣਨ ਵਾਲੇ ਲੋਕ ਸਮੇਂ ਦਾ ਸੰਜ਼ੀਲਾ ਸ਼ਰਫ। ਫੱਕਰਾਂ ਦੀ ਰਹਿਮਤ। ਕਰਮਯੋਗੀਆਂ ਦੀ ਧੁੱਖਦੀ ਧੂਣੀ। ਯੱਖ ਮੌਸਮਾਂ ਵਿਚ ਪਸਰ ਰਿਹਾ ਨਿੱਘ। ਕਾਲਖ ਭਰੇ ਰਾਹਾਂ ਵਿਚ ਵਿਛ ਰਹੀ ਚਾਨਣ ਦੀ ਕਾਤਰ। ਬੇਮੌਸਮੀ ਰੁੱਤ ਦੇ ਨਾਂਵੇਂ ਬਹਾਰ ਦਾ ਨਿਉਂਦਾ। ਬਿਰਖ ਦੀ ਮਾਤਮੀ ਚੁੱਪ ਦੇ ਨਾਮ ਪਰਿੰਦਿਆਂ ਦੀ ਗੁਟਕਣੀ ਅਤੇ ਇਸ ਦੀਆਂ ਸ਼ਾਖਾਵਾਂ ਦੇ ਕੰਨੀਂ ਆਲ੍ਹਣਿਆਂ ਦੇ ਬੁੰਦੇ।

ਜਿੰਨਾ ਚਿਰ ਸਾਹ ਵਫਾ ਕਰਦੇ ਰਹਿਣ, ਜ਼ਿੰਦਗੀ ਸੰਗ ਪਾਕੀਜ਼-ਰਿਸ਼ਤਾ ਨਿਭਾਉਂਦੇ ਰਹੋ।

---

## ਪੁਸਤਕ ਚਰਚਾ

# ਪਿਆਰ ਕਸਤੂਰੀ ਵਰਗੀ ਪੁਸਤਕ 'ਅਕੱਥ ਕਹਾਣੀ ਪ੍ਰੇਮ ਕੀ'

'ਅਕੱਥ ਕਹਾਣੀ ਪ੍ਰੇਮ ਕੀ' ਇਹ ਸਿਰਲੇਖ ਕੁੱਜੇ 'ਚ ਸਮੁੰਦਰ ਵਾਂਗ ਹੈ। ਉਵੇਂ ਹੀ, ਜਿਵੇਂ ਕਰਮਜੀਤ ਸਿੰਘ ਦਾ ਐਮ.ਏ. 'ਚ ਲਿਖਿਆ ਡੇਢ ਸਫੇ ਦਾ ਨਿਬੰਧ 74% ਲੈ ਕੇ ਅੱਵਲ ਆਇਆ ਸੀ। ਇਹ ਕਹਾਣੀ ਇਕ ਯੂਨੀਵਰਸਲ ਪ੍ਰੇਮ ਗਾਥਾ ਬਣੀ ਹੈ। ਜੁਗਾਂ ਤੇ ਸਰਹੱਦਾਂ ਤੋਂ ਪਰੇ ਦੀ ਹੋ ਕੇ ਵਲੇਵਾਂ ਪਾਉਂਦੀ ਹੈ। ਅਕਥ ਜ਼ਰੂਰ ਸੀ ਹੁਣ ਤਕ, ਪਰ ਪ੍ਰਿਤਪਾਲ ਕੌਰ ਨੇ ਜਿਸ ਪਿਆਰ, ਸਤਿਕਾਰ ਤੇ ਨਿੱਘ ਨਾਲ ਇਸ ਨੂੰ ਉਲੀਕਿਆ ਹੈ, ਇਹ ਕਥਾ ਹੁਣ ਉਮਰਾਂ ਤੱਕ ਬੋਲੇਗੀ, ਗੂੰਜੇਗੀ। ਕੇਵਲ ਕਹਾਣੀ ਨਹੀਂ, ਇਹ ਤਾਂ ਮੈਨੂਅਲ ਹੈ ਜ਼ਿੰਦਗੀ ਜਿਉਣ ਦਾ। ਇੱਕ ਇੱਕ ਲਫਜ਼, ਇਕ ਇਕ ਵਾਕਿਆ, ਹਰ ਹੱਡ ਬੀਤੀ-ਸਾਡੇ ਲਈ ਜਿਉਣ ਦੀ ਰਾਹ ਲਈ ਪਾਏ ਪੂਰਨੇ ਹਨ। ਪੰਜਾਬੀ ਸਾਹਿਤ ਨੂੰ ਇਹ ਦੇਣ ਅਣਮੁੱਲੀ ਹੈ। ਆਪਣਾ ਆਪ ਸਮੇਟ ਕੇ, ਹਰਫਾਂ 'ਚ ਪਰੋ ਕੇ ਸਰੋਤਿਆਂ ਨਾਲ ਸਾਂਝਾ ਕਰਨਾ ਕੋਈ ਮਾਮੂਲੀ ਕਾਰਜ ਨਹੀਂ ਹੈ।




ਜੋ ਪਿਆਰ, ਜੋ ਸਤਿਕਾਰ ਤੇ ਨਿਰਸਵਾਰਥ ਮੋਹ ਇਸ ਦੰਪਤੀ ਨੇ ਜੀਵਿਆ ਹੈ, ਉਹ ਚਾਨਣ ਮੁਨਾਰਾ ਹੈ ਸਾਡੀ ਪੀੜ੍ਹੀ ਲਈ ਅਤੇ ਅਗਲੀ ਤੇ ਅਗਲੇਰੀ ਪੀੜ੍ਹੀ ਲਈ। ਜੀਵਨ ਜਾਚ ਹੈ ਸੰਪੂਰਨ ਸਮਰਪਣ ਦੀ। ਅਹੰ ਤਾਂ ਬਹੁਤ ਸੌਖਾ ਹੈ ਨਿਭਾਉਣਾ। ਕੋਈ ਇੰਨੀ ਹਲੀਮੀ ਨਿਭਾ ਕੇ ਨਿਤਰੇ ਤਾਂ ਉਸ ਵੱਲ ਸਿਜਦਾ ਸੁਭਾਵਕ ਹੀ ਹੋ ਜਾਂਦਾ ਹੈ। ਪ੍ਰਿਤਪਾਲ ਕੌਰ ਨੇ ਇਹ ਪਿਆਰ ਕਸਤੂਰੀ ਵਾਂਗ ਸਾਂਭ ਕੇ ਰੱਖਿਆ ਹੈ। ਇਸ ਕਸਤੂਰੀ ਦੀ ਮਹਿਕ ਤੇ ਲੋਅ ਉਨ੍ਹਾਂ ਦੀ ਲਿਖਤ ਵਿਚੋਂ ਸਾਫ ਝਲਕਦੀ ਹੈ। ਇਸੇ ਦੀ ਮਹਿਕ ਉਨ੍ਹਾਂ ਦੀ ਸ਼ਖਸੀਅਤ 'ਚੋਂ ਰੁਮਕਦੀ ਹੈ, ਠੰਡੀ ਪੌਣ ਵਾਂਗ। ਜੋ ਵੀ ਸੰਪਰਕ 'ਚ ਆਉਂਦਾ ਹੈ, ਉਸ ਨੂੰ ਇਹ ਸੌਗਾਤ ਨਸੀਬ ਹੁੰਦੀ ਹੈ, ਭਰਿਆ ਜਾਂਦਾ ਹੈ ਹਰ ਮਨੁੱਖ ਇਸ ਅਣਮੁੱਲੀ ਦਾਤ ਨਾਲ।

ਕਰਮਜੀਤ ਸਿੰਘ ਦੀ ਮਿੱਠੀ ਰੇਸ਼ਮੀ ਆਵਾਜ਼ ਸੁਣਦੀ ਹੈ, ਇਸ ਲਿਖਤ ਵਿਚੋਂ। ਬੱਸ ਹੌਲੀ ਹੌਲੀ ਇਹ ਰੇਸ਼ਮ ਦੀ ਤੰਦ ਸੰਦੂਕ ਵਿਚੋਂ ਕੱਢ ਕੇ, ਪੋਟਿਆਂ ਨਾਲ ਛੂਹ ਕੇ ਫਿਰ ਸਾਂਭ ਕੇ ਰੱਖ ਲਓ, ਭਵਿੱਖ ਦੇ ਹਵਾਲੇ ਲਈ। ਮਿਠਾਸ ਭਰ ਕੇ ਇਹ ਆਵਾਜ਼ ਆਈ ਸੀ ਤੇ ਮਿਠਾਸ ਵੰਡ ਕੇ, ਸਭ ਨੂੰ ਸਰਸ਼ਾਰ ਕਰ ਕੇ ਲੁਕ ਗਈ ਸੀ। ਮੁੜ ਫੇਰ ਇਸ ਅਕੱਥ ਕਹਾਣੀ ਨੇ ਉਸ ਨੂੰ ਜੀਵਨ ਦਿੱਤਾ ਹੈ।

ਜਾਚ ਸਿਖਾਉਂਦੀ ਹੈ ਇਹ ਲਿਖਤ, ਹਿਜ਼ਰ ਨੂੰ ਹੰਢਾਉਣ ਦੀ, ਯਾਦਾਂ ਨੂੰ ਪਰੋਣ ਦੀ ਤੇ ਆਪਣੇ ਪਿਆਰੇ ਦੇ ਸੰਗ ਬਿਤਾਏ ਹਰ ਪਲ ਨੂੰ ਮੁੜ ਜਿਉ ਕੇ ਉਸ ਵਿਚੋਂ ਅਥਾਹ ਪਿਆਰ, ਸ਼ਕਤੀ ਤੇ ਚੜ੍ਹਦੀਕਲਾ ਲੈ ਕੇ ਉਸ ਨੂੰ ਅੱਗੇ ਵੰਡਣ ਦੀ। ਰਾਹ ਰੁਸ਼ਨਾਉਂਦੀ ਹੈ ਉਨ੍ਹਾਂ ਦਾ, ਜਿਨ੍ਹਾਂ ਦਾ ਪਿਆਰਾ ਵਿਛੜ ਗਿਆ। ਪ੍ਰੇਰਨਾ ਦਿੰਦੀ ਹੈ ਹਰ ਉਸ ਸ਼ਖਸ ਨੂੰ, ਜੋ ਚੰਗਾ ਜੀਵਨ ਸਾਥੀ, ਚੰਗਾ ਇਨਸਾਨ, ਚੰਗਾ ਅਧਿਆਪਕ, ਚੰਗਾ ਦੋਸਤ, ਚੰਗਾ ਬਾਪ, ਚੰਗਾ ਭੈਣ ਜਾਂ ਭਰਾ ਬਣਨ ਦੀ ਚਾਹ ਕਰਦਾ ਹੈ। ਪ੍ਰੇਰਨਾ ਹੈ ਹਰ ਉਸ ਦੰਪਤੀ ਲਈ, ਜੋ ਜੀਵਨ 'ਚ ਸੁਖ ਟੋਲ੍ਹਦਾ ਹੈ-ਇਕ ਦੂਜੇ ਤੋਂ ਆਪਾ ਵਾਰਨ ਲਈ।

ਆਪਾ ਵਾਰ ਕੇ ਦੂਜੇ ਦੀ ਖੁਸ਼ੀ ਵੇਖ ਕੇ ਜੋ ਪੱਬਾਂ ਭਰ ਨੱਚਣ ਵਰਗਾ ਵਿਸਮਾਦ ਹੈ, ਉਸ ਵਿਸਮਾਦ ਦਾ ਪ੍ਰਤੱਖ ਪ੍ਰਮਾਣ ਹੈ ਇਹ ਲਿਖਤ। ਪ੍ਰੋਫੈਸਰ ਕਰਮਜੀਤ ਸਿੰਘ ਵਰਗਾ ਪਾਰਸ ਮੁੜ ਸਿਰਜ ਕੇ ਆਪਣੇ ਹਰਫਾਂ ਨਾਲ ਸ੍ਰੀਮਤੀ ਪ੍ਰਿਤਪਾਲ ਕੌਰ ਨੇ ਸਾਡੇ ਸਭ ਨਾਲ ਸਾਂਝਾ ਕੀਤਾ ਹੈ, ਉਸ ਫਰਾਖਦਿਲੀ ਲਈ ਸਾਰੇ ਪੰਜਾਬੀ ਸਰੋਤੇ ਉਨ੍ਹਾਂ ਦੇ ਦਿਲੋਂ ਧੰਨਵਾਦੀ ਹਨ।

ਇਸ ਕਿਤਾਬ ਵਿਚਲਾ ਸ਼ਾਖਸਾਤ ਕਰਮਜੀਤ ਸਿੰਘ ਖਾਲਸ ਪਿਆਰ ਨਾਲ ਪਰੁਚਿਆ ਤੇ ਨੱਕੋ ਨੱਕ ਭਰਿਆ ਹੈ। ਇਹ ਪਿਆਰ ਉਸ ਨੂੰ ਚਾਨਣ ਦੀ ਇਕ ਕਿਰਨ ਬਣਾ ਦਿੰਦਾ ਹੈ। ਬਹੁਤ ਹੀ ਹੁਸੀਨ, ਕੋਮਲ, ਸੂਖਮ ਪਰ ਚੱਟਾਨ ਵਾਂਗ ਸ਼ਕਤੀਸ਼ਾਲੀ ਵੀ। ਸਾਦ ਮੁਰਾਦੀ ਪਰ ਰੂਹ ਦੀਆਂ ਡੂੰਘਾਈਆਂ ਵਿਚ ਲਹਿਣ ਵਾਲੀ ਗੰਭੀਰਤਾ ਨਾਲ ਵਰੋਸਾਈ। ਆਪਣੀ ਅਜੀਜ਼ ਪਤਨੀ ਨੂੰ ਲਿਖੇ ਖਤ ਆਪਣੇ ਆਪ ਵਿਚ ਇਕ ਤੜਪ, ਸੋਜ਼, ਦਰਦ ਵਿਛੋੜੇ ਦਾ ਹਾਲ, ਅਥਾਹ ਪਿਆਰ ਤੇ ਟੁੰਬਵੀਂ ਖਿੱਚ ਦਾ ਇਜ਼ਹਾਰ ਹਨ।


**ਨੋਟ:** ਬੀਬੀ ਪ੍ਰਿਤਪਾਲ ਕੌਰ ਸਰਕਾਰੀ ਬਰਜਿੰਦਰਾ ਕਾਲਜ, ਫਰੀਦਕੋਟ ਤੋਂ ਇਤਿਹਾਸ ਦੇ ਸਾਬਕਾ ਪ੍ਰੋਫੈਸਰ ਹਨ। ਪੁਸਤਕ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਵਲੋਂ ਛਾਪੀ ਗਈ ਹੈ।

***-ਪ੍ਰੀਤ ਨਵਰਾਹੀ***
***preet.navrahi@gmail.com***

**ਯਾਦ-ਝਰੋਖਾ**

# ਸੰਜੌਲੀ ਕਾਲਜ ਦੇ ਦਿਨ

***ਨ੍ਰਿਪਇੰਦਰ ਰਤਨ ਨੇ ਅਫਸਰੀ ਵੀ ਕੀਤੀ ਹੈ ਅਤੇ ਸਾਹਿਤ ਵੀ ਰਚਿਆ ਹੈ। ਉਨ੍ਹਾਂ ਦੀਆਂ ਕਹਾਣੀਆਂ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਮੁਕਾਮ ਹੈ। ਆਪਣੀ ਸਵੈ-ਜੀਵਨੀ 'ਕਤਰਨ ਕਤਰਨ ਯਾਦਾਂ' ਵਿਚ ਉਨ੍ਹਾਂ ਆਪਣੇ ਜੀਵਨ ਨਾਲ ਜੁੜੀਆਂ ਯਾਦਾਂ ਜੋੜੀਆਂ ਹਨ। ਇਨ੍ਹਾਂ ਵਿਚੋਂ ਇਕ ਯਾਦ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਵਿਚ ਉਹ ਸਿਖਿਆ ਢਾਂਚੇ ਬਾਰੇ ਬਹੁਤ ਸਹਿਜ ਨਾਲ ਤਿੱਖੀ ਟਿੱਪਣੀ ਕਰ ਗਏ ਹਨ। -ਸੰਪਾਦਕ***



**ਨ੍ਰਿਪਇੰਦਰ ਰਤਨ**




*ਅੱਜ ਦੇ ਸੰਜੌਲੀ ਕਾਲਜ ਦੀ ਝਲਕ।*

ਹੁਣ ਤਾਂ ਸੰਜੌਲੀ, ਸ਼ਿਮਲਾ ਦਾ ਮਹੱਤਵਪੂਰਨ ਇਲਾਕਾ ਹੈ; ਪਰ ਉਨ੍ਹਾਂ ਦਿਨਾਂ ਵਿਚ ਇਹ "ਅਹੁ... ਸੰਜੌਲੀ... ਕਾਫ਼ੀ ਬਾਹਰ ਹੈ ਸ਼ਹਿਰ ਤੋਂ" ਵਾਂਗ ਪੁਕਾਰਿਆ ਤੇ ਜਾਣਿਆ ਜਾਂਦਾ ਸੀ। ਸ਼ਿਮਲਾ ਦੇ ਮਸ਼ਹੂਰ ਸਕੈਂਡਲ ਪੁਆਇੰਟ ਅਤੇ ਰਿੱਜ ਤੋਂ ਲੱਕੜ ਬਾਜ਼ਾਰ ਸ਼ੁਰੂ ਹੁੰਦਾ ਹੈ। ਸ਼ਿਮਲਾ ਨੂੰ ਜਾਂਦਿਆਂ ਸੁਰੰਗ ਲੰਘ ਕੇ ਹਿੰਦੁਸਤਾਨ-ਤਿੱਬਤ ਰੋਡ ਉਥੇ ਜਾ ਕੇ ਮਿਲਦੀ ਹੈ, ਜਿਥੇ ਉਪਰੋਂ ਰਿੱਜ ਵੱਲੋਂ ਆਉਂਦੀ ਸੜਕ ਅਤੇ ਉਸੇ ਪੁਆਇੰਟ ਤੋਂ ਹੀ ਸੰਜੌਲੀ ਦਾ ਬਾਜ਼ਾਰ ਸ਼ੁਰੂ ਹੁੰਦਾ ਹੈ। ਉਦੋਂ ਸੜਕਾਂ ਦੇ ਉਸ ਸੰਗਮ ਉਤੇ ਕੁਲ ਚਾਰ-ਪੰਜ ਖੋਖੇ ਹੁੰਦੇ ਸਨ- ਇਕ ਚਾਹ ਦਾ, ਇਕ ਸਬਜ਼ੀਆਂ ਦਾ, ਇਕ ਮੋਚੀ ਦਾ ਅਤੇ ਇਕ ਜਾਂ ਦੋ ਹੋਰ। ਬਿਜਲੀ ਨਹੀਂ ਸੀ ਹੁੰਦੀ, ਦੁਕਾਨਾਂ ਉਤੇ ਲਾਲਟੈਨਾਂ ਜਾਂ ਢਿਬਰੀਆਂ ਬਲਦੀਆਂ ਹੁੰਦੀਆਂ। ਅਗਾਂਹ ਤੰਗ ਬਾਜ਼ਾਰ ਸ਼ੁਰੂ ਹੋ ਜਾਂਦਾ ਸੀ ਅਤੇ ਫੇਰ ਸੁਰੰਗ ਜਿਸ ਨੂੰ ਲੰਘ ਕੇ ਮੁਸ਼ੋਬਰਾ, ਕੁਫ਼ਰੀ ਵੱਲ ਸੜਕਾਂ ਜਾਂਦੀਆਂ ਹਨ।

ਸੰਜੌਲੀ ਦੇ ਸੜਕਾਂ ਦੇ ਉਸ ਸੰਗਮ ਪੁਆਇੰਟ ਤੋਂ ਕਰੀਬ ਅੱਧਾ ਕੁ ਕਿਲੋਮੀਟਰ ਉਰ੍ਹਾਂ ਹੀ ਸੰਜੌਲੀ ਦਾ ਸਰਕਾਰੀ ਬੀ.ਐੱਡ. ਕਾਲਜ ਬਣਿਆ ਹੋਇਆ ਹੈ। ਉਸ ਦੇ ਪਿਛਲੇ ਪਾਸੇ, ਹੇਠੋਂ ਦੀ ਹਿੰਦੁਸਤਾਨ-ਤਿੱਬਤ ਸੜਕ ਲੰਘਦੀ ਹੈ ਅਤੇ ਉਪਰਲੇ ਪਾਸੇ, ਅੱਗਿਓਂ ਦੀ ਰਿੱਜ-ਸੰਜੌਲੀ ਸੜਕ ਹੈ। ਦੋਹਾਂ ਸੜਕਾਂ ਦੇ ਵਿਚਕਾਰ ਅਤੇ ਖੁੱਲ੍ਹੇ ਮੈਦਾਨ ਵਿਚ ਇਸ ਕਾਲਜ ਦੀ ਸ਼ਾਨਦਾਰ ਇਮਾਰਤ ਹੁੰਦੀ ਸੀ ਜਿਸ ਦੇ ਉਤਰ ਅਤੇ ਪੱਛਮ ਵੱਲ ਦੂਰ ਦੂਰ ਤੱਕ ਹਰਿਆਲੀ ਨਾਲ ਲੱਦੇ ਪਹਾੜ ਅਤੇ ਟਾਵੇਂ-ਟਾਵੇਂ ਬਣੇ ਹੋਏ ਘਰ ਹੁੰਦੇ ਸਨ।

ਮੇਰੇ ਨਾਭਾ ਕਾਲਜ ਵਿਚ ਲੈਕਚਰਾਰ ਲੱਗਣ ਤੋਂ ਸਾਲ ਪਿਛੋਂ ਸੰਨ 1965 ਦੀਆਂ ਗਰਮੀਆਂ ਵਿਚ, ਪੰਜਾਬ ਯੂਨੀਵਰਸਿਟੀ ਵੱਲੋਂ ਨਵੇਂ ਭਰਤੀ ਹੋਏ ਸਾਰੇ ਕਾਲਜ ਅਧਿਆਪਕਾਂ ਲਈ ਓਰੀਐਂਟੇਸ਼ਨ ਕੋਰਸ ਲਗਾਇਆ ਗਿਆ ਸੀ। ਉਸ ਵਿਚ ਭਾਗ ਲੈਣਾ ਜ਼ਰੂਰੀ ਸੀ। ਇਸ ਲਈ ਬੋਰੀਆ ਬਿਸਤਰ ਸਾਂਭ ਕੇ ਮੈਂ ਸ਼ਿਮਲਾ ਵਾਸਤੇ ਰਵਾਨਾ ਹੋ ਗਿਆ। ਪਹਾੜ ਦੀ ਯਾਤਰਾ ਵਿਚ ਘੁਮਾਓਦਾਰ ਸੜਕਾਂ ਕਰ ਕੇ ਮੇਰੀ ਤਬੀਅਤ ਬਹੁਤ ਖਰਾਬ ਹੋ ਜਾਂਦੀ ਸੀ, ਚੱਕਰ ਆਉਂਦੇ ਸਨ, ਉਲਟੀਆਂ ਕਰ ਕਰ ਕੇ ਬੁਰਾ ਹਾਲ ਹੋ ਜਾਂਦਾ ਸੀ। ਮੈਨੂੰ ਬਚਪਨ ਵਿਚ ਸ਼ਿਮਲਾ ਯਾਤਰਾ ਦਾ ਤਜਰਬਾ ਯਾਦ ਆ ਜਾਂਦਾ ਹੈ, ਹਮੇਸ਼ਾ ਹੀ ਜਦੋਂ ਵੀ ਸ਼ਿਮਲਾ ਵੱਲ ਜਾਈਏ। ਉਦੋਂ ਅਸੀਂ ਸਕੂਲ ਵਿਚ ਪੜ੍ਹਦੇ ਹੁੰਦੇ ਸਾਂ, ਛੇਵੀਂ ਜਾਂ ਸਤਵੀਂ ਜਮਾਤ ਵਿਚ। ਸਾਡੇ ਮਾਮਾ ਜੀ ਉਦੋਂ ਇਨਕਮ ਟੈਕਸ ਵਿਭਾਗ ਵਿਚ ਨਿਯੁਕਤ ਸਨ। ਉਹ ਸਾਨੂੰ ਸ਼ਿਮਲਾ ਦੀ ਸੈਰ ਵਾਸਤੇ ਲੈ ਤੁਰੇ ਸਨ ਪਟਿਆਲਾ ਤੋਂ ਅਤੇ ਕਾਲਕਾ ਤੋਂ ਟੈਕਸੀ ਕਰ ਲਈ ਸੀ। ਪਹਾੜੀ ਸੜਕਾਂ ਉਤੇ ਮੇਰਾ ਐਨਾ ਬੁਰਾ ਹਾਲ ਹੋ ਗਿਆ ਸੀ ਕਿ ਬੇਸੁਧੀ ਵਿਚ ਹੀ ਮੈਂ ਚਲਦੀ ਟੈਕਸੀ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਸੀ। ਮੁਸ਼ਕਿਲ ਨਾਲ ਮੇਰਾ ਬਚਾਅ ਹੋਇਆ ਸੀ ਬਾਹਰ ਡਿੱਗਣ ਤੋਂ।

ਇੰਜ ਹੀ, ਚੱਕਰਾਂ ਵਿਚ ਘਿਰਿਆ, ਉਲਟੀਆਂ ਕਰਦਿਆਂ, ਮੱਤ ਮਾਰੀ ਹੋਈ ਹਾਲਤ ਵਿਚ ਸ਼ਿਮਲਾ ਪੁੱਜ ਗਿਆ ਸਾਂ, ਪਰ ਹੇਠਾਂ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅੱਗੇ ਜਾ ਕੇ ਬਣੇ ਬੱਸ ਸਟੇਸ਼ਨ ਉਤੇ ਉਤਰੇ ਤਾਂ ਕੁਝ ਸੁਰਤ ਪਰਤੀ। ਉਥੋਂ ਪਾਂਡੀ ਨੂੰ ਆਪਣਾ ਅਟੈਚੀ-ਬਿਸਤਰਾ ਚੁਕਾ ਕੇ ਸੰਜੌਲੀ ਵਾਸਤੇ ਉਪਰ ਚੜ੍ਹਨਾ ਸ਼ੁਰੂ ਕੀਤਾ ਅਤੇ ਕਰੀਬ ਤੀਹ ਚਾਲੀ ਮਿੰਟਾਂ ਪਿਛੋਂ ਅਸੀਂ ਬੀ.ਐੱਡ. ਕਾਲਜ ਪੁੱਜ ਗਏ। ਸਾਫ਼ ਸਵੱਛ, ਠੰਢੀ ਹਵਾ ਵਿਚ ਤੁਰਦਿਆਂ, ਪਹਾੜਾਂ ਦੇ ਨਜ਼ਾਰੇ ਮਾਣਦਿਆਂ, ਸੰਜੌਲੀ ਕਾਲਜ ਤੱਕ ਪੁੱਜਦਿਆਂ ਰਸਤੇ ਦੀਆਂ ਖੁਆਰੀਆਂ ਦਾ ਚਿਤ-ਚੇਤਾ ਵੀ ਨਹੀਂ ਰਿਹਾ।

ਕਾਲਜ ਰਿਪੋਰਟ ਕਰਨ ਪਿਛੋਂ ਮੈਨੂੰ ਕਾਲਜ ਦੀ ਉਪਰਲੀ ਮੰਜ਼ਿਲ ਉਤੇ ਬਣੇ ਵੱਡੇ ਸਾਰੇ ਹਾਲ ਵਰਗੇ ਹੋਸਟਲ ਵਿਚ ਸੀਟ ਮਿਲੀ ਸੀ। ਉਸ ਹਾਲ ਵਿਚ ਮੇਰੇ ਨਾਲ ਨੌਂ ਹੋਰ ਲੈਕਚਰਾਰ ਸਨ- ਇਕ ਜੋਗਿੰਦਰ ਸਿੰਘ ਕੈਮਿਸਟਰੀ ਦਾ ਬਠਿੰਡਾ ਤੋਂ ਅਤੇ ਬਾਕੀ ਸਾਰੇ ਫਿਜ਼ੀਕਲ ਕਾਲਜ ਪਟਿਆਲਾ ਤੋਂ ਸਨ। ਹਰਨੇਕ ਸਿੰਘ 'ਫਿਲਾਸਫ਼ਰ', ਮਹਿੰਦਰ ਸਿੰਘ, ਜੋਗਿੰਦਰ ਸਿੰਘ, ਕਰਤਾਰ ਸਿੰਘ ਪੰਨੂ ਕਬੱਡੀ ਵਾਲਾ ਆਦਿ ਤਾਂ ਵਿਸ਼ੇਸ਼ ਯਾਦ ਹਨ, ਦੂਜਿਆਂ ਦੇ ਨਾਮ ਯਾਦ ਨਹੀਂ ਰਹੇ। ਸਾਰੇ ਪੰਜਾਬ ਵਿਚੋਂ (ਉਦੋਂ ਅਜੇ ਹਰਿਆਣਾ ਨਹੀਂ ਸੀ ਬਣਿਆ) ਕਰੀਬ ਇਕ ਸੌ ਤੀਹ ਲੈਕਚਰਾਰ ਉਥੇ ਆਏ ਸਨ। ਉਥੇ ਹੀ ਕਰਤਾਰ ਸਿੰਘ ਅੰਗਰੇਜ਼ੀ ਵਾਲਾ, ਅੰਮ੍ਰਿਤਸਰ ਗੌਰਮਿੰਟ ਗਰਲਜ਼ ਕਾਲਜ ਤੋਂ ਅੰਗਰੇਜ਼ੀ ਦੇ ਹੀ ਪ੍ਰੋ. ਸੂਦ ਅਤੇ ਇੰਦਰਜੀਤ ਸਿੰਘ ਢਿੱਲੋਂ ਵੀ ਆਏ ਸਨ।

ਕੋਰਸ ਦੀ ਪੜ੍ਹਾਈ ਅਤੇ ਪੜ੍ਹਾਉਣ ਦਾ ਤਰੀਕਾ ਦੋਨੋਂ ਹੀ ਬਹੁਤ ਬੋਰਿੰਗ ਸਨ। ਨਾ ਕਾਲਜ ਦਾ ਟੀਚਿੰਗ ਸਟਾਫ ਅਤੇ ਨਾ ਹੀ ਮਹਿਮਾਨ ਬੁਲਾਰੇ, ਵਿਦਿਆਰਥੀਆਂ ਨੂੰ ਆਕਰਸ਼ਿਤ ਕਰ ਸਕੇ ਸਨ, ਆਪਣੇ ਵਿਸ਼ਿਆਂ ਬਾਰੇ ਜਾਂ ਆਪਣੇ ਪੜ੍ਹਾਉਣ ਦੇ ਤਰੀਕਿਆਂ ਨਾਲ। ਮੈਨੂੰ ਯਾਦ ਹੈ ਕਿ ਇਕ ਪ੍ਰੋਫੈਸਰ ਤ੍ਰੇਹਨ ਕਿ ਤਨੇਜਾ ਹੁੰਦੇ ਸਨ- ਸ਼ਾਇਦ ਕੋਰਸ ਇੰਚਾਰਜ ਵੀ ਸਨ- ਉਹ ਹਰ ਰੋਜ਼ ਆਪਣਾ ਲੈਕਚਰ, 'ਜਦੋਂ ਮੈਂ ਅਮਰੀਕਾ ਵਿਚ ਸਾਂ', ਜਾਂ 'ਜਦੋਂ ਮੈਂ ਇੰਗਲੈਂਡ ਵਿਚ ਸਾਂ' ਨਾਲ ਸ਼ੁਰੂ ਕਰਦੇ ਸਨ। ਆਪਣੇ ਹਰ ਲੈਕਚਰ ਵਿਚ, ਭਾਵੇਂ ਕੋਈ ਵੀ ਗੱਲ ਹੋਵੇ, ਉਨ੍ਹਾਂ 'ਉਦਾਹਰਣ ਦੇ ਤੌਰ ਉਤੇ ਜਦੋਂ ਅਸੀਂ ਇਤਿਹਾਸ ਪੜ੍ਹਾਉਣਾ ਹੋਵੇ' ਕਰ ਕੇ ਇਤਿਹਾਸ ਦੀ ਕੋਈ ਨਾ ਕੋਈ ਗੱਲ ਕਰ ਦੇਣੀ, ਹਾਲਾਂਕਿ ਉਹ ਆਪ ਅੰਗਰੇਜ਼ੀ ਦੇ ਅਧਿਆਪਕ ਸਨ। ਇਸੇ ਲਈ ਮੇਰੀ ਉਨ੍ਹਾਂ ਨਾਲ ਦੋ-ਚਾਰ ਵਾਰ ਝੜਪ ਵੀ ਹੋ ਗਈ ਸੀ ਜਦੋਂ ਉਨ੍ਹਾਂ ਗ਼ਲਤ ਉਦਾਹਰਣਾਂ ਦਿੱਤੀਆਂ ਸਨ।

ਇਕ ਮਹੀਨੇ ਦੇ ਉਸ ਕੋਰਸ ਵਿਚ ਪਹਿਲੇ ਹਫ਼ਤੇ ਵਿਚ ਹੀ ਮੈਂ ਸਾਰੇ ਬਾਕੀ ਸਹਿ-ਅਧਿਆਪਕਾਂ ਦਾ ਚਹੇਤਾ ਬਣ ਗਿਆ ਸਾਂ। ਇਕ ਤਾਂ ਮੇਰੀ ਵਿਲੱਖਣ ਕਿਸਮ ਦੀ ਪੋਸ਼ਾਕ (ਖੱਦਰ ਦਾ ਕੁੜਤਾ ਪਜਾਮਾ) ਪਹਿਨਣ ਕਰ ਕੇ ਅਤੇ ਦੂਸਰਾ ਹਰ ਵਕਤਾ ਨਾਲ ਕਿਸੇ ਨਾ ਕਿਸੇ ਗੱਲ ਤੋਂ ਬਹਿਸ ਕਰਨ ਕਰ ਕੇ। ਮੈਨੂੰ ਯਾਦ ਹੈ, ਕਾਲਜ ਦਾ ਸਟਾਫ ਸਾਨੂੰ 'ਮੈਥੋਡਾਲੋਜੀ ਆਫ ਟੀਚਿੰਗ' (ਪੜ੍ਹਾਉਣ ਦੇ ਢੰਗ) ਬਾਰੇ ਲੈਕਚਰ ਦਿੰਦੇ ਹੁੰਦੇ ਸਨ। ਦੋ-ਚਾਰ ਦਿਨ ਤਾਂ ਮੈਂ ਉਹ ਸੁਣਦਾ ਰਿਹਾ, ਪਰ ਇਕ ਦਿਨ ਜਦੋਂ ਪ੍ਰਿੰਸੀਪਲ ਸਾਹਿਬਾ ਪੜ੍ਹਾ ਰਹੇ ਸਨ ਤਾਂ ਮੈਂ ਉਠ ਕੇ ਸਵਾਲ ਕਰ ਦਿੱਤਾ ਸੀ- "ਮੈਡਮ! ਇਹ ਦੱਸੋ ਕਿ ਤੁਸੀਂ ਜੋ ਸਾਨੂੰ ਪੜ੍ਹਾ ਰਹੇ ਹੋ ਕਿ ਸਬਕ ਕਿਵੇਂ ਤਿਆਰ ਕਰਨਾ ਚਾਹੀਦਾ ਹੈ? ਕੀ ਕੀ ਨੁਕਤੇ, ਕ੍ਰਮਵਾਰ, ਦੇਖਣੇ ਚਾਹੀਦੇ ਹਨ? ਕਿਵੇਂ ਡਾਇਰੀ ਵਿਚ ਸਬਕ ਦੇ ਪੜਾਅ ਲਿਖਣੇ ਚਾਹੀਦੇ ਹਨ? ਕਿਵੇਂ ਕਲਾਸ ਸ਼ੁਰੂ ਕਰਨ ਤੋਂ ਪਹਿਲਾਂ ਬਲੈਕ ਬੋਰਡ ਉਤੇ ਉਸ ਸਬਕ ਦੇ ਪੜਾਅ ਅਗਾਊਂ ਲਿਖ ਦੇਣੇ ਚਾਹੀਦੇ ਹਨ? ਆਦਿ ਆਦਿ। ਤੁਸੀਂ ਆਪ ਆਪਣੇ ਅੱਜ ਦੇ ਲੈਕਚਰ ਵਾਸਤੇ ਇੰਜ ਤਿਆਰੀ ਕੀਤੀ ਹੈ? ਕੀ ਕਦੀ ਵੀ ਕਿਸੇ ਵੀ ਲੈਕਚਰ ਦੇਣ ਵਾਲੇ ਅਧਿਆਪਕ ਨੇ ਪਿਛਲੇ ਅੱਠ ਦਿਨਾਂ ਵਿਚ ਇਹ ਤਰੀਕਾ ਅਪਣਾਇਆ ਹੈ?"

ਇਸ ਸਵਾਲ ਨਾਲ ਖਲਬਲੀ ਮਚ ਗਈ ਸੀ ਸਾਰੇ ਸਿੱਖਿਆਰਥੀਆਂ ਅਤੇ ਅਧਿਆਪਕਾਂ ਵਿਚ।

ਬਦਕਿਸਮਤੀ ਸਾਡੇ ਦੇਸ਼ ਦੀ ਇਹ ਹੈ ਕਿ ਦਹਾਕਿਆਂ ਦੇ ਦਹਾਕੇ ਬੀਤਣ ਪਿਛੋਂ ਵੀ ਕੋਈ ਸੁਧਾਰ ਨਹੀਂ ਹੋਇਆ। ਅੱਜ ਵੀ ਬੀ.ਐੱਡ. ਕਾਲਜਾਂ ਵਿਚ ਉਹੋ ਸਬਕ ਪੜ੍ਹਾਏ ਜਾ ਰਹੇ ਹਨ ਅਤੇ ਉਸੇ ਦੋਗਲਾ-ਪੰਥੀ ਨਾਲ! ਜੋ ਵਿਦਿਆਰਥੀਆਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਕਰਨ, ਉਹੋ ਕੰਮ ਉਨ੍ਹਾਂ ਦੇ ਅਧਿਆਪਕ ਆਪ ਨਹੀਂ ਕਰਦੇ।

ਸਾਡੇ ਹੋਸਟਲ ਦੇ ਹਾਲ ਦਾ ਮਾਹੌਲ ਬਹੁਤ ਮੌਜ ਮਸਤੀ ਭਰਿਆ ਅਤੇ ਹਾਸੇ ਠੱਠਿਆਂ ਵਾਲਾ ਸੀ, ਸਿਵਾਏ 'ਬਾਬਾ' ਜੋਗਿੰਦਰ ਸਿੰਘ ਦੇ, ਜੋ ਹਰ ਵਕਤ ਰੋਂਦੀ ਸ਼ਕਲ ਹੀ ਬਣਾਈ ਰੱਖਦਾ ਸੀ। ਕਮਾਲ ਦੇ ਸਨ ਫਿਜ਼ੀਕਲ ਕਾਲਜ ਦੇ ਸਾਥੀ! ਰੋਜ਼ ਰਾਤ ਨੂੰ ਸ਼ਰਾਬ ਨਾਲ ਰੱਜੇ ਹੋਣਾ, ਹੁੜਦੰਗ ਮਚਾਉਣਾ, ਪਰ ਰੋਜ਼ ਸਵੇਰੇ ਸੰਜੌਲੀ ਤੋਂ ਦੌੜਦੇ ਹੋਏ ਜਾਖੂ ਟਿੱਬੇ ਤੱਕ ਜਾਣਾ ਅਤੇ ਦੌੜਦੇ ਹੋਏ ਹੀ ਵਾਪਸ ਆਉਣਾ ਉਨ੍ਹਾਂ ਦਾ ਨਿਤਨੇਮ ਸੀ। ਮੈਂ ਵੀ ਹਰ ਸ਼ਾਮ ਲੰਬੀ ਸੈਰ ਉਤੇ ਨਿਕਲ ਜਾਂਦਾ ਸਾਂ। ਸ਼ਿਮਲਾ ਦੇ ਇਕ ਸਿਰੇ ਸੰਜੌਲੀ ਤੋਂ ਦੂਜੇ ਸਿਰੇ ਸਮਰਹਿੱਲ ਤੱਕ, ਨਹੀਂ ਤਾਂ ਘੱਟੋ-ਘੱਟ ਬਾਲੂਗੰਜ ਤੱਕ ਜ਼ਰੂਰ ਜਾਂਦਾ ਸਾਂ। ਇਕ ਸ਼ੌਕ ਇਹ ਪਾਲ ਲਿਆ ਕਿ ਹਰ ਰੋਜ਼ ਨਵੀਂ ਥਾਂ ਤੋਂ ਇਕ ਸਮੋਸਾ ਖਾਣਾ ਅਤੇ ਇਕ ਕੱਪ ਚਾਹ ਦਾ ਪੀਂਦਾ ਸਾਂ; ਇਹ ਭਾਵੇਂ ਖੋਖਾ ਹੋਵੇ, ਜਾਂ ਢਾਬਾ ਜਾਂ ਸੀਸਲ ਹੋਟਲ, ਕਾਫੀ ਹਾਊਸ, ਬਾਲ ਜੀ ਜਾਂ ਪੰਜ ਤਾਰਾ ਹੋਟਲ ਕਲਾਰਕ!

***ਸੰਜੌਲੀ ਦੇ ਸਮੇਂ ਦੀ ਮੇਰੀ ਅਭੁੱਲ ਯਾਦ ਪ੍ਰੋਫੈਸਰ ਹਰਨੇਕ ਸਿੰਘ ਨਾਲ ਜੁੜੀ ਹੋਈ ਹੈ। ਉਹ ਵਾਲੀਬਾਲ ਦਾ ਕੋਚ ਸੀ ਅਤੇ ਉਸ ਦੇ ਸਾਥੀ ਦੱਸਦੇ ਸਨ ਕਿ ਜਦੋਂ ਉਹ ਆਪ ਖੇਡਦਾ ਹੁੰਦਾ ਸੀ ਤਾਂ ਖੱਬੇ ਹੱਥ ਨਾਲ ਐਡੀ ਤਾਕਤਵਰ ਸਮੈਸ਼ ਕਰਦਾ ਸੀ ਕਿ 'ਧਰਤੀ ਵਿਚ ਟੋਆ' ਪਾ ਦਿੰਦਾ ਸੀ। ਉਸ ਦੇ ਸਹਿਕਰਮੀ ਉਸ ਨੂੰ ਫਿਲਾਸਫਰ ਕਹਿੰਦੇ ਸਨ। ਉਹ ਸਚਮੁੱਚ ਹੀ ਫਿਲਾਸਫਰ ਸੀ, ਆਪਣੇ ਖਿਆਲਾਂ ਵਿਚ ਗੁੰਮ, ਹਰ ਵਕਤ ਮੁਸਕਰਾਉਂਦਾ ਚਿਹਰਾ, ਹਰ ਇਕ ਨਾਲ ਬੜੇ ਮਿੱਠੇ ਅੰਦਾਜ਼ ਵਿਚ ਗੱਲ ਕਰਨੀ। ਮੈਨੂੰ ਯਾਦ ਹੈ, ਇਕ ਸ਼ਾਮ ਉਹ ਮੈਨੂੰ ਹੇਠਾਂ ਹਿੰਦੁਸਤਾਨ-ਤਿੱਬਤ ਸੜਕ ਉਤੇ ਲੈ ਗਿਆ, "ਪ੍ਰੋਫੈਸਰ, ਅੱਜ ਕੁਦਰਤ ਨਾਲ ਦੋ ਦੋ ਗੱਲਾਂ ਕਰੀਏ" ਕਹਿ ਕੇ। ਚਾਨਣੀ ਰਾਤ ਵਿਚ, ਖੱਡ ਵਾਲੇ ਪਾਸੇ ਦੀ ਇਕ ਚਟਾਨ ਉਤੇ ਅਸੀਂ ਜਾ ਬੈਠੇ ਸਾਂ ਅਤੇ ਕਿੰਨਾ ਹੀ ਚਿਰ ਗੱਲਾਂ ਕਰਦੇ ਰਹੇ ਸਾਂ।***

ਸੰਜੌਲੀ ਦੇ ਸਮੇਂ ਦੀ ਮੇਰੀ ਅਭੁੱਲ ਯਾਦ ਪ੍ਰੋਫੈਸਰ ਹਰਨੇਕ ਸਿੰਘ ਨਾਲ ਜੁੜੀ ਹੋਈ ਹੈ। ਉਹ ਵਾਲੀਬਾਲ ਦਾ ਕੋਚ ਸੀ ਅਤੇ ਉਸ ਦੇ ਸਾਥੀ ਦੱਸਦੇ ਸਨ ਕਿ ਜਦੋਂ ਉਹ ਆਪ ਖੇਡਦਾ ਹੁੰਦਾ ਸੀ ਤਾਂ ਖੱਬੇ ਹੱਥ ਨਾਲ ਐਡੀ ਤਾਕਤਵਰ ਸਮੈਸ਼ ਕਰਦਾ ਸੀ ਕਿ 'ਧਰਤੀ ਵਿਚ ਟੋਆ' ਪਾ ਦਿੰਦਾ ਸੀ। ਉਸ ਦੇ ਸਹਿਕਰਮੀ ਉਸ ਨੂੰ ਫਿਲਾਸਫਰ ਕਹਿੰਦੇ ਸਨ। ਉਹ ਸਚਮੁੱਚ ਹੀ ਫਿਲਾਸਫਰ ਸੀ, ਆਪਣੇ ਖਿਆਲਾਂ ਵਿਚ ਗੁੰਮ, ਹਰ ਵਕਤ ਮੁਸਕਰਾਉਂਦਾ ਚਿਹਰਾ, ਹਰ ਇਕ ਨਾਲ ਬੜੇ ਮਿੱਠੇ ਅੰਦਾਜ਼ ਵਿਚ ਗੱਲ ਕਰਨੀ। ਮੈਨੂੰ ਯਾਦ ਹੈ, ਇਕ ਸ਼ਾਮ ਉਹ ਮੈਨੂੰ ਹੇਠਾਂ ਹਿੰਦੁਸਤਾਨ-ਤਿੱਬਤ ਸੜਕ ਉਤੇ ਲੈ ਗਿਆ- "ਪ੍ਰੋਫੈਸਰ, ਅੱਜ ਕੁਦਰਤ ਨਾਲ ਦੋ ਦੋ ਗੱਲਾਂ ਕਰੀਏ" ਕਹਿ ਕੇ। ਚਾਨਣੀ ਰਾਤ ਵਿਚ, ਖੱਡ ਵਾਲੇ ਪਾਸੇ ਦੀ ਇਕ ਚਟਾਨ ਉਤੇ ਅਸੀਂ ਜਾ ਬੈਠੇ ਸਾਂ ਅਤੇ ਕਿੰਨਾ ਹੀ ਚਿਰ ਗੱਲਾਂ ਕਰਦੇ ਰਹੇ ਸਾਂ। ਫੇਰ ਚੰਦ੍ਰਮਾ ਵੱਲ ਦੇਖਦੇ ਉਸ ਨੇ ਆਪਣੀ ਰਚਨਾ ਗਾਉਣੀ ਸ਼ੁਰੂ ਕਰ ਦਿੱਤੀ ਸੀ:

ਚੰਨ ਚਾਨਣੀ ਰਾਤ
ਪੱਥਰ ਸ਼ੀਸ਼ਿਆਂ ਵਰਗੇ ਨੇ
ਸੱਜਣ ਨਹੀਂ ਸਾਡੇ ਕੋਲ
ਸਾਡੇ ਤਾਂ ਦਿਲ ਜਲਦੇ ਨੇ
ਚੰਨ ਚਾਨਣੀ ਰਾਤ
ਮਲਾਹ ਨੇ ਕਿਸ਼ਤੀ ਤੋਰੀ
ਨੈਣਾਂ ਦੇ ਵਿਚ ਨੈਣ ਪਾ
ਪਈ ਹੱਸਦੀ ਗੋਰੀ।

ਗਾਂਦਿਆਂ ਗਾਂਦਿਆਂ ਉਹ ਬਹੁਤ ਭਾਵੁਕ ਹੋ ਗਿਆ, ਗਲਾ ਭਰ ਗਿਆ ਸੀ, ਹੰਝੂ ਵਗ ਤੁਰੇ ਸਨ। ਫੇਰ ਅਚਾਨਕ ਉਸ ਗਾਣਾ ਸ਼ੁਰੂ ਕਰ ਦਿੱਤਾ:

ਮੇਰੇ ਅੱਜ ਗੀਤ ਚੁੱਪ ਹੋਏ
ਮੇਰੇ ਸਾਹਾਂ 'ਚੋਂ ਗਮ ਫੁੱਟਿਆ
ਵਿਚਾਰਾਂ ਘਰੋ ਘਰੀ ਤੁਰੀਆਂ
ਕਿ ਅੱਜ ਅੰਬਰਾਂ 'ਚੋਂ ਚੰਨ ਟੁੱਟਿਆ
ਸਿਪਾਹੀ ਤੁਰ ਗਏ ਜਿਹੜੇ
ਉਨ੍ਹਾਂ ਮੁੜ ਕੇ ਤਾਂ ਆਣਾ ਨਹੀਂ...

ਅਗਲੀਆਂ ਸਤਰਾਂ ਹੁਣ ਮੈਨੂੰ ਯਾਦ ਨਹੀਂ। ਬੱਸ ਐਨਾ ਯਾਦ ਹੈ ਕਿ ਬੜੀ ਦੇਰ ਰਾਤ ਗਈ, ਬੜੇ ਹੀ ਭਾਰੀ ਭਾਵੁਕ ਮਨਾਂ ਨਾਲ ਕਮਰੇ ਵਿਚ ਵਾਪਸ ਮੁੜੇ ਸਾਂ।

ਫਿਲਾਸਫਰ ਦਾ ਇਕ ਪ੍ਰਵਚਨ ਤਾਂ ਮੇਰੀ ਜ਼ਿੰਦਗੀ ਦਾ ਮੁੱਖ ਸਿਧਾਂਤ ਬਣ ਚੁੱਕਾ ਹੈ। ਇਕ ਦਿਨ ਮੈਂ ਸੈਰ ਤੋਂ ਵਾਪਸ ਆਇਆ ਤਾਂ ਦੇਖਿਆ, ਕਮਰੇ ਦੇ ਸਾਰੇ ਮੰਜੇ ਮੂਧੇ ਮਾਰੇ ਪਏ ਸਨ ਅਤੇ ਸਭ ਉਤੇ ਵਧੀਆ ਤਰੀਕੇ ਨਾਲ ਬਿਸਤਰ ਵਿਛੇ ਪਏ ਸਨ। ਆਪਣੇ ਬਿਸਤਰ ਉਤੇ ਫਿਲਾਸਫਰ ਲੇਟਿਆ ਹੋਇਆ ਸੀ। ਮੈਨੂੰ ਦੇਖ ਕੇ ਬੜਾ ਅਜੀਬ ਲੱਗਾ ਸੀ, ਬੜੀ ਹੈਰਾਨੀ ਹੋਈ- ਇਹ ਕੀ ਖੇਡ ਸੀ? ਤਾਂ ਹੀ ਹਰਨੇਕ ਦੀ ਆਵਾਜ਼ ਸੁਣਾਈ ਦਿੱਤੀ ਸੀ, "ਕਿਉਂ ਪ੍ਰੋਫੈਸਰਾ, ਕਿਵੇਂ? ਖੁਸ਼ ਹੈਂ ਨਾ।" ਮੈਂ ਸਮਝ ਗਿਆ ਕਿ ਇਹ ਹਰਨੇਕ ਦਾ ਕੋਈ 'ਕੌਤਕ' ਸੀ। ਉਹ ਫੇਰ ਕਹਿੰਦਾ, "ਪ੍ਰੋਫੈਸਰਾ ਦੇਖ! ਮੰਜੇ ਉਤੇ ਲੰਮੇ ਪੈ ਕੇ ਅਸੀਂ ਧਰਤੀ ਤੋਂ ਕਿੰਨੇ ਦੂਰ ਹੋ ਜਾਂਦੇ ਆਂ। ਜੇ ਧਰਤੀ ਦੀ ਛੋਹ ਲੈਣੀ ਹੋਵੇ ਤਾਂ ਕਿੰਨਾ ਸੱਜੇ ਖੱਬੇ ਪਾਸੇ ਮਾਰ ਕੇ, ਹੱਥ ਲਟਕਾ ਕੇ ਛੂਈ ਜਾਂਦੀ ਐ ਧਰਤੀ, ਤੇ ਹੁਣ ਦੇਖ ਕਿੰਨੀ ਮੌਜ ਐ! ਜੇ ਧਰਤੀ ਨੂੰ ਛੋਹਣ ਦਾ ਦਿਲ ਕਰੇ ਤਾਂ ਆਹ ਲੈ! ਹੱਥ ਹੇਠਾਂ ਕੀਤਾ ਤੇ ਧਰਤੀ ਛੂਹ ਲਈ। ਜੇ ਦੂਰ ਹੋਣਾ ਹੋਵੇ ਤਾਂ ਹੱਥ ਉਪਰ ਕਰ ਲਿਆ। ਹੈ ਨਾ ਠੀਕ?" ਮੈਂ ਸਹਿਮਤੀ ਜਤਾਈ ਸੀ। ਉਸ ਦੇ ਪੁੱਛਣ ਉਤੇ ਮੈਂ ਫੇਰ ਕਿਹਾ ਸੀ, "ਮੈਂ ਬਹੁਤ ਖੁਸ਼ ਆ ਫਿਲਾਸਫ਼ਰਾ! ਤੂੰ ਤਾਂ ਕਮਾਲ ਦੀ ਤਰਕੀਬ ਦੀ ਕਾਢ ਕੱਢੀ ਹੈ।" ਫਿਜ਼ੀਕਲ ਕਾਲਜ ਦੇ ਬਾਕੀ ਸਾਰੇ ਵੀ ਆ ਗਏ ਸਨ ਅਤੇ ਸਭ ਨੇ ਹਰਨੇਕ ਦੀ ਤਾਰੀਫ ਕੀਤੀ ਸੀ; ਪਰ 'ਬਾਬਾ' ਆਇਆ ਤਾਂ ਦੇਖਦਿਆਂ ਹੀ ਕਲਪਣ ਲੱਗ ਪਿਆ, "ਇਹ ਕੀ ਕਮਲ ਖੰਡੇਰਿਐ? ਇਹ ਕੀ ਗੱਲ ਹੋਈ? ਕੀ ਬਕਵਾਸ ਹੈ ਇਹ?"

ਹਰਨੇਕ ਦੇ ਸਾਥੀਆਂ ਨੇ ਬਹੁਤ ਸਮਝਾਇਆ, ਪਰ ਉਹ ਬੁੜ ਬੁੜ ਕਰਨ ਤੋਂ ਬਾਜ਼ ਨਾ ਆਇਆ; ਤਾਂ ਹੀ ਇਕ ਜਣੇ ਨੇ ਉਸ ਦਾ ਬਿਸਤਰਾ ਇਕੱਠਾ ਕੀਤਾ ਤੇ ਬਾਰੀ ਵਿਚੋਂ ਹੇਠਾਂ ਸੁੱਟ ਦਿੱਤਾ। ਸਾਰੇ ਉਸ ਨੂੰ ਪੁੱਛਣ ਲੱਗੇ- "ਹੁਣ ਖੁਸ਼ ਐਂ?" ਉਹ ਹੋਰ ਰੋਣ ਲਗਾ ਤਾਂ ਚਾਰ ਜਣਿਆਂ ਨੇ ਉਸ ਨੂੰ ਹੇਠਾਂ ਸੁੱਟ ਕੇ ਲੱਤਾਂ ਬਾਹਵਾਂ ਤੋਂ ਫੜ ਲਿਆ ਤੇ ਕਹਿੰਦੇ, "ਸੁੱਟੋ ਇਸ ਨੂੰ ਵੀ ਹੇਠਾਂ।" ਮੈਂ ਮਸਾਂ ਉਨ੍ਹਾਂ ਨੂੰ ਰੋਕਿਆ ਸੀ, ਠੰਢਿਆਂ ਕੀਤਾ ਸੀ ਅਤੇ ਜੋਗਿੰਦਰ ਨੂੰ ਸਮਝਾਇਆ ਸੀ। ਤਦੋਂ ਹੀ ਹਰਨੇਕ ਨੇ ਜੀਵਨ ਦਾ ਬਹੁਤ ਹੀ ਮਹੱਤਵਪੂਰਨ, ਅਭੁੱਲ ਪ੍ਰਵਚਨ ਕਿਹਾ ਸੀ, "ਓਹ ਭਾਈ ਜੋਗਿੰਦਰਾ! ਰੋਂਦਿਆਂ ਜ਼ਿੰਦਗੀ ਨੀ ਕਟਦੀ। ਬੱਸ ਇਕੋ ਗੱਲ ਯਾਦ ਰੱਖ, ਜੇ ਜ਼ਿੰਦਗੀ ਸੌਖਿਆ ਕੱਟਣੀ ਊ ਤਾਂ... ਬੱਸ ਖੁਸ਼ ਰਹੋ ਭਾਵੇਂ ਰੋਂਦੇ ਈ ਰਹੋ।" ਤੇ ਇਸ ਵਾਕ ਨੂੰ ਮੈਂ ਗੁਰਮੰਤਰ ਵਾਂਗ ਜੀਵਨ ਦਾ ਸਿਧਾਂਤ ਬਣਾ ਲਿਆ ਤਦ ਤੋਂ ਹੀ: 'ਖੁਸ਼ ਰਹੋ ਭਾਵੇਂ ਰੋਂਦੇ ਈ ਰਹੋ'। ਇਹਦੇ ਡੂੰਘੇ ਅਰਥ ਵਿਚਾਰੀਏ ਤਾਂ ਕਿੰਨਾ ਸਿੱਧਾ ਸੌਖਾ ਰਸਤਾ ਦੱਸਿਆ ਸੀ ਫਿਲੋਸਫ਼ਰ ਹਰਨੇਕ ਸਿੰਘ ਨੇ!

ਜਦੋਂ ਵਾਪਸੀ ਦਾ ਦਿਨ ਆ ਗਿਆ ਤਾਂ ਮੈਂ ਕੁਝ ਘਬਰਾਉਣ ਲੱਗ ਪਿਆ ਸਾਂ, ਪਹਾੜੀ ਸਫਰ ਤੋਂ। ਤੁਰਨ ਵਾਲੀ ਸਵੇਰ ਉਹ ਸਾਰੇ ਪੁੱਛਦੇ, "ਕਿਉਂ ਪ੍ਰੋਫੈਸਰਾ, ਕਿਵੇਂ ਮੂੰਹ ਲੱਥਾ ਫਿਰਦੈ? ਕਿਤੇ ਟਾਂਕਾ ਟੂੰਕਾ ਤਾਂ ਨਹੀਂ ਅੜਾ ਲਿਆ?" ਪਰ ਜਦੋਂ ਮੈਂ ਆਪਣੀ ਸਮੱਸਿਆ ਦੱਸੀ ਤਾਂ ਕਰਤਾਰ ਪਨੂੰ ਕਹਿੰਦਾ, "ਲੈ ਬੱਸ? ਲੈ ਹੁਣੇ ਤੈਨੂੰ ਐਸਾ ਟੱਲੀ ਕਰਦੇ ਆਂ, ਕੀ ਮਜਾਲ ਐ ਕੋਈ ਚੱਕਰ ਉਲਟੀ ਆ ਜਾਏ।" ਕਹਿੰਦਿਆਂ ਉਸ ਆਪਣੀ ਪੈਂਟ ਦੀ ਅੰਦਰਲੀ ਜੇਬ ਵਿਚੋਂ ਛੋਟੀ ਜਿਹੀ ਡੱਬੀ ਕੱਢੀ, ਛੋਟੀ ਜਿਹੀ ਗੋਲੀ ਬਣਾ ਕੇ ਮੇਰੇ ਵੱਲ ਕੀਤੀ- "ਲੈ ਸੁੱਟ ਲੈ ਅੰਦਰ ਪਾਣੀ ਦੇ ਘੁੱਟ ਨਾਲ।" ਮੈਂ ਕਿਹਾ, "ਅਫ਼ੀਮ ਐ?" ਉਹ ਕਹਿੰਦਾ, "ਦਵਾਈ ਐ। ਤੂੰ ਕੀ ਲੈਣੈ। ਸੁੱਟ ਅੰਦਰ।" ਮੈਂ ਡਰਦਿਆਂ ਡਰਦਿਆਂ ਅੰਦਰ ਸੁੱਟ ਲਈ ਗੋਲੀ। ਕਰੀਬ ਅੱਧੇ ਕੁ ਘੰਟੇ ਪਿੱਛੋਂ ਪਨੂੰ ਨੇ ਪੁੱਛਿਆ ਸੀ ਕਿ ਕੋਈ ਅਸਰ ਲਗਾ? ਸਰੂਰ ਆਇਆ? ਮੇਰੇ ਨਾਂਹ ਕਰਨ ਉਤੇ ਉਹ ਥੋੜ੍ਹਾ ਹੈਰਾਨ ਹੋਇਆ, ਪਹਿਲਾਂ ਨਾਲੋਂ ਜ਼ਰਾ ਕੁ ਵੱਡੀ ਹੋਰ ਗੋਲੀ ਬਣਾਈ ਅਤੇ ਉਹ ਵੀ ਮੈਨੂੰ ਖੁਆ ਦਿੱਤੀ। ਸੋਲਨ ਪੁੱਜਣ ਤੱਕ ਮੈਂ ਸਿਰ ਸੁੱਟ ਕੇ ਸੁੱਤਾ ਰਿਹਾ ਸਾਂ। ਸੋਲਨ ਜ਼ਰਾ ਕੁ ਤਬੀਅਤ ਖ਼ਰਾਬ ਹੋਈ, ਪਰ ਫੇਰ ਕਾਲਕਾ ਤੱਕ ਮੈਂ ਠੀਕ ਠਾਕ ਪੁੱਜ ਗਿਆ ਸਾਂ।

ਕਈ ਸਾਲਾਂ ਪਿਛੋਂ ਪਟਿਆਲਾ ਅਦਾਲਤ ਬਜ਼ਾਰ ਵਿਚ ਅੱਗਿਓਂ ਆਉਂਦੇ ਕਰਤਾਰ ਪਨੂੰ, ਰਜਿੰਦਰ, ਮਹਿੰਦਰ ਅਤੇ ਇਕ ਨੌਜਵਾਨ ਲੜਕੀ ਮਿਲ ਗਏ ਸਨ। ਰਜਿੰਦਰ ਹੁਰੀਂ ਪੁੱਛਦੇ, "ਕਿਉਂ ਭਾਈ! ਹੁਣ ਪ੍ਰੋਫੈਸਰ ਕਹਿ ਕੇ ਬੁਲਾਈਏ ਕਿ ਅਫਸਰ?" ਮੇਰੇ 'ਪ੍ਰੋਫੈਸਰ ਕਹੋ ਉਏ' ਕਹਿਣ ਉਤੇ ਦੱਸਦੇ ਕਿ ਪਨੂੰ ਦੀ ਸ਼ਾਦੀ ਹੋ ਗਈ ਸੀ ਅਤੇ ਉਹ ਲੜਕੀ ਸ੍ਰੀਮਤੀ ਪਨੂੰ ਸੀ- ਸਾਡੀ ਭਾਬੀ। ਮੈਂ ਜਦੋਂ ਪਨੂੰ ਨੂੰ ਜੱਫ਼ੀ ਪਾ ਕੇ ਵਧਾਈ ਦਿੱਤੀ ਤਾਂ ਬੜਾ ਗੰਭੀਰ ਜਿਹਾ ਹੋ ਕੇ ਕਹਿੰਦਾ, "ਆਪਣੀ ਭਾਬੀ ਨੂੰ ਵਧਾਈ ਦੇ, ਜਿਨ੍ਹਾਂ ਦਾ ਵਿਆਹ ਹੋ ਗਿਐ। ਸਾਡਾ ਕੀ ਐ? ਸਾਡਾ ਤਾਂ ਸਰੀ ਜਾਂਦਾ ਸੀ।"



# ਇਹ ਆਕਾਸ਼ਵਾਣੀ ਏ

## ਰੇਡੀਓ ਦੇ ਸਫਰ ਦੀ ਕਹਾਣੀ

***ਰੇਡੀਓ ਦਾ ਇਤਿਹਾਸ 19ਵੀਂ ਸਦੀ ਦੇ ਆਖਰੀ ਸਾਲਾਂ ਨਾਲ ਜੁੜਿਆ ਹੋਇਆ ਹੈ। 1894 ਨੂੰ ਇਟਲੀ ਦੇ ਖੋਜੀ ਗੁਗਲੀਲਮੋ ਮਾਰਕੋਨੀ ਨੇ ਪਹਿਲੀ ਵਾਰ ਵਾਇਰਲੈੱਸ ਟੈਲੀਗਰਾਫੀ ਸਿਸਟਮ ਈਜਾਦ ਕੀਤਾ। ਇਸ ਸਿਸਟਮ ਦਾ ਆਧਾਰ ਹਰਟਜ਼ ਲਹਿਰਾਂ ਸਨ ਜੋ ਹੈਨਰਿਕ ਰੁਡੋਲਫ ਹਰਟਜ਼ ਨੇ 1888 ਵਿਚ ਲੱਭੀਆਂ ਸਨ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਅੱਜ ਆਮ ਲੋਕਾਂ ਤੱਕ ਸਭ ਤੋਂ ਵਧੇਰੇ ਪਹੁੰਚ ਰੇਡੀਓ ਜ਼ਰੀਏ ਹੀ ਹੋ ਰਹੀ ਹੈ। ਇਸ ਲੇਖ ਵਿਚ ਉਪਮਾ ਡਾਗਾ ਪਾਰਥ ਨੇ ਰੇਡੀਓ ਦੀ ਦੁਨੀਆ ਉਤੇ ਝਾਤੀ ਮਾਰੀ ਹੈ ਅਤੇ ਅੱਜ ਦੇ ਪ੍ਰਸੰਗ ਵਿਚ ਰੇਡੀਓ ਦੀ ਅਹਿਮੀਅਤ ਬਾਰੇ ਵੀ ਚਰਚਾ ਕੀਤੀ ਹੈ। -ਸੰਪਾਦਕ***

'ਇਹ ਆਕਾਸ਼ਵਾਣੀ ਹੈ।'

ਜੇ ਪਾਠਕਾਂ ਨੂੰ ਇਹ ਸਵਾਲ ਪੁੱਛਿਆ ਜਾਏ ਕਿ ਉਨ੍ਹਾਂ ਨੇ ਕਿੰਨਾ ਕੁ ਸਮਾਂ ਪਹਿਲਾਂ ਰੇਡੀਓ 'ਤੇ ਇਹ ਆਵਾਜ਼ ਸੁਣੀ ਸੀ ਤਾਂ ਸ਼ਾਇਦ ਜ਼ਿਆਦਾਤਰ ਇਮਾਨਦਾਰ ਜਵਾਬ ਦੇਣ ਵਾਲਿਆਂ ਨੂੰ ਸੋਚਣ ਵਿਚ ਕਾਫੀ ਦੇਰ ਲਾਉਣੀ ਪਵੇਗੀ।

ਅਜੋਕੀ ਪੀੜ੍ਹੀ ਦਾ ਰੇਡੀਓ ਬਾਰੇ ਗਿਆਨ ਐਫ.ਐਮ. ਚੈਨਲਾਂ ਤੱਕ ਮਹਿਦੂਦ ਹੈ ਜਿਸ ਵਿਚ 24 ਘੰਟੇ ਫ਼ਿਲਮੀ ਗੀਤ ਸੁਣੇ ਜਾ ਸਕਦੇ ਹਨ, ਪਰ ਰੇਡੀਓ ਦਾ ਮੁਢਲਾ ਰੂਪ ਅਜਿਹਾ ਨਹੀਂ ਸੀ। ਉਂਜ ਰੂਪ ਤੋਂ ਭਾਵ ਰੇਡੀਓ ਦੀ ਬਣਤਰ ਤੋਂ ਨਹੀਂ ਹੈ, ਭਾਵੇਂ ਇਸ ਵਿਚ ਵੀ ਕਾਫੀ

ਉਪਮਾ ਡਾਗਾ ਪਾਰਥ

ਤਕਨੀਕੀ ਅਤੇ ਪ੍ਰਤੱਖ ਤਬਦੀਲੀ ਆ ਚੁੱਕੀ ਹੈ। ਦਿੱਲੀ ਦੇ ਸੰਸਦ ਮਾਰਗ ਸਥਿਤ ਆਕਾਸ਼ਵਾਣੀ ਭਵਨ ਵਿਚ ਦਾਖ਼ਲ ਹੁੰਦਿਆਂ ਹੀ ਸ਼ੁਰੂਆਤੀ ਦੌਰ ਦੇ ਵੱਡੇ ਵੱਡੇ ਰੇਡੀਓ ਸੈੱਟ ਰੱਖੇ ਨਜ਼ਰੀਂ ਪੈਂਦੇ ਹਨ ਅਤੇ 1940 ਤੋਂ ਲੈ ਕੇ 1965 ਤੱਕ ਦੇ ਮੁਢਲੇ ਦੌਰ ਦੇ ਸੈੱਟ ਵੀ।

ਆਕਾਸ਼ਵਾਣੀ ਭਵਨ ਦਾ ਉਹ ਲਾਂਘਾ ਆਪਣੇ ਆਪ ਵਿਚ ਇਤਿਹਾਸ ਸਮੇਟੀ ਬੈਠਾ ਹੈ। ਇਥੇ ਅਸੀਂ ਉਸੇ ਇਤਿਹਾਸ ਦੀ ਗੱਲ ਕਰਾਂਗੇ, ਬਣਤਰ ਦੀ ਤਬਦੀਲੀ ਦੀ ਨਹੀਂ।

ਰੇਡੀਓ ਦੀ ਮਕਬੂਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜੇ ਭਾਰਤ ਵਿਚ ਸਾਰੇ ਅਖ਼ਬਾਰਾਂ ਦੀ ਕੁੱਲ ਛਪਣ ਗਿਣਤੀ (ਅੰਗਰੇਜ਼ੀ ਅਤੇ ਭਾਰਤੀ ਭਾਸ਼ਾਵਾਂ) ਤਕਰੀਬਨ 80 ਲੱਖ ਹੈ ਤਾਂ ਹਾਲੀਆ ਅਨੁਮਾਨਾਂ ਮੁਤਾਬਿਕ ਰੇਡੀਓ ਦੀ ਪਹੁੰਚ ਤਕਰੀਬਨ 40 ਕਰੋੜ ਲੋਕਾਂ ਤੱਕ ਹੈ।

ਬਰਤਾਨਵੀ ਰਾਜ ਦੌਰਾਨ ਜੁਲਾਈ 1923 ਵਿਚ ਇੰਡੀਅਨ ਬ੍ਰਾਡਕਾਸਟਿੰਗ ਨਾਂ ਦੀ ਪ੍ਰਾਈਵੇਟ ਕੰਪਨੀ ਨੂੰ ਦੋ ਰੇਡੀਓ ਸਟੇਸ਼ਨ ਮੁੰਬਈ ਅਤੇ ਕੋਲਕਾਤਾ ਵਿਖੇ ਚਲਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ, ਪਰ ਦੋ ਸਾਲਾਂ ਵਿਚ ਹੀ ਘਾਟੇ ਕਾਰਨ ਇਹ ਕੰਪਨੀ ਬੰਦ ਹੋ ਗਈ ਅਤੇ ਅਪਰੈਲ 1930 ਵਿਚ ਸਰਕਾਰ ਨੇ ਇੰਡੀਅਨ ਸਟੇਟ ਬ੍ਰਾਡਕਾਸਟਿੰਗ ਸਰਵਿਸ ਰਾਹੀਂ ਰੇਡੀਓ ਦਾ ਜ਼ਿੰਮਾ ਆਪਣੇ ਉਪਰ ਲੈ ਲਿਆ। ਇਸ ਤੋਂ ਬਾਅਦ 1936 ਵਿਚ ਰੇਡੀਓ ਨੂੰ ਆਲ ਇੰਡੀਆ ਰੇਡੀਓ ਦਾ ਨਾਂ ਦੇ ਦਿੱਤਾ ਗਿਆ; ਹਾਲਾਂਕਿ ਰਸਮੀ ਤੌਰ 'ਤੇ ਇਸ ਦਾ ਵਧੇਰੇ ਮਕਬੂਲ ਨਾਂ 'ਆਕਾਸ਼ਵਾਣੀ' ਇਸ ਨੂੰ 1952 ਵਿਚ ਮਿਲਿਆ ਸੀ।

ਇੰਟਰਨੈੱਟ ਤੋਂ ਬਿਨਾਂ ਵਾਲੇ ਉਸ ਯੁਗ ਵਿਚ ਰੇਡੀਓ ਹੀ ਇਕ ਰਾਬਤਾ ਸੀ ਲੋਕਾਂ ਤੱਕ ਆਪਣੇ ਵਿਚਾਰ ਪਹੁੰਚਾਉਣ ਦਾ। ਇਸ ਨੂੰ ਸਿਆਸੀ ਮੰਚ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ, ਜਿਸ ਨੂੰ ਪਹਿਲਾਂ ਜਰਮਨੀ ਨੇ ਅਪਣਾਇਆ ਅਤੇ ਬਾਅਦ ਵਿਚ ਬਰਤਾਨੀਆ ਨੇ। ਉਸ ਵੇਲੇ ਬਰਤਾਨੀਆ ਅਤੇ ਜਰਮਨੀ ਦਰਮਿਆਨ ਅੜਿੱਕੇ ਕਾਰਨ ਜਰਮਨੀ ਦੇ ਇਕ ਪ੍ਰਸਾਰਨਕਰਤਾ ਨੇ ਸਿਆਸੀ ਖ਼ਬਰਾਂ 'ਤੇ ਆਧਾਰਤ ਇਕ ਪ੍ਰੋਗਰਾਮ ਦਾ ਪ੍ਰਸਾਰਨ ਭਾਰਤ ਵਿਚ ਕਰਨਾ ਸ਼ੁਰੂ ਕਰ ਦਿੱਤਾ। ਬਰਤਾਨੀਆ ਵਿਰੋਧੀ ਉਨ੍ਹਾਂ ਚਰਚਾਵਾਂ ਨੂੰ ਭਾਰਤ ਵਿਚ ਖ਼ਾਸਾ ਹੁੰਗਾਰਾ ਮਿਲਿਆ ਜਿਸ ਦੇ ਜਵਾਬੀ ਪ੍ਰਾਪੇਗੰਡੇ ਤਹਿਤ ਬਰਤਾਨੀਆ ਸਰਕਾਰ ਨੇ 1939 ਵਿਚ ਵਿਦੇਸ਼ੀ ਸੇਵਾਵਾਂ ਦਾ ਪ੍ਰਸਾਰਨ ਸ਼ੁਰੂ ਕੀਤਾ। ਇਹ ਸੇਵਾ ਅਫ਼ਗਾਨਿਸਤਾਨ, ਇਰਾਨ ਅਤੇ ਅਰਬ ਦੇਸ਼ਾਂ ਵਿਚ ਪਸ਼ਤੋ ਭਾਸ਼ਾ ਵਿਚ ਸ਼ੁਰੂ ਕੀਤੀ ਗਈ ਜੋ ਜਰਮਨੀ ਨੂੰ ਉਸੇ ਦੀ ਭਾਸ਼ਾ ਵਿਚ ਦਿੱਤਾ ਗਿਆ ਜਵਾਬ ਕਿਹਾ ਜਾ ਸਕਦਾ ਹੈ।

ਸਿਆਸੀ ਰੰਗਤ ਵਿਚ ਬੋਲੀਆਂ ਦੀ ਲੱਜਤ ਮਿਲ ਜਾਏ ਤਾਂ ਗੱਲ ਦਾ ਪ੍ਰਭਾਵ ਹੋਰ ਵਧ ਜਾਂਦਾ ਹੈ। ਇਸੇ ਮੰਤਰ ਦੇ ਚਲਦਿਆਂ ਬਰਤਾਨਵੀ ਸਰਕਾਰ ਨੇ ਹੋਰ ਬੋਲੀਆਂ ਵਿਚ ਵੀ ਪ੍ਰੋਗਰਾਮਾਂ ਦਾ ਪ੍ਰਸਾਰਨ 1940 ਤੋਂ ਸ਼ੁਰੂ ਕਰ ਦਿੱਤਾ। ਇਸੇ ਅਮਲ ਨੂੰ ਵਿਸਥਾਰ ਦਿੰਦਿਆਂ ਅਤੇ ਕੌਮਾਂਤਰੀ ਪੱਧਰ 'ਤੇ ਸਰਕਾਰ ਦਾ ਪੱਖ ਰੱਖਣ ਲਈ ਬਰਤਾਨਵੀ ਸਰਕਾਰ ਨੇ ਦੂਜੀ ਵਿਸ਼ਵ ਜੰਗ ਵੇਲੇ ਦੇ ਬਰਮੀਸ, ਚੀਨੀ, ਜਾਪਾਨੀ, ਥਾਈ, ਮਾਲੇ ਅਤੇ ਇੰਡੋ-ਚਾਈਨੀਜ਼ ਭਾਸ਼ਾਵਾਂ ਵਿਚ ਵੀ ਪ੍ਰਸਾਰਨ ਸ਼ੁਰੂ ਕਰ ਦਿੱਤਾ।

ਆਜ਼ਾਦੀ ਤੋਂ ਬਾਅਦ ਦੇਸ਼ਵਾਸੀਆਂ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਭਾਸ਼ਣ ਰੇਡੀਓ ਰਾਹੀਂ ਹੀ ਸੁਣਿਆ। ਉਸ ਦੌਰ ਦੇ ਕਿੱਸੇ ਸੁਣਾਉਣ ਵਾਲੇ ਬਜ਼ੁਰਗ ਦੱਸਦੇ ਹਨ ਕਿ ਇਕ ਇਕ ਰੇਡੀਓ ਸੈੱਟ ਆਲੇ-ਦੁਆਲੇ ਪੂਰਾ ਪਿੰਡ ਜੁੜ ਜਾਂਦਾ ਸੀ, ਜਿਵੇਂ ਉਹ ਆਪਣੇ ਨੇਤਾ ਨੂੰ ਸਾਹਮਣੇ ਬੈਠ ਕੇ ਸੁਣ ਰਹੇ ਹੋਣ।

ਆਜ਼ਾਦੀ ਦੇ ਸਮੇਂ ਭਾਰਤ ਕੋਲ 6 ਰੇਡੀਓ ਸਟੇਸ਼ਨ ਸਨ- ਦਿੱਲੀ, ਮਦਰਾਸ (ਚੇਨਈ), ਮੁੰਬਈ, ਕੋਲਕਾਤਾ, ਲਖਨਊ ਅਤੇ ਤਿਰੁਚਿਰਾਪੱਲੀ। ਵਿਸਥਾਰ ਅਤੇ ਤਬਦੀਲੀ ਜੀਵਨ ਦਾ ਨਿਯਮ ਹੈ। 80 ਸਾਲ ਪਹਿਲਾਂ 2 ਰੇਡੀਓ ਸਟੇਸ਼ਨਾਂ ਤੋਂ ਸ਼ੁਰੂ ਹੋਏ ਸਫ਼ਰ ਵਿਚ ਅੱਜ 80 ਹੋਰ ਸਟੇਸ਼ਨ ਜੁੜ ਗਏ ਹਨ। ਕੁੱਲ 5 ਜ਼ੋਨਾਂ ਵਿਚ ਫੈਲੇ 82 ਰੇਡੀਓ ਸਟੇਸ਼ਨ ਭਾਰਤ ਦੀ ਤਕਰੀਬਨ 90 ਫ਼ੀਸਦੀ ਆਬਾਦੀ ਤੱਕ ਪਹੁੰਚ ਕਰ ਰਹੇ ਹਨ।

ਛੋਟੀਆਂ-ਵੱਡੀਆਂ ਪੁਲਾਂਘਾਂ ਪੁੱਟਦਿਆਂ ਇਸ ਲੰਮੇ ਸਫ਼ਰ ਵਿਚ ਭਾਰਤ ਨੂੰ ਕਈ ਬੇਸ਼ਕੀਮਤੀ ਫ਼ਨਕਾਰ ਮਿਲੇ। ਉਘੇ ਸਿਤਾਰ ਵਾਦਕ ਪੰਡਤ ਰਵੀ ਸ਼ੰਕਰ ਤੋਂ ਲੈ ਕੇ ਕੇ.ਐਲ. ਸਹਿਗਲ, ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਮੁਹੰਮਦ ਰਫੀ ਜਿਹੇ ਗਾਇਕਾਂ ਦਾ ਨਾਂ ਵੀ ਇਸੇ ਸੂਚੀ ਵਿਚ ਸ਼ਾਮਿਲ ਹੈ। ਫ਼ਨਕਾਰਾਂ ਨੂੰ ਸਥਾਨਕ ਹੱਦਾਂ ਤੋਂ ਬਾਹਰ ਲੋਕਾਂ ਦੇ ਦਿਲਾਂ ਤੱਕ ਪਹੁੰਚਾਉਣ ਲਈ ਰੇਡੀਓ ਇਕ ਮੰਚ ਬਣ ਗਿਆ। ਦਿਲਚਸਪ ਗੱਲ ਇਹ ਵੀ ਹੈ ਕਿ 1950 ਦੇ ਦੌਰ ਵਿਚ ਉਸ ਵੇਲੇ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਬੀ.ਵੀ. ਕੇਸਕਰ ਨੇ ਆਲ ਇੰਡੀਆ ਰੇਡੀਓ ਉਤੇ ਫ਼ਿਲਮੀ ਗੀਤਾਂ ਅਤੇ ਕ੍ਰਿਕਟ 'ਤੇ ਪਾਬੰਦੀ ਲਾ ਦਿੱਤੀ ਸੀ। ਕੇਸਕਰ ਨੇ ਫ਼ਿਲਮੀ ਗੀਤਾਂ ਨੂੰ ਘਟੀਆ, ਅਸ਼ਲੀਲ ਅਤੇ ਪੱਛਮੀ ਪ੍ਰਭਾਵ ਦੇ ਗੀਤ ਦੱਸਦਿਆਂ ਇਨ੍ਹਾਂ 'ਤੇ ਪਾਬੰਦੀ ਲਾਈ ਸੀ ਅਤੇ ਕਲਾਸੀਕਲ ਸੰਗੀਤ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਸੀ। ਫ਼ਿਲਮੀ ਸੰਗੀਤ 'ਤੇ ਪਾਬੰਦੀ ਲਾਉਣ ਦੇ ਫ਼ੈਸਲੇ ਦਾ ਭੁਗਤਾਨ ਰੇਡੀਓ ਦੇ ਵਿੱਤੀ ਘਾਟੇ ਨਾਲ ਕਰਨਾ ਪਿਆ। ਜ਼ਿਆਦਾਤਰ ਸਰੋਤੇ ਉਸ ਵੇਲੇ ਰੇਡੀਓ ਸਿਲੋਨ ਵੱਲ ਤਬਦੀਲ ਹੋ ਗਏ ਜਿਸ ਨੇ ਉਨ੍ਹਾਂ ਨੂੰ ਬਿਨਾਕਾ ਗੀਤਮਾਲਾ ਅਤੇ ਅਮੀਨ ਸਯਾਨੀ ਜਿਹੇ ਪ੍ਰੋਗਰਾਮ ਦੇ ਪੇਸ਼ਕਾਰ ਨਾਲ ਜੋੜ ਦਿੱਤਾ। ਆਕਾਸ਼ਵਾਣੀ ਨੇ ਗ਼ਲਤੀ ਸੁਧਾਰ ਲਈ। 1957 ਵਿਚ ਵਿਵਿਧ ਭਾਰਤੀ ਸੇਵਾ ਦਾ ਪ੍ਰਸਾਰਨ ਸ਼ੁਰੂ ਕੀਤਾ, ਜਿਸ ਨੇ ਕੁਝ ਸਮੇਂ ਬਾਅਦ ਸਰੋਤਿਆਂ ਤੱਕ ਵਾਪਸ ਪਹੁੰਚ ਬਣਾਉਣੀ ਸ਼ੁਰੂ ਕਰ ਦਿੱਤੀ ਜਿਸ ਵਿਚ ਵਧੇਰੇ ਧਿਆਨ ਮਨੋਰੰਜਨ ਵੱਲ ਦਿੱਤਾ ਜਾਂਦਾ ਸੀ।

***ਲਾਹੌਰ ਰੇਡੀਓ ਸਟੇਸ਼ਨ ਨੂੰ ਫ਼ਨਕਾਰਾਂ ਲਈ ਤੋਹਫ਼ਾ ਹੀ ਕਿਹਾ ਜਾ ਸਕਦਾ ਹੈ ਜਿਸ ਨੇ ਪਹਿਲੇ ਸਾਲ ਵਿਚ ਹੀ ਸ਼ਮਸ਼ਾਦ ਬੇਗਮ, ਮੁਖਤਾਰ ਬੇਗਮ, ਉਮਰਾਓ ਜ਼ਿਆ ਬੇਗਮ ਜਿਹੇ ਲੋਕ ਕਲਾਕਾਰਾਂ ਨੂੰ ਉਨ੍ਹਾਂ ਦੇ ਪੰਜਾਬੀ ਗੀਤਾਂ ਲਈ ਵੱਖਰੀ ਪਛਾਣ ਦਿੱਤੀ। ਅੰਮ੍ਰਿਤਸਰ ਦੇ ਆਗਾ ਫੈਜ਼ ਅਤੇ ਜਲੰਧਰ ਦੇ ਦੀਨ ਮੁਹੰਮਦ ਕਲਾਮ ਵੀ ਰੇਡੀਓ ਸਦਕਾ ਕਾਫੀ ਮਸ਼ਹੂਰ ਹੋ ਗਏ। ਬੜੇ ਗੁਲਾਮ ਅਲੀ ਖਾਂ ਸਾਹਿਬ, ਅਲਾਮਾ ਇਕਬਾਲ, ਫੈਜ਼ ਅਹਿਮਦ ਫੈਜ਼, ਨੂਰਜਹਾਂ, ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਇਹ ਨਾਂ ਘਰ ਘਰ ਤੱਕ ਪਹੁੰਚ ਗਏ।***




**ਖਾਸ ਅੰਕੜੇ:** ਜੇ ਅੰਕੜਿਆਂ ਦੀ ਗੱਲ ਕਰੀਏ ਤਾਂ ਆਕਾਸ਼ਵਾਣੀ ਵਿਚ ਇਕ ਦਿਨ ਵਿਚ ਕੁੱਲ 239 ਖ਼ਬਰਾਂ ਦੇ ਬੁਲੇਟਿਨ ਪ੍ਰਸਾਰਿਤ ਕੀਤੇ ਜਾਂਦੇ ਸਨ, ਜਿਨ੍ਹਾਂ ਵਿਚੋਂ ਦਿੱਲੀ ਤੋਂ ਹੀ 19 ਭਾਸ਼ਾਵਾਂ ਵਿਚ 67 ਕੇਂਦਰੀ ਬੁਲੇਟਿਨ, 24 ਭਾਸ਼ਾਵਾਂ ਵਿਚ 57 ਕੇਂਦਰੀ ਬੁਲੇਟਿਨ ਪ੍ਰਸਾਰਿਤ ਕੀਤੇ ਜਾਂਦੇ ਸਨ; ਹਾਲਾਂਕਿ ਹੁਣ ਸਰਕਾਰ ਦੀ ਬਦਲੀ ਨੀਤੀ ਕਾਰਨ ਭਾਸ਼ਾਈ ਬੁਲੇਟਿਨ ਸਥਾਨਕ ਸੂਬਾਈ ਸਰਕਾਰਾਂ ਵੱਲ ਤਬਦੀਲ ਕੀਤੇ ਜਾ ਰਹੇ ਹਨ। ਖ਼ੈਰ! ਇਹ ਉਕਾ ਹੀ ਵੱਖਰੀ ਚਰਚਾ ਦਾ ਵਿਸ਼ਾ ਹੈ।

ਆਲ ਇੰਡੀਆ ਰੇਡੀਓ ਨੇ ਭਾਰਤ ਤੋਂ ਬਾਹਰ ਦੇ ਸਰੋਤਿਆਂ ਲਈ ਅਕਤੂਬਰ 1939 ਵਿਚ ਪਹਿਲਾ ਪ੍ਰਸਾਰਨ ਕੀਤਾ ਸੀ। ਅੱਜ 25 ਭਾਸ਼ਾਵਾਂ ਵਿਚ ਦੁਨੀਆ ਭਰ ਦੇ ਸਰੋਤਿਆਂ ਲਈ ਬੁਲੇਟਿਨ ਪੇਸ਼ ਕੀਤੇ ਜਾਂਦੇ ਹਨ ਜਦ ਕਿ ਵਿਵਿਧ ਭਾਰਤੀ ਵਿਚ ਤਕਰੀਬਨ 13 ਘੰਟੇ ਦਾ ਪ੍ਰਸਾਰਨ ਕੀਤਾ ਜਾਂਦਾ ਹੈ।

**ਪੰਜਾਬੀ ਨਾਲ ਰਾਬਤਾ:** ਰੇਡੀਓ ਦੇ ਇਸ ਸਫ਼ਰ ਵਿਚ ਇਕ ਹਿੱਸਾ ਪੰਜਾਬੀ ਦੇ ਸੰਘਰਸ਼ ਦਾ ਵੀ ਸ਼ਾਮਿਲ ਹੈ। ਆਜ਼ਾਦੀ ਤੋਂ ਪਹਿਲਾਂ ਲਾਹੌਰ ਹੀ ਪੰਜਾਬੀ ਸਭਿਆਚਾਰਕ ਵਿਰਸੇ ਦਾ ਗੜ੍ਹ ਮੰਨਿਆ ਜਾਂਦਾ ਸੀ। 1937 ਵਿਚ ਬਣੇ ਲਾਹੌਰ ਰੇਡੀਓ ਸਟੇਸ਼ਨ ਨੂੰ ਫ਼ਨਕਾਰਾਂ ਲਈ ਤੋਹਫ਼ਾ ਹੀ ਕਿਹਾ ਜਾ ਸਕਦਾ ਹੈ ਜਿਸ ਨੇ ਪਹਿਲੇ ਸਾਲ ਵਿਚ ਹੀ ਸ਼ਮਸ਼ਾਦ ਬੇਗਮ, ਮੁਖਤਾਰ ਬੇਗਮ, ਉਮਰਾਓ ਜ਼ਿਆ ਬੇਗਮ ਜਿਹੇ ਲੋਕ ਕਲਾਕਾਰਾਂ ਨੂੰ ਉਨ੍ਹਾਂ ਦੇ ਪੰਜਾਬੀ ਗੀਤਾਂ ਲਈ ਵੱਖਰੀ ਪਛਾਣ ਦਿੱਤੀ। ਅੰਮ੍ਰਿਤਸਰ ਦੇ ਆਗਾ ਫੈਜ਼ ਅਤੇ ਜਲੰਧਰ ਦੇ ਦੀਨ ਮੁਹੰਮਦ ਕਲਾਮ ਵੀ ਰੇਡੀਓ ਸਦਕਾ ਕਾਫੀ ਮਸ਼ਹੂਰ ਹੋ ਗਏ। ਬੜੇ ਗੁਲਾਮ ਅਲੀ ਖਾਂ ਸਾਹਿਬ ਅਤੇ ਉਨ੍ਹਾਂ ਦੇ ਭਰਾ ਬਰਕਤ ਅਲੀ ਖ਼ਾਂ, ਅਲਾਮਾ ਇਕਬਾਲ, ਫੈਜ਼ ਅਹਿਮਦ ਫੈਜ਼, ਮਾਸਟਰ ਰਤਨ, ਨੂਰਜਹਾਂ, ਪ੍ਰਕਾਸ਼ ਕੌਰ, ਸੁਰਿੰਦਰ ਕੌਰ ਇਹ ਨਾਂ ਘਰ ਘਰ ਤੱਕ ਪਹੁੰਚ ਗਏ। ਥੀਏਟਰ ਸਿਨੇਮਾ ਦੇ ਕਈ ਨਾਮੀ ਨਾਂ ਪ੍ਰਾਣ, ਓਮ ਪ੍ਰਕਾਸ਼, ਰਜਿੰਦਰ ਸਿੰਘ ਬੇਦੀ, ਰਾਮਾਨੰਦ ਸਾਗਰ ਵੀ ਰੇਡੀਓ ਦੀ ਹੀ ਦੇਣ ਹਨ। ਪੰਜਾਬੀ ਲੇਖਕ ਕਰਤਾਰ ਸਿੰਘ ਦੁੱਗਲ ਨੇ ਵੀ ਪਿਸ਼ਾਵਰ ਰੇਡੀਓ ਸਟੇਸ਼ਨ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ।

1947 ਵਾਲੀ ਵੰਡ ਦੀ ਚੋਭ ਦਾ ਅਸਰ ਇਨ੍ਹਾਂ ਕਲਾਕਾਰਾਂ ਅਤੇ ਰੇਡੀਓ 'ਤੇ ਵੀ ਪਿਆ। ਸਰਹੱਦ ਦੀਆਂ ਲੀਕਾਂ ਮੁਤਾਬਿਕ ਕਲਾਕਾਰਾਂ ਨੂੰ ਹਿੰਦੁਸਤਾਨੀ ਜਾਂ ਪਾਕਿਸਤਾਨੀ ਬਣਨਾ ਪੈਣਾ ਸੀ। ਪੰਜਾਬ ਦਾ ਲਾਹੌਰ ਰੇਡੀਓ ਸਟੇਸ਼ਨ ਗੁਆਂਢੀ ਮੁਲਕ ਕੋਲ ਜਾਣ ਕਰ ਕੇ ਰੇਡੀਓ ਸਟੇਸ਼ਨ ਦੀ ਬੜੀ ਘਾਟ ਮਹਿਸੂਸ ਕੀਤੀ ਜਾਣ ਲੱਗੀ, ਜਿਸ ਦਾ ਜ਼ਿੰਮਾ ਕਰਤਾਰ ਸਿੰਘ ਦੁੱਗਲ ਨੇ ਲਿਆ। ਰੇਡੀਓ ਸਟੇਸ਼ਨ ਦੀ ਲੋੜ ਲਈ ਦਿੱਤਾ ਕਾਰਨ 'ਆਉਣ ਵਾਲੇ ਅਤੇ ਲਾਪਤਾ ਸ਼ਰਨਾਰਥੀਆਂ' ਦਾ ਪਤਾ ਲਾਉਣਾ ਸੀ ਜੋ ਜ਼ਿੰਮੇਵਾਰੀ ਲਾਹੌਰ ਰੇਡੀਓ ਸਟੇਸ਼ਨ ਪਾਕਿਸਤਾਨ ਵਿਚ ਚੰਗੀ ਤਰ੍ਹਾਂ ਨਿਭਾਅ ਰਿਹਾ ਸੀ।

ਇਸ ਸੰਘਰਸ਼ ਦਾ ਨਤੀਜਾ ਕੁਝ ਮਹੀਨਿਆਂ ਬਾਅਦ ਸਾਹਮਣੇ ਆਇਆ ਜਦ ਜਲੰਧਰ ਅਤੇ ਅੰਮ੍ਰਿਤਸਰ ਵਿਚ ਟ੍ਰਾਂਸਮੀਟਰ ਲਾਉਣ ਨੂੰ ਪ੍ਰਵਾਨਗੀ ਮਿਲ ਗਈ; ਹਾਲਾਂਕਿ ਟ੍ਰਾਂਸਮੀਟਰਾਂ ਨੂੰ ਲੈ ਕੇ ਕੁਝ ਅਮਲੀ ਦਿੱਕਤਾਂ ਜ਼ਰੂਰ ਆਈਆਂ, ਪਰ ਸਤੰਬਰ 1948 ਤੱਕ ਦੋਵੇਂ ਟ੍ਰਾਂਸਮੀਟਰਾਂ ਦਾ ਰਸਮੀ ਉਦਘਾਟਨ ਕਰ ਦਿੱਤਾ ਗਿਆ। ਜਿਥੇ ਲਾਹੌਰ ਰੇਡੀਓ ਸਟੇਸ਼ਨ ਦੀ ਦਿਨ ਵੇਲੇ ਦੀ ਰੇਂਜ 60 ਮੀਲ ਸੀ, ਜਲੰਧਰ, ਅੰਮ੍ਰਿਤਸਰ ਦੇ ਰੇਡੀਓ ਸਟੇਸ਼ਨਾਂ ਦੀ ਰੇਂਜ 15 ਮੀਲ ਸੀ ਜਿਸ ਕਾਰਨ ਦੁਪਹਿਰ ਦੇ ਸਮੇਂ ਦੇ ਪ੍ਰੋਗਰਾਮ ਸ਼ੁਰੂ ਨਾ ਹੋ ਸਕੇ।

ਇਹ ਸਮੱਸਿਆ 1953 ਵਿਚ ਵੱਡੇ ਟ੍ਰਾਂਸਮੀਸ਼ਨ ਲੱਗਣ ਤੋਂ ਬਾਅਦ ਕੁਝ ਹੱਦ ਤੱਕ ਖ਼ਤਮ ਹੋਈ, ਪਰ ਉਸ ਸਮੇਂ ਤੱਕ ਰੇਡੀਓ ਦੇ ਨਾਮੀ ਸਿਤਾਰੇ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ ਅਤੇ ਵਿਦਿਆ ਨਾਥ ਸੇਠ ਜਿਹੇ ਫ਼ਨਕਾਰ ਦਿੱਲੀ ਤਬਦੀਲ ਹੋ ਗਏ। ਸਮੇਂ ਦੇ ਨਾਲ ਨਾਲ ਹੋਰ ਨਾਂ ਜਲੰਧਰ ਰੇਡੀਓ ਦੇ ਨਾਲ ਜੁੜਦੇ ਰਹੇ, ਜਿਨ੍ਹਾਂ ਵਿਚ ਲਾਲ ਚੰਦ ਯਮਲਾ ਜੱਟ, ਸਰਦੂਲ ਸਿਕੰਦਰ, ਮਾਸਟਰ ਸਲੀਮ, ਹੰਸ ਰਾਜ ਹੰਸ, ਵਡਾਲੀ ਭਰਾ, ਗੁਰਮੀਤ ਬਾਵਾ, ਰਣਜੀਤ ਕੌਰ ਅਤੇ ਅਮਰ ਨੂਰੀ ਜਿਹੇ ਕਈ ਨਾਂ ਜੁੜਨ ਨਾਲ ਇਹ ਵਕਫ਼ਾ ਹੌਲੀ ਹੌਲੀ ਘੱਟ ਹੋ ਗਿਆ।


**ਅਜੇ ਵੀ ਹਨ ਵੰਗਾਰਾਂ:** ਮੁਕਾਬਲੇਬਾਜ਼ੀ, ਬਿਹਤਰੀਨ ਪ੍ਰਦਰਸ਼ਨ ਲਈ ਲਾਜ਼ਮੀ ਵੀ ਹੈ ਅਤੇ ਸਮੇਂ ਦੀ ਮੰਗ ਵੀ ਹੈ। ਇਹ ਕਹਿਣਾ ਦਰੁਸਤ ਹੋਵੇਗਾ ਕਿ ਜਲੰਧਰ ਰੇਡੀਓ ਸਟੇਸ਼ਨ ਨੂੰ ਪਹਿਲਾਂ ਹੀ ਚੱਲ ਰਹੇ ਲਾਹੌਰ ਰੇਡੀਓ ਸਟੇਸ਼ਨ ਦੇ ਮੁਕਾਬਲੇ ਕਾਫੀ ਸੰਘਰਸ਼ ਕਰਨਾ ਪਿਆ ਅਤੇ ਕਾਫੀ ਹੱਦ ਤੱਕ ਉਹ ਕਾਮਯਾਬ ਵੀ ਰਿਹਾ, ਪਰ ਪ੍ਰਸਾਰਨ ਦਾ ਮਿਆਰ ਅੱਜ ਵੀ ਸਮੱਸਿਆ ਬਣ ਕੇ ਖੜ੍ਹਾ ਹੈ ਜਿਸ ਕਰ ਕੇ ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਲੋਕ ਅੱਜ ਵੀ ਪਾਕਿਸਤਾਨੀ ਰੇਡੀਓ ਸੁਣਨਾ ਪਸੰਦ ਕਰਦੇ ਹਨ।

ਫਿਲਹਾਲ ਫਾਜ਼ਿਲਕਾ ਰੇਡੀਓ ਸਟੇਸ਼ਨ ਤੋਂ ਪਾਕਿਸਤਾਨ ਲਈ ਉਰਦੂ ਸੇਵਾ ਦਾ ਪ੍ਰਸਾਰਨ ਕੀਤਾ ਜਾ ਰਿਹਾ ਹੈ ਜਿਸ ਵਿਚ ਕਸ਼ਮੀਰ ਸਮੇਤ ਹੋਰ ਮੁੱਦਿਆਂ 'ਤੇ ਭਾਰਤ ਦਾ ਨਜ਼ਰੀਆ ਪੇਸ਼ ਕੀਤੇ ਜਾਣ ਦੇ ਨਾਲ ਨਾਲ ਸੰਗੀਤ, ਕਲਾ ਅਤੇ ਵਿਰਸੇ ਨਾਲ ਸਬੰਧਤ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ।

ਹੁਣ ਸਰਕਾਰ ਨਵੀਂ ਕਵਾਇਦ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਤਹਿਤ ਅਣਵੰਡੇ ਪੰਜਾਬ ਵਿਚ ਲੋਕਾਂ ਨੂੰ ਰੇਡੀਓ ਰਾਹੀਂ ਮੁੜ ਇਕ ਕਰਨ ਲਈ ਸਭਿਆਚਾਰਕ ਸਾਂਝ ਦਾ ਸੁਨੇਹਾ ਦਿੰਦੇ 'ਦੇਸ ਪੰਜਾਬ' ਸੇਵਾ ਦਾ ਪ੍ਰਸਾਰਨ ਸ਼ੁਰੂ ਕੀਤਾ ਜਾਏਗਾ। ਅੰਮ੍ਰਿਤਸਰ ਰੇਡੀਓ ਸਟੇਸ਼ਨ 'ਤੇ 200 ਕਿਲੋਵਾਟ ਐਫ.ਐਮ. ਟ੍ਰਾਂਸਮੀਟਰ ਲੱਗਣ ਨਾਲ ਪਾਕਿਸਤਾਨ ਦੇ ਗੁਜਰਾਂਵਾਲਾ ਅਤੇ ਸਿਆਲਕੋਟ ਤੱਕ ਪਹੁੰਚ ਕੀਤੀ ਜਾ ਸਕਦੀ ਹੈ ਅਤੇ ਪ੍ਰਸਾਰਨ ਦੇ ਮਿਆਰ ਵਿਚ ਵੀ ਸੁਧਾਰ ਹੋਏਗਾ। ਸਰਕਾਰ ਦੀ 88 ਟ੍ਰਾਂਸਮੀਟਰ ਲਾਏ ਜਾਣ ਦੀ ਵੀ ਯੋਜਨਾ ਹੈ। ਉਂਜ, ਨਾਲ ਹੀ ਲੋੜ ਪ੍ਰੋਗਰਾਮਾਂ ਦੇ ਪੱਧਰ ਵਿਚ ਸੁਧਾਰ ਕਰਨ ਦੀ ਵੀ ਹੈ। ਫਿਰ ਸ਼ਾਇਦ ਭਾਰਤ ਵਿਚ ਹੀ ਨਹੀਂ, ਸਗੋਂ ਪਾਕਿਸਤਾਨ ਦੇ ਸਰੋਤੇ ਵੀ ਰੋਜ਼ ਅਨੰਦ ਮਾਣਦੇ ਇਹ ਸ਼ਬਦ ਸੁਣ ਸਕਣ- 'ਇਹ ਆਕਾਸ਼ਵਾਣੀ ਹੈ'।

#

***ਸਰਕਾਰ ਨਵੀਂ ਕਵਾਇਦ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਤਹਿਤ ਅਣਵੰਡੇ ਪੰਜਾਬ ਵਿਚ ਲੋਕਾਂ ਨੂੰ ਰੇਡੀਓ ਰਾਹੀਂ ਮੁੜ ਇਕ ਕਰਨ ਲਈ ਸਭਿਆਚਾਰਕ ਸਾਂਝ ਦਾ ਸੁਨੇਹਾ ਦਿੰਦੇ 'ਦੇਸ ਪੰਜਾਬ' ਸੇਵਾ ਦਾ ਪ੍ਰਸਾਰਨ ਸ਼ੁਰੂ ਕੀਤਾ ਜਾਏਗਾ। ਅੰਮ੍ਰਿਤਸਰ ਰੇਡੀਓ ਸਟੇਸ਼ਨ 'ਤੇ 200 ਕਿਲੋਵਾਟ ਐਫ.ਐਮ. ਟ੍ਰਾਂਸਮੀਟਰ ਲੱਗਣ ਨਾਲ ਪਾਕਿਸਤਾਨ ਦੇ ਗੁਜਰਾਂਵਾਲਾ ਅਤੇ ਸਿਆਲਕੋਟ ਤੱਕ ਪਹੁੰਚ ਕੀਤੀ ਜਾ ਸਕਦੀ ਹੈ ਅਤੇ ਪ੍ਰਸਾਰਨ ਦੇ ਮਿਆਰ ਵਿਚ ਵੀ ਸੁਧਾਰ ਹੋਏਗਾ। ਸਰਕਾਰ ਦੀ 88 ਟ੍ਰਾਂਸਮੀਟਰ ਲਾਏ ਜਾਣ ਦੀ ਵੀ ਯੋਜਨਾ ਹੈ।***



# ਚਿੱਤਰਕਾਰ ਠਾਕੁਰ ਸਿੰਘ

***ਅੰਮ੍ਰਿਤਸਰ ਨੇੜਲੇ ਪਿੰਡ ਵੇਰਕਾ ਦਾ ਜੰਮਪਲ ਚਿੱਤਰਕਾਰ ਠਾਕੁਰ ਸਿੰਘ (1899-1976) ਆਪਣੇ ਸਮਕਾਲੀ ਚਿਤੇਰਿਆਂ ਵਿਚੋਂ ਐਨ ਵੱਖਰਾ ਸੀ। ਉਹਨੇ ਖੁਦ ਨੂੰ ਕਿਸੇ ਇਕ ਵਿਸ਼ੇ ਵਸਤੂ ਤੱਕ ਰੋਕ ਕੇ ਨਹੀਂ ਰੱਖਿਆ। ਉਸ ਨੇ ਵਿਅਕਤੀ ਚਿੱਤਰ, ਸਮੂਹਿਕ-ਜਨ ਚਿੱਤਰ, ਰਾਜ ਮਹਿਲ, ਮੰਦਿਰ, ਕਿਲ੍ਹੇ, ਪੁਰਾਤਨ ਇਮਾਰਤਾਂ, ਸਤੂਪ ਅਤੇ ਭਾਂਤ-ਭਾਂਤ ਦੇ ਭੂ ਤੇ ਸਮੁੰਦਰੀ ਤਟਾਂ ਦੇ ਦ੍ਰਿਸ਼ ਪੇਂਟ ਕੀਤੇ। ਉਸ ਦੀਆਂ ਵਿਲੱਖਣ ਕਲਾ ਕਿਰਤਾਂ ਕਰ ਕੇ 1973 ਵਿਚ ਉਸ ਨੂੰ ਪਦਮਸ੍ਰੀ ਨਾਲ ਨਿਵਾਜਿਆ ਗਿਆ। ਉਸ ਵੱਲੋਂ ਬਣਾਇਆ ਹਰ ਚਿੱਤਰ ਦਰਸ਼ਕ ਦਾ ਧਿਆਨ ਖਿੱਚਦਾ ਹੈ। ਇਸ ਚਿੱਤਰਕਾਰ ਅਤੇ ਉਸ ਦੀ ਕਲਾ ਬਾਰੇ ਜਗਤਾਰਜੀਤ ਸਿੰਘ ਨੇ ਇਸ ਲੇਖ ਵਿਚ ਭਰਪੂਰ ਚਰਚਾ ਕੀਤੀ ਹੈ। -ਸੰਪਾਦਕ***





ਚਿੱਤਰਕਾਰ ਠਾਕੁਰ ਸਿੰਘ ਦੀਆਂ ਦੋ ਤਸਵੀਰਾਂ।

ਠਾਕੁਰ ਸਿੰਘ ਦੀ ਚਿੱਤਰ ਰਚਨਾ ਦਾ ਆਪਣਾ ਸੁਭਾਅ ਹੈ ਜਿਸ ਨੂੰ ਕਿਸੇ ਹੋਰ ਪੰਜਾਬੀ ਚਿਤੇਰੇ ਨੇ ਨਹੀਂ ਅਪਣਾਇਆ। ਇਸ ਦੇ ਪੱਖ-ਵਿਪੱਖ ਵਿਚ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ। ਐਪਰ ਇਹ ਜ਼ੋਰ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਦੇ ਬੁਰਸ਼ ਨੇ ਜਿਸ ਤਰ੍ਹਾਂ ਦੀ ਵੰਨ-ਸੁਵੰਨਤਾ ਨੂੰ ਛੋਹਿਆ, ਕਿਸੇ ਦੂਸਰੇ ਕਲਾਕਾਰ ਨੇ ਆਪਣੇ ਆਪ ਨੂੰ ਉਸ ਰਾਹ ਨਹੀਂ ਤੋਰਿਆ। ਏਦਾਂ ਉਹ ਆਪਣੀ ਥਾਂ 'ਤੇ ਕਲਮੁਕੱਲਾ ਖੜ੍ਹਾ ਦਿਖਾਈ ਦਿੰਦਾ ਹੈ। ਇਹ ਇਕੱਲਤਾ ਕੰਮ ਵਿਚ ਹੀ ਨਹੀਂ, ਵਿਹਾਰ ਵਿਚ ਵੀ ਹੈ।

ਉਹ ਅੰਮ੍ਰਿਤਸਰ ਤੋਂ ਚਲ ਕੇ ਮੁੜ ਅੰਮ੍ਰਿਤਸਰ, ਪੱਕੇ ਤੌਰ 'ਤੇ ਆ ਟਿਕਦਾ ਹੈ। ਵਿਚ-ਵਿਚਾਲੇ ਦੇ ਸਮੇਂ ਦੌਰਾਨ ਉਹ ਆਪਣੇ ਗਿਆਨ ਅਤੇ ਪ੍ਰਗਟਾਵੇ ਨੂੰ ਵਿਸਥਾਰਦਾ ਹੈ। ਇਹੋ ਇਸ ਮੁਸੱਵਰ ਦਾ ਸਰਮਾਇਆ ਹੈ ਜਿਹੜਾ ਉਸ ਨੂੰ ਆਪਣੇ ਕਈ ਸਮਕਾਲੀ ਚਿਤੇਰਿਆਂ ਤੋਂ ਵੱਖਰਿਆ ਦਿੰਦਾ ਹੈ।



ਜਗਤਾਰਜੀਤ ਸਿੰਘ
ਫੋਨ: +91-98990-91186

ਠਾਕੁਰ ਸਿੰਘ ਦਾ ਜਨਮ 1895 ਨੂੰ ਅੰਮ੍ਰਿਤਸਰ ਦੇ ਕਸਬੇ ਵੇਰਕਾ ਵਿਚ ਰਹਿ ਰਹੇ ਅਤਿ ਗਰੀਬ ਪਰਿਵਾਰ ਵਿਚ ਹੋਇਆ ਸੀ। ਵੇਰਕੇ ਰਹਿੰਦਿਆਂ ਉਸ ਆਪਣੀ ਸ਼ੁਰੂਆਤੀ ਪੜ੍ਹਾਈ ਕੀਤੀ ਜਿਸ ਵਿਚ ਆਸ-ਪਾਸ ਦੀ ਘੁੰਮਾਈ ਦਾ ਦਖ਼ਲ ਵੱਧ ਰਿਹਾ। ਸੋਲ੍ਹਾ ਕੁ ਸਾਲ ਦੀ ਉਮਰ ਬਾਅਦ ਘਰਦਿਆਂ ਨੇ ਉਸ ਨੂੰ ਲਾਹੌਰ ਦੀ ਟੈਕਨੀਕਲ ਇੰਸਟੀਚਿਊਟ ਭੇਜਣ ਦੀ ਤਿਆਰੀ ਕੀਤੀ ਤਾਂ ਕਿ ਉਹ ਇੰਜਨੀਅਰਿੰਗ ਦੀ ਪੜ੍ਹਾਈ ਕਰ ਸਕੇ, ਪਰ ਮਾਪਿਆਂ ਦੀ ਇੱਛਾ ਪੂਰੀ ਨਾ ਹੋ ਸਕੀ, ਕਿਉਂਕਿ ਦੋ ਸਾਲਾਂ ਬਾਅਦ ਉਹ ਮਹਿਸੂਸ ਕਰਨ ਲਗਾ ਕਿ ਉਹ ਜਿਵੇਂ ਆਪਣਾ ਸਮਾਂ ਬਰਬਾਦ ਕਰ ਰਿਹਾ ਹੈ। ਸਾਰਾ ਕੁਝ ਵਿਚਾਲੇ ਹੀ ਛੱਡ ਉਹ ਮੁਹੰਮਦ ਆਲਮ ਦੇ ਆਖੇ ਲਗ, ਉਹਦੇ ਨਾਲ ਮੁੰਬਈ ਤੁਰ ਪਿਆ।

ਮੁਹੰਮਦ ਆਲਮ ਚਿੱਤਰ ਰਚਨਾ ਕਰਦਾ ਹੁੰਦਾ ਸੀ। ਠਾਕੁਰ ਸਿੰਘ ਉਸੇ ਕੋਲੋਂ ਇਸ ਵਿਸ਼ੇ ਦੀਆਂ ਬਾਰੀਕੀਆਂ ਸਿਖਦਾ-ਸਮਝਦਾ ਰਹਿੰਦਾ। ਮੁਹੰਮਦ ਆਲਮ ਮੁੰਬਈ ਪਹੁੰਚ ਕੇ ਨਾਟਕ ਕੰਪਨੀ ਵਿਚ ਬਤੌਰ ਆਰਟ ਡਾਇਰੈਕਟਰ ਕੰਮ ਕਰਨ ਲੱਗਾ। ਉਸੇ ਥਾਂ ਠਾਕੁਰ ਸਿੰਘ ਉਸ ਦੇ ਸਹਾਇਕ ਵਜੋਂ ਤਾਇਨਾਤ ਹੋ ਗਿਆ। ਨਾਟਕ ਕੰਪਨੀਆਂ ਵਿਚ ਉਨ੍ਹੀਂ ਦਿਨੀਂ ਆਰਟ ਡਾਇਰੈਕਟਰ ਦਾ ਕੰਮ ਨਾਟਕ ਦੀ ਕਥਾ ਅਨੁਸਾਰ, ਪਿਛੋਕੜ ਜਾਂ ਆਲੇ-ਦੁਆਲੇ ਦਾ ਮਾਹੌਲ ਪਰਦਿਆਂ ਉਪਰ ਪੇਂਟ ਕਰਨਾ ਹੁੰਦਾ ਸੀ।

ਠਾਕੁਰ ਸਿੰਘ ਵੱਲੋਂ ਮਿਹਨਤ ਨਾਲ ਕੀਤੇ ਜਾ ਰਹੇ ਕੰਮ ਦੀ ਤਾਰੀਫ ਹੋਣ ਲਗੀ। ਸੁਚੱਜਾ ਕੰਮ ਦੂਸਰੇ ਚੰਗੇ ਲੋਕਾਂ ਨਾਲ ਸੰਪਰਕ ਦਾ ਸਬੱਬ ਬਣਿਆ। ਇਕ ਦਿਨ ਸਵੇਰ ਵੇਲੇ ਠਾਕੁਰ ਸਿੰਘ 'ਚੌਪਾਟੀ ਦੇ ਬੀਚ' ਚਿਤਰ ਰਿਹਾ ਸੀ ਕਿ ਉਸ ਦੇ ਕੋਲੋਂ ਦੀ ਲੰਘ ਰਿਹਾ ਪਾਰਸੀ ਜੋੜਾ ਉਸ ਦੇ ਕੰਮ ਨੂੰ ਦੇਖ ਰੁਕ ਗਿਆ। ਉਨ੍ਹਾਂ ਉਸ ਨੂੰ ਸਲਾਹ ਦਿੱਤੀ ਕਿ ਇਹ ਚਿਤਰ ਸ਼ਿਮਲਾ ਵਿਖੇ ਹੋਣ ਵਾਲੀ ਨੁਮਾਇਸ਼ ਲਈ ਭੇਜ ਦਿੱਤਾ ਜਾਵੇ। 1917 ਨੂੰ ਹੋਈ ਨੁਮਾਇਸ਼ ਵਿਚ ਇਸ ਪੇਂਟਿੰਗ ਨੂੰ ਪੰਜ ਸੌ ਰੁਪਏ ਦਾ ਇਨਾਮ ਮਿਲਿਆ। ਰਾਸ਼ੀ ਤੋਂ ਇਲਾਵਾ ਮਿਲੀ ਪ੍ਰਸ਼ੰਸਾ ਨੇ ਰਚੈਤਾ ਨੂੰ ਉਤਸਾਹਿਤ ਕੀਤਾ।

ਮੁੰਬਈ ਕੰਮ ਕਰਦਿਆਂ ਉਹ ਕਲਕੱਤਾ (ਹੁਣ ਕੋਲਕਾਤਾ) ਆ ਗਿਆ। ਉਸ ਵੇਲੇ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਨਾਟਕਾਂ ਨਾਲ ਜੁੜੀਆਂ ਹੋਈਆਂ ਸਨ। ਠਾਕੁਰ ਸਿੰਘ ਦੇ ਜੀਵਨ ਕਾਲ ਵਿਚ ਇਹ ਸਮਾਂ ਅਤਿਅੰਤ ਮਹੱਤਵਪੂਰਨ ਕਿਹਾ ਜਾ ਸਕਦਾ ਹੈ, ਕਿਉਂਕਿ ਸਾਹਿਤ ਅਤੇ ਕਲਾ ਦੇ ਜੁੜਵੇਂ ਅਸਰ ਨੇ ਉਸ ਦੀ ਸ਼ਖ਼ਸੀਅਤ ਨੂੰ ਮਾਂਜਿਆ-ਸੰਵਾਰਿਆ।




ਠਾਕੁਰ ਸਿੰਘ ਵੱਲੋਂ 1929 ਵਿਚ ਬਣਾਇਆ ਇਕ ਲੈਂਡਸਕੇਪ।

ਕਲਾ ਦੇ ਖੇਤਰ ਵਿਚ ਬੰਗਾਲ ਦੇ ਕਲਾਕਾਰਾਂ ਦਾ ਬੋਲਬਾਲਾ ਸੀ। ਬੰਗਾਲ ਹੀ ਨਹੀਂ, ਬਲਕਿ ਬੰਗਾਲ ਤੋਂ ਬਾਹਰ ਵੀ ਉਨ੍ਹਾਂ ਦਾ ਦਾਬਾ ਸੀ। ਠਾਕੁਰ ਸਿੰਘ ਇਸ ਪੱਖੋਂ ਬਾਹਰੀ ਬੰਦਾ ਸੀ ਜੋ ਕਲਕੱਤਾ ਜਾ ਕੇ ਰਹਿਣ ਦਾ ਫੈਸਲਾ ਕਰਦਾ ਹੈ। ਉਹ ਸਤਾਰਾਂ ਕੁ ਸਾਲ ਉਥੇ ਰਹਿੰਦਾ ਹੈ। ਅਕਾਦਮਿਕ ਪੱਖੋਂ ਹਲਕਾ ਅਸਰ ਕਬੂਲਣ ਤੋਂ ਇਲਾਵਾ ਉਹ ਆਪਣੀ ਕਾਰਜ ਸ਼ੈਲੀ, ਪ੍ਰਗਟਾਓ ਦਾ ਨਿਵੇਕਲਾਪਣ ਬਣਾਈ ਰੱਖਦਾ ਹੈ। ਉਹ 'ਬੰਗਾਲ ਸਕੂਲ' ਤੋਂ ਇਲਾਵਾ ਉਥੋਂ ਦੀ 'ਵਾਸ਼ ਤਕਨੀਕ' ਨੂੰ ਅਸਵੀਕਾਰ ਕਰਦਿਆਂ ਆਪਣਾ ਕੰਮ ਕਰਦਾ ਹੈ। ਇਸੇ ਵੇਲੇ ਉਸ ਦੇ ਕੰਮ ਨੂੰ ਕੌਮੀ ਅਤੇ ਕੌਮਾਂਤਰੀ ਪਛਾਣ ਮਿਲਦੀ ਹੈ।

ਨਾਟਕ ਮੰਡਲੀਆਂ ਵਾਸਤੇ ਕੰਮ ਕਰਦਿਆਂ ਉਹਨੂੰ ਜੇ.ਪੀ. ਗਾਂਗੁਲੀ, ਹੇਮਨ ਮਜੂਮਦਾਰ, ਟੈਗੋਰ ਪਰਿਵਾਰ ਦੇ ਚਿਤੇਰਿਆਂ ਤੋਂ ਇਲਾਵਾ ਖੁਦ ਰਬਿੰਦਰ ਨਾਥ ਟੈਗੋਰ ਦੇ ਕਰੀਬ ਆਉਣ ਦਾ ਮੌਕਾ ਮਿਲਦਾ ਹੈ। ਉਹ ਆਪਣੀ ਪ੍ਰਤਿਭਾ ਸਦਕਾ ਸਭ ਨੂੰ ਆਪਣਾ ਪ੍ਰਸ਼ੰਸਕ ਬਣਾ ਲੈਂਦਾ ਹੈ। ਹੇਮਨ ਮਜੂਮਦਾਰ 'ਰਿਅਲਿਸਟਿਕ ਵਰਕ' ਕਰ ਕੇ ਜਾਣਿਆ ਜਾਂਦਾ ਸੀ। ਉਸ ਨੇ ਜਲ ਰੰਗਾਂ ਵਿਚ ਇਸਤਰੀ ਦਾ ਰੂਪ ਬਣਾਇਆ ਸੀ ਜੋ ਨਹਾ ਕੇ ਆਈ ਹੀ ਹੈ। ਠਾਕੁਰ ਸਿੰਘ ਨੇ ਉਸੇ ਤਰਜ਼ 'ਤੇ ਜ਼ਰਾ ਕੁ ਹਟਵਾਂ ਚਿੱਤਰ ਬਣਾਇਆ ਜਿਸ ਦਾ ਨਾਮ 'ਆਫਟਰ ਦਿ ਬਾਥ' (1924) ਰੱਖਿਆ। ਇਸ ਪੇਂਟਿੰਗ ਨੂੰ 'ਬ੍ਰਿਟਿਸ਼ ਐਂਪਾਇਰ ਇੰਗਜ਼ਿਬਿਸ਼ਨ' ਵੱਲੋਂ ਦੂਜੀ ਥਾਂ ਦਿੱਤੀ ਗਈ ਜਿਸ ਨਾਲ ਅੱਠ ਸੌ ਪਾਊਂਡ ਦੀ ਰਕਮ ਵੀ ਸੀ।

ਪੇਂਟਿੰਗ ਅਨੁਸਾਰ, ਔਰਤ ਨਹਾ ਕੇ ਖੜ੍ਹੀ ਹੈ ਜਿਸ ਦੀ ਦਰਸ਼ਕਾਂ ਵੱਲ ਪਿੱਠ ਹੈ। ਸਰੀਰ ਗਿੱਲਾ ਹੈ ਜਿਸ ਸਦਕਾ ਪਾਰਦਰਸ਼ੀ ਸਫ਼ੈਦ ਪਤਲੀ ਸਾੜ੍ਹੀ ਹੋਰ ਪਾਰਦਰਸ਼ੀ ਪ੍ਰਤੀਤ ਹੋ ਰਹੀ ਹੈ। ਸਰੀਰ ਨੂੰ ਹੋਰ ਆਕਰਸ਼ਨ ਦੇਣ ਵਾਸਤੇ ਪਾਤਰ ਆਪਣੀਆਂ ਦੋਵੇਂ ਬਾਹਾਂ ਉਪਰ ਚੁੱਕ ਕੇ ਆਪਣੇ ਕੇਸ ਸੰਵਾਰ ਰਹੀ ਹੈ। ਸਰੀਰਕ ਅੰਗ ਅਨੁਪਾਤ ਵਿਚ ਹਨ ਅਤੇ ਉਨ੍ਹਾਂ ਦੀ ਬਨਾਵਟ ਕੀਲ ਲੈਣ ਵਾਲੀ ਹੈ।



ਚਿੱਤਰਕਾਰ ਵੱਲੋਂ 1924 ਵਿਚ ਬਣਾਇਆ ਚਿੱਤਰ 'ਆਫਟਰ ਦਿ ਬਾਥ' (ਇਸ਼ਨਾਨ ਤੋਂ ਬਾਅਦ)।

ਵੱਖ-ਵੱਖ ਸਰੋਤਾਂ ਨੂੰ ਦੇਖਦਿਆਂ ਪਤਾ ਲਗਦਾ ਹੈ ਕਿ ਇਸ ਪੇਂਟਿੰਗ ਦੇ ਥੋੜ੍ਹੇ ਬਹੁਤ ਫਰਕ ਨਾਲ ਕਈ ਕੈਨਵਸ ਤਿਆਰ ਕੀਤੇ ਗਏ, ਕਿਉਂਕਿ ਇਹ ਲੋਕਾਂ ਦੀ ਮੰਗ ਸੀ। 'ਆਫ਼ਟਰ ਦਿ ਬਾਥ' ਵਿਚਲੀ ਇਸਤਰੀ ਦੀ ਚਮੜੀ ਨੂੰ ਸਰੀਰ ਦੇ ਮੂਲ ਰੰਗ ਦੇ ਕਰੀਬ ਰੱਖਿਆ ਗਿਆ ਹੈ। ਚਿੱਤਰ ਵਿਚਲੀ ਔਰਤ ਦੀ ਗਿੱਲੀ ਦੇਹੀ ਦੇਖਣ ਵਾਲੇ ਨੂੰ ਉਤੇਜਿਤ ਕਰਦੀ ਹੈ। ਸੁੰਦਰ ਰਚਨਾ ਦੇ ਨਾਲ-ਨਾਲ ਪੁਰਸਕਾਰ ਨੇ ਠਾਕੁਰ ਸਿੰਘ ਦੇ ਰੁਤਬੇ ਵਿਚ ਵਾਧਾ ਕੀਤਾ।

ਆਪਣੇ ਪ੍ਰਾਂਤ ਤੋਂ ਦੂਰ ਅਤੇ ਸ਼ੁਹਰਤ ਮਿਲਣ ਦੇ ਬਾਵਜੂਦ ਠਾਕੁਰ ਸਿੰਘ ਨੂੰ ਪੰਜਾਬ ਨਹੀਂ ਭੁੱਲਦਾ। ਉਸ ਨੇ ਉਥੇ ਰਹਿੰਦਿਆਂ 'ਪੰਜਾਬ ਫਾਈਨ ਆਰਟਸ ਸੁਸਾਇਟੀ' ਦੀ ਨੀਂਹ ਰੱਖੀ ਅਤੇ 1929 ਵਿਚ ਇਸ ਬੈਨਰ ਥੱਲੇ ਪਹਿਲੀ ਕਲਾ ਪ੍ਰਦਰਸ਼ਨੀ ਵੀ ਲਗਾਈ।

1931 ਨੂੰ ਉਹ ਪੱਕੇ ਪੈਰੀਂ ਆਪਣੀ ਜਨਮ ਭੋਇੰ ਅੰਮ੍ਰਿਤਸਰ ਆ ਜਾਂਦਾ ਹੈ। ਵਾਪਸ ਆ ਜਾਣ ਪਿੱਛੇ ਰਬਿੰਦਰ ਨਾਥ ਟੈਗੋਰ ਦੀ ਪ੍ਰੇਰਨਾ ਵੀ ਰਹੀ ਹੋਵੇਗੀ, ਕਿਉਂਕਿ ਉਹ ਅਜਿਹੀ ਸ਼ਖ਼ਸੀਅਤ ਸੀ ਜਿਸ ਦੇ ਸੰਪਰਕ ਵਿਚ ਕਈ ਪੰਜਾਬੀ ਲੇਖਕ ਆਏ। ਉਸ ਨੇ ਸਭ ਨੂੰ ਆਪਣੀ ਮਾਤ ਭਾਸ਼ਾ ਵਿਚ ਲਿਖਣ ਲਈ ਪ੍ਰੇਰਿਆ।

ਆਪਣੀ ਮਿਹਨਤ ਨਾਲ ਇਕੱਠੀ ਕੀਤੀ ਕਮਾਈ ਨਾਲ ਉਸ ਨੇ 'ਇੰਡੀਅਨ ਅਕੈਡਮੀ ਆਫ਼ ਫਾਈਨ ਆਰਟਸ' ਦੀ ਨੀਂਹ ਰੱਖੀ। ਉਤਰੀ ਭਾਰਤ ਦੇ ਖੇਤਰ ਵਿਚ ਹੋਣ ਵਾਲੀ ਇਹ ਵਿਲੱਖਣ, ਆਪਣੇ ਜਿਹੀ ਖਾਸ ਅਤੇ ਵੱਡੀ ਘਟਨਾ ਸੀ। ਇਸ ਸੰਸਥਾ ਵੱਲੋਂ ਪਹਿਲੀ ਵੱਡੀ ਕਲਾ ਪ੍ਰਦਰਸ਼ਨੀ 1937 ਨੂੰ ਲਗਾਈ ਗਈ ਜਿਸ ਦਾ ਉਦਘਾਟਨ ਸੰਯੁਕਤ ਪੰਜਾਬ ਪ੍ਰਾਂਤ ਦੇ ਪ੍ਰਧਾਨ ਮੰਤਰੀ ਸਰ ਸਿਕੰਦਰ ਹਯਾਤ ਖਾਨ ਨੇ ਕੀਤਾ ਸੀ।

ਪ੍ਰਾਪਤ ਕੀਤੀ ਥਾਂ ਉਪਰ ਇਮਾਰਤ ਉਸਾਰਨ ਦਾ ਉਪਰਾਲਾ ਵੀ ਹੋਣ ਲਗਾ। ਇਮਾਰਤ ਦਾ ਨਕਸ਼ਾ, ਨਕਸ਼ਾ ਨਵੀਸ ਧਰਮ ਸਿੰਘ ਨੇ ਖਿੱਚਿਆ ਅਤੇ ਇਸ ਦੀ ਉਸਾਰੀ ਵੀ ਆਪਣੀ ਦੇਖ-ਦੇਖ ਵਿਚ ਕੀਤੀ। ਧਰਮ ਸਿੰਘ ਨੇ ਸਾਰਾ ਕੰਮ ਬਿਨਾਂ ਕਿਸੇ ਸੇਵਾ ਫਲ ਦੇ ਕੀਤਾ। ਹੌਲੀ-ਹੌਲੀ ਤੁਰਦਾ ਕੰਮ ਜਦ ਸੰਪੂਰਨ ਹੋਇਆ ਤਾਂ 'ਇੰਡੀਅਨ ਅਕੈਡਮੀ ਆਫ ਫਾਈਨ ਆਰਟਸ' ਦੀ ਇਮਾਰਤ ਦਾ ਉਦਘਾਟਨ ਤਤਕਾਲੀ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੇ 1953 ਨੂੰ ਕੀਤਾ। ਬਾਅਦ ਵਿਚ ਠਾਕੁਰ ਸਿੰਘ ਨੇ ਇਸ ਸ਼ਖ਼ਸੀਅਤ ਦਾ ਪ੍ਰੋਟਰੇਟ ਪੇਂਟ ਕੀਤਾ ਸੀ।

ਅੰਮ੍ਰਿਤਸਰ ਆਉਣ ਅਤੇ ਇਮਾਰਤ ਉਸਾਰੀ ਦੇ ਦਰਮਿਆਨ ਵੰਡ ਦੀ ਹੌਲਨਾਕ ਘਟਨਾ ਵਾਪਰੀ। ਠਾਕੁਰ ਸਿੰਘ ਵੱਲੋਂ ਇਹਦੇ ਬਾਰੇ ਕੋਈ ਜਾਣਕਾਰੀ, ਚਿਤਰਿਤ ਰੂਪ ਵਿਚ ਨਹੀਂ ਦਿੱਤੀ ਗਈ। ਜੇ ਹੈ ਵੀ ਤਾਂ ਉਹ 'ਪਬਲਿਕ ਡੋਮੇਨ' ਵਿਚ ਪ੍ਰਚਲਿਤ ਨਹੀਂ। ਕਾਰਨ ਕੁਝ ਵੀ ਹੋਣ, ਇਹ ਦੁਖਦਾਈ ਵਰਤਾਰਾ ਹੈ।

'ਆਫ਼ਟਰ ਦਿ ਬਾਥ' ਦੇ ਦਸ ਕੁ ਸਾਲ ਬਾਅਦ ਠਾਕੁਰ ਸਿੰਘ ਨੇ 'ਗਨੇਸ਼ ਪੂਜਾ' ਦੇ ਵਾਤਾਵਰਨ ਨੂੰ ਕੈਨਵਸ ਉਪਰ ਉਤਾਰਿਆ। ਇਹ ਵੀ ਪ੍ਰਸਿਧੀ ਪ੍ਰਾਪਤ ਕਰਨ ਵਾਲੀ ਕਿਰਤ ਹੈ ਜਿਸ ਨੂੰ ਲੰਡਨ ਦੀ ਬਰਲਿੰਗਟਨ ਗੈਲਰੀ ਵਿਚ ਥਾਂ ਮਿਲੀ ਹੋਈ ਹੈ। ਕੰਮ ਦੀ ਖਾਸੀਅਤ ਉਸ ਦੇ ਕੰਮ ਨੂੰ ਬੁਡਾਪੈਸਟ ਅਤੇ ਮਾਸਕੋ ਦੀਆਂ ਆਰਟ ਗੈਲਰੀਆਂ ਤੱਕ ਲੈ ਜਾਂਦੀ ਹੈ। 'ਹਰ ਲਾਸਟ ਡੀਜ਼ਾਇਰ' ਚਿੱਤਰ ਤਾਜ ਮਹਿਲ ਨੂੰ ਕੇਂਦਰ ਵਿਚ ਰੱਖ ਕੇ ਸਿਰਜਿਆ ਸੀ ਜੋ ਹੁਣ ਰੂਸ ਦੀ ਕੇਂਦਰੀ ਆਰਟ ਗੈਲਰੀ ਵਿਚ ਹੈ।

1950 ਨੂੰ 'ਸਵੀਅਰਿੰਗ ਇਨ ਆਫ਼ ਦਿ ਫਰਸਟ ਇੰਡੀਅਨ ਗਵਰਨਰ ਜਨਰਲ' ਦ੍ਰਿਸ਼ ਪੇਂਟ ਕੀਤਾ ਗਿਆ। ਪਹਿਲਾ ਭਾਰਤੀ ਗਵਰਨਰ ਜਨਰਲ ਸੀ. ਰਾਜਗੋਪਾਲ ਅਚਾਰਿਆ ਸੀ। ਦ੍ਰਿਸ਼ ਵਿਚ ਵੇਲੇ ਦੇ ਸਾਰੇ ਵੱਡੇ ਰਾਜ ਨੇਤਾ ਹਾਜ਼ਰ ਸਨ। ਇਹ ਪੇਂਟਿੰਗ ਰਾਸ਼ਟਰਪਤੀ ਭਵਨ ਵਿਚ ਲੱਗੀ ਹੋਈ ਹੈ।

ਠਾਕੁਰ ਸਿੰਘ ਆਪਣੇ ਸਮਕਾਲੀ ਚਿਤੇਰਿਆਂ ਵਿਚੋਂ ਵੱਖਰੇ ਧਰਾਤਲ ਉਪਰ ਖੜ੍ਹਾ ਹੈ। ਉਹ ਖੁਦ ਨੂੰ ਕਿਸੇ ਇਕ ਵਿਸ਼ੇ ਵਸਤੂ ਦੇ ਵਿਵਰਨ ਤੱਕ ਰੋਕ ਕੇ ਨਹੀਂ ਰੱਖਦਾ। ਉਸ ਨੇ ਵਿਅਕਤੀ ਚਿੱਤਰ, ਸਮੂਹਿਕ-ਜਨ ਚਿੱਤਰ, ਰਾਜ ਮਹਿਲ, ਮੰਦਰ, ਕਿਲ੍ਹੇ, ਪੁਰਾਤਨ ਇਮਾਰਤਾਂ, ਸਤੂਪ ਅਤੇ ਭਾਂਤ-ਭਾਂਤ ਦੇ ਭੂ ਤੇ ਸਮੁੰਦਰੀ ਤਟਾਂ ਦੇ ਦ੍ਰਿਸ਼ ਪੇਂਟ ਕੀਤੇ। ਇਹ ਅਜੀਬ ਤੱਥ ਹੈ ਕਿ ਉਸ ਨੇ ਕਿਸੇ ਸਿਖ ਗੁਰੂ ਦਾ ਰੂਪ ਚਿੱਤਰਨ ਨਹੀਂ ਕੀਤਾ। ਉਸ ਵੇਲੇ ਦੇ ਕਈ ਪੰਜਾਬੀ ਚਿੱਤਰਕਾਰਾਂ ਨੇ ਆਪਣੇ ਆਪ ਨੂੰ ਬੰਧਨ ਵਿਚ ਬੰਨ੍ਹ ਕੇ ਕੰਮ ਕਰਨ ਦਾ ਫੈਸਲਾ ਕੀਤਾ ਹੋਇਆ ਸੀ। ਕਈਆਂ ਦਾ ਬੋਲਬਾਲਾ ਧਾਰਮਿਕ ਚਿੱਤਰਾਂ ਕਰ ਕੇ ਹੀ ਹੁੰਦਾ ਰਿਹਾ। ਉਹ ਬਾਹਰੀ ਸੰਸਾਰ ਨਾਲ ਜੁੜਨ ਤੋਂ ਗੁਰੇਜ਼ ਕਰਦੇ ਰਹੇ।

ਠਾਕੁਰ ਸਿੰਘ ਨੇ ਗੁਰੂ ਵਿਅਕਤੀਆਂ ਦੀ ਬਜਾਇ 'ਦਰਬਾਰ ਸਾਹਿਬ' ਦਾ ਚਿੱਤਰ ਬਣਾਇਆ। ਇਹ ਚਿੱਤਰ ਇਕੋ ਸਮੇਂ ਕਈ ਤੰਦਾਂ ਛੋਹਣ ਦੇ ਸਮਰੱਥ ਹੈ। ਦ੍ਰਿਸ਼ ਵਿਚ ਗੁਰੂਦੁਆਰੇ ਅਤੇ ਪਿਛੋਕੜ ਦੇ ਰਾਮਗੜ੍ਹੀਏ ਬੁੰਗਿਆਂ ਸਮੇਤ ਸਰੋਵਰ ਦੇ ਜਲ ਵਿਚ ਪੈਂਦੀ ਲਹਿਰਦਾਰ ਸੋਨ-ਰੰਗੀ ਪਰਛਾਈਂ ਸੁੰਦਰ ਨੂੰ ਸੁੰਦਰਤਮ ਬਣਾਉਂਦੀ ਹੈ। ਇਸ ਕਿਰਤ ਦੇ ਵੀ ਕਈ ਉਤਾਰੇ ਤਿਆਰ ਕੀਤੇ ਗਏ।

ਚਿੱਤਰਕਾਰ ਦੇ ਕੰਮ ਨੂੰ ਦਰਸਾਉਂਦਿਆਂ ਦੋ ਕਿਤਾਬਾਂ ਛਪੀਆਂ। 'ਗਲਿਮਪਸ ਆਫ਼ ਇੰਡੀਆ' ਵਿਚ ਉਸ ਨੇ ਆਪਣੀਆਂ ਕੁਝ ਕੁ ਮਹੱਤਵਪੂਰਨ ਰਚਨਾਵਾਂ ਛਾਪੀਆਂ ਜਿਸ ਦੀ ਭੂਮਿਕਾ ਰਬਿੰਦਰ ਨਾਥ ਟੈਗੋਰ ਦੀ ਲਿਖੀ ਹੈ। ਦੂਸਰੀ ਕਲਾ ਪੁਸਤਕ 'ਇੰਡੀਅਨ ਵੁਮੇਨਹੁੱਡ' ਹੈ ਜਿਹਦੇ ਵਿਚ ਔਰਤ ਕੇਂਦਰਿਤ ਕਿਰਤਾਂ ਹਨ।

ਪੰਜਾਬੀ ਬ੍ਰਾਈਡ (1923), ਡੀਵੋਸ਼ਨਲ ਟਿਊਨ (1958), ਕਸ਼ਮੀਰੀ ਬੈਲੇ (1946), ਕੁੱਲੂ ਗਰਲ (1961), ਚਿੱਤਰ ਚਿੱਤਰਕਾਰ ਦੀ ਵੰਨ-ਸੁਵੰਨਤਾ ਬਾਰੇ ਦੱਸਦੇ ਹਨ। ਉਸ ਨੇ ਇਨ੍ਹਾਂ ਵਿਚ ਸਥਾਨਕ ਕੁੜੀਆਂ ਨੂੰ ਆਪੋ-ਆਪਣੇ ਪਰੰਪਰਕ ਲਿਬਾਸਾਂ ਤੋਂ ਇਲਾਵਾ ਹਾਰ-ਸ਼ਿੰਗਾਰ, ਗਹਿਣੇ-ਗੱਟੇ ਸਮੇਤ ਪੇਂਟ ਕੀਤਾ ਹੈ। ਸਰੀਰਕ ਸੁੰਦਰਤਾ ਵਲ ਜੋ ਅੰਤਰਿਕ ਵੀ ਹੈ, ਬਾਹਰੀ ਸਜ-ਧਜ ਕਾਰਨ ਦਰਸ਼ਕ ਹੋਰ ਵੀ ਖਿੱਚਿਆ ਜਾਂਦਾ ਹੈ।

ਠਾਕੁਰ ਸਿੰਘ ਨੇ ਤੇਲ ਰੰਗਾਂ, ਜਲ ਰੰਗਾਂ ਅਤੇ ਪੇਸਟਲ ਰੰਗਾਂ ਦੀ ਲੋੜ ਅਨੁਸਾਰ ਵਰਤੋਂ ਕੀਤੀ ਹੈ। ਮਾਧਿਅਮ ਭਾਵੇਂ ਕੋਈ ਵੀ ਹੋਵੇ, ਸੂਖਮ ਵੇਰਵਿਆਂ ਨੂੰ ਉਸ ਦੇ ਕਦੇ ਵੀ, ਕਿਤੇ ਵੀ ਅਣਦੇਖਿਆ ਨਹੀਂ ਕੀਤਾ; ਮਸਲਨ, 'ਡੀਵੋਸ਼ਨਲ ਟਿਊਨ' ਦੀ ਵਜੰਤਰੀ ਦੀ ਸਾੜ੍ਹੀ ਦੇ ਡੀਜ਼ਾਇਨ ਨੂੰ ਦੇਖ ਸਕਦੇ ਹਾਂ।

ਜੋ ਵਿਹਾਰ ਵਿਅਕਤੀ ਚਿੱਤਰਾਂ ਪ੍ਰਤੀ ਰਿਹਾ, ਉਹੀ ਭੂ-ਦ੍ਰਿਸ਼ ਚਿਤਰਦੇ ਵੇਲੇ ਰਿਹਾ; ਜਿਵੇਂ ਸਨ ਰਾਈਜ਼ ਚੌਪਾਟੀ (1929), ਏ ਲੇਕ ਇਨ ਕਸ਼ਮੀਰ ਜਾਂ ਫੇਰ ਮੂਨ ਰਾਈਜ਼' (1958)। ਚਿੱਤਰਕਾਰ ਨੇ ਧਾਰਮਿਕ ਥਾਵਾਂ ਨੂੰ ਵੀ ਸਮ ਦ੍ਰਿਸ਼ਟ ਹੋ ਚਿੱਤਰਿਆ। ਮਨੀਕਰਨਿਕਾ ਘਾਟ (1929), 'ਦਿ ਟੈਂਪਲ ਆਫ਼ ਡਕੂਰਜੀ' (1930), ਦਿ ਗੋਲਡਨ ਟੈਂਪਲ (1933), ਸਾਂਚੀ ਸਤੂਪ, ਗੋਦਾਵਰੀ ਰਿਵਰ, ਟੈਂਪਲ ਇਨ ਮਿਸਟ (1957) ਅਤੇ ਹੋਰ ਚਿੱਤਰਾਂ ਵਲ ਧਿਆਨ ਦਿੱਤਾ ਜਾ ਸਕਦਾ ਹੈ।

ਠਾਕੁਰ ਸਿੰਘ ਨੇ ਜੇ ਰਾਜ ਨੇਤਾਵਾਂ ਦੇ ਵਿਅਕਤੀ ਚਿੱਤਰ ਬਣਾਏ ਹਨ, ਤਾਂ ਪੰਜਾਬੀ ਵਿਦਵਾਨਾਂ (ਸੁੰਦਰ ਸਿੰਘ ਮਜੀਠੀਆ) ਅਤੇ ਸੂਰਬੀਰਾਂ (ਸ਼ਾਮ ਸਿੰਘ ਅਟਾਰੀਵਾਲਾ) ਨੂੰ ਵੀ ਪੇਂਟ ਕੀਤਾ ਹੈ। ਅਚਰਜ ਹੁੰਦਾ ਹੈ ਕਿ ਉਹ ਬੱਚਾ ਜੋ ਕਿਸੇ ਤਰ੍ਹਾਂ ਦੀ ਨੇਮਬੱਧ ਸਿੱਖਿਆ ਲੈਣ ਤੋਂ ਦੂਰ ਰਿਹਾ ਹੋਵੇ, ਉਹ ਆਪਣੇ ਬਾਅਦ ਅਦੁੱਤੀ ਸੰਸਥਾ ਛੱਡ ਜਾਵੇ ਜਿਹੜੀ ਅਜੋਕੇ ਸਮੇਂ ਉਤਰੀ ਭਾਰਤ ਦੇ ਖਿੱਤੇ ਅੰਦਰ ਹੋਣ ਵਾਲੀਆਂ ਕਲਾ ਸਰਗਰਮੀਆਂ ਦਾ ਅਹਿਮ ਕੇਂਦਰ ਹੈ।

ਜੇ ਇਕ ਪਾਸੇ ਉਹ ਆਪ ਕੁਝ ਦੇ ਰਿਹਾ ਹੈ ਤਾਂ ਉਹ ਕੁਝ ਗੁਣਾਂ ਨੂੰ ਅਪਣਾ ਕੇ ਅਗਾਂਹ ਤੁਰਦਾ ਰਿਹਾ, ਜਿਵੇਂ ਆਪਣੇ ਨਾਂ ਤੋਂ ਪਹਿਲਾਂ ਆਪਣੇ ਪਿਤਾ-ਦਾਦੇ ਦੇ ਨਾਵਾਂ ਦੇ ਮੁੱਢਲੇ ਅੱਖਰ ਨੂੰ ਪਹਿਲ ਦੇਣੀ। ਚਿੱਤਰਾਂ ਉਪਰ ਦਸਤਖ਼ਤ ਕਰਨ ਵੇਲੇ ਵੀ ਉਹ ਆਪਣੇ ਵਡੇਰਿਆਂ ਨੂੰ ਆਪਣੇ ਤੋਂ ਪਹਿਲਾਂ ਥਾਂ ਦਿੰਦਾ ਹੈ।

ਆਪਣੀ ਕਮਾਈ ਕਾਰਨ ਹੀ ਉਹ ਭਾਰਤੀ ਸਰਕਾਰ ਦੀ ਲਲਿਤ ਕਲਾ ਅਕੈਡਮੀ ਦੇ ਪ੍ਰਬੰਧਕੀ ਬੋਰਡ ਦਾ 1956 ਤੋਂ 1967 ਤੱਕ ਮੈਂਬਰ ਰਿਹਾ। ਕੰਮ ਕਰਦਿਆਂ-ਕਰਦਿਆਂ ਹੀ ਉਸ ਨੇ ਸੰਸਾਰ ਤਿਆਗ ਦਿੱਤਾ।

# ਕੀਰਤੀ ਕੁਲਹਾਰੀ ਦੀ ਕੀਰਤੀ



ਕੀਰਤੀ

**ਗੁਰਜੰਟ ਸਿੰਘ**

ਕੀਰਤੀ ਕੁਲਹਾਰੀ ਦਾ ਫਿਲਮੀ ਕਰੀਅਰ ਹੁਣ ਚੱਲ ਨਿਕਲਿਆ ਹੈ। ਪਿਛਲੇ ਸਾਲ ਰਿਲੀਜ਼ ਹੋਈ ਫਿਲਮ 'ਪਿੰਕ' ਨਾਲ ਉਸ ਦੀ ਅਦਾਕਾਰੀ ਦੀ ਖੂਬ ਚਰਚਾ ਹੋਈ ਸੀ ਅਤੇ ਹੁਣੇ ਹੁਣੇ ਰਿਲੀਜ਼ ਹੋਈ ਮਧੁਰ ਭੰਡਾਰਕਰ ਦੀ ਫਿਲਮ 'ਇੰਦੂ ਸਰਕਾਰ' ਦੀ ਚਰਚਾ ਕਾਰਨ ਇਸ ਵਿਚ ਮੁੱਖ ਕਿਰਦਾਰ ਨਿਭਾਉਣ ਵਾਲੀ ਕੀਰਤੀ ਦੀ ਵੀ ਖੂਬ ਸ਼ਲਾਘਾ ਹੋਈ। ਇਹ ਫਿਲਮ 1975 ਵਿਚ ਲਾਗੂ ਹੋਈ ਅਮਰਜੈਂਸੀ ਬਾਰੇ ਹੈ। ਅਸਲ ਵਿਚ ਇਹ ਫਿਲਮ ਕੀਰਤੀ ਨੂੰ 'ਪਿੰਕ' ਦੀ ਬਦੌਲਤ ਹੀ ਮਿਲੀ। 'ਪਿੰਕ' ਦੇ ਵਿਸ਼ੇਸ਼ ਸ਼ੋਅ ਲਈ ਉਹਨੇ ਮਧੁਰ ਭੰਡਾਰਕਰ ਨੂੰ ਉਚੇਚਾ ਸੱਦਾ ਦਿੱਤਾ ਸੀ ਅਤੇ ਭੰਡਾਰਕਰ ਨੇ ਇਸ ਫਿਲਮ ਵਿਚ ਕੀਰਤੀ ਦੀ ਅਦਾਕਾਰੀ ਨੂੰ ਦੇਖਦਿਆਂ ਅਗਲੇ ਦਿਨ ਹੀ ਆਪਣੇ ਅਗਲੇ ਪ੍ਰੋਜੈਕਟ, ਭਾਵ 'ਇੰਦੂ ਸਰਕਾਰ' ਲਈ ਕੀਰਤੀ ਨਾਲ ਉਚੇਚੀ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਹੀ ਤੈਅ ਹੋ ਗਿਆ ਕਿ 'ਇੰਦੂ ਸਰਕਾਰ' ਦੀ ਮੁੱਖ ਭੂਮਿਕਾ ਕੀਰਤੀ ਕੁਲਹਾਰੀ ਹੀ ਨਿਭਾਏਗੀ। ਕੀਰਤੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਥੀਏਟਰ ਅਤੇ ਟੀ.ਵੀ. ਇਸ਼ਤਿਹਾਰਾਂ ਨਾਲ ਸ਼ੁਰੂ ਕੀਤੀ ਸੀ। ਫਿਰ 2010 ਵਿਚ ਉਸ ਨੂੰ ਫਿਲਮ 'ਖਿਚੜੀ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਇਹ ਫਿਲਮ ਆਤਿਸ਼ ਕਪਾਡੀਆ ਨੇ ਬਣਾਈ ਸੀ ਅਤੇ ਇਹ ਕਮੇਡੀ ਫਿਲਮ ਸੀ। ਇਸ ਤੋਂ ਅਗਲੇ ਸਾਲ ਕੀਰਤੀ ਨੂੰ 'ਸ਼ੈਤਾਨ' ਫਿਲਮ ਮਿਲ ਗਈ ਅਤੇ ਇਸ ਫਿਲਮ ਨਾਲ ਉਹ ਫਿਲਮੀ ਦੁਨੀਆਂ ਵਿਚ ਆਪਣੀਆਂ ਪੈੜਾਂ ਪਾਉਣ ਵਿਚ ਸਫ਼ਲ ਰਹੀ। ਇਸ ਤੋਂ ਬਾਅਦ ਉਸ ਨੂੰ 'ਰਾਈਜ਼ ਆਫ਼ ਦਿ ਜ਼ੌਂਬੀ', 'ਸੁਪਰ ਸੇ ਊਪਰ' ਅਤੇ 'ਜਲ' ਫਿਲਮਾਂ ਮਿਲੀਆਂ, ਪਰ 2016 ਵਿਚ ਆਈ 'ਪਿੰਕ' ਨੇ ਉਸ ਦੇ ਵਾਰੇ-ਨਿਆਰੇ ਕਰ ਦਿੱਤੇ।

ਹੁਣ 'ਇੰਦੂ ਸਰਕਾਰ' ਨਾਲ ਉਹ ਮੋਹਰਲੀ ਕਤਾਰ ਦੀਆਂ ਅਦਾਕਾਰਾਵਾਂ ਵਿਚ ਸ਼ੁਮਾਰ ਹੋ ਗਈ ਹੈ। ਹੋਰ ਤਾਂ ਹੋਰ, 'ਇੰਦੂ ਸਰਕਾਰ' ਰਿਲੀਜ਼ ਹੋਣ ਤੋਂ ਬਾਅਦ ਉਸ ਦੇ ਸਿਆਸੀ ਵਿਚਾਰਾਂ ਦੀ ਵੀ ਪੜਚੋਲ ਕੀਤੀ ਜਾਣ ਲੱਗੀ ਹੈ। ਉਸ ਦਾ ਸਾਫ ਕਹਿਣਾ ਹੈ ਕਿ ਇਸ ਮਾਮਲੇ ਵਿਚ ਉਹ ਪਿਛਾਂਹ ਹੀ ਰਹਿੰਦੀ ਹੈ ਅਤੇ ਸਿਰਫ਼ ਆਪਣੇ ਕੰਮ ਵੱਲ ਹੀ ਧਿਆਨ ਦਿੰਦੀ ਹੈ। ਉਸ ਨੂੰ ਫ਼ਿਲਮੀ ਸਨਅਤ ਵਿਚ ਭਾਈ-ਭਤੀਜਾਵਾਦ ਬਾਰੇ ਪੁੱਛਿਆ ਤਾਂ ਉਸ ਦਾ ਕਹਿਣਾ ਸੀ ਕਿ ਇਹ ਰੁਝਾਨ ਹਰ ਥਾਂ ਚੱਲ ਰਿਹਾ ਹੈ। ਯਾਦ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਇਸ ਮੁੱਦੇ 'ਤੇ ਫਿਲਮੀ ਦੁਨੀਆਂ ਅੰਦਰ ਖੂਬ ਚਰਚਾ ਹੋ ਰਹੀ ਹੈ। ਇਸ ਮਾਮਲੇ ਵਿਚ ਤਾਂ ਫਿਲਮੀ ਦੁਨੀਆਂ ਸਗੋਂ ਦੋ ਧੜੀਆਂ ਵਿਚ ਵੰਡੀ ਗਈ ਹੈ। ਖੁਦ ਮਿਹਨਤ ਕਰ ਕੇ ਫਿਲਮੀ ਦੁਨੀਆਂ ਵਿਚ ਪੈਰ ਜਮਾਉਣ ਵਾਲਿਆਂ ਦਾ ਕਹਿਣਾ ਹੈ ਕਿ ਫਿਲਮ ਸਨਅਤ ਨਾਲ ਜੁੜੀਆਂ ਹਸਤੀਆਂ ਦੇ ਬੱਚਿਆਂ ਜਾਂ ਮਿੱਤਰਾਂ-ਸੱਜਣਾਂ ਨੂੰ ਸੌਖਿਆਂ ਕੰਮ ਮਿਲ ਜਾਂਦਾ ਹੈ, ਜਦਕਿ ਗੈਰ ਫਿਲਮੀ ਪਿਛੋਕੜ ਵਾਲਿਆਂ ਨੂੰ ਬਹੁਤ ਜੂਝਣਾ ਪੈਂਦਾ ਹੈ। ਦੂਜੇ ਬੰਨੇ ਫਿਲਮੀ ਹਸਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦਾ ਕਹਿਣਾ ਹੈ ਕਿ ਇਕ ਵਾਰ ਤਾਂ ਪਰਿਵਾਰਕ ਪਿਛੋਕੜ ਦਾ ਫਾਇਦਾ ਮਿਲਦਾ ਹੈ, ਇਸ ਤੋਂ ਬਾਅਦ ਤਾਂ ਬੰਦੇ ਦੀ ਲਿਆਕਤ ਅਤੇ ਗੁਣ ਹੀ ਕੰਮ ਆਉਂਦੇ ਹਨ।




ਫਿਲਮ 'ਇੰਦੂ ਸਰਕਾਰ' ਦਾ ਪੋਸਟਰ।



ਬਿਦਿਤਾ ਬਾਗ

# ਫਿਲਮ ਸੈਂਸਰ ਬੋਰਡ ਦਾ ਨਾਕਾ

**ਆਮਨਾ ਕੌਰ**

ਮੋਦੀ ਪੱਖੀ ਪਹਿਲਾਜ ਨਿਹਲਾਨੀ ਅਤੇ ਉਸ ਦਾ ਸੈਂਸਰ ਬੋਰਡ ਇਕ ਵਾਰ ਫਿਰ ਨਾਕਾ ਲਾ ਕੇ ਬੈਠ ਗਏ ਹਨ। ਇਸ ਬਾਰ ਨਿਸ਼ਾਨਾ ਨਵਾਜ਼ੂਦੀਨ ਸਿਦੀਕੀ ਦੀ ਫਿਲਮ 'ਬਾਬੂਮੋਸ਼ਾਏ ਬੰਦੂਕਬਾਜ਼' ਬਣੀ ਹੈ। ਇਸ ਫਿਲਮ ਵਿਚ ਉਸ ਨਾਲ ਬਿਦਿਤਾ ਬਾਗ ਦਾ ਮੁੱਖ ਕਿਰਦਾਰ ਹੈ। ਇਸ ਫਿਲਮ ਉਤੇ ਵਿਵਾਦ ਖੂਬ ਭਖਿਆ ਹੈ। ਸੈਂਸਰ ਬੋਰਡ ਦੇ ਮੈਂਬਰਾਂ ਨੇ ਫਿਲਮ ਦੀ ਪ੍ਰੋਡਿਊਸਰ ਕਿਰਨ ਸ਼ਰਾਫ ਬਾਰੇ ਬੜੀਆ ਕੋਝੀਆਂ ਟਿਪਣੀਆਂ ਕੀਤੀਆਂ ਹਨ। ਬੋਰਡ ਦੇ ਇਕ ਮੈਂਬਰ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਕੋਈ ਔਰਤ ਇਸ ਤਰ੍ਹਾਂ ਦੀ ਫਿਲਮ ਕਿਵੇਂ ਬਣਾ ਸਕਦੀ ਹੈ! ਇਕ ਹੋਰ ਮੈਂਬਰ ਨੇ ਕਿਰਨ ਸ਼ਰਾਫ ਦੇ ਲਿਬਾਸ 'ਤੇ ਹੀ ਟਿੱਪਣੀ ਕਰ ਦਿੱਤੀ ਅਤੇ ਕਿਹਾ ਕਿ ਅਜਿਹੇ ਕੱਪੜੇ ਪਾਉਣ ਵਾਲੀ ਔਰਤ ਹੋ ਹੀ ਨਹੀਂ ਸਕਦੀ। ਉਸ ਦਿਨ ਫਿਲਮ ਦੀ ਸਕਰੀਨਿੰਗ ਦੌਰਾਨ ਕਿਰਨ ਸ਼ਰਾਫ ਨੇ ਪੈਂਟ-ਕਮੀਜ਼ ਪਹਿਨੀ ਹੋਈ ਸੀ। ਯਾਦ ਰਹੇ ਕਿ ਜਦੋਂ ਤੋਂ ਮੋਦੀ ਭਗਤ ਪਹਿਲਾਜ ਨਿਹਲਾਨੀ ਸੈਂਸਰ ਬੋਰਡ ਦਾ ਮੁਖੀ ਬਣਿਆ ਹੈ, ਉਹ ਫਿਲਮ ਨਿਰਮਾਤਾਵਾਂ ਤੇ ਫਿਲਮਸਾਜ਼ਾਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣ ਦੇ ਨਾਂ 'ਤੇ ਤੰਗ ਕਰ ਰਿਹਾ ਹੈ। ਹੁਣ ਸੈਂਸਰ ਬੋਰਡ ਨੇ 'ਬਾਬੂਮੋਸ਼ਾਏ ਬੰਦੂਕਬਾਜ਼' ਉਤੇ 48 ਕੱਟ ਲਗਾਉਣ ਦਾ ਹੁਕਮ ਚਾੜ੍ਹਿਆ ਹੈ। ਨਵਾਜ਼ੂਦੀਨ ਮੁਤਾਬਕ, ਇੰਨੇ ਕੱਟਾਂ ਤੋਂ ਬਾਅਦ ਫਿਲਮ ਵਿਚ ਬਚੇਗਾ ਕੀ? ਬਿਦਿਤਾ ਬਾਗ ਮੁਤਾਬਕ, ਜੇ ਸਾਰੀਆਂ ਫਿਲਮਾਂ 'ਜੈ ਸੰਤੋਸ਼ੀ ਮਾਂ' ਵਰਗੀਆਂ ਹੀ ਬਣਨ ਲੱਗ ਪਈਆਂ ਤਾਂ ਫਿਲਮ ਸਨਅਤ ਦਾ ਕੀ ਬਣੇਗਾ? ਯਾਦ ਰਹੇ ਕਿ ਹੁਣੇ ਹੁਣੇ ਸੈਂਸਰ ਬੋਰਡ ਨੇ ਗਾਂ, ਹਿੰਦੂ ਇੰਡੀਆ, ਗੁਜਰਾਤ ਅਤੇ ਹਿੰਦੂਤਵ ਆਦਿ ਸ਼ਬਦਾਂ 'ਤੇ ਇਤਰਾਜ਼ ਕਰਦਿਆਂ ਪ੍ਰਸਿਧ ਅਰਥ ਸ਼ਾਸਤਰੀ ਅਮ੍ਰਿਤਆ ਸੇਨ ਬਾਰੇ ਦਸਤਾਵੇਜ਼ੀ ਫਿਲਮ ਪਾਸ ਕਰਨ ਤੋਂ ਨਾਂਹ ਕਰ ਦਿੱਤੀ ਸੀ। 'ਲਿਪਸਟਿਕ ਅੰਡਰ ਮਾਈ ਬੁਰਕਾ' ਬਾਰੇ ਤਾਂ ਇਹ ਟਿੱਪਣੀ ਕੀਤੀ ਗਈ ਸੀ ਕਿ ਇਹ ਫਿਲਮ ਔਰਤਾਂ ਦੇ ਪੱਖ ਤੋਂ ਕਿਉਂ ਬਣਾਈ ਗਈ ਹੈ? ਪੰਜਾਬ ਵਿਚ ਨਸ਼ਿਆਂ ਬਾਰੇ ਪਿਛੇ ਜਿਹੇ ਆਈ ਫਿਲਮ 'ਉੜਤਾ ਪੰਜਾਬ' ਉਤੇ ਵੀ ਕੱਟ ਲਗਾਉਣ ਦਾ ਹੁਕਮ ਸੁਣਾਇਆ ਗਿਆ ਸੀ, ਪਰ ਫਿਲਮ ਦਾ ਪ੍ਰੋਡਿਊਸਰ ਅਨੁਰਾਗ ਕਸ਼ਿਅਪ ਇਸ ਮਾਮਲੇ 'ਤੇ ਡਟ ਕੇ ਲੜਿਆ ਅਤੇ ਅਪੀਲੀ ਅਦਾਲਤ ਤੋਂ ਆਪਣੀ ਫਿਲਮ ਪਾਸ ਕਰਵਾ ਲਿਆਇਆ। ਹੁਣ ਪਹਿਲਾਜ ਨਿਹਲਾਨੀ ਤੇ ਉਸ ਦੇ ਜੋਟੀਦਾਰਾਂ ਦੀਆਂ ਜ਼ਿਆਦਤੀਆਂ ਖਿਲਾਫ, ਇਕ ਹੋਰ ਮੋਦੀ ਭਗਤ ਅਨੂਪਮ ਖੇਰ ਨੇ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਕਿਹਾ ਹੈ ਕਿ ਸੈਂਸਰ ਬੋਰਡ ਨੂੰ ਆਪਣੇ ਗਿਰੇਵਾਨ ਅੰਦਰ ਝਾਕਣਾ ਚਾਹੀਦਾ ਹੈ। ਉਸ ਨੇ ਇਹ ਇਤਰਾਜ਼ ਵੀ ਜਤਲਾਇਆ ਕਿ 'ਬਾਬੂਮੋਸ਼ਾਏ ਬੰਦੂਕਬਾਜ਼' ਫਿਲਮ ਦੇ ਨਿਰਮਾਤਾਵਾਂ ਨੂੰ ਸੈਂਸਰ ਬੋਰਡ ਦੇ ਦਫਤਰ ਵਿਚ ਖੜ੍ਹੇ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਸੈਂਸਰ ਬੋਰਡ ਦਾ ਅਜਿਹਾ ਵਤੀਰਾ ਫਿਲਮ ਸਨਅਤ ਲਈ ਸਹੀ ਨਹੀਂ ਹੈ। ਜ਼ਾਹਿਰ ਹੈ ਕਿ ਸਮੇਂ ਦੀ ਮੰਗ ਇਹੀ ਹੈ ਕਿ ਸੈਂਸਰ ਬੋਰਡ ਨੂੰ ਅਜਿਹੇ ਫੈਸਲੇ ਦਰਸ਼ਕਾਂ ਉਤੇ ਹੀ ਛੱਡਣੇ ਚਾਹੀਦੇ ਹਨ ਅਤੇ ਖੁਦ ਨੂੰ ਫਿਲਮਾਂ ਨੂੰ ਸਰਟੀਫਿਕੇਟ ਜਾਰੀ ਕਰਨ ਤੱਕ ਹੀ ਸੀਮਤ ਰੱਖਣਾ ਚਾਹੀਦਾ ਹੈ। ਇਸ ਨਾਲ ਫਿਲਮ ਸਨਅਤ ਦਾ ਵੀ ਭਲਾ ਹੀ ਹੋਵੇਗਾ।

# ਔਰਤ ਦੀ ਉਡਾਣ



ਅਲੰਕ੍ਰਿਤਾ



**ਜਗਜੀਤ ਸਿੰਘ ਸੇਖੋਂ**

ਫਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਨੇ ਵਿਸ਼ੇ ਪੱਖੋਂ ਹੀ ਆਪਣੀ ਚਰਚਾ ਨਹੀਂ ਕਰਵਾਈ, ਸਗੋਂ ਬਾਕਸ ਆਫਿਸ ਉਤੇ ਕਮਾਈ ਵੀ ਕੀਤੀ ਹੈ। ਇਹ ਫਿਲਮ ਫਿਲਮਸਾਜ਼ ਪ੍ਰਕਾਸ਼ ਝਾਅ ਨੇ ਬਤੌਰ ਨਿਰਮਾਤਾ ਬਣਾਈ ਅਤੇ ਇਸ ਫਿਲਮ ਦਾ ਨਿਰਦੇਸ਼ਨ ਅਲੰਕ੍ਰਿਤਾ ਸ੍ਰੀਵਾਸਤਵ ਨੇ ਕੀਤਾ ਹੈ। ਅਲੰਕ੍ਰਿਤਾ ਨੇ ਪ੍ਰਕਾਸ਼ ਝਾਅ ਦੀਆਂ ਕਈ ਫਿਲਮਾਂ ਵਿਚ ਉਨ੍ਹਾਂ ਨਾਲ ਕੰਮ ਕੀਤਾ ਹੈ। ਇਨ੍ਹਾਂ ਫਿਲਮਾਂ ਵਿਚ 'ਰਾਜਨੀਤੀ', 'ਖੋਇਆ ਖੋਇਆ ਚਾਂਦ', 'ਦਿਲ ਦੋਸਤੀ ਐਟਸਟਰਾ' ਅਤੇ 'ਅਪਹਰਨ' ਸ਼ਾਮਲ ਹਨ। 2011 ਵਿਚ ਉਸ ਨੇ ਆਪਣੀ ਪਲੇਠੀ ਫਿਲਮ 'ਟਰਨਿੰਗ 30' ਬਣਾਈ ਸੀ। ਇਹ ਫਿਲਮ ਵੀ ਪ੍ਰਕਾਸ਼ ਝਾਅ ਨੇ ਹੀ ਪ੍ਰੋਡਿਊਸ ਕੀਤੀ ਸੀ ਅਤੇ ਇਸ ਵਿਚ ਗੁਲ ਪਨਾਗ ਤੇ ਤਿਲੋਤਮਾ ਸ਼ੋਮੇ ਨੇ ਅਹਿਮ ਕਿਰਦਾਰ ਨਿਭਾਏ ਸਨ। ਇਸ ਫਿਲਮ ਦੀ ਵੀ ਚੰਗੀ ਚਰਚਾ ਹੋਈ ਸੀ। ਇਹ ਫਿਲਮ ਮਨੁੱਖੀ ਰਿਸ਼ਤਿਆਂ ਨੂੰ ਆਧਾਰ ਬਣਾ ਕੇ ਖੁਦ ਅਲੰਕ੍ਰਿਤਾ ਨੇ ਲਿਖੀ ਸੀ। ਹੁਣ 'ਲਿਪਸਟਿਕ ਅੰਡਰ ਮਾਈ ਬੁਰਕਾ' ਦੀ ਕਹਾਣੀ ਅਤੇ ਪਟਕਥਾ ਵੀ ਉਹਨੇ ਖੁਦ ਹੀ ਲਿਖੀ ਹੈ। ਇਹ ਫਿਲਮ ਵੱਖ ਵੱਖ ਉਮਰ ਦੀਆਂ ਔਰਤਾਂ ਨਾਲ ਸਬੰਧਤ ਕਹਾਣੀਆਂ ਬਿਆਨ ਕਰਦੀ ਹੈ ਜੋ ਆਜ਼ਾਦ ਹੋ ਕੇ ਜੀਣਾ ਚਾਹੁੰਦੀਆਂ ਹਨ। ਇਨ੍ਹਾਂ ਚਾਰ ਔਰਤਾਂ ਦਾ ਕਿਰਦਾਰ ਕੋਂਕਣਾ ਸੇਨ ਸ਼ਰਮਾ, ਰਤਨਾ ਪਾਠਕ, ਅਹਾਨਾ ਕੁਮਰਾ ਅਤੇ ਪਲਾਬਿਤਾ ਬੋਰਠਾਕੁਰ ਨੇ ਨਿਭਾਏ ਹਨ। ਇਹ ਚਾਰੇ ਕਿਰਦਾਰ ਇਸ ਫਿਲਮ ਦੀ ਜਿੰਦ-ਜਾਨ ਹਨ। ਇਨ੍ਹਾਂ ਤੋਂ ਇਲਾਵਾ ਸੁਸ਼ਾਂਤ ਸਿੰਘ, ਵਿਕ੍ਰਾਂਤ ਮੈਸੀ ਅਤੇ ਵੈਭਵ ਤਲਵਾਵਾਦੀ ਨੇ ਵੀ ਆਪੋ ਆਪਣੇ ਕਿਰਦਾਰਾਂ ਨਾਲ ਇਨਸਾਫ਼ ਕੀਤਾ ਹੈ। ਸ਼ੁਰੂ ਵਿਚ ਸੈਂਸਰ ਬੋਰਡ ਨੇ ਇਸ ਫਿਲਮ ਨੂੰ ਇਹ ਕਹਿ ਕੇ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿ ਇਹ ਫਿਲਮ ਸਿਰਫ ਔਰਤਾਂ ਉਤੇ ਆਧਾਰਤ ਹੈ ਅਤੇ ਇਹ ਇਸ ਵਿਚ ਗਾਲ੍ਹਾਂ ਦੀ ਭਰਮਾਰ ਹੈ। ਸੈਂਸਰ ਬੋਰਡ ਦੇ ਇਸ ਫੈਸਲੇ ਖਿਲਾਫ ਫਿਲਮਸਾਜ਼ ਅਪੀਲੀ ਅਦਾਲਤ ਕੋਲ ਚਲੀ ਗਈ ਅਤੇ ਉਸ ਨੇ ਕੁਝ ਕੱਟ ਲਾ ਕੇ ਫਿਲਮ ਪਾਸ ਕਰ ਦਿੱਤੀ। ਅਲੰਕ੍ਰਿਤਾ ਸ੍ਰੀਵਾਸਤਵ ਇਨ੍ਹਾਂ ਕੱਟਾਂ ਨਾਲ ਸਹਿਮਤ ਤਾਂ ਨਹੀਂ ਸੀ, ਪਰ ਉਸ ਨੇ ਫਿਲਮ ਲੋਕਾਂ ਤੱਕ ਪਹੁੰਚਾਉਣ ਖਾਤਰ ਇਹ ਕੱਟ ਸਵੀਕਾਰ ਕਰ ਲਏ।

ਚੇਤੇ ਰਹੇ ਕਿ ਸਾਰੇ ਫਿਲਮ ਅਲੋਚਕਾਂ ਨੇ ਇਸ ਫਿਲਮ ਦੀ ਖੂਬ ਪ੍ਰਸ਼ੰਸਾ ਕੀਤੀ ਹੈ ਅਤੇ ਪੰਜ ਵਿਚੋਂ ਚਾਰ ਜਾਂ ਸਾਢੇ ਚਾਰ ਸਟਾਰ ਦਿੱਤੇ ਹਨ; ਨਾਲ ਹੀ ਲਿਖਿਆ ਹੈ ਕਿ ਅਜਿਹੀਆਂ ਫਿਲਮਾਂ ਰੋਜ਼ ਰੋਜ਼ ਨਹੀਂ ਬਣਦੀਆਂ। ਅਜਿਹੀਆਂ ਫਿਲਮਾਂ 50-100 ਸਾਲ ਅਗਾਂਹ ਦੀ ਗੱਲ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਰੋਕਣਾ ਸਮਾਜ ਤੇ ਮਨੁੱਖ ਨਾਲ ਸਰਾਸਰਾ ਧੱਕਾ ਹੈ। ਕੌਮਾਂਤਰੀ ਫਿਲਮ ਮੇਲਿਆਂ ਵਿਚ ਵੀ ਇਸ ਫਿਲਮ ਦੀ ਭਰਪੂਰ ਪ੍ਰਸ਼ੰਸਾ ਹੋਈ ਹੈ। ਜਿਸ ਫਿਲਮ ਮੇਲੇ ਵਿਚ ਵੀ ਇਹ ਫਿਲਮ ਦਿਖਾਈ ਗਈ, ਦਰਸ਼ਕਾਂ ਅਤੇ ਆਲੋਚਕਾਂ ਨੇ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਇਨ੍ਹਾਂ ਫਿਲਮ ਮੇਲਿਆਂ ਵਿਚ ਫਿਲਮ ਨੇ 10 ਇਨਾਮ ਹਾਸਲ ਕੀਤੇ। ਇਨ੍ਹਾਂ ਵਿਚ ਸਰਵੋਤਮ ਫਿਲਮ, ਸਰਵੋਤਮ ਅਦਾਕਾਰਾ ਆਦਿ ਦੇ ਇਨਾਮ ਸ਼ਾਮਲ ਹਨ। ਫਿਲਮ ਤਿੰਨ ਫਿਲਮ ਮੇਲਿਆਂ ਵਿਚ ਇਨਾਮਾਂ ਲਈ ਨਾਮਜ਼ਦ ਵੀ ਹੋਈ।

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 5828 Newgate Ct., San Jose, CA 95138
2. 3897 Mars Ct, San Jose, CA 95135
3. 133 Orchard Park Pl., Hayward, CA 94544
4. 4234 Monet Dr., Stockton, CA 95206
5. 2903 Stallion Way, San Jose, CA 95121
6. 4292 Solar Cir., Union City, CA 94587
7. 950 Wildgrass Ct., Gilroy, CA 95020
8. 32442 Woodland Dr., Union City, CA 94587

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

**Follow us on zillow.com and trulia.com**

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095